ਸ਼ੁੱਕਰਵਾਰ, 9 ਜੂਨ, 2023
26 ਜੇਠ { ਨਾਨਕਸ਼ਾਹੀ 555 / ਬਿਕਰਮੀ 2080 }
ਜਿਲਦ/VOL. : 72
ਅੰਕ/NO. : 8

# ਨਵਾਂ ਜ਼ਮਾਨਾ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

DAILY NAWAN ZAMANA • FRIDAY, 9 JUNE, 2023 ਜਲੰਧਰ
nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਕੈਨੇਡਾ ਨਿਕਾਲੇ ਦਾ ਸਾਹਮਣਾ ਕਰ ਰਹੇ ਭਾਰਤੀ ਵਿਦਿਆਰਥੀਆਂ ਦੀ ਪੂਰੀ ਗੱਲ ਸੁਣਾਂਗੇ : ਟਰੂਡੋ



**ਓਟਵਾ** : ਫਰਜ਼ੀ ਦਾਖਲਾ ਪੱਤਰਾਂ ਕਾਰਨ ਕੈਨੇਡਾ ਤੋਂ ਦੇਸ਼ ਨਿਕਾਲੇ ਦਾ ਸਾਹਮਣਾ ਕਰ ਰਹੇ 700 ਭਾਰਤੀ ਵਿਦਿਆਰਥੀਆਂ ਨੂੰ ਭਰੋਸਾ ਦਿਵਾਉਂਦਿਆਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਕਿ ਉਹ ਹਰੇਕ ਕੇਸ ਦਾ ਮੁਲਾਂਕਣ ਕਰਨਗੇ ਅਤੇ ਧੋਖਾਧੜੀ ਦੇ ਪੀੜਤਾਂ ਨੂੰ ਆਪਣਾ ਪੱਖ ਰੱਖਣ ਤੇ ਬੇਕਸੂਰ ਹੋਣ ਬਾਰੇ ਸਬੂਤ ਪੇਸ਼ ਕਰਨ ਦਾ ਮੌਕਾ ਮਿਲੇਗਾ। ਇਹ ਟਿੱਪਣੀ ਅਜਿਹੇ ਸਮੇਂ ਆਈ ਹੈ, ਜਦੋਂ ਸੈਂਕੜੇ ਭਾਰਤੀ ਵਿਦਿਆਰਥੀ, ਜਿਨ੍ਹਾਂ 'ਚ ਜ਼ਿਆਦਾਤਰ ਪੰਜਾਬ ਦੇ ਹਨ, ਕੈਨੇਡਾ 'ਚ ਸੜਕਾਂ 'ਤੇ ਉਤਰ ਰਹੇ ਹਨ। ਉਹ ਇਹ ਕਹਿ ਰਹੇ ਹਨ ਕਿ ਉਨ੍ਹਾਂ ਨੂੰ ਭਾਰਤ 'ਚ ਏਜੰਟਾਂ ਨੇ ਧੋਖਾ ਦਿੱਤਾ ਹੈ। ਇਸ 'ਚ ਉਨ੍ਹਾਂ ਦਾ ਕੋਈ ਕਸੂਰ ਨਹੀਂ ਹੈ। ਟਰੂਡੋ ਨੇ ਪਾਰਲੀਮੈਂਟ ਬਹਿਸ ਦੌਰਾਨ ਕਿਹਾ—ਮੈਂ ਇਸ ਮਾਮਲੇ ਤੋਂ ਜਾਣੂ ਹਾਂ। ਸਾਡਾ ਧਿਆਨ ਪੀੜਤਾਂ ਨੂੰ ਸਜ਼ਾ ਦੇਣ ਦੀ ਬਜਾਏ ਦੋਸ਼ੀਆਂ ਦੀ ਪਛਾਣ ਕਰਨਾ ਹੈ।

ਪ੍ਰਧਾਨ ਮੰਤਰੀ ਨੇ ਐੱਨ ਡੀ ਪੀ ਆਗੂ ਜਗਮੀਤ ਸਿੰਘ ਵੱਲੋਂ ਦੇਸ਼ ਨਿਕਾਲਾ ਦਿੱਤੇ ਜਾਣ ਵਾਲੇ ਪੀੜਤ ਵਿਦਿਆਰਥੀਆਂ ਦੀ ਸਥਿਤੀ ਬਾਰੇ ਚਿੰਤਾਵਾਂ ਦਾ ਜਵਾਬ ਦਿੰਦਿਆਂ ਕਿਹਾ—ਧੋਖਾਧੜੀ ਦੇ ਪੀੜਤਾਂ ਨੂੰ ਆਪਣਾ ਪੱਖ ਤੇ ਉਸ ਦੇ ਸਮਰਥਨ 'ਚ ਸਬੂਤ ਪੇਸ਼ ਕਰਨ ਦਾ ਮੌਕਾ ਮਿਲੇਗਾ। ਅਸੀਂ ਅੰਤਰਰਾਸ਼ਟਰੀ ਵਿਦਿਆਰਥੀਆਂ ਵੱਲੋਂ ਸਾਡੇ ਦੇਸ਼ 'ਚ ਪਾਏ ਅਥਾਹ ਯੋਗਦਾਨ ਦਾ ਸਨਮਾਨ ਕਰਦੇ ਹਾਂ ਤੇ ਅਸੀਂ ਧੋਖਾਧੜੀ ਦੇ ਪੀੜਤਾਂ ਦੀ ਸਹਾਇਤਾ ਲਈ ਵਚਨਬੱਧ ਹਾਂ। ਅਸੀਂ ਹਰ ਇੱਕ ਕੇਸ ਦਾ ਮੁਲਾਂਕਣ ਕਰਦੇ ਹਾਂ।

ਵਿਦਿਆਰਥੀਆਂ ਨੇ 29 ਮਈ ਤੋਂ ਮਿਸੀਸਾਗਾ ਦੇ ਏਅਰਪੋਰਟ ਰੋਡ 'ਤੇ ਸੀ ਬੀ ਐੱਸ ਏ ਦੇ ਮੁੱਖ ਦਫਤਰ ਦੇ ਬਾਹਰ ਧਰਨਾ ਜਾਰੀ ਰੱਖਿਆ ਹੋਇਆ ਹੈ, ਜਿਸ 'ਚ ਬੈਨਰ ਫੜੇ ਹੋਏ ਹਨ—ਡਿਪੋਰਟੇਸ਼ਨ ਵਿਰੁੱਧ ਇੱਕਜੁੱਟ ਹੋਵੋ, ਡਿਪੋਰਟੇਸ਼ਨ ਬੰਦ ਕਰੋ ਅਤੇ ਸਾਨੂੰ ਨਿਆਂ ਚਾਹੀਦਾ ਹੈ।

## ਦੇਸ਼ ਨੂੰ ਬਚਾਉਣ ਲਈ ਆਉਂਦੀਆਂ ਚੋਣਾਂ 'ਚ ਭਾਜਪਾ ਨੂੰ ਹਰਾਉਣਾ ਲਾਜ਼ਮੀ : ਧਾਲੀਵਾਲ, ਅਰਸ਼ੀ

### ਇਨਕਲਾਬੀ ਜੋਸ਼ ਨਾਲ ਮਨਾਈ ਕਾਮਰੇਡ ਅਮੋਲਕ ਤੇ 6 ਸ਼ਹੀਦ ਸਾਥੀਆਂ ਦੀ 32ਵੀਂ ਬਰਸੀ



**ਕੋਟਕਪੂਰਾ/ਫਰੀਦਕੋਟ (ਰਛਪਾਲ ਭੁੱਲਰ/ਅਲੈਗਜ਼ੈਂਡਰ ਡਿਸੂਜਾ)**

'ਪਿਛਲੇ 9 ਸਾਲ ਦੌਰਾਨ ਮੋਦੀ ਸਰਕਾਰ ਦੇ ਬੇਹੱਦ ਦਮਘੋਟੂ ਲੋਕ ਵਿਰੋਧੀ ਰਾਜ ਪ੍ਰਬੰਧ ਕਾਰਨ 90 ਫੀਸਦੀ ਆਮ ਮਿਹਨਤਕਸ਼ ਲੋਕਾਂ ਦਾ ਜਿਊਣਾ ਦੁੱਭਰ ਹੋ ਗਿਆ ਹੈ, ਜਦਕਿ ਇੱਕ ਫੀਸਦੀ ਸਿਖਰਲੇ ਅਮੀਰਾਂ ਦੀ ਦੌਲਤ ਦੇ ਢੇਰਾਂ ਵਿੱਚ ਕਈ ਗੁਣਾ ਵਾਧਾ ਹੋਇਆ ਹੈ। ਮਹਿੰਗਾਈ, ਗਰੀਬੀ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਆਦਿ ਅਸਲ ਸਮੱਸਿਆਵਾਂ ਤੋਂ ਧਿਆਨ ਭਟਕਾਉਣ ਲਈ ਹਾਕਮ ਜਮਾਤ ਵੱਲੋਂ ਫਿਰਕੂ ਨਫ਼ਰਤ ਫੈਲਾਈ ਜਾ ਰਹੀ ਹੈ। ਵਿਰੋਧੀ ਧਿਰ ਨੂੰ ਜਾਂਚ ਏਜੰਸੀਆਂ ਦਾ ਡਰ ਵਿਖਾ ਕੇ ਉਨ੍ਹਾਂ ਦੀ ਆਵਾਜ਼ ਬੰਦ ਕੀਤੀ ਜਾ ਰਹੀ ਹੈ। ਜੇ ਦੇਸ਼ ਨੂੰ ਫਿਰਕੂ ਤਾਨਾਸ਼ਾਹੀ ਤੋਂ ਬਚਾਉਣਾ ਹੈ ਤਾਂ ਆਉਂਦੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਨੂੰ ਕਰਾਰੀ ਹਾਰ ਦੇਣਾ ਲਾਜ਼ਮੀ ਹੈ।'

ਇਹ ਸ਼ਬਦ ਨੇੜਲੇ ਪਿੰਡ ਔਲਖ ਵਿੱਚ ਕਾਮਰੇਡ ਅਮੋਲਕ ਅਤੇ ਉਸ ਦੇ 6 ਸਾਥੀਆਂ ਦੀ ਸ਼ਹਾਦਤ ਦੀ 32ਵੀਂ ਬਰਸੀ ਨੂੰ ਸੰਬੋਧਨ ਕਰਦੇ ਹੋਏ ਭਾਰਤੀ ਕਮਿਊਨਿਸਟ ਪਾਰਟੀ ਦੇ ਕਾਰਜਕਾਰੀ ਸੂਬਾ ਸਕੱਤਰ ਨਿਰਮਲ ਸਿੰਘ ਧਾਲੀਵਾਲ ਅਤੇ ਸਾਬਕਾ ਵਿਧਾਇਕ ਹਰਦੇਵ ਅਰਸ਼ੀ ਨੇ ਕਹੇ। ਉਨ੍ਹਾਂ ਕਿਹਾ ਕਿ ਕਾਮਰੇਡ ਅਮੋਲਕ ਸਮੇਤ ਪਾਰਟੀ ਦੇ 7 ਸਾਥੀਆਂ ਨੂੰ ਖਾਲਿਸਤਾਨੀ ਦਹਿਸ਼ਤਗਰਦੀ ਕਾਰਨ ਬਲੀਦਾਨ ਦੇਣਾ ਪਿਆ, ਜਦਕਿ ਇਸ ਸਮੇਂ ਦੇਸ਼ ਨੂੰ 'ਹਿੰਦੂ ਰਾਸ਼ਟਰ' ਦੀ ਆੜ ਹੇਠ ਵੰਡਣ ਦੀਆਂ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਹਨ।

ਕੁਲ ਹਿੰਦ ਕਿਸਾਨ ਸਭਾ ਦੇ ਸੂਬਾ ਮੀਤ ਪ੍ਰਧਾਨ ਸੂਰਤ ਸਿੰਘ ਧਰਮਕੋਟ ਨੇ ਕਿਹਾ ਕਿ ਇਸ ਤੋਂ ਮਾੜੀ ਸਰਕਾਰ ਕੀ ਹੋ ਸਕਦੀ ਹੈ ਜਿਸ ਦੇ ਰਾਜ ਵਿੱਚ ਦੇਸ਼ ਲਈ ਤਗਮੇ ਜਿੱਤ ਕੇ ਲਿਆਉਣ ਵਾਲੀਆਂ ਪਹਿਲਵਾਨ ਧੀਆਂ ਨੂੰ ਇਨਸਾਫ ਲੈਣ ਲਈ ਸੜਕਾਂ 'ਤੇ ਪੁਲਸ ਤਸ਼ੱਦਦ ਸਹਿਣ ਕਰਨਾ ਪਵੇ। ਪਾਰਟੀ ਦੇ ਜ਼ਿਲ੍ਹਾ ਫਰੀਦਕੋਟ ਦੇ ਸਕੱਤਰ ਅਸ਼ੋਕ ਕੌਸ਼ਲ ਨੇ ਬਰਸੀ ਮੌਕੇ ਜੁੜੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦੇ ਹੋਏ ਕਾਮਰੇਡ ਅਮੋਲਕ ਦੀ ਵਿਚਾਰਧਾਰਾ ਨੂੰ ਜ਼ਿਲ੍ਹੇ ਦੇ ਹਰ ਪਿੰਡ ਵਿੱਚ ਫੈਲਾਉਣ ਦਾ ਸੱਦਾ ਦਿੱਤਾ। ਹਲਕਾ ਵਿਧਾਇਕ ਜੈਤੋ ਅਮੋਲਕ ਸਿੰਘ ਨੇ ਕਿਹਾ ਕਿ ਕਾਮਰੇਡ ਅਮੋਲਕ ਅਤੇ ਹੋਰ ਸੈਂਕੜੇ ਸ਼ਹੀਦਾਂ ਦੀ ਕੁਰਬਾਨੀ ਕਾਰਨ ਪੰਜਾਬ ਵਿਚ ਅਮਨ ਕਾਇਮ ਹੋਇਆ ਹੈ, ਜਿਸ ਨੂੰ ਸੰਭਾਲ ਕੇ ਰੱਖਣਾ ਹੀ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਜਗਤਾਰ ਸਿੰਘ ਭਾਣਾ, ਦਰਸ਼ਨ ਸਿੰਘ ਜਿਊਣਵਾਲਾ ਅਤੇ ਸ਼ਵਿੰਦਰ ਸਿੰਘ ਸੰਧੂ ਨੇ ਸ਼ਹੀਦ ਅਮੋਲਕ ਨਾਲ ਜੁੜੀਆਂ ਯਾਦਾਂ ਸਾਂਝੀਆਂ ਕਰਦੇ ਹੋਏ ਦੱਸਿਆ ਕਿ ਕਿਵੇਂ ਕਾਮਰੇਡ ਅਮੋਲਕ ਨੇ ਕਾਲੇ ਦਿਨਾਂ ਦੌਰਾਨ ਫਰੀਦਕੋਟ ਦੇ ਤਤਕਾਲੀਨ ਪੁਲਸ ਕਪਤਾਨ ਗੋਬਿੰਦ ਰਾਮ ਦੇ ਹੁਕਮਾਂ 'ਤੇ ਸਰੇਬਜ਼ਾਰ ਕੀਤਾ ਗਿਆ ਅੰਨ੍ਹਾ ਤਸ਼ੱਦਦ ਬੜੀ ਬਹਾਦਰੀ ਨਾਲ ਸਹਿਣ ਕੀਤਾ ਸੀ।

ਸਮਾਗਮ ਨੂੰ ਸਾਬਕਾ ਅਧਿਆਪਕ ਆਗੂ ਬਲਦੇਵ ਸਿੰਘ ਸਹਿਦੇਵ, ਨਰੇਗਾ ਆਗੂ ਗੋਰਾ ਪਿਪਲੀ, ਕਿਸਾਨ ਆਗੂ ਹਰਪਾਲ ਸਿੰਘ ਮਚਾਕੀ, ਇਸਤਰੀ ਆਗੂ ਸ਼ਸ਼ੀ ਸ਼ਰਮਾ, ਆਸ਼ਾ ਵਰਕਰ ਯੂਨੀਅਨ ਏਟਕ ਦੀ ਸੂਬਾ ਪ੍ਰਧਾਨ ਅਮਰਜੀਤ ਕੌਰ ਰਣ ਸਿੰਘ ਵਾਲਾ ਨੇ ਵੀ ਸੰਬੋਧਨ ਕਰਦੇ ਹੋਏ ਕਾਮਰੇਡ ਅਮੋਲਕ ਅਤੇ ਉਸ ਦੇ ਸਾਥੀਆਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਅਧਿਆਪਕ ਆਗੂ ਪ੍ਰੇਮ ਚਾਵਲਾ, ਪੈਨਸ਼ਨਰ ਆਗੂ ਕੁਲਵੰਤ ਸਿੰਘ ਚਾਨੀ ਅਤੇ ਸੋਮ ਨਾਥ ਅਰੋੜਾ, ਔਲਖ ਦੇ ਸਰਪੰਚ ਊਧਮ ਸਿੰਘ, ਸੁਖਬੀਰ ਸਿੰਘ ਦੁਆਰੇਆਣਾ, ਮਨਦੀਪ ਸਿੰਘ ਮਿੰਟੂ ਗਿੱਲ, ਇਕਬਾਲ ਸਿੰਘ, ਬਲਵੀਰ ਸਿੰਘ ਔਲਖ, ਸੁਖਜਿੰਦਰ ਸਿੰਘ ਤੂੰਬੜਭੰਨ, ਸੁਖਦਰਸ਼ਨ ਰਾਮ, ਭਲਵਿੰਦਰ ਸਿੰਘ, ਜਗਤਾਰ ਸਿੰਘ ਰਾਜੋਵਾਲਾ, ਪ੍ਰਦੀਪ ਬਰਾੜ, ਗੁਰਚਰਨ ਸਿੰਘ ਮਾਨ, ਰਾਮ ਸਿੰਘ ਚੈਨਾ, ਗੁਰਮੇਲ ਸਿੰਘ ਲਾਲੇਆਣਾ, ਮਨਜੀਤ ਕੌਰ ਨਾਥੇਵਾਲਾ, ਪ੍ਰੇਮ ਲਤਾ ਮਲੋਟ, ਆਸ਼ਾ ਰਾਣੀ, ਊਸ਼ਾ ਤਨੇਜਾ, ਕਿਰਨਦੀਪ ਕੌਰ ਜਿਊਣਵਾਲਾ ਅਤੇ ਵਿਦਿਆਰਥੀ ਆਗੂ ਗੁਰਪ੍ਰੀਤ ਸਿੰਘ ਵੀ ਹਾਜ਼ਰ ਸਨ। ਸ਼ਹੀਦਾਂ ਦੇ ਪਰਵਾਰਕ ਮੈਂਬਰ ਵੀ ਸ਼ਾਮਲ ਹੋਏ, ਜਿਨ੍ਹਾਂ ਨੂੰ ਸੂਬਾਈ ਆਗੂਆਂ ਵੱਲੋਂ ਸਨਮਾਨਤ ਕੀਤਾ ਗਿਆ। ਗੁਰਨਾਮ ਸਿੰਘ ਮਾਨੀ ਸਿੰਘ ਵਾਲਾ ਨੇ ਸਭ ਸ਼ਾਮਲ ਸਾਥੀਆਂ ਅਤੇ ਸਥਾਨਕ ਪ੍ਰਬੰਧਕਾਂ ਦਾ

● ਬਾਕੀ ਸਫ਼ਾ 2 'ਤੇ

## ਪੰਜਾਬ ਕੈਬਨਿਟ ਦੀ ਮੀਟਿੰਗ ਭਲਕੇ ਮਾਨਸਾ 'ਚ

**ਚੰਡੀਗੜ੍ਹ** : ਮੁੱਖ ਮੰਤਰੀ ਭਗਵੰਤ ਮਾਨ ਨੇ 10 ਜੂਨ ਨੂੰ ਕੈਬਨਿਟ ਮੀਟਿੰਗ ਮਾਨਸਾ ਵਿਖੇ ਸੱਦੀ ਹੈ। ਮੁੱਖ ਮੰਤਰੀ ਨੇ ਇਸ ਦੀ ਜਾਣਕਾਰੀ ਟਵੀਟ ਰਾਹੀਂ ਦਿੰਦਿਆਂ ਕਿਹਾ ਕਿ ਇਹ ਮੀਟਿੰਗ ਲੋਕਾਂ ਨਾਲ ਕੀਤੇ ਵਾਅਦੇ ਮੁਤਾਬਕ 'ਸਰਕਾਰ ਤੁਹਾਡੇ ਦੁਆਰ' ਅਨੁਸਾਰ ਹੋ ਰਹੀ ਹੈ। ਪਤਾ ਲੱਗਿਆ ਹੈ ਕਿ ਮੀਟਿੰਗ ਦੁਪਹਿਰ 12 ਵਜੇ ਹੋਵੇਗੀ ਅਤੇ ਇਸ ਵਿਚ ਪੰਜਾਬ ਵਿਧਾਨ ਸਭਾ ਦਾ ਦੋ ਰੋਜ਼ਾ ਅਜਲਾਸ ਸੱਦਣ ਦਾ ਐਲਾਨ ਵੀ ਹੋ ਸਕਦਾ ਹੈ।

## 'ਅਗਨੀ ਪ੍ਰਾਈਮ' ਦੀ ਸਫਲ ਪਰਖ



**ਬਾਲਾਸੌਰ** : ਭਾਰਤ ਨੇ ਓਡੀਸ਼ਾ ਤੱਟ ਤੋਂ ਦੂਰ ਟਾਪੂ ਤੋਂ ਨਵੀਂ ਪੀੜ੍ਹੀ ਦੀ ਬੈਲਿਸਟਿਕ ਮਿਜ਼ਾਈਲ 'ਅਗਨੀ ਪ੍ਰਾਈਮ' ਦਾ ਸਫਲ ਪ੍ਰੀਖਣ ਕੀਤਾ। ਅਧਿਕਾਰੀਆਂ ਨੇ ਦੱਸਿਆ ਕਿ ਰੱਖਿਆ ਖੋਜ ਅਤੇ ਵਿਕਾਸ ਸੰਗਠਨ (ਡੀ ਆਰ ਡੀ ਓ) ਨੇ ਡਾ. ਏ ਪੀ ਜੇ ਅਬਦੁਲ ਕਲਾਮ ਤੱਟ ਤੋਂ 'ਅਗਨੀ ਪ੍ਰਾਈਮ' ਦਾ ਪ੍ਰੀਖਣ ਕੀਤਾ ਅਤੇ ਇਸ ਦੌਰਾਨ ਮਿਜ਼ਾਈਲ ਸਾਰੇ ਮਾਪਦੰਡਾਂ 'ਤੇ ਖਰੀ ਉਤਰੀ।

## ਮਮਤਾ ਦੀ ਭਤੀਜ ਨੂੰਹ ਤੋਂ ਪੁੱਛਗਿੱਛ

**ਕੋਲਕਾਤਾ** : ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਦੇ ਭਤੀਜੇ ਤੇ ਪਾਰਟੀ ਦੇ ਸੀਨੀਅਰ ਆਗੂ ਅਭਿਸ਼ੇਕ ਬੈਨਰਜੀ ਦੀ ਪਤਨੀ ਰੁਜੀਰਾ ਨਰੂਲਾ ਬੈਨਰਜੀ ਕੋਲਾ ਚੋਰੀ ਦੇ ਮਾਮਲੇ 'ਚ ਪੁੱਛ-ਪੜਤਾਲ ਲਈ ਵੀਰਵਾਰ ਐਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਸਾਹਮਣੇ ਪੇਸ਼ ਹੋਈ। ਈ ਡੀ ਦੇ ਤਿੰਨ ਅਧਿਕਾਰੀ ਪੁੱਛ-ਪੜਤਾਲ ਕਰਨ ਲਈ ਨਵੀਂ ਦਿੱਲੀ ਤੋਂ ਇੱਥੇ ਆਏ ਹਨ। ਰੁਜੀਰਾ ਨੂੰ ਬੀਤੇ ਦਿਨ ਇੱਥੋਂ ਦੇ ਹਵਾਈ ਅੱਡੇ ਤੋਂ ਉਸ ਵੇਲੇ ਵਾਪਸ ਮੋੜ ਦਿੱਤਾ ਗਿਆ ਸੀ, ਜਦੋਂ ਉਹ ਆਪਣੇ ਬੱਚਿਆਂ ਨਾਲ ਦੁਬਈ ਜਾਣ ਵਾਲੇ ਜਹਾਜ਼ 'ਚ ਚੜ੍ਹਨ ਵਾਲੀ ਸੀ।

## ਟਰੱਕ ਐੱਸ ਯੂ ਵੀ 'ਤੇ ਪਲਟਣ ਨਾਲ 7 ਮੌਤਾਂ

**ਭੋਪਾਲ** : ਮੱਧ ਪ੍ਰਦੇਸ਼ ਦੇ ਸਿੱਧੀ ਜ਼ਿਲ੍ਹੇ 'ਚ ਵੀਰਵਾਰ ਐੱਸ ਯੂ ਵੀ ਨੂੰ ਟੱਕਰ ਮਾਰਨ ਤੋਂ ਬਾਅਦ ਟਰੱਕ ਦੇ ਉਸ ਉੱਤੇ ਪਲਟ ਜਾਣ ਕਾਰਨ 7 ਵਿਅਕਤੀਆਂ ਦੀ ਮੌਤ ਹੋ ਗਈ ਅਤੇ ਦੋ ਜ਼ਖਮੀ ਹੋ ਗਏ। ਇਹ ਹਾਦਸਾ ਸਵੇਰੇ 9.30 ਤੋਂ 10 ਵਜੇ ਦਰਮਿਆਨ ਸਿੱਧੀ-ਟਿਕਰੀ ਰੋਡ 'ਤੇ ਡੋਲ ਪਿੰਡ ਨੇੜੇ ਹੋਇਆ।

## ਬਾਲ ਮਜ਼ਦੂਰੀ ਲਈ ਅੰਮ੍ਰਿਤਸਰ ਲਿਆਂਦੇ ਜਾ ਰਹੇ 11 ਬੱਚੇ ਬਚਾਏ

**ਲਖਨਊ** : ਬਾਲ ਮਜ਼ਦੂਰੀ ਲਈ ਰੇਲ ਰਾਹੀਂ ਬਿਹਾਰ ਦੇ ਕਟਿਹਾਰ ਤੋਂ ਪੰਜਾਬ ਦੇ ਅੰਮ੍ਰਿਤਸਰ ਲਿਜਾਏ ਜਾ ਰਹੇ 11 ਬੱਚਿਆਂ ਨੂੰ ਚਾਈਲਡ ਲਾਈਨ ਨੇ ਲਖਨਊ 'ਚ ਬਚਾਇਆ। ਚਾਈਲਡ ਲਾਈਨ ਟੀਮ ਨੂੰ ਬਚਪਨ ਬਚਾਓ ਅੰਦੋਲਨ ਦੇ ਵਰਕਰਾਂ ਤੋਂ ਸੂਚਨਾ ਮਿਲੀ ਸੀ ਕਿ ਅਮਰਪਾਲੀ ਐੱਕਸਪ੍ਰੈੱਸ ਰੇਲ ਗੱਡੀ 'ਚ ਸਵਾਰ ਕੁਝ ਬੰਦੇ 15 ਬੱਚਿਆਂ ਨੂੰ ਬਾਲ ਮਜਦੂਰੀ ਲਈ ਕਟਿਹਾਰ ਤੋਂ ਅੰਮ੍ਰਿਤਸਰ ਲਿਜਾ ਰਹੇ ਹਨ। ਟੀਮ 11 ਬੱਚਿਆਂ ਨੂੰ ਬਚਾਅ ਸਕੀ। ਬੱਚਿਆਂ ਨੇ ਖੁਲਾਸਾ ਕੀਤਾ ਕਿ ਉਹ ਬਿਹਾਰ ਦੇ ਦੋ ਬੰਦਿਆਂ ਨਾਲ ਅੰਮ੍ਰਿਤਸਰ ਜਾ ਰਹੇ ਸਨ, ਜੋ ਉਨ੍ਹਾਂ ਨੂੰ ਕੰਮ ਲਈ ਉਥੇ ਲੈ ਜਾ ਰਹੇ ਸਨ। ਦੋ ਬੰਦਿਆਂ ਨੂੰ ਵੀ ਲੱਭ ਲਿਆ ਗਿਆ।

## ਰੈਪੋ ਦਰ 'ਚ ਤਬਦੀਲੀ ਨਹੀਂ

**ਮੁੰਬਈ** : ਭਾਰਤੀ ਰਿਜ਼ਰਵ ਬੈਂਕ ਦੇ ਗਵਰਨਰ ਸ਼ਕਤੀਕਾਂਤ ਦਾਸ ਨੇ ਵੀਰਵਾਰ ਕਿਹਾ ਕਿ ਬੈਂਕ ਦੀ ਮੁਦਰਾ ਨੀਤੀ ਕਮੇਟੀ ਨੇ ਮੁੱਖ ਨੀਤੀਗਤ ਦਰ ਰੈਪੋ 'ਚ ਕੋਈ ਤਬਦੀਲੀ ਨਹੀਂ ਕੀਤੀ ਤੇ ਇਸ ਨੂੰ 6.5 ਫੀਸਦੀ 'ਤੇ ਬਰਕਰਾਰ ਰੱਖਿਆ। ਉਨ੍ਹਾ ਕਿਹਾ ਕਿ ਮਹਿੰਗਾਈ 'ਤੇ ਲਗਾਤਰ ਤੇ ਨੇੜੇ ਤੋਂ ਨਜ਼ਰ ਰੱਖਣੀ ਲਾਜ਼ਮੀ ਹੈ। ਮਹਿੰਗਾਈ ਦਰ 4 ਫੀਸਦੀ ਦੇ ਟੀਚੇ ਤੋਂ ਉਪਰ ਹੈ ਤੇ ਇਸ ਦੇ ਪੂਰੇ ਸਾਲ ਟੀਚੇ ਤੋਂ ਉਪਰ ਰਹਿਣ ਦਾ ਅਨੁਮਾਨ ਹੈ। ਮੌਜੂਦਾ ਵਿੱਤੀ ਸਾਲ 2023-24 'ਚ ਕੁੱਲ ਘਰੇਲੂ ਉਤਪਾਦ (ਜੀ ਡੀ ਪੀ) ਵਿਕਾਸ ਦਰ 6.5 ਫੀਸਦੀ ਰਹਿਣ ਦਾ ਅਨੁਮਾਨ ਹੈ।

## ਸ਼ਿਲਾਂਗ 'ਚ ਪੰਜਾਬੀ ਲੇਨ ਦੇ 342 ਪਰਵਾਰ ਹੋਰ ਕਿਤੇ ਵਸਣ ਲਈ 'ਰਾਜ਼ੀ'



**ਸ਼ਿਲਾਂਗ** : ਮੇਘਾਲਿਆ ਸਰਕਾਰ ਨੇ ਹਾਈ ਕੋਰਟ ਨੂੰ ਦੱਸਿਆ ਕਿ ਸ਼ਿਲਾਂਗ 'ਚ ਪੰਜਾਬੀ ਲੇਨ ਦੇ ਵਸਨੀਕਾਂ ਨੇ 342 ਪਰਵਾਰਾਂ ਨੂੰ ਤਬਦੀਲ ਕਰਨ ਦੀ ਸੂਬਾ ਸਰਕਾਰ ਦੀ ਯੋਜਨਾ ਨੂੰ ਸਿਧਾਂਤਕ ਤੌਰ 'ਤੇ ਸਵੀਕਾਰ ਕਰ ਲਿਆ ਹੈ। ਸਰਕਾਰ ਨੇ ਹਰੀਜਨ ਪੰਚਾਇਤ ਸਮਿਤੀ ਵੱਲੋਂ ਯੂਰਪੀਅਨ ਵਾਰਡ 'ਚ ਪੰਜਾਬੀ ਲੇਨ 'ਚ ਰਹਿੰਦੇ 342 ਪਰਵਾਰਾਂ ਵਿੱਚੋਂ ਹਰੇਕ ਨੂੰ 200 ਵਰਗ ਮੀਟਰ ਜ਼ਮੀਨ ਦੇਣ ਦੇ ਨਾਲ-ਨਾਲ ਉਨ੍ਹਾਂ ਦੇ ਮਕਾਨ ਬਣਾਉਣ ਦਾ ਖਰਚਾ ਚੁੱਕਣ ਦੀ ਮੰਗ ਨੂੰ ਰੱਦ ਕਰ ਦਿੱਤਾ ਸੀ। ਇਸ ਤੋਂ ਬਾਅਦ ਸਰਕਾਰ ਨੇ ਯੋਜਨਾ ਤਿਆਰ ਕੀਤੀ। ਚੀਫ ਜਸਟਿਸ ਸੰਜੀਵ ਬੈਨਰਜੀ ਅਤੇ ਜਸਟਿਸ ਡਬਲਿਊ ਡੇਂਗਦੋਹ ਦੀ ਅਗਵਾਈ ਵਾਲੀ ਬੈਂਚ ਨੇ ਇਸ ਮਾਮਲੇ ਦੀ ਸੁਣਵਾਈ ਕਰਦਿਆਂ ਕਿਹਾ—ਸੀਨੀਅਰ ਐਡਵੋਕੇਟ ਜਨਰਲ ਦੀ ਰਿਪੋਰਟ ਤੋਂ ਪਤਾ ਲੱਗਦਾ ਹੈ ਕਿ ਹਰੀਜਨ ਪੰਚਾਇਤ ਸਮਿਤੀ ਦੇ ਵਕੀਲ ਨੇ ਸਰਕਾਰ ਵੱਲੋਂ ਤਿਆਰ ਕੀਤੀ ਗਈ ਯੋਜਨਾ ਨਾਲ ਸਿਧਾਂਤਕ ਤੌਰ 'ਤੇ ਸਹਿਮਤੀ ਜਤਾਈ ਹੈ, ਪਰ ਕੁਝ ਖੇਤਰਾਂ 'ਚ ਸੋਧਾਂ ਲਈ ਕੁਝ ਸੁਝਾਅ ਦਿੱਤੇ ਹਨ। ਬੈਂਚ ਨੇ ਕਿਹਾ ਰਾਜ ਸੋਧ ਦੇ ਸੁਝਾਅ 'ਤੇ ਵਿਚਾਰ ਕਰ ਰਿਹਾ ਹੈ, ਇਸ ਲਈ ਮਾਮਲੇ ਦੀ ਸੁਣਵਾਈ ਤਿੰਨ ਹਫਤਿਆਂ ਬਾਅਦ ਹੋਵੇਗੀ।

## ਐੱਮ ਐੱਸ ਪੀ ਦਾ ਐਲਾਨ ਕੁੱਲ ਹਿੰਦ ਕਿਸਾਨ ਸਭਾ ਵੱਲੋਂ ਰੱਦ



**ਸ਼ਾਹਕੋਟ (ਗਿਆਨ ਸੈਦਪੁਰੀ)**

ਕੁੱਲ ਹਿੰਦ ਕਿਸਾਨ ਸਭਾ ਪੰਜਾਬ ਦੇ ਸੂਬਾ ਪ੍ਰਧਾਨ ਬਲਕਰਨ ਸਿੰਘ ਬਰਾੜ ਅਤੇ ਜਨਰਲ ਸਕੱਤਰ ਬਲਦੇਵ ਸਿੰਘ ਨਿਹਾਲਗੜ੍ਹ ਨੇ ਕੇਂਦਰ ਸਰਕਾਰ ਵੱਲੋਂ ਫਸਲਾਂ ਦੀ ਐੱਮ ਐੱਸ ਪੀ ਦੇ ਐਲਾਨ ਦੀ ਨਿਖੇਧੀ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਕੋਲੋਂ ਕਿਸਾਨ ਜਥੇਬੰਦੀਆਂ ਲਗਾਤਾਰ ਫਸਲਾਂ ਦੇ ਭਾਅ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਅਨੁਸਾਰ +2 ਦੇ ਫਾਰਮੂਲੇ ਅਨੁਸਾਰ ਦਿੱਤੇ ਜਾਣ ਦੀ ਮੰਗ ਕਰ ਰਹੀਆਂ ਹਨ, ਪਰੰਤੂ ਕੇਂਦਰ ਸਰਕਾਰ ਕਿਸਾਨਾਂ ਨਾਲ ਲਗਾਤਾਰ ਵਾਅਦਾਖਿਲਾਫੀ ਕਰ ਰਹੀ ਹੈ। ਸੰਯੁਕਤ ਕਿਸਾਨ ਮੋਰਚਾ ਵੱਲੋਂ ਫਸਲਾਂ ਦੀ ਖਰੀਦ ਗਰੰਟੀ ਕਨੂੰਨ ਬਣਾਉਣ ਦੀ ਮੰਗ ਕੀਤੀ ਜਾ ਰਹੀ ਹੈ, ਜਿਸ ਦਾ ਸਿੱਟਾ ਹਰਿਆਣਾ ਅੰਦਰ ਸੂਰਜਮੁਖੀ ਦੀ ਖਰੀਦ ਐੱਮ ਐੱਸ ਪੀ 'ਤੇ ਕਰਨ ਸੰਬੰਧੀ ਅੰਦੋਲਨ ਚੱਲ ਰਿਹਾ ਹੈ। ਉਕਤ ਕਿਸਾਨ ਆਗੂਆਂ ਗੁਰਨਾਮ ਸਿੰਘ ਚੜੂਨੀ ਅਤੇ ਗ੍ਰਿਫਤਾਰ ਕੀਤੇ ਕਿਸਾਨਾਂ ਨੂੰ ਤੁਰੰਤ ਰਿਹਾਅ ਕਰਨ, ਦਰਜ ਕੀਤੇ ਮੁਕੱਦਮੇ ਵਾਪਸ ਲੈਣ ਅਤੇ ਸੂਰਜਮੁਖੀ ਦੀ ਖਰੀਦ ਐੱਮ ਐੱਸ ਪੀ 'ਤੇ ਕਰਨ ਦੀ ਮੰਗ ਕੀਤੀ ਹੈ। ਇਸ ਮੌਕੇ ਕਿਸਾਨ ਆਗੂ ਲਖਬੀਰ ਸਿੰਘ ਨਿਜ਼ਾਮਪੁਰ, ਸੂਰਤ ਸਿੰਘ ਧਰਮਕੋਟ ਤੇ ਕੁਲਵੰਤ ਸਿੰਘ ਮੌਲਵੀਵਾਲਾ ਵੀ ਮੌਜੂਦ ਸਨ।

## ਕੂੜਾ ਚੁੱਕਣ ਵਾਲੇ ਤੋਂ ਰਿਸ਼ਵਤ ਲੈਣ ਦੇ ਦੋਸ਼ 'ਚ ਸੈਨੇਟਰੀ ਇੰਸਪੈਕਟਰ ਗ੍ਰਿਫਤਾਰ

**ਚੰਡੀਗੜ੍ਹ** : ਪੰਜਾਬ ਵਿਜੀਲੈਂਸ ਬਿਊਰੋ ਨੇ ਵੀਰਵਾਰ ਨਗਰ ਨਿਗਮ ਲੁਧਿਆਣਾ ਜ਼ੋਨ-ਡੀ ਵਿਖੇ ਤਾਇਨਾਤ ਸੈਨੇਟਰੀ ਇੰਸਪੈਕਟਰ ਜਤਿੰਦਰ ਵਿੱਜ ਨੂੰ 4000 ਰੁਪਏ ਕਥਿਤ ਰਿਸ਼ਵਤ ਲੈਂਦਿਆਂ ਕਾਬੂ ਕਰ ਲਿਆ। ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਸੈਨੇਟਰੀ ਇੰਸਪੈਕਟਰ ਨੂੰ ਮਾਹੀ ਰਾਮ ਵਾਸੀ ਟਾਵਰ ਕਲੋਨੀ, ਨੇੜੇ ਅਨਾਜ ਮੰਡੀ, ਲੁਧਿਆਣਾ ਦੀ ਸ਼ਿਕਾਇਤ 'ਤੇ ਕਾਬੂ ਕੀਤਾ ਗਿਆ। ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਾਇਆ ਸੀ ਕਿ ਉਹ ਬੱਸ ਸਟੈਂਡ ਲੁਧਿਆਣਾ ਨੇੜੇ ਕੂੜੇ ਦੇ ਢੇਰ ਵਿੱਚੋਂ ਕੱਚ ਦੀਆਂ ਬੋਤਲਾਂ, ਪਲਾਸਟਿਕ ਅਤੇ ਲੋਹੇ ਦਾ ਸਾਮਾਨ ਇਕੱਠਾ ਕਰਦਾ ਹੈ ਅਤੇ ਸੈਨੇਟਰੀ ਇੰਸਪੈਕਟਰ ਨੇ ਉਸ ਤੋਂ ਇਹ ਫਾਲਤੂ ਸਾਮਾਨ ਇਕੱਠਾ ਕਰਨ ਬਦਲੇ 15000 ਰੁਪਏ ਪ੍ਰਤੀ ਮਹੀਨਾ ਰਿਸ਼ਵਤ ਮੰਗੀ ਹੈ। ਪਹਿਲੀ ਕਿਸ਼ਤ ਵਜੋਂ 8,000 ਰੁਪਏ ਲੈ ਕੇ ਹੋਰ ਪੈਸਿਆਂ ਦੀ ਮੰਗ ਕਰ ਰਿਹਾ ਹੈ। ਮੁੱਢਲੀ ਪੜਤਾਲ ਉਪਰੰਤ ਲੁਧਿਆਣਾ ਰੇਂਜ ਦੀ ਵਿਜੀਲੈਂਸ ਟੀਮ ਨੇ ਜਾਲ ਵਿਛਾਇਆ ਅਤੇ ਇੰਸਪੈਕਟਰ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ 'ਚ ਸ਼ਿਕਾਇਤਕਰਤਾ ਤੋਂ ਰਿਸ਼ਵਤ ਦੀ ਦੂਜੀ ਕਿਸ਼ਤ ਵਜੋਂ 4,000 ਰੁਪਏ ਲੈਂਦਿਆਂ ਮੌਕੇ 'ਤੇ ਹੀ ਕਾਬੂ ਕਰ ਲਿਆ। ਸੈਨੇਟਰੀ ਇੰਸਪੈਕਟਰ ਖਿਲਾਫ ਵਿਜੀਲੈਂਸ ਬਿਊਰੋ ਥਾਣਾ ਲੁਧਿਆਣਾ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਐਕਟ ਤਹਿਤ ਕੇਸ ਦਰਜ ਕੀਤਾ ਗਿਆ ਹੈ।

## ਚਿੱਪ ਵਾਲੇ ਬਿਜਲੀ ਮੀਟਰਾਂ ਦਾ ਵਿਰੋਧ



**ਪਟਿਆਲਾ** : ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਵੱਲੋਂ ਪੇਂਡੂ ਇਲਾਕਿਆਂ 'ਚ ਲਗਾਏ ਜਾ ਰਹੇ ਚਿੱਪ ਵਾਲੇ ਮੀਟਰਾਂ ਦਾ ਵਿਰੋਧ ਕਰਨ ਲਈ ਵੀਰਵਾਰ ਸੰਯੁਕਤ ਕਿਸਾਨ ਮੋਰਚਾ ਦੀ ਅਗਵਾਈ ਹੇਠ ਪਟਿਆਲਾ 'ਚ ਕਿਸਾਨਾਂ ਨੇ ਨਿਗਮ ਦੇ ਮੁੱਖ ਦਫਤਰ ਬਾਹਰ ਜ਼ਬਰਦਸਤ ਪ੍ਰਦਰਸ਼ਨ ਕੀਤਾ। ਕਿਸਾਨਾਂ ਨੇ ਮਾਲ ਰੋਡ ਜਾਮ ਕਰ ਦਿੱਤੀ ਹੈ। ਪ੍ਰਦਰਸ਼ਨ 'ਚ ਵੱਡੀ ਗਿਣਤੀ 'ਚ ਔਰਤਾਂ ਵੀ ਸ਼ਾਮਲ ਹੋਈਆਂ। ਕਿਸਾਨ ਨੇਤਾਵਾਂ ਨੇ ਕਿਹਾ ਕਿ ਉਹ ਕਿਸੇ ਵੀ ਕੀਮਤ 'ਤੇ ਚਿੱਪ ਵਾਲੇ ਮੀਟਰ ਨਹੀਂ ਲੱਗਣ ਦੇਣਗੇ ਤੇ ਜੇ ਜਬਰੀ ਲਗਾਏ ਗਏ ਤਾਂ ਉਨ੍ਹਾਂ ਨੂੰ ਪੁੱਟ ਕੇ ਪਾਵਰਕਾਮ ਦੇ ਦਫਤਰਾਂ 'ਚ ਜਮ੍ਹਾਂ ਕਰਵਾ ਦਿੱਤਾ ਜਾਵੇਗਾ।

## ਵਿਦੇਸ਼ ਮੰਤਰੀ ਦੰਗਾ ਪੀੜਤਾਂ ਨੂੰ ਮਿਲੇ

**ਨਵੀਂ ਦਿੱਲੀ** : ਕੇਂਦਰ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਦੇ 9 ਸਾਲ ਪੂਰੇ ਹੋਣ 'ਤੇ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਵੀਰਵਾਰ ਤੋਂ ਮਹੀਨਾ ਚੱਲਣ ਵਾਲੀ ਮੁਹਿੰਮ ਦੇ ਹਿੱਸੇ ਵਜੋਂ ਦੋ ਰੋਜ਼ਾ ਆਪਣਾ ਅਭਿਆਨ ਸ਼ੁਰੂ ਕੀਤਾ। ਉਹ ਪੱਛਮੀ ਦਿੱਲੀ ਦੇ ਸੰਸਦ ਮੈਂਬਰ ਪਰਵੇਸ਼ ਵਰਮਾ ਨਾਲ ਤਿਲਕ ਵਿਹਾਰ ਵਿਖੇ 1984 ਦੇ ਸਿੱਖ ਵਿਰੋਧੀ ਦੰਗਿਆਂ ਤੋਂ ਪ੍ਰਭਾਵਤ ਪਰਵਾਰ ਨੂੰ ਮਿਲੇ। ਜੈਸ਼ੰਕਰ ਬਸਾਈ ਦਾਰਾਪੁਰ 'ਚ ਉਨ੍ਹਾਂ ਵਿਦਿਆਰਥੀਆਂ ਨੂੰ ਮਿਲਣਗੇ, ਜੋ ਰੂਸ ਦੇ ਯੂਕਰੇਨ 'ਤੇ ਹਮਲੇ ਕਾਰਨ ਆਪਣੀ ਪੜ੍ਹਾਈ ਛੱਡ ਕੇ ਘਰ ਪਰਤਣ ਲਈ ਮਜਬੂਰ ਹੋਏ ਸਨ।



ਦਿੱਲੀ ਦੇ ਤਿਲਕ ਵਿਹਾਰ 'ਚ ਦੰਗਾ ਪੀੜਤ ਪਰਵਾਰ ਨੂੰ ਮਿਲਦੇ ਹੋਏ ਜੈਸ਼ੰਕਰ।

ਉਨ੍ਹਾ ਮਹਾਂਵੀਰ ਨਗਰ ਸਥਿਤ ਗੁਰੂ ਅਰਜਨ ਦੇਵ ਗੁਰਦੁਆਰਾ ਸਾਹਿਬ 'ਚ ਠਹਿਰੇ ਅਫਗਾਨ ਸਿੱਖ ਸ਼ਰਨਾਰਥੀਆਂ ਨੂੰ ਵੀ ਮਿਲਣਾ ਸੀ।

## ਟਾਈਟਲਰ ਦੇ ਕੇਸ ਦੀ ਸੁਣਵਾਈ ਟਲੀ



**ਨਵੀਂ ਦਿੱਲੀ** : ਇੱਥੋਂ ਦੀ ਅਦਾਲਤ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਮਾਮਲੇ 'ਚ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਖਿਲਾਫ ਸੁਣਵਾਈ ਟਾਲ ਦਿੱਤੀ ਹੈ। ਸੀ ਬੀ ਆਈ ਟਾਈਟਲਰ ਖਿਲਾਫ ਚਾਰਜਸ਼ੀਟ ਦਾਖਲ ਕਰ ਚੁੱਕੀ ਹੈ। ਹੁਣ ਚਾਰਜਸ਼ੀਟ ਨਾਲ ਸੰਬੰਧਤ ਮਾਮਲੇ ਦੀ ਸੁਣਵਾਈ ਗਰਮੀਆਂ ਦੀਆਂ ਛੁੱਟੀਆਂ ਤੋਂ ਬਾਅਦ ਹੋਵੇਗੀ। ਜੱਜ ਨੇ ਕਿਹਾ ਕਿ ਉਹ ਫਾਈਲ ਦੀ ਘੋਖ ਕਰਨਗੇ ਤੇ ਇਸ ਤੋਂ ਬਾਅਦ ਢੁਕਵੇਂ ਹੁਕਮ ਜਾਰੀ ਕੀਤੇ ਜਾਣਗੇ। ਮਾਮਲੇ ਦੀ ਅਗਲੀ ਸੁਣਵਾਈ 30 ਜੂਨ ਨੂੰ ਹੋਵੇਗੀ।

## ਅਮਰੀਕਾ 'ਚ ਪੰਜਾਬੀ ਟਰੱਕ ਡਰਾਈਵਰ ਦੀ ਜ਼ਮਾਨਤ ਨਹੀਂ ਹੋਈ

**ਨਿਊ ਯਾਰਕ** : ਅਮਰੀਕਾ ਦੀ ਅਪੀਲੀ ਅਦਾਲਤ ਨੇ ਪੰਜਾਬੀ ਡਰਾਈਵਰ ਦੀ ਜ਼ਮਾਨਤ ਪਟੀਸ਼ਨ ਨੂੰ ਸਰਬਸੰਮਤੀ ਨਾਲ ਖਾਰਜ ਕਰ ਦਿੱਤਾ ਹੈ। ਉਸ ਨੇ ਕਥਿਤ ਤੌਰ 'ਤੇ ਆਪਣੇ ਟਰੱਕ ਨਾਲ ਕਾਰ ਨੂੰ ਟੱਕਰ ਮਾਰ ਦਿੱਤੀ ਸੀ, ਜਿਸ ਕਾਰਨ 14 ਸਾਲਾ ਦੇ ਦੋ ਮੁੰਡਿਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ ਸੀ ਅਤੇ ਦੋ ਹੋਰ ਜ਼ਖਮੀ ਹੋ ਗਏ ਸਨ। ਬਰੁਕਲਿਨ ਦੀ ਅਪੀਲ ਅਦਾਲਤ ਦੇ ਵਕੀਲਾਂ ਨੇ ਕਿਹਾ ਕਿ 34 ਸਾਲਾ ਅਮਨਦੀਪ ਸਿੰਘ ਦੁਰਘਟਨਾ ਦੇ ਸਮੇਂ ਕਥਿਤ ਤੌਰ 'ਤੇ ਨਸ਼ੇ 'ਚ ਸੀ ਤੇ 100 ਮੀਲ ਪ੍ਰਤੀ ਘੰਟਾ ਦੀ ਰਫਤਾਰ ਨਾਲ ਟਰੱਕ ਚਲਾ ਰਿਹਾ ਸੀ। ਉਸ 'ਤੇ ਇਸ ਮਾਮਲੇ 'ਚ ਕਈ ਦੋਸ਼ ਲਗਾਏ ਗਏ ਹਨ।

## ਇੰਦਰਾ ਦੇ ਕਤਲ ਦੀ ਝਾਕੀ ਦਿਖਾਉਣ 'ਤੇ ਪ੍ਰੋਟੈੱਸਟ

**ਨਵੀਂ ਦਿੱਲੀ** : ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਨੂੰ ਦਰਸਾਉਣ ਵਾਲੀ ਕੈਨੇਡਾ ਵਿਚ ਕੱਢੀ ਕਥਿਤ ਝਾਕੀ ਦੀ ਨਿੰਦਾ ਕਰਦੇ ਹੋਏ ਕਾਂਗਰਸ ਨੇ ਵੀਰਵਾਰ ਕਿਹਾ ਕਿ ਭਾਰਤ ਸਰਕਾਰ ਨੂੰ ਇਹ ਮੁੱਦਾ ਕੈਨੇਡਾ ਕੋਲ ਜ਼ੋਰਦਾਰ ਢੰਗ ਨਾਲ ਉਠਾਉਣਾ ਚਾਹੀਦਾ ਹੈ। ਪਾਰਟੀ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਟਵੀਟ ਕਰਕੇ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੂੰ ਇਹ ਬੇਨਤੀ ਕੀਤੀ। ਮੀਡੀਆ ਰਿਪੋਰਟਾਂ ਅਨੁਸਾਰ ਕੈਨੇਡਾ ਦੇ ਬਰੈਂਪਟਨ 'ਚ ਖਾਲਿਸਤਾਨ ਦੇ ਸਮਰਥਕਾਂ ਨੇ ਹਾਲ ਹੀ 'ਚ ਇੰਦਰਾ ਗਾਂਧੀ ਦੇ ਕਤਲ ਨੂੰ ਦਰਸਾਉਂਦੀ ਝਾਕੀ ਕੱਢੀ।

## ਮੌਨਸੂਨ ਦੀ ਦਸਤਕ

**ਨਵੀਂ ਦਿੱਲੀ** : ਮੌਸਮ ਵਿਗਿਆਨ ਵਿਭਾਗ ਨੇ ਵੀਰਵਾਰ ਐਲਾਨਿਆ ਕਿ ਮੌਨਸੂਨ ਭਾਰਤ ਪੁੱਜ ਗਿਆ ਹੈ ਤੇ ਉਸ ਨੇ ਕੇਰਲਾ 'ਚ ਦਸਤਕ ਦੇ ਦਿੱਤੀ ਹੈ। ਇਸ ਸਾਲ ਮੌਨਸੂਨ ਪਛੜ ਕੇ ਕੇਰਲਾ ਪੁੱਜਾ ਹੈ। ਇਹ ਆਮ ਤੌਰ 'ਤੇ ਪਹਿਲੀ ਜੂਨ ਜਾਂ ਇਸ ਤੋਂ ਇਕ-ਦੋ ਦਿਨ ਪਹਿਲਾਂ ਪੁੱਜਦਾ ਰਿਹਾ ਹੈ।

## ਅੱਜ-ਨਾਮਾ

ਮਨੀਪੁਰ ਮੁੱਦਾ ਤਾਂ ਨਿਕਲਦਾ ਜਾਏ ਹੱਥੋਂ,
ਮੰਨਦੀ ਕੇਂਦਰ ਦੀ ਨਹੀਂ ਸਰਕਾਰ ਮੀਆਂ।
ਹੁੰਦੀ ਗੜਬੜ ਤੇ ਹਾਲ ਨਾ ਜਿਊਣ ਵਾਲਾ,
ਉੱਜੜੇ ਘਰੋਂ ਹਨ ਬਹੁਤ ਪਰਵਾਰ ਮੀਆਂ।
ਕਬਾਇਲੀ ਧਿਰਾਂ ਦੇ ਵਿੱਚ ਜਾਂ ਭੇੜ ਹੁੰਦਾ,
ਜਿਸ ਦਾ ਜ਼ੋਰ ਡਾਢਾ, ਜਾਂਦਾ ਮਾਰ ਮੀਆਂ।
ਹਾਲਤ ਕਾਬੂ ਦੇ ਵਿੱਚ ਪਿਆ ਕਹੇ ਕੇਂਦਰ,
ਸੁਣਦੇ ਲੋਕੀਂ ਨਾ ਕਰਨ ਇਤਬਾਰ ਮੀਆਂ।
ਭਾਰਤ ਦੇਸ਼ ਵਿੱਚ ਸੁੱਖ ਕੁਝ ਘੱਟ ਲੱਗਦੀ,
ਬਾਹਲਾ ਗੜਬੜਾਂ ਦਾ ਰਹਿੰਦਾ ਦੌਰ ਮੀਆਂ।
ਸੋਚਦੇ ਰਹਿੰਦੇ ਈ ਲੋਕ ਕੁਝ ਔਰ ਮੀਆਂ,
ਰਹਿੰਦਾ ਵਾਪਰਦਾ ਔਰ ਬਈ ਔਰ ਮੀਆਂ।

-ਤੀਸ ਮਾਰ ਖਾਂ

## ਡਾ. ਨਵਸ਼ਰਨ ਤੇ ਹੋਰਨਾਂ ਨੂੰ ਤੰਗ ਕਰਨ ਵਿਰੁੱਧ 50 ਸੰਸਥਾਵਾਂ ਅੱਜ ਰਾਜਪਾਲ ਨੂੰ ਮੰਗ ਪੱਤਰ ਦੇਣਗੀਆਂ

**ਜਲੰਧਰ** : ਡਾ. ਨਵਸ਼ਰਨ ਅਤੇ ਹੋਰ ਔਰਤਾਂ ਨੂੰ ਈ.ਡੀ. ਵੱਲੋਂ ਮਾਨਸਿਕ ਤੌਰ 'ਤੇ ਤੰਗ-ਪ੍ਰੇਸ਼ਾਨ ਕਰਨ ਅਤੇ ਝੂਠੇ ਕੇਸਾਂ ਵਿੱਚ ਫਸਾਉਣ ਲਈ ਕੇਂਦਰੀ ਹਕੂਮਤ ਵੱਲੋਂ ਪਾਪੜ ਵੇਲ ਕੇ ਜ਼ਮੀਨ ਤਿਆਰ ਕਰਨ ਦੀਆਂ ਕੋਝੀਆਂ ਚਾਲਾਂ ਚੱਲਣਾ ਬੰਦ ਕਰਨ, ਈ.ਡੀ. ਦੀ ਦੁਰਵਰਤੋਂ ਬੰਦ ਕਰਨ, ਪਹਿਲਵਾਨ ਖਿਡਾਰਨਾਂ ਨੂੰ ਵੰਨ-ਸੁਵੰਨੇ ਛੜਯੰਤਰ ਰਚ ਕੇ ਇਨਸਾਫ ਨਾ ਦੇਣ, ਮੁਜਰਮ ਬ੍ਰਿਜ ਭੂਸ਼ਣ ਸ਼ਰਣ ਸਿੰਘ ਨੂੰ ਬਚਾਉਣ ਲਈ ਹਕੂਮਤੀ ਛਤਰੀ ਦਾ ਓਟ ਆਸਰਾ ਦੇਣ ਖਿਲਾਫ ਵਿਰੋਧ ਦਰਜ ਕਰਾਉਣ ਲਈ 9 ਜੂਨ ਨੂੰ ਪੰਜਾਬ ਦੀਆਂ 50 ਦੇ ਕਰੀਬ ਸੰਸਥਾਵਾਂ ਰਾਜਪਾਲ ਨੂੰ ਮਿਲ ਕੇ ਰਾਸ਼ਟਰਪਤੀ ਦੇ ਨਾਂਅ ਮੰਗ ਪੱਤਰ ਦੇਣ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਜਾ ਰਹੀਆਂ ਹਨ।

ਇਹਨਾਂ ਸੰਸਥਾਵਾਂ ਦਾ ਇਹ ਵੀ ਕਹਿਣਾ ਹੈ ਕਿ ਜੇਕਰ ਡਾ. ਨਵਸ਼ਰਨ ਤੋਂ ਨਾਪਾਕ ਇਰਾਦੇ ਰੱਖਦੇ ਹੱਥ ਪਾਸੇ ਨਾ ਕੀਤੇ ਤਾਂ ਜ਼ਬਰਦਸਤ ਜਨਤਕ ਵਿਰੋਧ ਦਾ ਸਾਹਮਣਾ ਕਰਨਾ ਪਵੇਗਾ। ਜਮਹੂਰੀ ਅਧਿਕਾਰ ਸਭਾ ਪੰਜਾਬ, ਦੇਸ਼ ਭਗਤ ਯਾਦਗਾਰ ਕਮੇਟੀ, ਪਲਸ ਮੰਚ, ਕ੍ਰਾਂਤੀਕਾਰੀ ਸੱਭਿਆਚਾਰ ਕੇਂਦਰ, ਤਰਕਸ਼ੀਲ ਸੁਸਾਇਟੀ ਪੰਜਾਬ, ਬੀ ਕੇ ਯੂ (ਏਕਤਾ-ਉਗਰਾਹਾਂ), ਬੀ ਕੇ ਯੂ ਡਕੌਂਦਾ, ਪੇਂਡੂ ਮਜ਼ਦੂਰ ਯੂਨੀਅਨ, ਦਿਹਾਤੀ ਮਜ਼ਦੂਰ ਸਭਾ ਪੰਜਾਬ, ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ, ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ (1406,22) ਪੰਜਾਬ ਸਟੂਡੈਂਟਸ ਯੂਨੀਅਨ, ਕੁਲ ਹਿੰਦ ਮਜ਼ਦੂਰ ਯੂਨੀਅਨ, ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ (ਦਿਗਵਿਜੇ), ਡੀ ਟੀ ਐੱਫ, ਦਿਹਾਤੀ ਮਜ਼ਦੂਰ ਸਭਾ, ਪੰਜਾਬ ਖੇਤ ਮਜ਼ਦੂਰ ਯੂਨੀਅਨ, ਪੇਂਡੂ ਮਜ਼ਦੂਰ ਯੂਨੀਅਨ, ਮਜ਼ਦੂਰ ਮੁਕਤੀ ਮੋਰਚਾ ਪੰਜਾਬ, ਨੌਜਵਾਨ ਭਾਰਤ ਸਭਾ (ਪਾਵੇਲ ਕੁੱਸਾ), ਪੰਜਾਬ ਸਟੂਡੈਂਟਸ ਯੂਨੀਅਨ, ਪੈਰਾ ਮੈਡੀਕਲ ਵਰਕਰਜ਼ ਯੂਨੀਅਨ ਕ੍ਰਾਂਤੀਕਾਰੀ ਕਿਸਾਨ ਯੂਨੀਅਨ, ਇਨਕਲਾਬੀ ਮਜ਼ਦੂਰ ਕੇਂਦਰ, ਮੋਲਡਰ ਐਂਡ ਸਟੀਲ ਵਰਕਰਜ਼ ਯੂਨੀਅਨ (ਹਰਜਿੰਦਰ ਸਿੰਘ), ਪੰਜਾਬ ਸਟੂਡੈਂਟਸ ਯੂਨੀਅਨ (ਸ਼ਹੀਦ ਰੰਧਾਵਾ), ਬੀ ਕੇ ਯੂ ਡਕੌਂਦਾ (ਬੂਟਾ ਬੁਰਜਗਿੱਲ), ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਦੁਆਬਾ, ਬੀ ਕੇ ਯੂ ਕ੍ਰਾਂਤੀਕਾਰੀ, ਜਮਹੂਰੀ ਕਿਸਾਨ ਸਭਾ, ਕਿਰਤੀ ਕਿਸਾਨ ਯੂਨੀਅਨ ਗੌਰਮਿੰਟ ਟੀਚਰਜ਼ ਯੂਨੀਅਨ, ਪੰਜਾਬ ਸਟੂਡੈਂਟਸ ਯੂਨੀਅਨ (ਲਲਕਾਰ), ਪੰਜਾਬ ਰੈਡੀਕਲ ਸਟੂਡੈਂਟਸ ਯੂਨੀਅਨ, ਐੱਸ ਐੱਫ ਐੱਸ, ਡੈਮੋਕਰੇਟਿਕ ਸਟੂਡੈਂਟਸ ਆਰਗੇਨਾਈਜੇਸ਼ਨ, ਕਿਸਾਨ ਸੰਘਰਸ਼ ਕਮੇਟੀ ਪੰਜਾਬ, ਪੰਜਾਬ ਕਿਸਾਨ ਯੂਨੀਅਨ, ਮਜ਼ਦੂਰ ਮੁਕਤੀ ਮੋਰਚਾ (ਲਿਬਰੇਸ਼ਨ) ਸੰਸਥਾਵਾਂ ਵਿਚ ਸ਼ਾਮਲ ਹਨ।



## ਨਿਊ ਯਾਰਕ ਸਿਟੀ ਦੀ ਹਵਾ ਦਿੱਲੀ ਨਾਲੋਂ ਵੀ ਮਾੜੀ

ਹਿਊਸਟਨ : ਕੈਨੇਡਾ ਦੇ ਜੰਗਲਾਂ 'ਚ ਲੱਗੀ ਅੱਗ ਦਾ ਧੂੰਆਂ ਅਮਰੀਕਾ ਦੇ ਪੂਰਬੀ ਤੱਟ ਅਤੇ ਮੱਧ-ਪੱਛਮ 'ਚ ਫੈਲ ਗਿਆ, ਜਿਸ ਨਾਲ ਨਿਊ ਯਾਰਕ ਸਿਟੀ 'ਚ ਹਵਾ ਦੀ ਗੁਣਵੱਤਾ ਬੇਹੱਦ ਖਰਾਬ ਹੋ ਗਈ। ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਨਿਊ ਯਾਰਕ ਸਿਟੀ 'ਚ ਹਵਾ ਦੀ ਗੁਣਵੱਤਾ ਭਾਰਤ ਦੀ ਰਾਜਧਾਨੀ ਦਿੱਲੀ ਨਾਲੋਂ ਵੀ ਮਾੜੀ ਹੋ ਗਈ। ਨਿਊ ਯਾਰਕ ਸਿਟੀ ਨੂੰ ਧੂੰਏਂ ਨੇ ਘੇਰ ਲਿਆ ਹੈ।

## ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਵੱਲੋਂ ਆਯੁਰਵੈਦਿਕ ਕੈਂਪ



ਮਲੋਟ (ਗੁਰਮੀਤ ਸਿੰਘ ਮੱਕੜ)-ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਵਲੋਂ ਅਰੋਗਿਆ ਪ੍ਰੋਗਰਾਮ ਦੇ ਤਹਿਤ ਡੱਬਵਾਲੀ ਮਲਕੋ ਸਥਿਤ ਆਸ਼ਰਮ ਵਿਚ ਆਯੁਰਵੈਦਿਕ ਕੈਂਪ ਲਗਾਇਆ ਗਿਆ, ਜਿਸ ਵਿਚ ਜੋਧਪੁਰ ਤੋਂ ਆਯੁਰਵੈਦਿਕ ਅਚਾਰਿਆ ਧਰਮਪਾਲ ਪਹੁੰਚੇ। ਜਿਨ੍ਹਾਂ ਨੇ ਬਹੁਤ ਸਾਰੇ ਮਰੀਜ਼ਾਂ ਨੂੰ ਦੇਖਿਆ ਅਤੇ ਸੁਆਮੀ ਨੀਰਜਾਨੰਦ ਨੇ ਦੱਸਿਆ ਕਿ ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਇੱਕ ਧਾਰਮਕ ਅਤੇ ਸਮਾਜਕ ਸੰਸਥਾਨ ਹੈ।ਸੰਸਥਾਨ ਵੱਲੋਂ ਸਮਾਜ ਸੁਧਾਰ ਲਈ ਵੱਖ ਵੱਖ ਪ੍ਰੋਜੈਕਟ ਚਲਾਏ ਜਾ ਰਹੇ ਹਨ, ਜਿਨ੍ਹਾਂ ਵਿਚੋਂ ਆਰੋਗਯਾ ਵੀ ਇੱਕ ਹੈ ।ਆਰੋਗਯ ਦੇ ਤਹਿਤ ਵੱਖ-ਵੱਖ ਜਗ੍ਹਾਂ 'ਤੇ ਆਯੁਰਵੈਦਿਕ ਕੈਂਪ ਲਗਾਏ ਜਾਂਦੇ ਹਨ ਅਤੇ ਲੋਕਾਂ ਨੂੰ ਦੱਸਿਆ ਜਾਂਦਾ ਹੈ ਕਿ ਭਾਰਤੀ ਸੰਸਕ੍ਰਿਤੀ ਦੇ ਅਨੁਸਾਰ ਸਿਰਫ ਆਯੁਰਵੈਦਿਕ ਇਲਾਜ ਹੀ ਸਭ ਤੋਂ ਉਤਮ ਹੈ। ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਵੱਲੋਂ ਆਸ਼ੂਤੋਸ਼ ਮਹਾਰਾਜ ਆਯੁਰਵੈਦਿਕ ਫਾਰਮੇਸੀ ਦਾ ਨਿਰਮਾਣ ਕੀਤਾ ਗਿਆ ਹੈ, ਜਿਸ ਵਿਚ ਬ੍ਰਹਮ ਗਿਆਨੀ ਸਾਧਕਾਂ ਦੇ ਵੱਲੋਂ ਆਯੁਰਵੈਦਿਕ ਦਵਾਈਆਂ ਤਿਆਰ ਕੀਤੀਆਂ ਜਾਂਦੀਆਂ ਹਨ।

## ਬਾਬਾ ਫ਼ਰੀਦ ਸੀਨੀਅਰ ਸੈਕੰਡਰੀ ਸਕੂਲ ਨੇ ਵਿਸ਼ਵ ਵਾਤਾਵਰਣ ਦਿਵਸ ਮਨਾਇਆ



ਬਠਿੰਡਾ (ਪਰਵਿੰਦਰ ਜੀਤ ਸਿੰਘ)-ਬਾਬਾ ਫ਼ਰੀਦ ਸਕੂਲ ਸੀਨੀਅਰ ਸੈਕੰਡਰੀ ਸਕੂਲ, ਬਠਿੰਡਾ ਵੱਲੋਂ ਵਿਸ਼ਵ ਵਾਤਾਵਰਨ ਦਿਵਸ ਮਨਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਨੂੰ ਵਾਤਾਵਰਨ ਦੀ ਸੰਭਾਲ ਬਾਰੇ ਜਾਗਰੂਕ ਕਰਨ ਲਈ ਵਿਸਥਾਰ ਭਾਸ਼ਣਾਂ ਦਾ ਆਯੋਜਨ ਕੀਤਾ ਗਿਆ ਅਤੇ ਪੌਦੇ ਲਗਾਏ ਗਏ। ਇਸ ਮੌਕੇ ਸਕੂਲ ਦੇ ਗਿਆਰ੍ਹਵੀਂ ਅਤੇ ਬਾਰ੍ਹਵੀਂ ਦੇ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਭਾਗ ਲਿਆ । ਭਾਸ਼ਣ ਦੌਰਾਨ ਬਾਬਾ ਫ਼ਰੀਦ ਕਾਲਜ ਦੇ ਸਹਾਇਕ ਪ੍ਰੋਫੈਸਰ (ਜੌਗਰਫੀ) ਹਰਕੀਰਤ ਸਿੰਘ ਅਤੇ ਸਹਾਇਕ ਪ੍ਰੋਫੈਸਰ (ਪੰਜਾਬੀ) ਸਟਾਲਿਨਜੀਤ ਸਿੰਘ ਨੇ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ। ਉਨ੍ਹਾਂ ਨੇ ਵਾਤਾਵਰਨ ਦੇ ਪ੍ਰਦੂਸ਼ਣ ਨਾਲ ਹੋਣ ਵਾਲੇ ਨੁਕਸਾਨ ਅਤੇ ਇਸ ਦੇ ਮਾੜੇ ਪ੍ਰਭਾਵ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਵਾਤਾਵਰਣ ਦੀ ਸੰਭਾਲ ਦਾ ਸੁਨੇਹਾ ਦਿੱਤਾ। ਉਨ੍ਹਾਂ ਨੇ ਵਾਤਾਵਰਣ ਦੀ ਮਹੱਤਤਾ ਅਤੇ ਇਸ ਦਾ ਪ੍ਰਦੂਸ਼ਣ ਤੋਂ ਬਚਾਅ ਕਰਨ ਬਾਰੇ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ। ਇਸ ਤੋਂ ਇਲਾਵਾ ਬਾਬਾ ਫ਼ਰੀਦ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਨੇ ਆਪਣੇ ਫੈਕਲਟੀ ਮੈਂਬਰਾਂ ਦੇ ਨਾਲ ਸੰਸਥਾ ਵਿਖੇ ਪੌਦੇ ਵੀ ਲਗਾਏ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਡਾ. ਬਲਜਿੰਦਰ ਸਿੰਘ ਨੇ ਵਿਸ਼ਵ ਵਾਤਾਵਰਨ ਦਿਵਸ ਸੰਬੰਧੀ ਆਪਣੇ ਵਿਚਾਰ ਪੇਸ਼ ਕਰਦਿਆਂ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਪੌਦੇ ਲਗਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਕੂਲ ਦੇ ਵੱਖ-ਵੱਖ ਵਿਭਾਗਾਂ ਦੇ ਮੁਖੀ ਅਤੇ ਫੈਕਲਟੀ ਮੈਂਬਰ ਵੀ ਹਾਜ਼ਰ ਸਨ।

## ਕੌਮੀ ਜਥੇਬੰਦਕ ਸਕੱਤਰ ਰਿੰਕਾ ਨੇ ਕੀਤੀ ਸੁਖਬੀਰ ਬਾਦਲ ਨਾਲ ਮੁਲਾਕਾਤ



ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਜਥੇਬੰਦਕ ਸਕੱਤਰ ਰਿੰਕਾ ਕੁਤਬਾ ਬਾਹਮਣੀਆਂ ਨੇ ਅੱਜ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਮੁਲਾਕਾਤ ਕਰ ਕੇ ਹਲਕੇ ਦੇ ਰਾਜਨੀਤਕ ਹਾਲਾਤ ਤੋਂ ਜਾਣੂ ਕਰਵਾਇਆ। ਇਸ ਮੁਲਾਕਾਤ ਸੰਬੰਧੀ ਜਾਣਕਾਰੀ ਦਿੰਦਿਆਂ ਕੌਮੀ ਜਥੇਬੰਦਕ ਸਕੱਤਰ ਰਿੰਕਾ ਨੇ ਕਿਹਾ ਕਿ ਪਾਰਟੀ ਪ੍ਰਧਾਨ ਵਿਧਾਨ ਸਭਾ ਹਲਕਾ ਮਹਿਲ ਕਲਾਂ ਨੂੰ ਲੈ ਕੇ ਕਾਫ਼ੀ ਸੁਹਿਰਦ ਹਨ, ਉਨ੍ਹਾਂ ਸਾਰੇ ਸੁਝਾਵਾਂ ਨੂੰ ਗੰਭੀਰਤਾ ਨਾਲ ਸੁਣਿਆ ਅਤੇ ਪਾਰਟੀ ਲਈ ਡਟ ਕੇ ਕੰਮ ਕਰਨ ਵਾਸਤੇ ਆਖਿਆ ਹੈ। ਉਨ੍ਹਾ ਕਿਹਾ ਕਿ ਕਿਸੇ ਸਮੇਂ ਸ਼੍ਰੋਮਣੀ ਅਕਾਲੀ ਦਲ ਦਾ ਗੜ੍ਹ ਰਹੇ ਮਹਿਲ ਕਲਾਂ ਇਲਾਕੇ 'ਚ ਮੁੜ ਤੋਂ ਪਾਰਟੀ ਦਾ ਝੰਡਾ ਬੁਲੰਦ ਕਰਨ ਵਾਸਤੇ ਹਰੇਕ ਆਗੂ/ਵਰਕਰ ਦੀ ਯੋਜਨਾਬੱਧ ਤਰੀਕੇ ਨਾਲ ਲਾਮਬੰਦੀ ਕੀਤੀ ਜਾਵੇਗੀ। ਨੌਜਵਾਨ ਪੀੜ੍ਹੀ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਅਮੀਰ ਵਿਰਸੇ ਅਤੇ ਲੋਕ ਪੱਖੀ ਨੀਤੀਆਂ ਤੋਂ ਜਾਣੂ ਕਰਵਾ ਕੇ ਪਾਰਟੀ ਨਾਲ ਜੋੜਿਆ ਜਾਵੇਗਾ। ਆਗੂ ਰਿੰਕਾ ਨੇ ਪੰਜਾਬ ਦੀ ਸੱਤਾ 'ਤੇ ਕਾਬਜ਼ ਪੰਜਾਬ ਵਿਰੋਧੀ ਤਾਕਤਾਂ ਨੂੰ ਕਰਾਰੀ ਹਾਰ ਦੇਣ ਲਈ ਪਾਰਟੀ ਵਰਕਰਾਂ ਨੂੰ ਆਪਸੀ ਗਿਲੇ ਸ਼ਿਕਵੇ ਭੁਲਾ ਕੇ ਸ਼੍ਰੋਮਣੀ ਅਕਾਲੀ ਦਲ ਦੀ ਮਜ਼ਬੂਤੀ ਵਾਸਤੇ ਡਟ ਕੇ ਮਿਹਨਤ ਕਰਨ ਦੀ ਅਪੀਲ ਕੀਤੀ। ਇਸ ਸਮੇਂ ਅਕਾਸ਼ਦੀਪ ਸਿੰਘ ਪੰਡੋਰੀ, ਪ੍ਰਦੀਪ ਸਿੰਘ, ਸੰਦੀਪ ਸਿੰਘ ਆਦਿ ਹਾਜ਼ਰ ਸਨ।

## ਹਰਪ੍ਰੀਤ ਸਿੰਘ ਗਿੱਲ ਨੇ ਸੰਭਾਲਿਆ ਆਈ ਟੀ ਆਈ ਬਸੀ ਪਠਾਨਾਂ ਦੇ ਪ੍ਰਿੰਸੀਪਲ ਦਾ ਅਹੁਦਾ



ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਬੀਤੇ ਕਈ ਦਹਾਕਿਆਂ ਤੋਂ ਨੌਜਵਾਨਾਂ ਨੂੰ ਤਕਨੀਕੀ ਸਿੱਖਿਆ ਮੁਹੱਈਆ ਕਰਵਾ ਕੇ ਹੁਨਰਮੰਦ ਬਣਾਉਣ ਅਤੇ ਸਵੈ ਰੁਜ਼ਗਾਰ ਦੇ ਮੌਕੇ ਪੈਦਾ ਕਰਨ 'ਚ ਅਹਿਮ ਰੋਲ ਨਿਭਾ ਰਹੀ ਉਦਯੋਗਿਕ ਸਿਖਲਾਈ ਸੰਸਥਾ(ਆਈ.ਟੀ.ਆਈ.) ਬਸੀ ਪਠਾਨਾਂ ਦੇ ਪ੍ਰਿੰਸੀਪਲ ਸਤਵਿੰਦਰ ਸਿੰਘ ਬਠਲਾਨਾ ਨੂੰ ਵਿਭਾਗ ਵੱਲੋਂ ਚੰਡੀਗੜ੍ਹ ਸਥਿਤ ਹੈਡ ਆਫਿਸ ਵਿਖੇ ਅਸਿਸਟੈਂਟ ਡਾਇਰੈਕਟਰ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਪੰਜਾਬ ਦੇ ਅਹੁਦੇ 'ਤੇ ਤਾਇਨਾਤ ਕਰ ਦਿੱਤਾ ਗਿਆ ਹੈ ਜਦੋਂ ਕਿ ਉਦਯੋਗਿਕ ਸਿਖਲਾਈ ਸੰਸਥਾ ਮਲੇਰਕੋਟਲਾ ਦੇ ਪ੍ਰਿੰਸੀਪਲ ਹਰਪ੍ਰੀਤ ਸਿੰਘ ਗਿੱਲ ਨੂੰ ਉਨਾਂ ਦੀ ਜਗ੍ਹਾ ਉਦਯੋਗਿਕ ਸਿਖਲਾਈ ਸੰਸਥਾ ਬਸੀ ਪਠਾਨਾਂ ਦਾ ਪ੍ਰਿੰਸੀਪਲ ਲਗਾਇਆ ਗਿਆ ਹੈ। ਬਸੀ ਪਠਾਨਾਂ ਵਿਖੇ ਆਪਣਾ ਅਹੁਦਾ ਸੰਭਾਲਣ ਪਹੁੰਚੇ ਹਰਪ੍ਰੀਤ ਸਿੰਘ ਗਿੱਲ ਦਾ ਸਵਾਗਤ ਹਰਸ਼ਰਨਦੀਪ ਸਿੰਘ ਕਲੇਰ, ਰਕੇਸ਼ ਕੁਮਾਰ, ਲਲਿਤ ਕੁਮਾਰ ਅਤੇ ਭੁਪਿੰਦਰ ਸਿੰਘ ਸਮੇਤ ਸਮੁੱਚੇ ਸਟਾਫ ਮੈਂਬਰਾਂ ਵੱਲੋਂ ਕੀਤਾ ਗਿਆ। ਇਸ ਮੌਕੇ ਦੀ ਰੈਵੀਨਿਊ ਪਟਵਾਰ ਯੂਨੀਅਨ ਦੇ ਸੂਬਾ ਮੀਤ ਪ੍ਰਧਾਨ ਪ੍ਰਿੰਸਜੀਤ ਸਿੰਘ ਸਿੱਧੂ ਪ੍ਰਿੰਸੀਪਲ ਹਰਪ੍ਰੀਤ ਸਿੰਘ ਗਿੱਲ ਨੂੰ ਵਧਾਈ ਦੇਣ ਲਈ ਵਿਸ਼ੇਸ਼ ਤੌਰ 'ਤੇ ਪਹੁੰਚੇ। ਪ੍ਰਿੰਸਜੀਤ ਸਿੰਘ ਸਿੱਧੂ ਨੇ ਗੱਲਬਾਤ ਕਰਦਿਆਂ ਕਿਹਾ ਕਿ ਕੁਸ਼ਲ ਪ੍ਰਬੰਧਕ ਵਜੋਂ ਜਾਣੇ ਜਾਂਦੇ ਪ੍ਰਿੰਸੀਪਲ ਹਰਪ੍ਰੀਤ ਸਿੰਘ ਗਿੱਲ ਦੀ ਅਗਵਾਈ ਹੇਠ ਆਈ.ਟੀ.ਆਈ. ਬਸੀ ਪਠਾਨਾਂ ਨਵੀਆਂ ਬੁਲੰਦੀਆਂ ਨੂੰ ਛੂਹੇਗੀ।

## ਸੂਬੇਦਾਰ ਛਨਾਖ ਸਿੰਘ ਮਾਰਕੀਟ ਕਮੇਟੀ ਦਾ ਚੇਅਰਮੈਨ ਬਣਨ 'ਤੇ ਸਨਮਾਨਤ



ਮਾਨਾਂਵਾਲਾ (ਮਨਦੀਪ ਸਿੰਘ ਜੰਮੂ)-ਪਿੰਡ ਵਡਾਲਾ ਜੌਹਲ ਵਿਖੇ ਮਾਰਕੀਟ ਕਮੇਟੀ ਗਹਿਰੀ ਮੰਡੀ ਦੇ ਨਵੇਂ ਬਣੇ ਚੇਅਰਮੈਨ ਸੂਬੇਦਾਰ ਛਨਾਖ ਸਿੰਘ ਜੌਹਲ ਨੂੰ ਮਲਕਪੁਰ ਜੰਡ ਤੇ ਰਸੂਲ ਪੁਰ ਪਿੰਡਾਂ ਦੇ ਆਮ ਆਦਮੀ ਪਾਰਟੀ ਵਰਕਰਾਂ ਨੇ ਵਧਾਈ ਦਿੱਤੀ ਤੇ ਸਿਰੋਪਾਉ ਪਾ ਕੇ ਸਨਮਾਨਤ ਕਰ ਮੂੰਹ ਮਿੱਠਾ ਕਰਾਇਆ। ਛਨਾਖ ਸਿੰਘ ਨੇ ਕਿਹਾ ਕਿ ਮੈਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸਰਕਾਰ ਦਾ ਤੇ ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ ਸਾਬ ਦਾ ਬਹੁਤ-ਬਹੁਤ ਧੰਨਵਾਦੀ ਹਾਂ, ਜਿਨ੍ਹਾਂ ਨੇ ਇਕ ਨਾਚੀਜ਼ ਨੂੰ ਇਸ ਅਹੁਦੇ ਦੇ ਕਾਬਲ ਸਮਝਿਆ। ਉਨ੍ਹਾਂ ਕਿਹਾ ਕਿ ਮੈਂ ਹਾਈਕਮਾਂਡ ਦੀ ਸੋਚ 'ਤੇ ਖਰਾ ਉਤਰਾਂਗਾ ਤੇ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਇਲਾਕੇ ਦੇ ਲੋਕਾਂ ਨਾਲ ਦੁੱਖ-ਸੁੱਖ ਸਾਂਝ ਕਰਾਗਾ। ਉਨ੍ਹਾਂ ਕਿਹਾ ਕਿ ਹਲਕੇ ਦੇ ਲੋਕਾਂ ਨਾਲ ਆਮ ਪਾਰਟੀ ਦੀ ਸਰਕਾਰ ਚੱਟਾਨ ਵਾਗ ਖੜੀ ਹੈ। ਇਸ ਮੌਕੇ ਨਰਿੰਜਣ ਸਿੰਘ, ਸੂਬਾ ਸਿੰਘ ਮਲਕਪੁਰ, ਸੁਰਿੰਦਰਪਾਲ ਸਿੰਘ ਫੌਜੀ, ਜਸਵਿੰਦਰ ਸਿੰਘ ਫੌਜੀ, ਸਾਬ ਸਿੰਘ ਮਲਕਪੁਰ, ਪਰਵਿੰਦਰ ਸਿੰਘ ਮਲਕਪੁਰ, ਡਾ. ਬਲਬੀਰ ਸਿੰਘ ਜੰਡ ਦੀ ਅਗਵਾਈ 'ਚ ਪਿੰਡ ਜੰਡ ਦੇ ਵਰਕਰ ਸੂਰਜ ਸਿੰਘ, ਹਰਦੇਵ ਸਿੰਘ, ਬਿਕਰਮਜੀਤ ਸਿੰਘ, ਅਮਨਦੀਪ ਸਿੰਘ, ਤਰਸੇਮ ਸਿੰਘ, ਰਾਮ ਸਿੰਘ ਤੋਂ ਇਲਾਵਾ ਰਸੂਲਪੁਰ ਪਿੰਡ ਤੋਂ ਆਮ ਆਦਮੀ ਪਾਰਟੀ ਵਰਕਰਾਂ ਨੇ ਚੇਅਰਮੈਨ ਨੂੰ ਵਧਾਈ ਦਿੱਤੀ।

## ਨਹਿਰੀ ਵਿਭਾਗ ਦੇ ਐੱਸ ਡੀ ਓ ਨੂੰ ਸੌਂਪਿਆ ਮੰਗ ਪੱਤਰ



ਮੁਕਤਸਰ (ਪੂਜਾ, ਸ਼ਮਿੰਦਰਪਾਲ)-ਹਿਠਾੜ ਏਰੀਏ ਦੇ ਕਿਸਾਨਾਂ ਨੂੰ ਨਹਿਰੀ ਪਾਣੀ ਦੀ ਸਪਲਾਈ ਲਗਾਤਾਰ ਬਣਾਈ ਜਾਵੇ ਤੇ ਜਲਦੀ ਜਲਦੀ ਰਜਬਾਹੇ ਤੇ ਕਸੀਆਂ ਵਿਚ ਪਾਣੀ ਛੱਡਿਆ ਜਾਵੇ, ਕਿਉਂਕਿ ਏਰੀਏ ਵਿੱਚ ਧਰਤੀ ਹੇਠਲਾ ਪਾਣੀ ਬਹੁਤ ਹੀ ਮਾੜਾ ਹੈ। ਗਰਮੀ ਦੇ ਕਾਰਣ ਫਸਲਾਂ ਲਈ ਪਾਣੀ ਦੀ ਬਹੁਤ ਜ਼ਰੂਰਤ ਹੈ। ਇਸ ਤੋਂ ਇਲਾਵਾ ਨਹਿਰੀ ਬੰਦੀ ਕਾਰਣ ਵਾਟਰ ਵਰਕਸ ਦੀਆਂ ਡਿੱਗੀਆਂ ਵਿੱਚ ਪਾਣੀ ਨਾ ਹੋਣ ਕਾਰਨ ਪਾਣੀ ਦੀ ਸਪਲਾਈ ਘਰਾਂ ਵਿੱਚ ਬੰਦ ਹੋਣ ਕਾਰਨ ਲੋਕਾਂ ਨੂੰ ਪੀਣ ਲਈ ਦੂਰ ਦੂਰ ਤੋਂ ਪਾਣੀ ਲੈ ਕੇ ਆਉਣਾ ਪੈਂਦਾ ਹੈ। ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਆਗੂ ਤੇ ਜ਼ਿਲ੍ਹਾ ਪ੍ਰਧਾਨ ਬਲਜੀਤ ਸਿੰਘ ਲੰਡੇ ਰੋਡੇ ਨੇ ਕਿਹਾ ਕਿ ਹਰ ਖੇਤ ਤੱਕ ਪਾਣੀ ਪੁੱਜਦਾ ਕੀਤਾ ਜਾਵੇ ਤੇ ਰਜਬਾਹੇ ਤੇ ਕੱਸੀਆਂ ਵਿੱਚ ਪਾਣੀ ਦੀ ਸਪਲਾਈ ਲਗਾਤਾਰ ਤੇ ਵੱਧ ਮਾਤਰਾ ਵਿੱਚ ਯਕੀਨੀ ਬਣਾਈ ਜਾਵੇ। ਨਹਿਰੀ ਵਿਭਾਗ ਦੇ ਐਸ ਡੀ ਓ ਨਵਤੇਜ ਸਿੰਘ ਨੇ ਵਿਸ਼ਵਾਸ ਦਿਵਾਇਆ ਕਿ ਜਲਦੀ ਹੀ ਨਹਿਰਾਂ ਵਿੱਚ ਪਾਣੀ ਛੱਡਿਆ ਜਾਵੇਗਾ ਤੇ ਕਿਸਾਨਾਂ ਨੂੰ ਲਗਾਤਾਰ ਪਾਣੀ ਉਪਲਬਧ ਕਰਾਇਆ ਜਾਵੇਗਾ।

## ਸੱਤ ਰੋਜ਼ਾ ਸਮਰ ਕੈਂਪ ਸਮਾਪਤ



ਮੱਖੂ (ਰਛਪਾਲ ਸਿੰਘ ਸੰਧੂ)

ਸਰਵਹਿੱਤਕਾਰੀ ਵਿੱਦਿਆ ਮੰਦਰ ਹਾਈ ਸਕੂਲ ਵਿਖੇ ਸਕੂਲ ਦੇ ਪ੍ਰਿੰਸੀਪਲ ਮੈਡਮ ਅਮਨਦੀਪ ਕੌਰ ਦੇ ਵਿਸ਼ੇਸ਼ ਯਤਨਾਂ ਸਦਕਾ ਵਿਦਿਆਰਥੀਆਂ ਲਈ ਲਾਇਆ ਗਿਆ ਸੱਤ ਰੋਜ਼ਾ ਸਮਰ ਕੈਂਪ ਸਮਾਪਤ ਹੋ ਗਿਆ। ਸਮਰ ਕੈਂਪ 'ਚ ਬੱਚਿਆਂ ਲਈ ਲੀਫ਼ ਆਰਟ, ਯੋਗਾ, ਖੋ-ਖੋ, ਭੰਗੜਾ, ਨਾਚ, ਲੋਕ ਗੀਤ, ਸਿਲਾਈ ਤੇ ਹੋਰ ਬਹੁਤ ਸਾਰੀਆਂ ਗਤੀਵਿਧੀਆਂ ਕਰਾਈਆਂ ਗਈਆਂ। ਸਮਰ ਕੈਂਪ ਦੇ ਆਖਰੀ ਦਿਨ ਸੱਭਿਆਚਾਰਕ ਪ੍ਰੋਗਰਾਮ ਵੀ ਕਰਾਇਆ ਗਿਆ, ਜਿਸ ਵਿੱਚ ਬੱਚਿਆਂ ਵੱਲੋਂ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ ਗਿਆ। ਜਿਸ ਵਿਚ ਅਧਿਆਪਕਾਂ ਵੱਲੋ ਵਿਦਿਆਰਥੀਆਂ ਨੂੰ ਆਪਣੇ ਹੁਨਰ ਦਿਖਾਉਣ ਦੇ ਵਿਸ਼ੇਸ਼ ਮੌਕੇ ਦਿੱਤੇ ਗਏ ਤਾਂ ਜੁ ਬੱਚੇ ਪੜ੍ਹਾਈ ਦੇ ਨਾਲ-ਨਾਲ ਆਪਣੇ ਜੀਵਨ ਦੀਆਂ ਲੋੜਾਂ ਵਿਚ ਵੀ ਅੱਗੇ ਵਧਣ। ਸਮਰ ਕੈਂਪ ਵਿੱਚ ਸਕੂਲ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਡਾ. ਰਜੀਵ ਅਹੂਜਾ, ਪ੍ਰਾਂਤ ਪ੍ਰਤੀਨਿਧੀ ਸੁਭਾਸ਼ ਗੁਪਤਾ, ਏਕਲ ਵਿਦਿਆਲੇ ਪ੍ਰਮੁੱਖ ਅਮਿਤ ਅਰੋੜਾ 'ਚ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਬੱਚਿਆਂ ਅਤੇ ਅਧਿਆਪਕਾਂ ਦੀ ਹੌਸਲਾ ਅਫ਼ਜ਼ਾਈ ਕੀਤੀ। ਸਕੂਲ ਦੇ ਪ੍ਰਿੰਸਪਲ ਮੈਡਮ ਅਮਨਦੀਪ ਕੌਰ ਨੇ ਕਿਹਾ ਕਿ ਪੜ੍ਹਾਈ ਦੇ ਨਾਲ-ਨਾਲ ਅਜਿਹੀਆਂ ਗਤੀਵਿਧੀਆਂ ਬੱਚਿਆਂ ਦੇ ਜੀਵਨ ਵਿਚ ਅਹਿਮ ਰੋਲ ਅਦਾ ਕਰਦੀਆਂ ਹਨ।

## ਬਲੌਜ਼ਮਜ਼ ਸਕੂਲ 'ਚ ਖੇਡਾਂ ਪ੍ਰਤੀ ਉਤਸ਼ਾਹਤ ਕੈਂਪ

ਜਗਰਾਉਂ (ਸੰਜੀਵ ਅਰੋੜਾ)-ਬਲੌਜ਼ਮਜ਼ ਕਾਨਵੈਂਟ ਸਕੂਲ ਵਿਖੇ ਵਿਦਿਆਰਥੀਆਂ ਦੀਆਂ ਖੇਡ ਰੁਚੀਆਂ ਨੂੰ ਉਤਸ਼ਾਹਤ ਕਰਨ ਲਈ ਵਾਲੀਵਾਲ, ਫੁੱਟਬਾਲ, ਬਾਸਕਿਟਬਾਲ ਖੋ-ਖੋ ਆਦਿ ਹੋਰ ਖੇਡਾਂ ਵਿਚਲੀਆਂ ਖੇਡ ਕਮੀਆਂ ਨੂੰ ਦੂਰ ਕਰਨ ਲਈ ਤੇ ਚੰਗੇ ਪੱਧਰ ਦੇ ਖਿਡਾਰੀ ਬਣਾਉਣ ਲਈ ਸਕੂਲ ਦੇ ਵਿਸ਼ਾਲ ਮੈਦਾਨਾਂ ਵਿੱਚ ਉਨ੍ਹਾਂ ਦੀ ਪ੍ਰੈਕਟਿਸ ਕਰਵਾਈ ਗਈ ਤਾਂ ਜੋ ਆਉਣ ਵਾਲੇ ਦਿਨਾਂ ਵਿੱਚ ਹੋਣ ਵਾਲੇ ਟੂਰਨਾਮੈਂਟਾਂ ਵਿੱਚ ਆਪਣੀ ਖੇਡ ਦਾ ਵਧੀਆ ਪ੍ਰਦਰਸ਼ਨ ਕਰ ਸਕਣ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਡਾ. ਅਮਰਜੀਤ ਕੌਰ ਨਾਜ਼ ਨੇ ਸਕੂਲ ਦੇ ਸਾਰੇ ਡੀ. ਪੀ. ਆਈ ਨੂੰ ਉਨ੍ਹਾਂ ਵੱਲੋਂ ਕਰਵਾਈ ਜਾ ਰਹੀ ਮਿਹਨਤ ਦੀ ਸ਼ਲਾਘਾ ਕੀਤੀ ਤੇ ਚੰਗੇ



ਨਤੀਜਿਆਂ ਦੀ ਆਸ ਪ੍ਰਗਟਾਈ। ਉਨ੍ਹਾਂ ਕਿਹਾ ਕਿ ਅਸੀਂ ਆਪਣੇ ਸਕੂਲ ਦੇ ਖੇਡ ਮੈਦਾਨਾਂ 'ਚੋਂ ਨੈਸ਼ਨਲ ਪੱਧਰ ਦੇ ਖਿਡਾਰੀਆਂ ਨੂੰ ਜਨਮ ਦਿੱਤਾ ਹੈ। ਉਨ੍ਹਾਂ ਵਿਦਿਆਰਥੀਆਂ ਨੇ ਆਪਣੇ ਮਾਪਿਆਂ ਤੇ ਸਕੂਲ ਦਾ ਨਾਮ ਰੌਸ਼ਨ ਕਰਕੇ ਦੁਨੀਆ ਭਰ ਵਿੱਚ ਆਪਣਾ ਨਾਮ ਬਣਾਇਆ ਹੈ। ਇਸ ਮੌਕੇ ਸਕੂਲ ਦੇ ਚੇਅਰਮੈਨ ਨੂੰ ਹਰਭਜਨ ਸਿੰਘ ਜੌਹਲ, ਪ੍ਰੈਜ਼ੀਡੈਂਟ ਮਨਪ੍ਰੀਤ ਸਿੰਘ ਬਰਾੜ, ਅਜਮੇਰ ਸਿੰਘ ਰੱਤੀਆਂ ਤੇ ਸਤਵੀਰ ਸਿੰਘ ਸੇਖੋਂ ਨੇ ਕਿਹਾ ਖਿਡਾਰੀ ਸਾਡੇ ਦੇਸ਼ ਦਾ ਮਾਣ ਹੁੰਦੇ ਹਨ।

# ਕਿਸਾਨ ਮਜ਼ਦੂਰ ਜਥੇਬੰਦੀ ਵੱਲੋਂ ਬਿਜਲੀ ਘਰ ਮੂਹਰੇ ਧਰਨਾ

### ਹਰਿਆਣਾ ਵਿਖੇ ਕਿਸਾਨਾਂ 'ਤੇ ਕੀਤੇ ਲਾਠੀਚਾਰਜ ਖਿਲਾਫ ਫੂਕਿਆ ਪੁਤਲਾ



ਮੱਖੂ (ਰਛਪਾਲ ਸਿੰਘ ਸੰਧੂ)

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਅਜ਼ਾਦ ਵੱਲੋਂ ਤਾਲਮੇਲਵੇਂ ਰੂਪ ਵਿੱਚ ਮੱਖੂ ਬਿਜਲੀ ਘਰ ਧਰਨਾ ਦੇ ਕੇ ਐੱਸ ਡੀ ਓ ਮੱਖੂ ਸੁਖਚੈਨ ਸਿੰਘ ਨੂੰ ਪੰਜਾਬ ਸਰਕਾਰ ਦੇ ਨਾਮ ਬਿਜਲੀ ਸਬੰਧੀ ਸਮੱਸਿਆਵਾਂ ਨੂੰ ਲੈ ਕੇ ਮੰਗ ਪੱਤਰ ਦਿੱਤਾ। ਇਸ ਮੌਕੇ ਸੰਬੋਧਨ ਕਰਦਿਆਂ ਜ਼ਿਲ੍ਹਾ ਪ੍ਰਧਾਨ ਇੰਦਰਜੀਤ ਸਿੰਘ ਬਾਠ, ਜ਼ੋਨ ਪ੍ਰਧਾਨ ਵੀਰ ਸਿੰਘ ਨਿਜਾਮਦੀਨ ਵਾਲਾ ਤੇ ਸਕੱਤਰ ਬਲਜਿੰਦਰ ਸਿੰਘ ਤਲਵੰਡੀ ਨਿਪਾਲਾਂ ਨੇ ਕਿਹਾ ਕਿ ਸਰਕਾਰ ਬਿਜਲੀ ਦਾ ਨਿੱਜੀਕਰਨ ਬੰਦ ਕਰਕੇ ਪ੍ਰੀਪੇਡ, ਸਮਾਰਟ ਮੀਟਰ ਲਾਉਣੇ ਬੰਦ ਕੀਤੇ ਜਾਣ, ਜੋ ਕਿ ਕਿਸੇ ਵੀ ਹਾਲਤ ਵਿੱਚ ਨਹੀਂ ਲੱਗਣ ਦਿੱਤੇ ਜਾਣਗੇ, ਬਿਜਲੀ ਕਾਨੂੰਨ 2003 ਤੇ ਬਿਜਲੀ ਸੋਧ ਬਿੱਲ 2022 ਤੁਰੰਤ ਰੱਦ ਕੀਤੇ ਜਾਣ, ਵੀ ਡੀ ਐੱਸ ਸਕੀਮ ਸਾਲ ਭਰ ਚਾਲੂ ਰੱਖੀ ਜਾਵੇ ਤੇ ਲੋਡ ਵਧਾਉਣ ਲਈ 200 ਰੁਪਏ ਪ੍ਰਤੀ ਹਾਰਸ ਪਾਵਰ ਫੀਸ ਲਈ ਜਾਵੇ, ਘਰਾਂ ਵਾਲੀ ਬਿਜਲੀ ਸਪਲਾਈ 24 ਘੰਟੇ ਯਕੀਨੀ ਬਣਾਈ ਜਾਵੇ ਤੇ ਲੱਗ ਰਹੇ ਲੰਮੇ ਕੱਟ ਬੰਦ ਕੀਤੇ ਜਾਣ, ਨਾਕਸ ਲਾਈਨਾਂ ਠੀਕ ਕੀਤੀਆਂ ਜਾਣ 'ਤੇ ਜੀਓ ਸਵਿੱਚ ਲਾਏ ਜਾਣ, ਖੇਤੀ ਮੋਟਰਾਂ ਲਈ ਸਪਲਾਈ 16 ਘੰਟੇ ਦਿੱਤੀ ਜਾਵੇ, ਬਿਜਲੀ ਬੋਰਡ 'ਚ ਨਵੀਂ ਭਰਤੀ ਕੀਤੀ ਜਾਵੇ, ਖਸਤਾ ਹਾਲਤ ਪੁਰਾਣੀਆਂ ਬਿਲਡਿੰਗਾਂ ਨੂੰ ਮੁਰੰਮਤ ਕੀਤਾ ਜਾਵੇ ਜਾਂ ਨਵੀਆਂ ਬਣਾਈਆਂ ਜਾਣ, ਕਿਸਾਨਾਂ ਦੀ ਖੱਜਲ ਖੁਆਰੀ ਬੰਦ ਕੀਤੀ ਜਾਵੇ ਤੇ ਵੱਡੇ ਪੱਧਰ 'ਤੇ ਫੈਲੇ ਭ੍ਰਿਸ਼ਟਾਚਾਰ ਨੂੰ ਬੰਦ ਕਰਕੇ ਭ੍ਰਿਸ਼ਟ ਅਫਸਰਸ਼ਾਹੀ ਨੂੰ ਨੱਥ ਪਾਈ ਜਾਵੇ। ਕਿਸਾਨ ਆਗੂਆਂ ਨੇ ਹਰਿਆਣਾ ਵਿਖੇ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਮਜ਼ਦੂਰਾਂ 'ਤੇ ਕੇਂਦਰ ਸਰਕਾਰ ਦੀ ਸ਼ਹਿ 'ਤੇ ਖੱਟਰ ਸਰਕਾਰ ਵੱਲੋਂ ਕੀਤੇ ਅੱਤਿਆਚਾਰ ਦੀ ਸਖਤ ਨਿਖੇਧੀ ਕਰਦਿਆਂ ਗ੍ਰਿਫਤਾਰ ਕੀਤੇ ਕਿਸਾਨ ਰਿਹਾਅ ਕਰਨ ਦੀ ਮੰਗ ਕਰਦਿਆਂ ਨੈਸ਼ਨਲ ਹਾਈਵੇ-54 ਅੰਮ੍ਰਿਤਸਰ ਬਠਿੰਡਾ 'ਤੇ ਕੇਂਦਰ, ਪੰਜਾਬ ਤੇ ਹਰਿਆਣਾ ਸਰਕਾਰ ਦਾ ਪੁਤਲਾ ਫੂਕਿਆ ਗਿਆ। ਇਸ ਮੌਕੇ ਲਖਵਿੰਦਰ ਸਿੰਘ ਵਸਤੀ ਨਾਮਦੇਵ, ਕਮਲਜੀਤ ਸਿੰਘ ਮਰਹਾਣਾ, ਬਲਕਾਰ ਸਿੰਘ ਜੋਗੇਵਾਲਾ, ਜਰਨੈਲ ਸਿੰਘ ਵਾਰਸਵਾਲਾ, ਗੁਰਭੇਜ ਸਿੰਘ ਫੇਮੀਵਾਲਾ, ਹਰਵਿੰਦਰ ਸਿੰਘ ਮੰਨੂਮਾਛੀ, ਨਿਰਮਲ ਸਿੰਘ, ਲਖਵਿੰਦਰ ਸਰਪੰਚ, ਸਰਮੇਲ ਸਿੰਘ, ਜੋਗਾ ਸਿੰਘ, ਗੁਰਮੀਤ ਸਿੰਘ, ਸਾਹਿਬ ਸਿੰਘ ਦੀਨੇਕੇ, ਸੁਖਚੈਨ ਸਿੰਘ, ਹਰਚਰਨ ਸਿੰਘ, ਦਵਿੰਦਰ ਸਿੰਘ, ਪਿਆਰਾ ਸਿੰਘ, ਸੇਵਕ ਸਿੰਘ, ਜਸਬੀਰ ਸਿੰਘ, ਸਾਹਿਬ ਸਿੰਘ, ਦਿਆਲ ਸਿੰਘ, ਜੋਗਾ ਸਿੰਘ ਆਦਿ ਆਗੂ ਹਾਜ਼ਰ ਸਨ।

## ਪੰਜਾਬ ਸਰਕਾਰ ਵੱਲੋਂ ਫਿਜ਼ੀਕਲ ਦੀ ਮੁਫਤ ਤਿਆਰੀ ਲਈ ਆਖਰੀ ਮੌਕਾ

ਫਾਜ਼ਿਲਕਾ (ਨਿਸ਼ਾ ਸ਼ਰਮਾ)-ਸੀਪਾਈਟ ਕੈਂਪ ਹਕੂਮਤ ਸਿੰਘ (ਫਿਰੋਜ਼ਪੁਰ) ਦੇ ਕੈਂਪ ਇੰਚਾਰਜ ਦਵਿੰਦਰ ਪਾਲ ਸਿੰਘ ਨੇ ਦੱਸਿਆ ਕਿ ਸੀਪਾਈਟ ਕੈਂਪ ਹਕੂਮਤ ਸਿੰਘ ਵਾਲਾ ਵਿਖੇ ਜੋ ਯੁਵਕ 17 ਅਪ੍ਰੈਲ 2023 ਨੂੰ ਹੋਈ ਫੌਜ ਦੀ ਲਿਖਤੀ ਪ੍ਰੀਖਿਆ ਵਿੱਚੋਂ ਪਾਸ ਹੋ ਗਏ ਹਨ, ਉਨ੍ਹਾਂ ਯੁਵਕਾਂ ਦੀ ਫਿਜ਼ੀਕਲ ਦੀ ਤਿਆਰੀ 5 ਮਈ ਤੋਂ ਲਗਾਤਾਰ ਚੱਲ ਰਹੀ ਹੈ। ਫਿਜ਼ੀਕਲ ਦੀ ਤਿਆਰੀ ਕਰਨ ਲਈ ਫਿਰੋਜ਼ਪੁਰ, ਫਾਜ਼ਿਲਕਾ, ਮੁਕਤਸਰ, ਫਰੀਦਕੋਟ ਅਤੇ ਮੋਗਾ ਜ਼ਿਲ੍ਹੇ ਦੇ ਚਾਹਵਾਨ ਯੁਵਕ ਜਲਦੀ ਤੋਂ ਜਲਦੀ ਸਵੇਰੇ 7:30 ਵਜੇ ਤੋਂ 11 ਵਜੇ ਤੱਕ (ਸੋਮਵਾਰ ਤੋਂ ਸ਼ੁੱਕਰਵਾਰ ਤੱਕ) ਸੀਪਾਈਟ ਕੈਂਪ ਹਕੂਮਤ ਸਿੰਘ ਵਾਲਾ ਵਿਖੇ ਦਸਤਾਵੇਜ਼ ਲੈ ਕੇ ਰਿਪੋਰਟ ਕਰ ਸਕਦੇ ਹਨ। ਉਨ੍ਹਾ ਦੱਸਿਆ ਕਿ ਕੈਂਪ ਵਿੱਚ ਆਉਣ ਸਮੇਂ ਆਨਲਾਈਨ ਰਜਿਸਟਰੇਸ਼ਨ ਦੀ ਇੱਕ ਕਾਪੀ, ਰਿਜ਼ਲਟ ਦੀ ਇੱਕ ਕਾਪੀ, ਦਸਵੀਂ ਦਾ ਅਸਲ ਸਰਟੀਫਿਕੇਟ, ਦਸਵੀਂ ਦੇ ਸਰਟੀਫਿਕੇਟ ਦੀ ਫੋਟੋ ਕਾਪੀ, ਪੰਜਾਬ ਰੈਜ਼ੀਡੈਂਸ ਦੀ ਫੋਟੋ ਕਾਪੀ, ਜਾਤੀ ਸਰਟੀਫਿਕੇਟ ਦੀ ਫੋਟੋ ਕਾਪੀ, ਆਧਾਰ ਕਾਰਡ ਦੀ ਫੋਟੋ ਕਾਪੀ, ਬੈਂਕ ਖਾਤੇ ਦੀ ਫੋਟੋ ਕਾਪੀ ਤੇ ਖਾਤਾ ਚਾਲੂ ਹਾਲਤ ਵਿੱਚ ਹੋਵੇ ਅਤੇ ਇੱਕ ਪਾਸਪੋਰਟ ਸਾਈਜ਼ ਫੋਟੋ, ਇੱਕ ਕਾਪੀ, ਇੱਕ ਪੈੱਨ, ਖਾਣਾ ਖਾਣ ਲਈ ਬਰਤਨ, ਰਹਿਣ ਲਈ ਬਿਸਤਰਾ ਆਦਿ ਨਾਲ ਲੈ ਕੇ ਆਉਣ। ਉਨ੍ਹਾ ਦੱਸਿਆ ਕਿ ਯੁਵਕ ਦੀ ਛਾਤੀ ਬਿਨਾਂ ਫੁਲਾ ਕੇ 77 ਸੈਂਟੀਮੀਟਰ ਤੇ ਫੁਲਾ ਕੇ 82 ਸੈਂਟੀਮੀਟਰ ਅਤੇ ਕੱਦ 5 ਫੁੱਟ 7 ਇੰਚ ਹੋਵੇ। ਇਸ ਤੋਂ ਇਲਾਵਾ ਯੁਵਕਾਂ ਨੂੰ ਸਰਕਾਰ ਵੱਲੋਂ ਵਜ਼ੀਫਾ ਗ੍ਰਾਂਟ ਮਿਲਣ ਉਪਰੰਤ ਪ੍ਰਤੀ ਯੁਵਕ 400/- ਪ੍ਰਤੀ ਮਹੀਨਾ ਦੇ ਹਿਸਾਬ ਨਾਲ ਵਜ਼ੀਫਾ ਵੀ ਦਿੱਤਾ ਜਾਵੇਗਾ। ਕੈਂਪ ਵਿੱਚ ਰਹਿਣ ਸਮੇਂ ਖਾਣਾ ਅਤੇ ਰਿਹਾਇਸ਼ ਬਿਲਕੁੱਲ ਮੁਫਤ ਦਿੱਤੀ ਜਾਵੇਗੀ ਅਤੇ ਫਿਜ਼ੀਕਲ ਦੀ ਤਿਆਰੀ ਦੀ ਕੋਈ ਵੀ ਫੀਸ ਨਹੀਂ ਲਈ ਜਾਵੇਗੀ । ਵਧੇਰੇ ਜਾਣਕਾਰੀ ਲਈ 8360163527, 7889175575 ਅਤੇ 9463903533 ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਆਪ ਸਰਕਾਰ ਲੋਕਾਂ ਨੂੰ ਮਿਆਰੀ ਸਿਹਤ ਸਹੂਲਤਾਂ ਦੇਣ ਲਈ ਬਚਨਬੱਧ : ਵਿਧਾਇਕ ਸੁਖਵੀਰ ਸਿੰਘ



ਰਾਮਪੁਰਾ ਫੂਲ (ਦਰਸ਼ਨ ਜਿੰਦਲ)-ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਸੂਬੇ ਦੇ ਲੋਕਾਂ ਨੂੰ ਮਿਆਰੀ ਸਿਹਤ ਸਹੂਲਤਾਂ ਦੇਣ ਲਈ ਬਚਨਬੱਧ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਵਿਧਾਇਕ ਸੁਖਵੀਰ ਸਿੰਘ ਮਾਈਸਰਖਾਨਾ ਨੇ ਸੀ.ਐੱਚ.ਸੀ. ਬਾਲਿਆਂਵਾਲੀ ਵਿਖੇ ਨਵੀਂ ਬਣਨ ਜਾ ਰਹੀ ਪਬਲਿਕ ਹੈਲਥ ਯੂਨਿਟ (ਲੈਬੋਰਟਰੀ) ਤੇ ਪਿੰਡ ਚਾਉਕੇ ਵਿਖੇ ਹੈਲਥ ਵੈਲਨੈੱਸ ਸੈਂਟਰ ਦੀ ਨਵੀਂ ਬਣੀ ਇਮਾਰਤ ਦਾ ਉਦਘਾਟਨ ਕਰਨ ਸਮੇ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕੀਤਾ। ਇਸ ਸਮੇਂ ਸਿਵਲ ਸਰਜਨ ਬਠਿੰਡਾ ਡਾ. ਤੇਜਵੰਤ ਸਿੰਘ ਢਿੱਲੋਂ ਵੀ ਨਾਲ ਸਨ।

ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਚੋਣਾਂ ਦੌਰਾਨ ਲੋਕਾਂ ਨਾਲ ਚੰਗੀਆਂ ਸਿਹਤ ਸਹੂਲਤਾਂ ਦੇਣ ਦਾ ਵਾਅਦਾ ਕੀਤਾ ਸੀ, ਜਿਸ ਨੂੰ ਹੁਣ ਪੂਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਹਲਕਾ ਮੌੜ ਵਿੱਚ ਪਹਿਲਾਂ ਵੀ ਪੰਜ ਮੁਹੱਲਾ ਕਲੀਨਕ, ਜਿਨ੍ਹਾਂ 'ਚ ਪਿੰਡ ਕਰਾੜਵਾਲਾ, ਮੰਡੀ ਕਲਾਂ, ਮੌੜ ਕਲਾਂ ਤੇ ਜੋਧਪੁਰ ਪਾਖਰ ਹਨ, ਜਿੱਥੋਂ ਲੋਕੀ ਸਿਹਤ ਸਹੂਲਤਾਂ ਲੈ ਰਹੇ ਹਨ, ਇਨ੍ਹਾਂ 'ਚ ਮਰੀਜ਼ਾਂ ਦੇ ਟੈਸਟ ਤੇ ਦਵਾਈਆਂ ਬਿਲਕੁੱਲ ਮੁਫਤ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਲੋਕਾਂ ਨੂੰ ਹੋਰ ਸਿਹਤ ਸਹੂਲਤਾਂ ਦੇਣ ਲਈ ਨਵੀਆਂ ਸਿਹਤ ਸੰਸਥਾਵਾਂ ਖੋਲ੍ਹੀਆਂ ਜਾ ਰਹੀਆਂ ਹਨ ਤਾਂ ਕਿ ਮਰੀਜ਼ਾਂ ਨੂੰ ਲੋੜੀਂਦਾ ਦਾ ਇਲਾਜ ਮੁਹੱਈਆ ਕਰਵਾਇਆ ਜਾ ਸਕੇ।

ਇਸ ਮੌਕੇ ਸੀਨੀਅਰ ਮੈਡੀਕਲ ਅਫਸਰ ਡਾ. ਗੁਰਮੇਲ ਸਿੰਘ ਨੇ ਹਲਕਾ ਵਿਧਾਇਕ ਸੁਖਵੀਰ ਸਿੰਘ ਮਾਈਸਰਖਾਨਾ ਨੂੰ ਜੀ ਆਇਆਂ ਆਖਿਆ। ਇਸ ਮੌਕੇ ਮੈਡੀਕਲ ਅਫਸਰ ਡਾ. ਕਮਲਜੀਤ ਸਿੰਘ, ਡੈਂਟਲ ਸਰਜਨ ਡਾ. ਲਵਦੀਪ ਰੋਹੇਲ, ਡਾ. ਨਰਵਿੰਦਰਜੀਤ ਕੌਰ, ਜਗਤਾਰ ਸਿੰਘ ਬੀ.ਈ.ਈ., ਮਨਜੀਤ ਸਿੰਘ ਬੀ.ਈ.ਈ., ਚੀਫ ਫਾਰਮੇਸੀ ਅਫਸਰ ਸੁਰਿੰਦਰ ਕੁਮਾਰ, ਫਾਰਮੇਸੀ ਅਫਸਰ ਨਵਤੇਜ ਸਿੰਘ, ਸਿਹਤ ਸੁਪਰਵਾਈਜ਼ਰ ਪਵਨ ਕੁਮਾਰ, ਸਾਧੂ ਰਾਮ, ਅਸ਼ੋਕ ਕੁਮਾਰ, ਸਤਪਾਲ ਸਿੰਘ, ਖੁਸ਼ਵਿੰਦਰ ਸਿੰਘ ਆਦਿ ਹਾਜ਼ਰ ਸਨ।

## ਪੀ ਪੀ ਐੱਸ ਵਿਖੇ ਐੱਨ ਸੀ ਸੀ ਕੈਡਿਟਾਂ ਦੀ ਚੋਣ ਪ੍ਰਕਿਰਿਆ ਮੁਕੰਮਲ



ਭੀਖੀ (ਧਰਮਵੀਰ ਸ਼ਰਮਾ)-ਪੈਰਾਮਾਊਂਟ ਪਬਲਿਕ ਸਕੂਲ, ਚੀਮਾ ਵਿਖੇ ਸਾਲ 2023-24 ਲਈ ਐੱਨ.ਸੀ.ਸੀ. ਨੇਵਲ ਵਿੰਗ ਦੇ ਕੈਡਿਟਾਂ ਦੀ ਚੋਣ ਪ੍ਰਕਿਰਿਆ ਬੀਤੇ ਦਿਨ ਹੀ 3 ਪੰਜਾਬ ਨੇਵਲ ਯੂਨਿਟ ਐੱਨ.ਸੀ.ਸੀ. ਬਠਿੰਡਾ ਦੇ ਕਮਾਂਡਿੰਗ ਅਫ਼ਸਰ ਅਰਵਿੰਦ ਕੁਮਾਰ ਪਵਾਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੈਟੀ ਅਫ਼ਸਰ ਰਾਹੁਲ ਬੋਟਿਆਲ ਅਤੇ ਅਰਵਿੰਦ ਕੁਮਾਰ ਦੁਆਰਾ ਨੇਪਰੇ ਚਾੜ੍ਹੀ ਗਈ।

ਜ਼ਿਕਰਯੋਗ ਹੈ ਕਿ ਇਸ ਵਿੱਚ ਵਿਦਿਆਰਥੀਆਂ ਨੇ ਬੜੇ ਚਾਅ ਤੇ ਉਤਸ਼ਾਹ ਨਾਲ ਭਾਗ ਲਿਆ। ਇਸ ਪ੍ਰਕਿਰਿਆ ਵਿੱਚ ਅਫ਼ਸਰਾਂ ਵੱਲੋਂ ਲਿਖਤੀ ਟੈੱਸਟ ਨਾਲ-ਨਾਲ ਜਰਨਲ ਨਾਲਿਜ ਤੇ ਸਰੀਰਕ ਯੋਗਤਾ ਦੇ ਵੀ ਟੈੱਸਟ ਲਏ ਗਏ, ਜਿਸ ਵਿੱਚ ਕੁੱਲ 25 ਵਿਦਿਆਰਥੀਆਂ ਨੇ ਆਪਣੀ ਪ੍ਰਤਿਭਾ ਦਾ ਲੋਹਾ ਮਨਵਾਇਆ। ਇਸ ਮੌਕੇ ਸਕੂਲ ਦੇ ਪ੍ਰਬੰਧਕ ਜਸਵੀਰ ਸਿੰਘ ਚੀਮਾ ਨੇ ਵਿਦਿਆਰਥੀਆਂ ਨੂੰ ਵੱਖ-ਵੱਖ ਆਰਮਡ ਫੋਰਸਿਸ ਬਾਰੇ ਜਾਣਕਾਰੀ ਦਿੰਦਿਆਂ ਬੱਚਿਆਂ ਨੂੰ ਵਧ-ਚੜ੍ਹ ਕੇ ਐੱਨ.ਸੀ.ਸੀ. ਵਰਗੀਆਂ ਗਤੀਵਿਧੀਆਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਉਨ੍ਹਾਂ ਤਿੰਨ ਪੰਜਾਬ ਨੇਵਲ ਯੂਨਿਟ ਐੱਨ.ਸੀ.ਸੀ. ਦੇ ਕਮਾਂਡਿੰਗ ਅਫ਼ਸਰ ਕੈਪਟਨ ਅਰਵਿੰਦ ਕੁਮਾਰ ਪਵਾਰ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਪ੍ਰਗਟ ਕੀਤਾ, ਜੋ ਹਰ ਵਾਰ ਪਹਿਲ ਦੇ ਆਧਾਰ 'ਤੇ ਸਾਡੀ ਸੰਸਥਾ ਨੂੰ ਚੁਣ ਕੇ ਇਹ ਸਮਾਜ ਸੇਵਾ ਦੇ ਕਾਰਜ ਵਿੱਚ ਸਾਨੂੰ ਹਿੱਸਾ ਲੈਣ ਲਈ ਸਮੇਂ-ਸਮੇਂ 'ਤੇ ਨਿਰਦੇਸ਼ ਦਿੰਦੇ ਅਤੇ ਸਾਡਾ ਮਾਰਗ ਦਰਸ਼ਨ ਕਰਦੇ ਰਹੇ ਹਨ। ਇਸ ਮੌਕੇ ਮੈਡਮ ਕਿਰਨਪਾਲ ਕੌਰ, ਪ੍ਰਿੰਸੀਪਲ ਸੰਜੇ ਕੁਮਾਰ, ਏ. ਐਨ. ਓ ਕੇਵਲ ਸਿੰਘ ਅਤੇ ਸਮੂਹ ਸਟਾਫ਼ ਹਾਜ਼ਰ ਸਨ।

## ਲੋਕ ਸਭਾ ਹਲਕਾ ਫਰੀਦਕੋਟ ਦੇ ਕੋਆਰਡੀਨੇਟਰ ਨਿਯੁਕਤ ਹੋਣ 'ਤੇ ਅਜੈਪਾਲ ਸਿੰਘ ਸੰਧੂ ਦਾ ਸਨਮਾਨ



ਕੋਟਕਪੂਰਾ (ਸ਼ਾਮ ਲਾਲ ਚਾਵਲਾ)-ਸੀਨੀਅਰ ਕਾਂਗਰਸੀ ਆਗੂ ਤੇ ਵਿਧਾਨ ਸਭਾ ਹਲਕਾ ਕੋਟਕਪੂਰਾ ਦੇ ਇੰਚਾਰਜ ਅਜੈਪਾਲ ਸਿੰਘ ਸੰਧੂ ਨੂੰ ਆਲ ਇੰਡੀਆ ਕਾਂਗਰਸ ਕਮੇਟੀ ਵੱਲੋਂ ਲੋਕ ਸਭਾ ਚੋਣਾਂ ਲਈ ਫਰੀਦਕੋਟ ਦੇ ਕੋਆਰਡੀਨੇਟਰ ਨਿਯੁਕਤ ਕਰਨ 'ਤੇ ਕਾਂਗਰਸੀ ਆਗੂ ਤੇ ਵਰਕਰ ਬਾਗੋਬਾਗ ਹਨ ਤੇ ਸ੍ਰ. ਸੰਧੂ ਨੂੰ ਅਹਿਮ ਅਹੁਦਾ ਮਿਲਣ ਦੀ ਖਬਰ ਮਿਲਦਿਆਂ ਹੀ ਕਾਂਗਰਸੀਆਂ 'ਚ ਖ਼ੁਸ਼ੀ ਦਾ ਮਾਹੌਲ ਦੇਖਣ ਨੂੰ ਮਿਲਿਆ। ਜ਼ਿਲ੍ਹਾ ਪ੍ਰਧਾਨ ਨਵਦੀਪ ਸਿੰਘ ਬੱਬੂ ਦੀ ਅਗਵਾਈ ਵਿੱਚ ਸ੍ਰ. ਸੰਧੂ ਨੂੰ ਮੁਬਾਰਕਬਾਦ ਦੇਣ ਲਈ ਉਨ੍ਹਾਂ ਦੇ ਗ੍ਰਹਿ ਵਿਖੇ ਪੁੱਜੇ ਵਫਦ ਵਿੱਚ ਸ਼ਾਮਲ ਦਰਸ਼ਨ ਸਿੰਘ ਢਿੱਲਵਾਂ ਹਲਕਾ ਇੰਚਾਰਜ ਜੈਤੋ, ਅਮਰਜੀਤ ਸਿੰਘ ਸੁੱਖਾ ਖਾਰਾ ਬਲਾਕ ਪ੍ਰਧਾਨ ਕੋਟਕਪੂਰਾ ਦਿਹਾਤੀ, ਜੈ ਪ੍ਰਕਾਸ਼ ਸ਼ਰਮਾ ਸ਼ਹਿਰੀ ਪ੍ਰਧਾਨ, ਭੁਪਿੰਦਰ ਸਿੰਘ ਸੱਗੂ ਪ੍ਰਧਾਨ ਨਗਰ ਕੌਂਸਲ ਕੋਟਕਪੂਰਾ ਸਮੇਤ ਜ਼ਿਲ੍ਹਾ ਫਰੀਦਕੋਟ ਦੇ ਤਿੰਨਾਂ ਵਿਧਾਨ ਸਭਾ ਹਲਕਿਆਂ ਨਾਲ ਸਬੰਧਤ ਪੰਚ, ਸਰਪੰਚ, ਕੌਂਸਲਰ ਤੇ ਹੋਰ ਅਹੁਦੇਦਾਰਾਂ ਨੇ ਦਾਅਵਾ ਕੀਤਾ ਕਿ ਸ੍ਰ. ਸੰਧੂ ਦੀ ਨਿਯੁਕਤੀ ਨਾਲ ਸਮੁੱਚੇ ਮਾਲਵਾ ਖੇਤਰ ਵਿੱਚ ਪਾਰਟੀ ਮਜ਼ਬੂਤ ਹੋਵੇਗੀ ਤੇ ਮਈ 2024 ਵਿੱਚ ਹੋਣ ਵਾਲੀਆਂ ਲੋਕ ਸਭਾ ਚੋਣਾ 'ਚ ਕਾਂਗਰਸ ਨੂੰ ਜ਼ਬਰਦਸਤ ਸਫਲਤਾ ਮਿਲਣੀ ਸੁਭਾਵਿਕ ਹੈ। ਉਨ੍ਹਾ ਦੱਸਿਆ ਕਿ ਅਜੈਪਾਲ ਸਿੰਘ ਸੰਧੂ ਦਾ ਸਮੁੱਚਾ ਪਰਿਵਾਰ ਬੇਦਾਗ ਤੇ ਇਮਾਨਦਾਰ ਹੈ, ਜਿਸ ਕਰਕੇ ਉਨ੍ਹਾ ਦੀ ਇਮਾਨਦਾਰੀ ਦੀ ਚਰਚਾ ਵਿਦੇਸ਼ਾਂ ਤੱਕ ਵੀ ਹੈ। ਅਜੈਪਾਲ ਸਿੰਘ ਸੰਧੂ ਨੇ ਕਾਂਗਰਸ ਦੀ ਸੀਨੀਅਰ ਲੀਡਰਸ਼ਿਪ ਸਮੇਤ ਉਨ੍ਹਾ ਦਾ ਸਨਮਾਨ ਕਰਨ ਲਈ ਆਏ ਵਫਦ ਦਾ ਧੰਨਵਾਦ ਕਰਦਿਆਂ ਵਿਸ਼ਵਾਸ ਦਿਵਾਇਆ ਕਿ ਉਹ ਪਾਰਟੀ ਦੀ ਮਜ਼ਬੂਤੀ ਲਈ ਦਿਨ-ਰਾਤ ਯਤਨਸ਼ੀਲ ਰਹਿਣਗੇ।

# 433ਵੇਂ ਦਿਨ ਥਾਣੇ ਮੂਹਰੇ ਦਿੱਤਾ ਧਰਨਾ !

### ਗੁਰਿੰਦਰ ਬੱਲ ਨੇ ਬਿਨਾਂ ਮਨਜ਼ੂਰੀ ਕੀਤੀ 'ਥਾਣੇਦਾਰੀ' ?



ਜਗਰਾਉਂ (ਅਮਿਤ ਖੰਨਾ)-ਪੁਲਸ ਅੱਤਿਆਚਾਰ ਖਿਲਾਫ ਥਾਣੇ ਮੂਹਰੇ ਵੀਰਵਾਰ 433ਵੇਂ ਦਿਨ ਵੀ ਪੀੜਤ ਪਰਿਵਾਰ ਤੇ ਜਨਤਕ ਜਥੇਬੰਦੀਆਂ ਦੇ ਵਰਕਰਾਂ ਨੇ ਧਰਨਾ ਦਿੱਤਾ ਅਤੇ ਮੁਕੱਦਮੇ ਦੇ ਦੋਸ਼ੀ ਡੀ ਐੱਸ ਪੀ ਗੁਰਿੰਦਰ ਬੱਲ, ਏ ਐੱਸ ਆਈ ਰਾਜਵੀਰ ਤੇ ਸਰਪੰਚ ਦੀ ਗ੍ਰਿਫਤਾਰੀ ਦੀ ਪੁਰਜ਼ੋਰ ਮੰਗ ਕੀਤੀ ਗਈ। ਇਸ ਸਮੇਂ ਮੁਦਈ ਮੁਕੱਦਮਾ ਇਕਬਾਲ ਸਿੰਘ ਰਸੂਲਪੁਰ, ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਰਾਮਤੀਰਥ ਸਿੰਘ ਲੀਲ੍ਹਾ, ਬਾਬਾ ਬੰਤਾ ਸਿੰਘ ਡੱਲਾ, ਠੇਕੇਦਾਰ ਅਵਤਾਰ ਸਿੰਘ ਜਗਰਾਉਂ ਨੇ ਕਿਹਾ ਕਿ ਕਰੀਬ 19 ਸਾਲਾਂ ਤੋਂ ਨਿਆਂ ਮੰਗ ਰਹੇ ਪੀੜਤ ਪਰਿਵਾਰ ਵੱਲੋਂ ਦਰਜ ਕਰਾਏ ਸੰਗੀਨ ਧਰਾਵਾਂ ਦੇ ਮੁਕੱਦਮੇ ਨੂੰ ਖਾਰਜ ਕਰਨ ਦੀ ਕੀਤੀ ਜਾ ਰਹੀ ਕਾਰਵਾਈ ਪੂਰੀ ਤਰ੍ਹਾਂ ਗੈਰ-ਕਾਨੂੰਨੀ ਤੇ ਗੈਰ-ਸੰਵਿਧਾਨਕ ਹੈ। ਧਰਨਾਕਾਰੀ ਜਥੇਬੰਦੀ ਦਸਮੇਸ਼ ਕਿਸਾਨ ਮਜ਼ਦੂਰ ਯੂਨੀਅਨ (ਰਜਿ.) ਦੇ ਪ੍ਰਧਾਨ ਗੁਰਦਿਆਲ ਸਿੰਘ ਤਲਵੰਡੀ, ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਬਲਦੇਵ ਸਿੰਘ ਫੌਜੀ ਨੇ ਦੋਸ਼ ਲਗਾਇਆ ਕਿ ਦੋਸ਼ੀਆਂ ਦੇ ਦਬਾਅ ਅਧੀਨ ਪੁਲਸ ਅਧਿਕਾਰੀ ਮੁਕੱਦਮੇ 'ਚ ਨਾਮਜ਼ਦ ਮੁਲਜ਼ਮਾਂ ਨੂੰ ਬਚਾਉਣ ਲਈ ਸਾਜ਼ਿਸ਼ ਰਚ ਰਹੇ ਹਨ।

ਉਨ੍ਹਾਂ ਸ਼ੱਕ ਜ਼ਾਹਰ ਕੀਤਾ ਤਫਤੀਸ਼ੀ ਅਧਿਕਾਰੀਆਂ ਨੇ ਦੋਸ਼ੀਆਂ ਨਾਲ ਮਿਲੀਭੁਗਤ ਕਰਕੇ ਤਿਆਰ ਕੀਤੀ ਗਈ ਅਖਰਾਜ ਰਿਪੋਰਟ ਪੂਰੀ ਤਰ੍ਹਾਂ ਪੱਖਪਾਤੀ ਤੇ ਗੈਰ-ਕਾਨੂੰਨੀ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਗਰੀਬ ਪਰਿਵਾਰ 'ਤੇ ਅੱਤਿਆਚਾਰ ਕਰਨ ਵਾਲੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦਿਵਾਉਣ ਲਈ ਹਰ ਸੰਭਵ ਲੜਾਈ ਲੜੀ ਜਾਵੇਗੀ। ਮੁਦਈ ਮੁਕੱਦਮਾ ਇਕਬਾਲ ਸਿੰਘ ਰਸੂਲਪੁਰ ਨੇ ਦੱਸਿਆ ਕਿ ਸਾਲ 2004-05 ਥਾਣਾ ਸਿਟੀ ਹੋਂਦ ਵਿੱਚ ਹੀ ਨਹੀਂ ਸੀ ਤੇ ਨਾ ਹੀ ਆਪਣੇ ਆਪ ਨੂੰ ਥਾਣੇਦਾਰ ਕਹਾਉਂਦੇ ਗੁਰਿੰਦਰ ਸਿੰਘ ਬੱਲ ਕੋਲ ਐੱਸ.ਆਈ. ਰੈਂਕ ਸੀ, ਪਰ ਫਿਰ ਵੀ ਉਸ ਨੇ ਬਤੌਰ ਐੱਸ.ਆਈ./ਐੱਸ.ਐੱਚ.ਓ. ਥਾਣਾ ਸਿਟੀ ਜਗਰਾਉਂ ਦੋ ਦਰਜਨ ਮੁਕੱਦਮੇ ਦਰਜ ਕਰਵਾਏ ਤੇ ਬਤੌਰ ਤਫਤੀਸ਼ੀ ਅਦਾਲਤਾਂ ਵਿੱਚ ਵੀ ਭੁਗਤਿਆ। ਉਨ੍ਹਾਂ ਹੈਰਾਨੀ ਪ੍ਰਗਟ ਕੀਤੀ ਕਿ ਅਜਿਹਾ ਸੀਨੀਅਰ ਪੁਲਸ ਅਧਿਕਾਰੀਆਂ ਦੀ ਮਿਲੀਭੁਗਤ ਬਿਨਾਂ ਸੰਭਵ ਨਹੀਂ ਸੀ।

## ...ਸ.ਫ਼ਾ 1 ਦੇ ਬਾਕੀ

### ਦੇਸ਼ ਨੂੰ ਬਚਾਉਣ ਲਈ..

ਧੰਨਵਾਦ ਕੀਤਾ। ਇੱਕ ਮਤਾ ਪਾਸ ਕਰਕੇ ਮਹਿਲਾ ਪਹਿਲਵਾਨ ਧੀਆਂ ਦਾ ਯੋਨ ਸ਼ੋਸ਼ਣ ਕਰਨ ਦੇ ਦੋਸ਼ੀ ਬ੍ਰਿਜ ਭੂਸ਼ਣ ਨੂੰ ਤੁਰੰਤ ਗ੍ਰਿਫਤਾਰ ਕਰਨ ਦੀ ਮੰਗ ਕੀਤੀ ਗਈ। ਦੂਜੇ ਮਤੇ ਰਾਹੀਂ ਉੜੀਸਾ ਵਿੱਚ ਵਾਪਰੇ ਭਿਆਨਕ ਰੇਲ ਹਾਦਸੇ ਵਿੱਚ ਪੌਣੇ ਤਿੰਨ ਸੌ ਮੌਤਾਂ ਅਤੇ 1100 ਦੇ ਜ਼ਖ਼ਮੀ ਹੋਣ 'ਤੇ ਅਫਸੋਸ ਦਾ ਇਜ਼ਹਾਰ ਕਰਦੇ ਹੋਏ ਸੁਰੱਖਿਆ ਪ੍ਰਬੰਧਾਂ ਦੀ ਅਣਦੇਖੀ ਕਰਨ ਲਈ ਮੋਦੀ ਸਰਕਾਰ ਦੀ ਨਿੰਦਾ ਕੀਤੀ ਗਈ। ਚਾਰ ਘੰਟੇ ਤੋਂ ਵੱਧ ਸਮਾਂ ਚੱਲੇ ਬਰਸੀ ਸਮਾਗਮ ਵਿੱਚ ਲੋਕ ਕਲਾ ਮੰਚ ਜ਼ੀਰਾ ਵੱਲੋਂ ਮੇਘ ਰਾਜ ਰੱਲਾ ਦੀ ਨਿਰਦੇਸ਼ਨਾ ਹੇਠ ਇਨਕਲਾਬੀ ਕੋਰੀਓਗਰਾਫੀਆਂ ਅਤੇ ਨਾਟਕਾਂ ਨੇ ਦਰਸ਼ਕਾਂ ਨੂੰ ਬੇਹੱਦ ਪ੍ਰਭਾਵਤ ਕੀਤਾ। 'ਮੇਰੀ ਮੌਤ 'ਤੇ ਨਾ ਰੋਇਓ, ਮੇਰੀ ਸੋਚ ਨੂੰ ਬਚਾਇਓ', 'ਹਮ ਮਿਹਨਤਕਸ਼ ਇਸ ਦੁਨੀਆ ਸੇ ਜਬ ਅਪਨਾ ਹਿੱਸਾ ਮਾਂਗੇਂਗੇ, ਇੱਕ ਬਾਗ ਨਹੀਂ, ਇੱਕ ਖੇਤ ਨਹੀਂ, ਹਮ ਸਾਰੀ ਦੁਨੀਆ ਮਾਂਗੇਂਗੇ' ਅਤੇ ਨਾਟਕ 'ਛਿਪਣ ਤੋਂ ਪਹਿਲਾਂ' ਦੀ ਸ਼ਾਨਦਾਰ ਪੇਸ਼ਕਾਰੀ ਨੇ ਲੋਕਾਂ ਨੂੰ ਅੱਖਾਂ ਪੂੰਝਣ ਲਗਾ ਦਿੱਤਾ। ਕੁਲ ਮਿਲਾ ਕੇ ਇਹ 32ਵਾਂ ਬਰਸੀ ਸਮਾਗਮ ਉੱਚ ਕੋਟੀ ਦੇ ਬੁਲਾਰਿਆਂ, ਕਲਾਕਾਰਾਂ ਅਤੇ ਜ਼ਿਲ੍ਹੇ ਦੇ ਕੋਨੇ-ਕੋਨੇ ਤੋਂ ਸ਼ਾਮਲ ਹੋਏ ਮਰਦ ਅਤੇ ਔਰਤ ਖੇਤ ਮਜ਼ਦੂਰਾਂ, ਨਰੇਗਾ ਵਰਕਰਾਂ, ਪੈਨਸ਼ਨਰ, ਪੀ ਆਰ ਟੀ ਸੀ ਵਰਕਰਾਂ ਦੀ ਭਰਵੀਂ ਸ਼ਮੂਲੀਅਤ ਕਾਰਨ ਯਾਦਗਾਰੀ ਹੋ ਨਿੱਬੜਿਆ।

## ਵਿਧਾਇਕਾ ਮਾਣੂੰਕੇ ਨੇ ਪਿੰਡਾਂ 'ਚ ਗਰਾਂਟਾਂ ਦੀ ਲਿਆਂਦੀ ਹਨੇਰੀ



ਜਗਰਾਉਂ (ਅਮਿਤ ਖੰਨਾ, ਸੰਜੀਵ ਅਰੋੜਾ)-ਵਿਧਾਇਕਾ ਬੀਬੀ ਸਰਵਜੀਤ ਕੌਰ ਮਾਣੂੰਕੇ ਨੇ ਹਲਕੇ ਦੇ ਵੱਡੇ ਪ੍ਰੋਜੈਕਟਾਂ ਦੀ ਕਾਗ਼ਜ਼ੀ ਪ੍ਰਕਿਰਿਆ ਮੁਕੰਮਲ ਕਰਨ ਤੋਂ ਬਾਅਦ ਹੁਣ ਪਿੰਡਾਂ ਦੀ ਨੁਹਾਰ ਬਦਲਣ ਲਈ ਸਰਕਾਰ ਦਾ ਦਰਵਾਜ਼ਾ ਖੜਕਾ ਕੇ ਕਰੋੜਾਂ ਰੁਪਏ ਲੈ ਆਂਦੇ ਹਨ ਤੇ ਪਿੰਡਾਂ ਨੂੰ ਗ੍ਰਾਂਟਾਂ ਵੰਡਣੀਆਂ ਸ਼ੁਰੂ ਕਰ ਦਿੱਤੀਆਂ ਹਨ। ਇਸ ਨਾਲ ਜਿੱਥੇ ਲੋਕਾਂ ਅੰਦਰ ਖੁਸ਼ੀ ਦੀ ਲਹਿਰ ਦੌੜ ਗਈ ਹੈ, ਉਥੇ ਹੀ ਪਿੰਡਾਂ ਦੀਆਂ ਗਰਾਮ ਪੰਚਾਇਤਾਂ ਵੀ ਬਾਗ਼ੋ-ਬਾਗ਼ ਹੋ ਗਈਆਂ ਹਨ। ਹਲਕੇ ਦੇ ਵੱਖ-ਵੱਖ ਪਿੰਡਾਂ ਨੂੰ ਗਰਾਂਟਾਂ ਵੰਡਣ ਮੌਕੇ ਵਿਧਾਇਕਾ ਬੀਬੀ ਸਰਵਜੀਤ ਕੌਰ ਮਾਣੂੰਕੇ ਨੇ ਆਖਿਆ ਕਿ ਪਿੰਡਾਂ ਦੇ ਵਿਕਾਸ ਕਾਰਜਾਂ ਨੂੰ ਮੁਕੰਮਲ ਕਰਨ ਲਈ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਦੀ ਯੋਗ ਅਗਵਾਈ ਹੇਠ ਕਰੋੜਾਂ ਰੁਪਏ ਜਾਰੀ ਕੀਤੇ ਗਏ ਹਨ, ਤਾਂ ਜੋ ਪਿੰਡਾਂ ਅੰਦਰ ਸੀਵਰੇਜ, ਗਲੀਆਂ-ਨਾਲੀਆਂ, ਸੜਕਾਂ, ਸਕੂਲਾਂ ਅੰਦਰ ਬਾਥਰੂਮ, ਛੱਪੜਾਂ ਦੀ ਸਫ਼ਾਈ, ਪਾਰਕਾਂ, ਖੇਡ ਗਰਾਊਂਡ, ਸਬਮਰਸੀਬਲ ਪੰਪ ਆਦਿ ਦੇ ਕੰਮ ਮੁਕੰਮਲ ਕੀਤੇ ਜਾ ਸਕਣ। ਵੱਖ-ਵੱਖ ਪਿੰਡਾਂ ਅੰਦਰ ਖੁਦ ਪਹੁੰਚ ਕਰਕੇ ਵਿਧਾਇਕਾ ਬੀਬੀ ਸਰਵਜੀਤ ਕੌਰ ਮਾਣੂੰਕੇ ਵੱਲੋਂ ਪਿੰਡ ਕੰਨੀਆਂ ਨੂੰ 6,14000 ਰੁਪਏ, ਬਾਘੀਆਂ ਨੂੰ 4,36,360 ਰੁਪਏ, ਸਫ਼ੀਪੁਰਾ ਨੂੰ 9,00,000 ਰੁਪਏ, ਪਰਜੀਆਂ ਬਿਹਾਰੀਪੁਰ ਨੂੰ 6,10,000 ਰੁਪਏ, ਪਰਜੀਆਂ ਕਲਾਂ ਨੂੰ 5,00,000 ਰੁਪਏ, ਬਹਾਦਰਕੇ ਨੂੰ 5,00,000 ਰੁਪਏ, ਪੱਤੀ ਮੁਲਤਾਨੀ ਨੂੰ 8,00,000 ਰੁਪਏ, ਕਾਕੜ ਤਿਹਾੜਾ ਨੂੰ 5,00,000 ਰੁਪਏ ਦੇ ਚੈੱਕ ਦਿੱਤੇ ਗਏ। ਵਿਧਾਇਕਾ ਮਾਣੂੰਕੇ ਨੇ ਆਖਿਆ ਕਿ ਉਹ ਅਕਾਲੀ-ਕਾਂਗਰਸੀਆਂ ਵਾਗੂੰ ਖਾਲੀ ਲਿਫ਼ਾਫ਼ੇ ਨਹੀਂ ਵੰਡ ਰਹੇ, ਸਗੋਂ ਚੈੱਕ ਦੇ ਰਹੇ ਹਾਂ। ਜਦੋਂ ਬੀਬੀ ਮਾਣੂੰਕੇ ਨੇ ਲੋਕਾਂ ਨੂੰ ਚੈਕ ਕੱਢ ਕੇ ਵਿਖਾਏ ਤਾਂ ਲੋਕਾਂ ਨੇ ਜ਼ੋਰਦਾਰ ਤਾੜੀਆਂ ਨਾਲ ਬੀਬੀ ਮਾਣੂੰਕੇ ਦਾ ਧੰਨਵਾਦ ਕੀਤਾ। ਇਸ ਰੂਟ ਪ੍ਰੋਗਰਾਮ ਦੌਰਾਨ ਵਿਧਾਇਕਾ ਮਾਣੂੰਕੇ ਵੱਲੋਂ ਹਲਕੇ ਦੇ ਪਿੰਡਾਂ ਕੰਨੀਆਂ ਖੁਰਦ, ਹਿਆਤੇਵਾਲ, ਬਾਘੀਆਂ ਖੁਰਦ, ਪਰਜੀਆਂ ਕਲਾਂ (ਬਾਕਰ ਦੀਆਂ ਛੰਨਾਂ), ਮਧੇਪੁਰ, ਬਹਾਦੁਰਕੇ, ਬਾਘੀਆਂ, ਸ਼ੇਰੇਵਾਲ, ਕੰਨੀਆਂ, ਪਰਜੀਆਂ ਬਿਹਾਰੀਪੁਰ, ਸਫ਼ੀਪੁਰਾ, ਪੱਤੀ ਮੁਲਤਾਨੀ, ਤਰਫ਼-ਕੋਟਲੀ, ਤਿਹਾੜਾ (ਕਾਕੜ), ਮਨੱਬਰਪੁਰਾ, ਗਿੱਦੜਵਿੰਡੀ, ਲੋਧੀਵਾਲ, ਮਲਸੀਹਾਂ ਬਾਜਣ, ਸੋਢੀਵਾਲ, ਜਨੇਤਪੁਰਾ ਆਦਿ ਪਿੰਡਾਂ ਦੇ ਲੋਕਾਂ ਦੀਆਂ ਸਮੱਸਿਆਵਾਂ ਵੀ ਸੁਣੀਆਂ ਤੇ ਉਨ੍ਹਾਂ ਦਾ ਮੌਕੇ 'ਤੇ ਹੀ ਨਿਪਟਾਰਾ ਕੀਤਾ। ਵਿਧਾਇਕ ਸਰਵਜੀਤ ਕੌਰ ਮਾਣੂੰਕੇ ਦੇ ਨਾਲ ਪ੍ਰੋਫੈਸਰ ਸੁਖਵਿੰਦਰ ਸਿੰਘ, ਬਲਜੀਤ ਸਿੰਘ ਬੱਗਾ ਬੀ.ਡੀ.ਪੀ.ਓ ਜਗਰਾਉਂ, ਜਸਵੀਰ ਸਿੰਘ ਏ.ਪੀ.ਓ ਨਰੇਗਾ, ਬਲਵੰਤ ਸਿੰਘ ਪੰਚਾਇਤ ਅਫ਼ਸਰ, ਨਿਰਮਲ ਸਿੰਘ ਪੰਚਾਇਤ ਸਕੱਤਰ, ਕੁਲਦੀਪ ਸਿੰਘ ਪੰਚਾਇਤ ਸਕੱਤਰ, ਪ੍ਰਮਾਤਮਾ ਸਿੰਘ ਜੇਈ, ਕੋਆਰਡੀਨੇਟਰ ਕਮਲਜੀਤ ਸਿੰਘ ਕਮਾਲਪੁਰਾ, ਬਲਾਕ ਪ੍ਰਧਾਨ ਛਿੰਦਰਪਾਲ ਸਿੰਘ ਮੀਨੀਆਂ, ਸਰਕਲ ਪ੍ਰਧਾਨ ਡਾ. ਜਗਦੇਵ ਸਿੰਘ ਗਿੱਦੜਵਿੰਡੀ, ਡਾ.ਪਰਮਜੀਤ ਸਿੰਘ ਪੰਮਾ, ਸਰੋਜ, ਚੇਅਰਮੈਨ ਹਰਜਿੰਦਰ ਸਿੰਘ ਤਿਹਾੜਾ, ਸਰਪੰਚ ਕੁਲਵੰਤ ਕੌਰ ਕੰਨੀਆਂ, ਸਰਪੰਚ ਜਤਿੰਦਰਪਾਲ ਸਿੰਘ ਸਿੱਧੂ ਸਫ਼ੀਪੁਰਾ, ਸਰਪੰਚ ਅਵਤਾਰ ਸਿੰਘ ਗਿੱਦੜਵਿੰਡੀ, ਸਰਪੰਚ ਪਰਮਿੰਦਰ ਸਿੰਘ ਲੋਧੀਵਾਲ, ਸਰਪੰਚ ਪ੍ਰੀਤਮ ਸਿੰਘ ਬਹਾਦਰਕੇ, ਸਰਪੰਚ ਜਗਜੀਤ ਸਿੰਘਕਾਕੜਤਿਹਾੜਾ, ਸਰਪੰਚ ਬਲਵਿੰਦਰ ਸਿੰਘ ਮੰਡ ਤਿਹਾੜਾ, ਸਰਪੰਚ ਜੀਵਨ ਸਿੰਘ ਬਾਘੀਆਂ, ਸਰਪੰਚ ਜਸਵੀਰ ਸਿੰਘ ਪਰਜੀਆਂ ਕਲਾਂ, ਸਰਪੰਚ ਜੋਗਿੰਦਰ ਸਿੰਘ ਮਲਸੀਹਾਂ ਬਾਜਣ, ਸਰਪੰਚ ਮਨਜੀਤ ਕੌਰ ਮਧੇਪੁਰ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਆਮ ਆਦਮੀ ਪਾਰਟੀ ਦੇ ਵਲੰਟੀਅਰ ਵੀ ਹਾਜ਼ਰ ਸਨ।


G20 — ਉੱਤਰ ਰੇਲਵੇ — ਆਜ਼ਾਦੀ ਕਾ ਅੰਮ੍ਰਿਤ ਮਹੋਤਸਵ

**ਟੈਂਡਰ ਸੂਚਨਾ**

ਉਪ ਮੁੱਖ ਇੰਜੀਨੀਅਰ/ਨਿਰਮਾਣ-ਦੂਸਰੀ/ ਉੱਤਰ ਰੇਲਵੇ ਬਨਿਹਾਲ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਹੇਠਾ ਲਿਖੇ ਕੰਮ ਦੇ ਲਈ ਵਨ-ਪੈਕੇਟ ਪ੍ਰਣਾਲੀ ਦੇ ਤਹਿਤ ਖੁਲੀ ਈ-ਟੈਂਡਰਾਂ ਮੰਗ ਕਰਦੇ ਹਨ:-

| | | | | |
|---|---|---|---|---|
| 1 | ਕੰਮ ਦਾ ਨਾਮ | ਅਨੁਮਾਨਿਤ ਲਾਗਤ | ਬਿਆਨਾ ਰਾਸ਼ੀ | ਕੰਮ ਦੀ ਸਮਾਨ ਪ੍ਰਕ੍ਰਿਤੀ / ਪੂਰਾ ਹੋਣ ਦਾ ਸਮਾਂ |
| | ਬਾਰਮੂਲਾ-ਤੋਂ ਉਰੀ (50 ਕਿਮੀ) ਦੇ ਬੀਚ ਨਵੀਂ ਲਾਇਨ ਲਈ ਆਖਰੀ ਜਗ੍ਹਾਂ ਸਰਵੇਖਸ਼ਣ (ਐਫਐਲਐਸ) | ₹ 7,04,91,502/- | ₹ 5,02,500/- | ਏਰਿਯਲ ਸਰਵੇ (ਏਰਿਯਲ ਫੋਟੋਗ੍ਰਾਮੇਟ੍ਰਿਕ ਸਰਵੇ ਜਾਂ ਏਰਿਯਲ ਲਿਡਾਰ) ਅਤੇ ਡੀਜੀਪੀਐਸ (ਡਿਫਰੇਂਸ਼ਿਯਲ ਗਲੋਬਲ ਪੋਜਿਸ਼ਨਿੰਗ ਸਿਸਟਮ) ਜੈਸੀ ਆਧੁਨਿਕ ਸਰਵੇਖਸ਼ਣ ਤਕਨੀਕਾਂ ਦਾ ਉਪਯੋਗ ਕਰ ਕੇ ਰੇਲਵੇ ਲਾਇਨ / ਸੜਕ ਦਾ ਇੰਜੀਨੀਅਰਿੰਗ ਸਰਵੇਖਸ਼ਣ ਕੰਮ ਲੇਵਲਿੰਗ ਅਤੇ ਡੀਈਐਮ ਦਾ ਨਿਰਮਾਣ / 75 ਦਿਨ |
| | ਟੈਂਡਰ ਦਸਤਾਵੇਜ ਦੀ ਲਾਗਤ (ਈ-ਟੈਂਡਰ ਦੇ ਮਾਮਲੇ ਵਿਚ ਸਿਫ਼ਰ) | | | ਸਿਫ਼ਰ |
| 2 | ਟੈਂਡਰ ਅਪਲੋਡ ਕਰਨ ਦੀ ਆਖਰੀ ਮਿਤੀ ਅਤੇ ਸਮਾਂ | | | 11.30 ਵਜੇ ਤਕ 03.07.2023 ਨੂੰ |
| 3 | ਟੈਂਡਰ ਖੁਲਣ ਦੀ ਮਿਤੀ | | | 11.30 ਵਜੇ 03.07.2023 ਨੂੰ |
| 4 | ਆਫਰ ਦੀ ਵੈਧਤਾ | | | ਟੈਂਡਰ ਖੁਲਣ ਦੀ ਮਿਤੀ ਤੋਂ 60 ਦਿਨ |
| 5 | ਪ੍ਰਸਤਾਵ ਪੇਸ਼ ਕਰਨ ਦੇ ਲਈ ਰੇਲਵੇ ਦੀ ਵੇਬਸਾਈਟ ਉਤੇ ਟੈਂਡਰ ਦਸਤਾਵੇਜ ਦੀ ਉਪਲਬਧਤਾ | | | 08.06.2023 ਤੋਂ 03.07.2023 ਤਕ ਟੈਂਡਰ ਦਸਤਾਵੇਜ ਆਈਆਰਈਪੀਐਸ www.ireps.gov.in ਉਤੇ ਉਪਲਬਧ ਹੋਣਗੇ। |

ਈ-ਟੈਂਡਰ ਸੂਚਨਾ / ਟੈਂਡਰ ਦਸਤਾਵੇਜ www.ireps.gov.in ਉਤੇ ਟੈਂਡਰ ਦਸਤਾਵੇਜ ਅਪਲੋਡ ਕਰਨ ਦੀ ਮਿਤੀ ਤੋਂ ਉਪਲਬਧ ਹੋਵੇਗਾ । ਟੈਂਡਰ ਸੂਚਨਾ ਲੜੀ DCE/C-II/BAHL/W-1/ ਨਵੀਂ ਲਾਇਨ ਬਾਰਾਮੂਲਾ ਤੋਂ ਉਰੀ 50 ਕਿਮੀ ਮਿਤੀ : 08.06.2023 1751/2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



**Capital Small Finance Bank Ltd.**

MIDAS Corporate Park, 3rd Floor, 37, G.T. Road, Jalandhar-144001, Punjab, India

ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ, 2002 ਦੇ ਸੈਕਸ਼ਨ 13 (2) ਅਧੀਨ ਨੋਟਿਸ

ਹੇਠਾਂ ਦਰਸਾਏ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ, 2002 ਦੇ ਸੈਕਸ਼ਨ 13 (2) ਅਧੀਨ ਮਿਤੀ 05.05.2023 ਨੂੰ ਨੋਟਿਸ ਭੇਜਿਆ ਗਿਆ ਸੀ, ਜੋ ਡਾਕ ਵਿਭਾਗ ਵੱਲੋਂ ਵਾਪਸ ਕਰ ਦਿੱਤਾ ਗਿਆ ਸੀ ਅਤੇ ਅਧਿਕਾਰਤ ਅਫਸਰ ਨੂੰ ਯਕੀਨ ਹੋ ਗਿਆ ਹੈ ਕਿ ਕਰਜ਼ਦਾਰ/ਗਰੰਟਰ ਨੋਟਿਸ ਦੀ ਤਾਮੀਲ ਤੋਂ ਕੰਨੀ ਕਤਰਾ ਰਹੇ ਹਨ। ਇਸ ਲਈ ਉਨ੍ਹਾਂ ਨੂੰ ਇਸ ਜਨਤਕ ਨੋਟਿਸ ਰਾਹੀਂ ਉਹੀ ਜਾਣਕਾਰੀ ਦਿੱਤੀ ਜਾ ਰਹੀ ਹੈ।

1. ਕਰਜ਼ਦਾਰ : ਮੈਸ : ਕਿਸਾਨ ਐਗਰੋ ਇੰਡਸਟਰੀਜ਼, ਅਹਿਮਦਗੜ੍ਹ ਰੋਡ, ਪਿੰਡ ਤੇ ਡਾਕਖਾਨਾ ਪੋਹੀੜ, ਲੁਧਿਆਣਾ, ਇਸ ਦੇ ਭਾਈਵਾਲਾਂ ਰਾਹੀਂ

(ਮੈਸ: ਕਿਸਾਨ ਐਗਰੋ ਇੰਡਸਟਰੀਜ਼ 'ਚ ਭਾਈਵਾਲ)

(ਏ) ਸ੍ਰੀ ਮਨੀਸ਼ ਕੁਮਾਰ ਉਰਫ ਮਨੀਸ਼ ਸਿੰਗਲਾ ਪੁੱਤਰ ਮੋਹਨ ਲਾਲ ਵਾਸੀ ਮਕਾਨ ਨੰ. 142, ਗਲੀ ਨੰ. 5, ਖਾਲਸਾ ਗਰਲਜ਼ ਸਕੂਲ ਰੋਡ, ਅਹਿਮਦਗੜ੍ਹ, ਸੰਗਰੂਰ।

(ਮੈਸ: ਕਿਸਾਨ ਐਗਰੋ ਇੰਡਸਟਰੀਜ਼ 'ਚ ਭਾਈਵਾਲ)

(ਬੀ) ਸ੍ਰੀਮਤੀ ਨਿਧੀ ਗੁਪਤਾ ਮਾਰਫਤ ਮਨੀਸ਼ ਸਿੰਗਲਾ, ਮਕਾਨ ਨੰ. 68, ਗਲੀ ਨੰ. 5, ਗਰਲਜ਼ ਖਾਲਸਾ ਸਕੂਲ ਰੋਡ, ਅਹਿਮਦਗੜ੍ਹ, ਸੰਗਰੂਰ।

2. ਗਰੰਟਰ : ਸ੍ਰੀ ਮੋਹਨ ਲਾਲ ਪੁੱਤਰ ਟੇਕ ਚੰਦ ਵਾਸੀ ਮਕਾਨ ਨੰ. 142, ਗਲੀ ਨੰ. 5, ਖਾਲਸਾ ਗਰਲਜ਼ ਸਕੂਲ ਰੋਡ, ਵਾਰਡ ਨੰ. 14, ਅਹਿਮਦਗੜ੍ਹ, ਸੰਗਰੂਰ, ਪੰਜਾਬ-148021

ਸ੍ਰੀਮਤੀ ਸੁਨੀਤਾ ਰਾਣੀ ਪਤਨੀ ਮੋਹਨ ਲਾਲ ਵਾਸੀ ਮਕਾਨ ਨੰ. 142, ਗਲੀ ਨੰ. 5, ਖਾਲਸਾ ਗਰਲਜ਼ ਸਕੂਲ ਰੋਡ, ਅਹਿਮਦਗੜ੍ਹ, ਸੰਗਰੂਰ।

ਸ੍ਰੀ ਮਨੀਸ਼ ਕੁਮਾਰ ਉਰਫ ਮਨੀਸ਼ ਸਿੰਗਲਾ ਪੁੱਤਰ ਮੋਹਨ ਲਾਲ ਵਾਸੀ ਮਕਾਨ ਨੰ. 142, ਗਲੀ ਨੰ. 5, ਖਾਲਸਾ ਗਰਲਜ਼ ਸਕੂਲ ਰੋਡ, ਅਹਿਮਦਗੜ੍ਹ, ਸੰਗਰੂਰ।

ਸ੍ਰੀਮਤੀ ਨਿਧੀ ਗੁਪਤਾ ਮਾਰਫਤ ਮਨੀਸ਼ ਸਿੰਗਲਾ, ਵਾਸੀ ਮਕਾਨ ਨੰ. 68, ਗਲੀ ਨੰ. 5 ਗਰਲਜ਼ ਖਾਲਸਾ ਸਕੂਲ ਰੋਡ, ਅਹਿਮਦਗੜ੍ਹ, ਸੰਗਰੂਰ।

| ਮਨਜ਼ੂਰ ਸਹੂਲਤ ਦੀ ਕਿਸਮ/ਕਰਜ਼ਾ ਨੰਬਰ | ਮਨਜ਼ੂਰ ਰਕਮ | ਡਿਮਾਂਡ ਨੋਟਿਸ ਦੀ ਮਿਤੀ 'ਤੇ ਕੁੱਲ ਬਕਾਇਆ (0.1.05.2023 ਤੋਂ ਬਗੈਰ ਵਿਆਜ) |
|---|---|---|
| Machinery Loan/030626000029 | Rs. 15,00,000/- | Rs. 3,29,188/- |
| CC Limit+ Adhoc Limit /030300000053 | Rs. 32,50,000/- | Rs. 33,25,267/- |
| WCTL-I/030612000053 | Rs. 25,00,000/- | Rs. 4,58,292/- |
| WCTL-II/030612000070 | Rs. 60,00,000/- | Rs. 50,84,509/- |
| WCTL-III( ECLGS)/030612000147 | Rs. 21,50,000/- | Rs. 12,95,148/- |
| WCTL-IV( ECLGS)/030612000249 | Rs. 10,70,000/- | Rs. 11,11,920/- |

ਪ੍ਰਾਇਮਰੀ ਸਕਿਉਰਟੀ : ਕਰਜ਼ਾ ਵਹੀਆਂ ਅਤੇ ਭੰਡਾਰ ਦੀ ਹਾਈਪੋਥੀਕੇਸ਼ਨ

ਕੋਲੇਟਰਲ ਸਕਿਉਰਟੀ : ਅੱਚਲ ਜਾਇਦਾਦ ਦਾ ਉਚਿਤ ਗਿਰਵੀਨਾਮਾ

ਜਾਇਦਾਦ ਰਕਬਾ 3 ਕਨਾਲ 9-1/13 ਮਰਲੇ (2089.5 ਵਰਗ ਗਜ਼), ਪਿੰਡ ਪੋਹੀੜ, ਹਦਬਸਤ ਨੰ. 338, ਸਬ-ਤਹਿਸੀਲ ਡੇਹਲੋਂ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ, ਤਬਾਦਲਾ ਬੈਨਾਮਾ ਵਸੀਕਾ ਨੰ. 774 ਮਿਤੀ 15.10.2013 ਅਨੁਸਾਰ ਸੁਨੀਤਾ ਰਾਣੀ ਪਤਨੀ ਮੋਹਨ ਲਾਲ ਦੀ ਮਲਕੀਅਤ ਨਾਲ ਸੰਬੰਧਤ ਸਭ ਕੁੱਝ।

2. ਅੱਚਲ ਜਾਇਦਾਦ ਦਾ ਉਚਿਤ ਗਿਰਵੀਨਾਮਾ : ਜਾਇਦਾਦ ਰਕਬਾ 7 ਮਰਲੇ (210 ਵਰਗ ਗਜ਼), ਵਾਕਿਆ ਰਕਬਾ ਬਹਾਦਰਗੜ੍ਹ, ਤਹਿਸੀਲ ਮਾਲੇਰਕੋਟਲਾ, ਜ਼ਿਲ੍ਹਾ ਸੰਗਰੂਰ, ਤੋਹਫਾ ਬੈਨਾਮਾ ਵਸੀਕਾ ਨੰ. 2276 ਮਿਤੀ 27.02.2013 ਅਨੁਸਾਰ ਸੁਨੀਤਾ ਰਾਣੀ ਪਤਨੀ ਮੋਹਨ ਲਾਲ ਦੀ ਮਲਕੀਅਤ ਨਾਲ ਸੰਬੰਧਤ ਸਭ ਕੁੱਝ।

ਸਕਿਉਰਟਾਈਜੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਦੇ ਸੈਕਸ਼ਨ 13 ਤਹਿਤ ਬੈਂਕ ਇਸ ਜਨਤਕ ਨੋਟਿਸ ਰਾਹੀਂ ਤੁਹਾਨੂੰ ਬੈਂਕ ਦੇ ਵਹੀ ਖਾਤਿਆਂ 'ਚ ਤੁਹਾਡੇ ਵਿਰੁੱਧ ਸਾਰੀਆਂ ਬਕਾਇਆ ਰਕਮਾਂ ਇਸ ਦੀ ਬਰਾਂਚ ਗੁਰਦੇਵ ਨਗਰ, ਲੁਧਿਆਣਾ 'ਚ, ਸਮੇਤ ਇਸ ਉਪਰ ਭਵਿੱਖੀ ਵਿਆਜ, ਸਮੇਂ-ਸਮੇਂ 'ਤੇ ਬੈਂਕ ਵੱਲੋਂ ਕੀਤੇ ਗਏ ਹੋਰ ਖਰਚਿਆਂ ਅਤੇ ਲਾਗਤਾਂ ਨਾਲ ਸਾਰੀਆਂ ਮੁਕੰਮਲ ਦੇਣਦਾਰੀਆਂ, ਇਸ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣ ਦਾ ਸੱਦਾ ਦਿੰਦਾ ਹੈ, ਅਸਫਲ ਰਹਿਣ 'ਤੇ ਤੁਹਾਡੇ ਜੋਖਮ ਅਤੇ ਲਾਗਤਾਂ 'ਤੇ ਬੈਂਕ ਐਕਟ (ਸੁਪਰਾ) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਏ ਸਾਰੇ ਜਾਂ ਕਿਸੇ ਇੱਕ ਢੰਗ ਨਾਲ ਸਕਿਉਰਡ ਕਰਜ਼ਾ ਵਸੂਲਣ ਲਈ ਕਾਰਵਾਈ ਕਰੇਗਾ: -(ਏ) ਸਕਿਉਰਡ ਐੱਸਟਸ ਦੀ ਵਸੂਲੀ ਲਈ ਵਿਕਰੀ (ਬੀ) ਸਕਿਉਰਡ ਐੱਸਟਸ ਦੇ ਪ੍ਰਬੰਧ ਨੂੰ ਆਪਣੇ ਹੱਥਾਂ ਵਿੱਚ ਲੈਣ ਸਮੇਤ ਸਕਿਉਰਡ ਐੱਸਟਸ ਦਾ ਕਬਜ਼ਾ ਲੈ ਕੇ ਤਬਦੀਲ ਕਰਨ ਦਾ ਅਧਿਕਾਰ ਸਮੇਤ ਸਕਿਉਰਡ ਐੱਸਟਸ ਦੀ ਵਸੂਲੀ ਲਈ ਵਿਕਰੀ ਰਾਹੀਂ ਤਬਦੀਲ ਕਰਨ ਦਾ ਅਧਿਕਾਰ (ਸੀ) ਸਕਿਉਰਡ ਐੱਸਟਸ ਦੇ ਪ੍ਰਬੰਧ ਲਈ ਕਿਸੇ ਵਿਅਕਤੀ ਦੀ ਨਿਯੁਕਤੀ (ਡੀ) ਕਿਸੇ ਸਮੇਂ ਵੀ ਲਿਖਤੀ ਨੋਟਿਸ ਰਾਹੀਂ, ਕਿਸੇ ਵਿਅਕਤੀ ਜਿਸ ਨੇ ਤੁਹਾਡੇ ਕੋਲੋਂ ਕੋਈ ਵੀ ਸਕਿਉਰਡ ਐੱਸਟਸ ਪ੍ਰਾਪਤ ਕੀਤਾ ਹੋਵੇ, ਬੈਂਕ ਨੂੰ ਅਦਾਇਗੀ ਲਈ ਸੱਦਣਾ।

ਅੱਗੇ ਕਿਰਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਜੇਕਰ ਕਰਜ਼ਦਾਰ/ਗਰੰਟਰ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਸਾਰੀਆਂ ਮੁਕੰਮਲ ਦੇਣਦਾਰੀਆਂ ਅਦਾ ਕਰਨ 'ਚ ਅਸਫਲ ਰਹਿੰਦੇ ਹਨ ਅਤੇ ਬੈਂਕ (ਸੁਪਰਾ) ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ 4 ਅਧੀਨ ਕੋਈ ਕਾਰਵਾਈ ਕਰਦਾ ਹੈ ਤਾਂ ਕਰਜ਼ਦਾਰ/ਗਰੰਟਰਾਂ ਨੂੰ ਬੈਂਕ ਵੱਲੋਂ ਸਹਿਣ ਕੀਤੀਆਂ ਜਾਣ ਵਾਲੀਆਂ ਸਾਰੀਆਂ ਲਾਗਤਾਂ, ਚਾਰਜਿਜ, ਖਰਚੇ ਅਦਾ ਕਰਨੇ ਪੈਣਗੇ। ਜੇਕਰ ਸਕਿਉਰਡ ਐੱਸਟਸ ਦੀ ਵਿਕਰੀ ਦੀ ਕਾਰਵਾਈ ਨਾਲ ਬੈਂਕ ਦੇ ਸਾਰੇ ਬਕਾਏ ਮੁਕੰਮਲ ਤੌਰ 'ਤੇ ਵਸੂਲ ਨਹੀਂ ਹੁੰਦੇ ਤਾਂ ਬੈਂਕ ਬਕਾਇਆ ਰਕਮ ਤੁਹਾਡੇ ਅਤੇ ਗਰੰਟਰਾਂ ਅਤੇ ਹੋਰ ਜ਼ਿੰਮੇਵਾਰ ਵਿਅਕਤੀਆਂ ਕੋਲੋਂ ਨਿੱਜੀ ਤੌਰ 'ਤੇ ਵਸੂਲੀ ਕਰਨ ਲਈ ਕਾਰਵਾਈ ਕਰੇਗਾ। ਇਹ ਨੋਟਿਸ ਬੈਂਕ ਨੂੰ ਪ੍ਰਾਪਤ ਅਧਿਕਾਰਾਂ, ਉਪਲੱਬਧ ਹੱਲ ਅਤੇ ਕਾਨੂੰਨੀ ਰੀਕੋਰਸ ਅਨੁਸਾਰ ਬਿਨਾਂ ਕਿਸੇ ਪੱਖਪਾਤ ਦੇ ਹੈ।

ਸਥਾਨ : ਜਲੰਧਰ | ਮਿਤੀ : 08.06.2023 | ਅਧਿਕਾਰਤ ਅਫਸਰ



ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**

ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

9-June-Page-3.qxd 6/8/2023 10:58 PM Page 1



# ਬਿਜਲੀ ਘਰ ਅਮਰਕੋਟ ਵਿਖੇ ਲਗਾਇਆ ਧਰਨਾ

**ਵਲਟੋਹਾ (ਰਣਜੀਤ ਸਿੰਘ ਵਲਟੋਹਾ)**-ਅੱਜ ਬਿਜਲੀ ਘਰ ਅਮਰਕੋਟ ਵਿਖੇ ਕਿਸਾਨ ਜਥੇਬੰਦੀਆਂ ਵੱਲੋਂ ਅਤੇ ਵਲਟੋਹਾ ਪਿੰਡ ਦੇ



ਨਗਰ ਨਿਵਾਸੀਆਂ ਵੱਲੋਂ ਐਸ ਡੀ ਓ ਦਫਤਰ ਦਾ ਘਿਰਾਓ ਕੀਤਾ ਗਿਆ। ਨਗਰ ਵਾਸੀ ਨਗਰ ਵਿੱਚ ਬਿਜਲੀ ਸਪਲਾਈ ਦੀ ਨਿਰਵਿਘਨ ਚਲਾਉਣ ਦੀ ਮੰਗ ਨਾਲ ਪਹੁੰਚੇ ਸਨ। ਆਗੂਆਂ ਕਿਹਾ ਕਿ ਇਲਾਕੇ ਵਿੱਚ ਬਿਜਲੀ ਸਪਲਾਈ ਦੀ ਭਾਰੀ ਸਮੱਸਿਆ ਆ ਰਹੀ ਹੈ, ਨਾ ਤਾਂ ਬਿਜਲੀ ਦਿਨ ਨੂੰ ਆਉਂਦੀ ਹੈ ਅਤੇ ਨਾ ਹੀ ਰਾਤ ਨੂੰ। ਇਹ ਤਿੰਨ ਰਾਤਾਂ ਤੋਂ ਲੈ ਕੇ ਬਿਜਲੀ ਨਹੀਂ ਆਈ। ਦਿਨ ਨੂੰ ਵੀ ਸਾਰਾ ਦਿਨ ਕੇਵਲ ਦੋ ਚਾਰ ਘੰਟੇ ਹੀ ਬਿਜਲੀ ਆਉਂਦੀ ਹੈ। ਬਿਜਲੀ ਸੰਬੰਧੀ ਕੋਈ ਸਮੱਸਿਆ ਆਉਣ 'ਤੇ ਜਦੋਂ ਮੁਲਾਜ਼ਮਾਂ ਨਾਲ ਸੰਪਰਕ ਕੀਤਾ ਜਾਂਦਾ ਹੈ ਤਾਂ ਜਵਾਬ ਮਿਲਦਾ ਹੈ ਕਿ ਸਾਡੇ ਕੋਲ ਮੁਲਾਜ਼ਮ ਨਹੀਂ ਹਨ। ਪ੍ਰਾਈਵੇਟ ਬੰਦੇ ਕੋਲੋਂ ਕੰਮ ਕਰਵਾ ਲਵੋ ਤੇ ਜਾਂ ਕੰਮ ਕਰਨ ਬਦਲੇ ਮੋਟੀ ਰਿਸ਼ਵਤ ਮੰਗੀ ਜਾਂਦੀ ਹੈ। ਨਗਰ ਵਲਟੋਹੇ ਦਾ ਇਕ ਟਰਾਂਸਫਾਰਮਰ ਪਿਛਲੇ ਛੇ ਮਹੀਨੇ ਤੋਂ ਸੜਿਆ ਹੋਇਆ ਹੈ। ਲੋਕ ਗਰਮੀ ਵਿੱਚ ਦਿਨ ਕੱਟ ਰਹੇ ਹਨ ਪਰ ਮਹਿਕਮਾ ਕੋਈ ਸਾਰ ਨਹੀਂ ਲੈ ਰਿਹਾ। ਅੱਜ ਜਦੋਂ ਇੱਕਠੇ ਹੋ ਕੇ ਲੋਕ ਬਿਜਲੀ ਘਰ ਪਹੁੰਚੇ ਤਾਂ ਮੁਲਾਜ਼ਮਾਂ ਵੱਲੋਂ ਉਨ੍ਹਾਂ ਨਾਲ ਬਦਸਲੂਕੀ ਕੀਤੀ ਗਈ। ਇਸ ਦੇ ਰੋਸ ਵਜੋਂ ਜਥੇਬੰਦੀਆਂ ਅਤੇ ਨਗਰ ਦੇ ਲੋਕਾਂ ਵੱਲੋਂ ਐਸ ਡੀ ਓ ਦਫਤਰ ਦਾ ਘਿਰਾਓ ਕੀਤਾ ਗਿਆ ਅਤੇ ਬਾਅਦ ਵਿੱਚ ਐਸ ਡੀ ਓ ਵੱਲੋਂ ਲਿਖਤੀ ਭਰੋਸਾ ਦੇਣ 'ਤੇ ਧਰਨਾ ਚੁੱਕਿਆ ਗਿਆ। ਆਗੂਆਂ ਪੰਜਾਬ ਸਰਕਾਰ ਕੋਲੋਂ ਵੀ ਮੰਗ ਕੀਤੀ ਕਿ ਬਿਜਲੀ ਬੋਰਡ ਵਿੱਚ ਭਾਰੀ ਮਾਤਰਾ ਵਿੱਚ ਅਸਾਮੀਆਂ ਖਾਲੀ ਹਨ, ਪੂਰੇ ਅਮਰਕੋਟ ਬਿਜਲੀ ਘਰ ਵਿਚ ਸਿਰਫ ਇਕ ਹੀ ਜੇ ਈ ਹੈ, ਉਹ ਵੀ ਅਡੀਸ਼ਨਲ ਚਾਰਜ 'ਤੇ ਹੈ, ਜਿਸ ਕਰਕੇ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪੰਜਾਬ ਵਿਚ ਇਨ੍ਹਾਂ ਖਾਲੀ ਅਸਾਮੀਆਂ 'ਤੇ ਤੁਰੰਤ ਭਰਤੀ ਕੀਤੀ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਦਰਬਾਰਾ ਸਿੰਘ, ਦਲੇਰ ਸਿੰਘ, ਅਰਸਾਲ ਸਿੰਘ, ਗੁਰਜੰਟ ਸਿੰਘ, ਵਿਸ਼ਾਲ ਦੀਪ ਸਿੰਘ, ਗੁਰਬੀਰ ਸਿੰਘ, ਗੁਰਲਾਲ ਸਿੰਘ, ਗੁਰਵੇਲ ਸਿੰਘ, ਗੁਰਪ੍ਰਤਾਪ ਸਿੰਘ, ਖੁਸ਼ਵਿੰਦਰ ਸਿੰਘ ,ਹਰਵਿੰਦਰ ਸਿੰਘ, ਜਸਵਿੰਦਰ ਸਿੰਘ, ਅਮਰੀਕ ਸਿੰਘ, ਵਿਰਸਾ ਸਿੰਘ, ਬਲਜੀਤ ਸਿੰਘ, ਰਣਜੀਤ ਸਿੰਘ ਬਹਾਦਰ ਨਗਰ ਅਤੇ ਵਲਟੋਹੇ ਤੋਂ ਹੋਰ ਭਾਰੀ ਲੋਕ ਮੌਜੂਦ ਸਨ ।

# ਭਾਰਤੀ ਕਿਸਾਨ ਯੂਨੀਅਨ (ਅ) ਦੀ ਮਹਾਂਪੰਚਾਇਤ 10,11,12 ਨੂੰ ਹਰਿਦੁਆਰ ਵਿਖੇ : ਕੰਬੋਕੇ

**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**-ਭਾਰਤੀ ਕਿਸਾਨ ਯੂਨੀਅਨ ਅੰਬਾਵਤਾ ਦੀ ਮਹਾਂਪੰਚਾਇਤ ਮਿਤੀ 10,11,12 ਜੂਨ ਨੂੰ ਅਲਕਾਨੰਦਾ ਹੋਟਲ, ਜੋ ਰਿਸ਼ੀਕੇਸ਼ ਰੋਡ ਹਰਿਦਵਾਰ (ਉੱਤਰਾਖੰਡ) ਵਿਖੇ ਸਥਿਤ ਹੈ, 'ਚ ਹੋਵੇਗੀ। ਇਸ ਮਹਾਂਪੰਚਾਇਤ ਵਿੱਚ ਹਿੱਸਾ ਲੈਣ ਲਈ ਸੂਬੇ ਭਰ ਵਿੱਚੋਂ ਵੱਡਾ ਕਾਫਲਾ ਸੂਬਾ ਪ੍ਰਧਾਨ ਬਲਦੇਵ ਸਿੰਘ ਮੋਹਰੇ ਵਾਲਾ ਫਿਰੋਜ਼ਪੁਰ ਦੀ ਅਗਵਾਈ ਹੇਠ ਹਰਿਦੁਆਰ ਪੁੱਜੇਗਾ। ਉਕਤ ਜਾਣਕਾਰੀ ਭਾਰਤੀ ਕਿਸਾਨ ਯੂਨੀਅਨ ਅੰਬਾਵਤਾ ਦੇ ਜ਼ਿਲ੍ਹਾ ਤਰਨ ਤਾਰਨ ਤੋਂ ਪ੍ਰਧਾਨ ਪੰਜਾਬ ਸਿੰਘ ਕੰਬੋਕੇ ਨੇ ਪੱਤਰਕਾਰਾਂ ਨਾਲ ਸਾਂਝੀ ਕੀਤੀ। ਇਸ ਮੌਕੇ ਕੰਬੋਕੇ ਨੇ ਕਿਹਾ ਕਿ ਇਸ ਮਹਾਂਪੰਚਾਇਤ ਸਬੰਧੀ ਵੱਖ-ਵੱਖ ਪਿੰਡਾਂ ਵਿੱਚ ਜਾ ਕੇ ਕਿਸਾਨਾਂ ਨੂੰ ਲਾਮਬੰਦ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਭਾਰਤੀ ਕਿਸਾਨ ਯੂਨੀਅਨ (ਅ) ਦੇ ਰਾਸ਼ਟਰੀ ਪ੍ਰਧਾਨ ਚੌਧਰੀ ਰਿਸ਼ੀਪਾਲ ਅੰਬਾਵਤਾ ਦੀ ਅਗਵਾਈ ਹੇਠ ਹੋਣ ਜਾ ਰਹੀ ਵਿਸ਼ਾਲ ਮਹਾਂਪੰਚਾਇਤ ਵਿੱਚ ਕਿਸਾਨੀ ਦੇ ਭਖਦੇ



ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਮਹਾਂਪੰਚਾਇਤ ਵਿੱਚ 6-7 ਸੂਬਿਆਂ ਦੇ ਕਿਸਾਨ ਆਗੂ ਸ਼ਾਮਲ ਹੋਣਗੇ। ਇਸ ਮੌਕੇ ਪੰਜਾਬ ਸਿੰਘ ਕੰਬੋਕੇ ਨੇ ਕਿਸਾਨ ਵੀਰਾਂ ਨੂੰ ਇਸ ਮਹਾਂਪੰਚਾਇਤ ਵਿੱਚ ਹੁੰਮ-ਹੁਮਾ ਕੇ ਪਹੁੰਚਣ ਦੀ ਅਪੀਲ ਕੀਤੀ।

ਇਸ ਮੌਕੇ ਗੁਰਦੇਵ ਸਿੰਘ ਕੰਬੋਕੇ, ਸਿਕੰਦਰ ਸਿੰਘ ਦਰਾਜਕੇ, ਰਾਮ ਧਵਨ ਭਿੱਖੀਵਿੰਡ, ਸੁਖਦੇਵ ਸਿੰਘ ਸੁੱਖ ਮਾੜੀਮੇਘਾ, ਸਤਨਾਮ ਕੰਬੋਕੇ, ਹਰਦਿਆਲ ਸਿੰਘ ਕੰਬੋਕੇ, ਮਾਸਟਰ ਗੁਰਬੀਰ ਸਿੰਘ ਕੰਬੋਕੇ, ਮਾਸਟਰ ਸਕੱਤਰ ਸਿੰਘ ਕੰਬੋਕੇ, ਸੁਖਜੀਤ ਸਿੰਘ ਕੰਬੋਕੇ, ਗੁਰਸਾਹਿਬ ਸਿੰਘ ਮਾੜੀਮੇਘਾ, ਪਲਵਿੰਦਰ ਸਿੰਘ ਭਗਵਾਨਪੁਰਾ, ਗੁਰਭੇਜ ਸਿੰਘ ਕੰਬੋਕੇ, ਸਤਨਾਮ ਸਿੰਘ (ਕਾਲਾ) ਅਮਰਕੋਟ, ਸਾਗਰ ਅਮਰਕੋਟ ਤਰਸੇਮ ਸਿੰਘ ਅਮਰਕੋਟ, ਗੁਰਬੀਰ ਸਿੰਘ ਧੁੰਨ, ਬਿਕਰਮਜੀਤ ਸਿੰਘ ਭਿੱਖੀਵਿੰਡ, ਸੁਖਪ੍ਰੀਤ ਸਿੰਘ ਸਮਰਾ, ਹਰਦਿਆਲ ਸਿੰਘ ਭੈਣੀ ਆਦਿ ਆਗੂ ਹਾਜ਼ਰ ਸਨ।

# ਅਣਪਛਾਤੇ ਚੋਰਾਂ ਨੇ ਤਿੰਨ ਦੁਕਾਨਾਂ ਨੂੰ ਬਣਾਇਆ ਨਿਸ਼ਾਨਾ



**ਪੱਟੀ (ਬਲਦੇਵ ਸਿੰਘ ਕਿਰਤੋਵਾਲ /ਸ਼ਮਸੇਰ ਸਿੰਘ ਯੋਧਾ)** - ਦੋ ਦਰਿਆ ਸਤਲੁਜ ਤੇ ਬਿਆਸ ਦੇ ਹੁੰਦੇ ਸੰਗਮ ਤੇ ਦੁਨੀਆ ਭਰ ਵਿੱਚ ਉਤਰੀ ਭਾਰਤ ਦੀ ਪ੍ਰਸਿੱਧ ਝੀਲ ਦੇ ਵਜੋਂ ਜਾਣੇ ਜਾਂਦੇ ਹਰੀਕੇ ਪੱਤਣ ਚੋਰਾਂ ਲੁਟੇਰਿਆਂ ਹੱਥੋਂ ਮੁਕਤ ਨਹੀ ਹੋ ਰਿਹਾ। ਹਰ ਦਿਨ ਇਹਨਾਂ ਦੇ ਸ਼ਿਕਾਰ ਹੋਣ ਵਾਲੇ ਲੋਕ ਪੁਲਸ ਦਾ ਮੁਸ਼ਤੈਦੀ ਨਾ ਹੋਣ ਕਰਕੇ ਹਿਜਰਤ ਕਰਨ ਦਾ ਮਨ ਬਣਾ ਚੁੱਕੇ ਹਨ। ਤਾਜ਼ਾ ਵਾਰਦਾਤਾਂ ਵਿੱਚ ਲੰਘੀ ਰਾਤ ਪੱਟੀ ਰੋਡ ਦੀਆਂ ਤਿੰਨ ਦੁਕਾਨਾਂ ਨੂੰ ਨਿਸ਼ਾਨਾ ਬਣਾਉਦਿਆਂ ਅਣਪਛਾਤਿਆਂ ਨੇ 2 ਦੁਕਾਨਾਂ ਤੋਂ ਚੋਰੀ ਕੀਤੀ ਜਦ ਕਿ ਤੀਸਰੀ ਦੁਕਾਨ ਦੇ ਤਾਲੇ ਹੀ ਤੋੜੇ। ਜਾਣਕਾਰੀ ਅਨੁਸਾਰ ਦੋ ਸਕੇ ਭਰਾ ਸੁਖਵਿੰਦਰ ਸਿੰਘ ਅਤੇ ਗੁਰਵਿੰਦਰ ਸਿੰਘ ਪਿਛਲੇ 9 ਸਾਲ ਤੋਂ ਹਰੀਕੇ ਵਿਖੇ ਬਾਠ ਸਰਵਿਸ ਸਟੇਸ਼ਨ ਨਾਂਅ ਦੀ ਦੁਕਾਨ ਚਲਾ ਰਹੇ ਹਨ। ਅੱਜ ਤੜਕਸਾਰ ਉਹਨਾਂ ਦੁਕਾਨ ਦੇ ਤਾਲੇ ਟੁੱਟੇ ਵੇਖੇ। ਘੋਖ ਕਰਨ 'ਤੇ ਉਹਨਾਂ ਵੇਖਿਆ ਕਿ 2 ਮੱਛੀ ਮੋਟਰਾਂ, ਸਰਚ ਲਾਇਟ, ਸ਼ੈਪੂ ਕੈਨੀ, ਡੀਜ਼ਲ, ਨਕਦੀ ਅਤੇ ਪੁਰਾਣੇ ਲੋਹੇ 'ਤੇ ਚੋਰਾਂ ਹੱਥ ਸਾਫ ਕੀਤਾ। ਦੂਸਰੇ ਮਾਮਲੇ ਵਿੱਚ ਬਚਿੱਤਰ ਸਿੰਘ ਪੁੱਤਰ ਜਨਕ ਸਿੰਘ ਵਾਸੀ ਹਰੀਕੇ ਦੇ ਸਰਵਿਸ ਸਟੇਸ਼ਨ ਤੋਂ ਚੋਰਾਂ ਨੇ ਦਸਵੰਧ ਦੀ ਗੋਲਕ, ਲੋਹੇ ਦੀਆਂ ਰਾਡਾਂ, ਔਜ਼ਾਰ ਅਤੇ ਪਿੱਤਲ ਦਾ ਸਮਾਨ ਚੋਰੀ ਕਰ ਲਿਆ, ਜਦ ਕਿ ਇਹਨਾਂ ਦੇ ਬਿਲਕੁਲ ਸਾਹਮਣੇ ਸਥਿਤ ਵਿਸ਼ਵਕਰਮਾ ਮਕੈਨੀਕਲ ਦੇ ਤਾਲੇ ਹੀ ਤੋੜੇ ਗਏ ਪਰ ਮਾਲੀ ਨੁਕਸਾਨ ਤੋਂ ਬਚਾਅ ਹੋ ਗਿਆ। ਬਾਕੀ ਵਾਰਦਾਤਾਂ ਵਿੱਚ 2 ਦੁਕਾਨਦਾਰਾਂ ਦਾ 50 ਹਜ਼ਾਰ ਦੇ ਕਰੀਬ ਨੁਕਸਾਨ ਹੋ ਗਿਆ। ਉਕਤ ਸਾਰੀਆਂ ਥਾਵਾਂ ਪੁਲਿਸ ਦੇ ਨਾਕੇ ਤੋਂ ਮਹਿਜ਼ 300 ਮੀਟਰ ਦੂਰੀ 'ਤੇ ਹਨ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਪੱਟੀ ਜ਼ੋਨ ਆਗੂ ਸਵਰਨ ਸਿੰਘ ਖਹਿਰਾ ਨੇ ਕਿਹਾ ਕਿ ਥਾਣਾ ਹਰੀਕੇ ਅਧੀਨ ਚੋਰੀਆਂ ਦੀ ਵਾਰਦਾਤਾਂ ਨੂੰ ਠੱਲ੍ਹ ਤਾਂ ਕੀ ਪੈਣੀ ਸੀ ਸਗੋਂ ਪੁਲਸ ਦਾ ਅਵੇਸਲਾਪਨ ਚੋਰਾਂ ਲੁਟੇਰਿਆਂ ਲਈ ਵਰਦਾਨ ਸਿੱਧ ਹੋ ਰਿਹਾ ਹੈ। ਉਹਨਾਂ ਕਿਹਾ ਕਿ ਇਲਾਕੇ 'ਚ ਦਿਨ ਬਦਿਨ ਵਧ ਰਹੀਆਂ ਚੋਰੀਆਂ ਕਾਰਨ ਲੋਕ ਆਪਣੀਆਂ ਜਾਇਦਾਦਾਂ ਕੌਡੀਆਂ ਦੇ ਭਾਅ ਵੇਚ ਕੇ ਹਿਜਰਤ ਕਰ ਰਹੇ ਹਨ। ਉਹਨਾਂ ਕਿਹਾ ਕਿ ਆਪ ਸਰਕਾਰ ਲੋਕਾਂ ਦੀ ਕਲਪਨਾ ਦੇ ਮਿਆਰ 'ਤੇ ਖਰੀ ਨਹੀ ਉੱਤਰ ਸਕੀ। ਇਸ ਸੰਬੰਧੀ ਸੰਪਰਕ ਕਰਨ 'ਤੇ ਸਬ ਡਵੀਜ਼ਨ ਪੱਟੀ ਦੇ ਡੀ ਐਸ ਪੀ ਸਤਨਾਮ ਸਿੰਘ ਨੇ ਕਿਹਾ ਕਿ ਪੁਲਸ ਵੱਲੋਂ ਖੁਫੀਆਂ ਸੂਤਰਾਂ ਦੇ ਨਾਲ ਨਾਲ ਖੁਦ ਵੀ ਮੁਸ਼ਤੈਦੀ ਵਰਤੀ ਜਾ ਰਹੀ ਹੈ। ਉਹਨਾਂ ਕਿਹਾ ਕਿ ਸਦਰ ਥਾਣੇ ਦੇ ਮੁਖੀ ਇੰਸਪੈਕਟਰ ਹਰਜਿੰਦਰ ਸਿੰਘ ਵੱਲੋਂ ਤਿੰਨ ਚੋਰ ਗਰੋਹ ਕਾਬੂ ਕੀਤੇ ਗਏ ਜੋ ਹਰੀਕੇ ਇਲਾਕੇ ਵਿੱਚ ਵਾਰਦਾਤਾਂ ਨੂੰ ਅੰਜਾਮ ਦਿੰਦੇ ਸਨ। ਉਹਨਾਂ ਕਿਹਾ ਕਿ ਮਾਣਯੋਗ ਅਦਾਲਤ ਤੋਂ ਰਿਮਾਂਡ ਲੈ ਕੇ ਅਗਲੇਰੀ ਪੁੱਛਗਿੱਛ ਜਾਰੀ ਹੈ।

# ਉੱਚ ਪੱਧਰੀ ਕੇਂਦਰੀ ਟੀਮ ਵੱਲੋਂ ਗ੍ਰਾਮ ਪੰਚਾਇਤ ਰੁੜਕਾ ਕਲਾਂ ਦੇ ਵਿਕਾਸ ਕਾਰਜਾਂ ਦਾ ਜਾਇਜ਼ਾ

**ਗੁਰਾਇਆ (ਬਿੰਦਰ ਸੁੰਮਨ)**- ਗ੍ਰਾਮ ਪੰਚਾਇਤ ਰੁੜਕਾ ਕਲਾਂ,ਸਰਵ ਪੱਖੀ ਵਿਕਾਸ ਮੰਚ ਅਤੇ ਵਾਈ ਐਫ ਸੀ ਰੁੜਕਾ ਕਲਾਂ ਪਿਛਲੇ ਸਮੇਂ ਤੋਂ ਪਿੰਡ ਵਿੱਚ ਕਰੋੜਾਂ ਰੁਪਏ ਦੇ ਪ੍ਰੋਜੈਕਟਾਂ ਦੇ ਕੰਮ ਕਰ ਰਹੀ ਹੈ ਤਾਂ ਜੋ ਪਿੰਡ ਨੂੰ ਇੱਕ ਨਮੂਨੇ ਦੇ ਪਿੰਡ ਦੇ ਤੌਰ 'ਤੇ ਜਾਣਿਆ ਜਾਵੇ। ਪਿੰਡ ਵਿਚ ਗਲੀਆਂ-ਨਾਲੀਆਂ, ਸੈਮੀ ਸੀਵਰੇਜ, ਸਟਰੀਟ ਲਾਈਟਾਂ, ਸੱਥਾਂ ਦਾ ਨਿਰਮਾਣ, ਪੌਦੇ ਲਗਾਉਣ ਅਤੇ ਪਾਰਕਾਂ ਦਾ ਨਿਰਮਾਣ, ਸਕੂਲਾਂ ਵਿੱਚ ਮੁਰੰਮਤ ਅਤੇ ਨਵੀਂ ਉਸਾਰੀ ਆਦਿ ਕੰਮਾਂ ਦੇ ਨਾਲ-ਨਾਲ ਪਾਣੀ ਦੀ ਸਾਂਭ ਸੰਭਾਲ ਲਈ ਵੀ ਸੰਜੀਦਾ ਯਤਨ ਕੀਤੇ ਜਾ ਰਹੇ ਹਨ। ਪਿੰਡ ਵਿੱਚ ਜਲ ਸੰਭਾਲ ਅਭਿਆਨ ਤਹਿਤ ਪਿੰਡ ਦੇ ਲੱਗਭੱਗ ਸਾਰੇ ਛੱਪੜਾਂ ਦਾ ਸੁੰਦਰੀਕਰਨ ਅਤੇ ਨਵੀਨੀਕਰਨ ਕੀਤਾ ਜਾ ਚੁੱਕਾ ਹੈ। ਚਾਰ ਛੱਪੜਾਂ ਨੂੰ ਸੀਚੇਵਾਲ ਅਤੇ ਥਾਪਰ ਮਾਡਲ ਤਹਿਤ ਵਿਕਸਤ ਕੀਤਾ ਗਿਆ ਹੈ। ਛੱਪੜਾਂ ਦੇ ਪਾਣੀ ਨੂੰ ਸੋਲਰ ਸਿਸਟਮ ਸੰਚਾਲਤਿ ਮੋਟਰ ਰਾਹੀਂ ਅਪਲਫਿਟ ਕਰਕੇ ਖੇਤਾਂ ਨੂੰ ਲਗਾਇਆ ਜਾ ਰਿਹਾ ਹੈ। ਇਸ ਤਹਿਤ ਇੱਕ ਛੱਪੜ ਤੇ ਇਹ ਸਿਸਟਮ ਸਫਲਤਾਪੂਰਵਕ ਚੱਲ ਰਿਹਾ ਹੈ ਅਤੇ ਦੋ ਛੱਪੜਾਂ ਤੇ ਸੋਲਰ ਪੈਨਲ ਲੱਗ ਗਏ ਹਨ ਤੇ ਪਾਈਪ ਲਾਈਨ ਦਾ ਕੰਮ ਚਲ ਰਿਹਾ ਹੈ। ਇਨਾਂ ਪ੍ਰੋਜੈਕਟਾਂ ਦੇ ਨਾਲ-ਨਾਲ ਪਿੰਡ ਵਿੱਚ ਲਗਭਗ 200 ਸੋਕ ਪਿੱਟ ਅਤੇ ਰੇਨ ਵਾਟਰ ਹਾਰਵੈਸਟਿੰਗ ਸਿਸਟਮ ਰਾਹੀਂ ਕਰੋੜਾਂ ਲੀਟਰ ਪਾਣੀ ਰੀਚਾਰਜ ਅਤੇ ਖੇਤੀ ਲਈ ਵਰਤਿਆ ਜਾ ਰਿਹਾ ਹੈ। ਗ੍ਰਾਮ ਪੰਚਾਇਤ ਰੁੜਕਾ ਕਲਾਂ ਵੱਲੋਂ ਕੀਤੇ ਜਾ ਰਹੇ ਵਿਕਾਸ ਕੰਮਾਂ ਦਾ ਦਿਨੇਸ਼ ਕੁਮਾਰ (ਸੰਯੁਕਤ ਸਕੱਤਰ ਭਾਰਤ ਸਰਕਾਰ, ਮੁੱਖ ਨੋਡਲ ਅਫਸਰ ਜਲ ਸ਼ਕਤੀ ਅਭਿਆਨ), ਕੇ.ਬੀ ਸਿੰਘ (ਤਕਨੀਕੀ ਅਧਿਕਾਰੀ ਕੇਂਦਰੀ ਜ਼ਮੀਨੀ ਪਾਣੀ ਬੋਰਡ, ਭਾਰਤ ਸਰਕਾਰ), ਬਰਿੰਦਰਪਾਲ ਸਿੰਘ (ਐਡੀਸ਼ਨਲ ਡਿਪਟੀ ਕਮਿਸ਼ਨਰ ਡਿਪਲੈਵਮੈਂਟ), ਪਵਨਦੀਪ ਕੌਰ(ਬੀ.ਡੀ.ਓ.ਪੀ), ਲੁਪਿੰਦਰ ਕੁਮਾਰ (ਸਬ-ਡਵਿਜ਼ਨ ਆਫ ਸੋਇਲ ਅਤੇ ਵਾਟਰ ਕਜੰਜਰਵੇਸ਼ਨ ਵਭਿਾਗ), ਅਮਰਜੀਤ ਸਿੰਘ (ਭੂਮੀ ਅਤੇ ਜਲ ਸੰਭਾਲ ਵਿਭਾਗ), ਅਮਿਤ ਸਭਰਵਾਲ (ਏ.ਐਕਸ.ਐਨ ਇਰੀਗੇਸ਼ਨ), ਅਮਨਪਾਲ ਸਿੰਘ (ਐਸ.ਡੀ.ਐਮ ਫਿਲੌਰ) ਆਦਿ ਨੇ ਦੌਰਾ ਕੀਤਾ। ਇਸ ਮੌਕੇ ਤੇ ਸਰਪੰਚ ਕੁਲਵਿੰਦਰ ਕੌਰ ਕੌਲਧਾਰ, ਵਾਈ ਐਫ ਸੀ ਰੁੜਕਾ ਕਲਾ ਦੇ ਪ੍ਰਧਾਨ ਗੁਰਮੰਗਲ ਦਾਸ, ਸੰਦੀਪ ਸਿੰਘ, ਜਸਦੀਪ ਸਿੰਘ ਭੋਗਲ, ਕੁਲਜੀਤ ਸਿੰਘ ਜੋਨ, ਕਪਿਲ ਵਰਮਾ, ਹਰਦੇਵ ਕਲਸੀ, ਓਮਦੀਪ, ਨਵਜੋਤ ਅਤੇ ਸਮੁੱਚਾ ਵਾਈ ਐਫ ਸੀ ਦਾ ਸਟਾਫ ਮੌਜੂਦ ਸੀ।

# ਧਰਮਕੋਟ ਰੰਧਾਵਾ 'ਚ ਮਿਸ਼ਨ ਅਬਾਦ ਕੈਂਪ ਦੌਰਾਨ 417 ਵਿਅਕਤੀਆਂ ਨੇ ਉਠਾਇਆ ਲਾਭ

**ਡੇਰਾ ਬਾਬਾ ਨਾਨਕ, (ਰਮੇਸ਼ ਸ਼ਰਮਾ)**-ਪੰਜਾਬ ਸਰਕਾਰ ਵੱਲੋਂ ਅਧਿਕਾਰੀਆਂ ਨੂੰ ਲੋਕਾਂ ਵਿੱਚ ਜਾ ਕੇ ਉਨ੍ਹਾਂ ਦੇ ਮਸਲੇ ਹੱਲ ਕਰਨ ਸਬੰਧੀ ਦਿੱਤੇ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵੱਲੋਂ ਡੇਰਾ ਬਾਬਾ ਨਾਨਕ ਦੇ ਨਜ਼ਦੀਕੀ ਪਿੰਡ ਧਰਮਕੋਟ ਰੰਧਾਵਾ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਮਿਸ਼ਨ ਆਬਾਦ ਤਹਿਤ ਵਿਸ਼ੇਸ਼ ਕੈਂਪ ਲਗਾਇਆ ਗਿਆ। ਕੈਂਪ ਵਿੱਚ 417



ਵਿਅਕਤੀਆਂ ਨੂੰ ਸਰਕਾਰ ਦੀਆਂ ਵੱਖ-ਵੱਖ ਭਲਾਈ ਯੋਜਨਾਵਾਂ ਦਾ ਮੌਕੇ 'ਤੇ ਹੀ ਲਾਭ ਦਿੱਤਾ ਗਿਆ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲਗਾਏ ਗਏ ਮਿਸ਼ਨ ਅਬਾਦ ਕੈਂਪ ਵਿੱਚ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ, ਮੁੱਖ ਸਕੱਤਰ ਪੰਜਾਬ ਸਰਕਾਰ ਵੀ. ਕੇ. ਜੰਜੂਆ, ਡੀ.ਜੀ.ਪੀ. ਪੰਜਾਬ ਗੌਰਵ ਯਾਦਵ ਤੋਂ ਇਲਾਵਾ ਹੋਰ ਉੱਚ ਅਧਿਕਾਰੀ ਵਿਸ਼ੇਸ਼ ਤੌਰ 'ਤੇ ਪਹੁੰਚੇ। ਪੰਜਾਬ ਦੇ ਰਾਜਪਾਲ ਵੱਲੋਂ ਅਧਿਕਾਰੀਆਂ ਦੇ ਨਾਲ ਆਬਾਦ ਕੈਂਪ ਵਿੱਚ ਵੱਖ-ਵੱਖ ਵਿਭਾਗਾਂ ਵੱਲੋਂ ਲਗਾਏ ਗਏ ਸਟਾਲਾਂ ਦਾ ਨਿਰੀਖਣ ਕੀਤਾ ਗਿਆ ਅਤੇ ਇਥੇ ਆਮ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਬਾਰੇ ਜਾਣਕਾਰੀ ਹਾਸਲ ਕੀਤੀ ਗਈ। ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਮਿਸ਼ਨ ਆਬਾਦ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਦਾ ਇਹ ਉਪਰਾਲਾ ਬਹੁਤ ਵਧੀਆ ਹੈ। ਉਨ੍ਹਾਂ ਕਿਹਾ ਕਿ ਸਰਹੱਦੀ ਖੇਤਰ ਦੇ ਮੁਕੰਮਲ ਵਿਕਾਸ ਵਿੱਚ ਇਹ ਅਬਾਦ ਕੈਂਪ ਅਹਿਮ ਰੋਲ ਅਦਾ ਕਰਨਗੇ। ਉਨ੍ਹਾਂ ਕਿਹਾ ਕਿ ਅਬਾਦ ਕੈਂਪਾਂ ਦੌਰਾਨ ਜਿਥੇ ਲੋਕ ਸਰਕਾਰ ਦੀਆਂ ਭਲਾਈ ਯੋਜਨਾਵਾਂ ਦਾ ਲਾਭ ਉਠਾ ਰਹੇ ਹਨ ਓਥੇ ਸਰਹੱਦੀ ਖੇਤਰ ਦੇ ਵਸਨੀਕਾਂ ਨੂੰ ਬੀ.ਐਸ.ਐਫ, ਪੰਜਾਬ ਪੁਲਸ ਅਤੇ ਹੋਰ ਸੁਰੱਖਿਆ ਫੋਰਸਾਂ ਵੱਲੋਂ ਦੇਸ਼ ਦੀ ਸੁਰੱਖਿਆ ਪ੍ਰਤੀ ਜਾਗਰੂਕ ਕਰਨ ਦੇ ਨਾਲ ਨੌਜਵਾਨਾਂ ਨੂੰ ਸੁਰੱਖਿਆ ਬਲਾਂ ਵਿੱਚ ਭਰਤੀ ਹੋਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ, ਜੋ ਕਿ ਬਹੁਤ ਵਧੀਆ ਉਪਰਾਲਾ ਹੈ। ਉਨ੍ਹਾਂ ਕਿਹਾ ਕਿ ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ ਦੀ ਅਗਵਾਈ ਹੇਠ ਲੋਕਾਂ ਦੀ ਭਲਾਈ ਲਈ ਕੀਤੇ ਜਾ ਰਹੇ ਇਹ ਉਪਰਾਲੇ ਕਾਬਲ-ਏ-ਤਰੀਫ਼ ਹਨ। ਇਸ ਮੌਕੇ ਪੰਜਾਬ ਦੇ ਮੁੱਖ ਸਕੱਤਰ ਵੀ. ਕੇ. ਜੰਜੂਆ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਰਾਜ ਸਰਕਾਰ ਵੱਲੋਂ ਇੱਕ ਵਿਸ਼ੇਸ਼ ਪ੍ਰੋਗਰਾਮ 'ਸਰਕਾਰ ਤੁਹਾਡੇ ਦੁਆਰ' ਸ਼ੁਰੂ ਕੀਤਾ ਗਿਆ ਹੈ, ਜਿਸਦੀ ਸਫਲਤਾ ਇਨ੍ਹਾਂ ਆਬਾਦ ਕੈਂਪਾਂ ਰਾਹੀਂ ਦੇਖੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਉਨ੍ਹਾਂ ਦੇ ਪਿੰਡ ਵਿੱਚ ਸਾਰੀਆਂ ਸਹੂਲਤਾਂ ਦਾ ਮੌਕੇ 'ਤੇ ਲਾਭ ਮਿਲਣਾ ਇਸ ਪ੍ਰੋਗਰਾਮ ਦੀ ਸਫਲਤਾ ਨੂੰ ਦਰਸਾਉਂਦਾ ਹੈ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਸਰਹੱਦੀ ਖੇਤਰ ਦੇ ਮੁਕੰਮਲ ਵਿਕਾਸ ਲਈ ਮਿਸ਼ਨ ਆਬਾਦ ਤਹਿਤ ਵਿਸ਼ੇਸ਼ ਕੈਂਪ ਲਗਾਏ ਜਾ ਰਹੇ ਹਨ। ਇਸਤੋਂ ਇਲਾਵਾ ਜ਼ਿਲ੍ਹੇ ਦੇ ਹੋਰ ਭਾਗਾਂ ਵਿੱਚ ਵੀ ਪਿੰਡ-ਪਿੰਡ, ਸ਼ਹਿਰ-ਸ਼ਹਿਰ ਕੈਂਪ ਲਗਾ ਕੇ ਲੋਕਾਂ ਦੀਆਂ ਮੁਸ਼ਕਲਾਂ ਹੱਲ ਕਰਨ ਦੇ ਨਾਲ ਭਲਾਈ ਯੋਜਨਾਵਾਂ ਦਾ ਲਾਭ ਦਿੱਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਅੱਜ ਲੱਗੇ ਆਬਾਦ ਕੈਂਪ ਵਿੱਚ 417 ਵਿਅਕਤੀਆਂ ਨੂੰ ਵੱਖ-ਵੱਖ ਭਲਾਈ ਸਕੀਮਾਂ ਦਾ ਮੌਕੇ 'ਤੇ ਹੀ ਲਾਭ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਜੋ ਸ਼ਿਕਾਇਤਾਂ ਜਾ ਮੁਸ਼ਕਲਾਂ ਲੋਕਾਂ ਨੇ ਦੱਸੀਆਂ ਹਨ ਉਨ੍ਹਾਂ ਦਾ ਵੀ ਬਹੁਤ ਜਲਦੀ ਹੱਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਆਮ ਜਨਤਾ ਨੂੰ ਸਰਕਾਰ ਦੀਆਂ ਭਲਾਈ ਯੋਜਨਾਵਾਂ ਦਾ ਲਾਭ ਦੇਣ ਅਤੇ ਉਨ੍ਹਾਂ ਦੀਆਂ ਮੁਸ਼ਕਲਾਂ ਦਾ ਹੱਲ ਕਰਨ ਲਈ ਵਚਨਬੱਧ ਹੈ।

# ਥਾਣਾ ਤਿੱਬੜ ਪੁਲਸ ਨੇ ਦੋਸ਼ੀ ਔਰਤ ਖ਼ਿਲਾਫ਼ ਮਾਮਲਾ ਕੀਤਾ ਦਰਜ

**ਗੁਰਦਾਸਪੁਰ, (ਜਨਕ ਮਹਾਜਨ)**- ਥਾਣਾ ਤਿੱਬੜ ਪੁਲਸ ਨੂੰ ਕੀਤੀ ਸ਼ਿਕਾਇਤ ਵਿਚ ਰਜੇਸ਼ ਗੁਪਤਾ ਪੁੱਤਰ ਹਰੀਸ਼ ਚੰਦਰ ਵਾਸੀ ਮਕਾਨ ਨੰਬਰ 155 ਪੁੱਡਾ ਐਵੀਨਿਊ ਜੇਲ੍ਹ ਰੋਡ ਗੁਰਦਾਸਪੁਰ ਨੇ ਦੱਸਿਆ ਮੇਰੀ ਪਿੰਡ ਬੱਬੇਹਾਲੀ ਵਿਖੇ ਮੈਡੀਕਲ ਸਟੋਰ ਦੀ ਦੁਕਾਨ ਹੈ। ਇਹ ਦੁਕਾਨ ਮੈਂ ਮਿਤੀ 16 ਅਗਸਤ 2018 ਨੂੰ ਜਸਬੀਰ ਸਿੰਘ ਪਾਸੋਂ ਖਰੀਦ ਕੀਤੀ ਸੀ ਅਤੇ ਮਿਤੀ 11 ਦਸੰਬਰ 2019 ਨੂੰ ਕਰੀਬ ਢਾਈ ਮਰਲੇ ਜਗ੍ਹਾ ਜੋ ਦੁਕਾਨ ਦੇ ਬੈਕ ਸਾਇਡ ਲੱਗਦੀ ਸੀ ਰਣਜੀਤ ਕੌਰ ਪਾਸੋਂ ਖਰੀਦ ਕੀਤੀ ਸੀ, ਜੋ ਕੁੱਲ ਜਗ੍ਹਾ 3 ਮਰਲੇ ਬਣਦੀ ਹੈ। ਉਸ ਦੱਸਿਆ ਕਿ ਮੈਂ 4 ਜੂਨ ਨੂੰ ਆਪਣੀ ਦੁਕਾਨ ਅੱਗੇ ਥੜ੍ਹਾ ਬਣਾ ਰਿਹਾ ਸੀ ਕਿ ਔਰਤ ਨੇ ਮੇਰੀ ਦੁਕਾਨ ਅੰਦਰ ਜਬਰੀ ਦਾਖਲ ਹੋ ਕੇ ਬਣਾਇਆ ਥੜ੍ਹਾ ਤੋੜ ਦਿੱਤਾ ਅਤੇ ਧਮਕੀਆਂ ਦਿੱਤੀਆਂ। ਪੁਲਸ ਨੇ ਕਾਰਵਾਈ ਕਰਦਿਆਂ ਕਿ ਦੋਸ਼ੀ ਔਰਤ ਵਾਸੀ ਬੱਬੇਹਾਲੀ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

# ਅੰਮ੍ਰਿਤਸਰ 'ਚ ਝੋਨੇ ਦੀ ਲੁਆਈ 19 ਜੂਨ ਤੋਂ ਹੀ ਕੀਤੀ ਜਾਵੇ : ਮੁੱਖ ਖੇਤੀਬਾੜੀ ਅਫਸਰ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**- ਜਤਿੰਦਰ ਸਿੰਘ ਗਿੱਲ ਮੁੱਖ ਖੇਤੀਬਾੜੀ ਅਫਸਰ ਅੰਮ੍ਰਿਤਸਰ ਨੇ ਜ਼ਿਲ੍ਹੇ ਦੇ ਸਮੂਹ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ "ਦੀ ਪੰਜਾਬ ਪ੍ਰੀਜ਼ਰਵੇਸ਼ਨ ਆਫ ਸਬ-ਸਾਇਲ ਵਾਟਰ ਐਕਟ, 2009" ਤਹਿਤ ਜਾਰੀ ਨੋਟੀਫਿਕੇਸ਼ਨ ਅਨੁਸਾਰ ਅੰਮ੍ਰਿਤਸਰ ਜਿਲ੍ਹੇ ਵਿੱਚ ਝੋਨੇ ਦੀ ਲੁਆਈ ਮਿਤੀ 19 ਜੂਨ ਤੋਂ ਨਿਸਚਤ ਕੀਤੀ ਗਈ ਹੈ ਜਦੋਂਕਿ ਅੰਤਰਰਾਸ਼ਟਰੀ ਸਰਹੱਦ ਨਾਲ ਲੱਗਦੇ ਤਾਰ ਤੋਂ ਪਾਰਲੇ ਇਲਾਕਿਆਂ ਵਿੱਚ ਕਿਸਾਨ ਝੋਨੇ ਦੀ ਲੁਆਈ ਮਿਤੀ 10 ਜੂਨ ਤੋਂ ਸ਼ੁਰੂ ਕਰ ਸਕਦੇ ਹਨ। ਉਨ੍ਹਾ ਕਿਹਾ ਕਿ ਧਰਤੀ ਹੇਠਲੇ ਪਾਣੀ ਦਾ ਪੱਧਰ ਲਗਾਤਾਰ ਥੱਲੇ ਜਾ ਰਿਹਾ ਹੈ, ਇਸ ਲਈ ਜਿਨ੍ਹਾਂ ਕਿਸਾਨਾਂ ਨੇ ਪਰਮਲ ਕਿਸਮਾਂ ਦੀ ਲੁਆਈ ਕਰਨੀ ਹੈ ਉਹ ਝੋਨੇ ਦੀਆਂ ਘੱਟ ਸਮੇਂ ਵਿੱਚ ਪੱਕਣ ਵਾਲੀਆਂ ਪਰਮਲ ਕਿਸਮਾਂ ਨੂੰ ਹੀ ਤਰਜੀਹ ਦੇਣ ਅਤੇ ਕੁਦਰਤ ਦੀ ਵਡਮੁੱਲੀ ਦਾਤ ਪਾਣੀ ਨੂੰ ਬਚਾਉਣ ਵਾਸਤੇ ਝੋਨੇ ਦੀ ਲੁਆਈ ਸਰਕਾਰ ਵੱਲੋਂ ਨਿਰਧਾਰਤ ਮਿਤੀਆਂ ਤੋਂ ਪਹਿਲਾਂ ਨਾ ਕੀਤੀ ਜਾਵੇ। ਉਨ੍ਹਾ ਦੱਸਿਆ ਕਿ ਜ਼ਿਲ੍ਹਾ ਅੰਮ੍ਰਿਤਸਰ ਦਾ ਜਲਵਾਯੂ ਬਾਸਮਤੀ ਦੀ ਫਸਲ ਲਈ ਬਹੁਤ ਹੀ ਢੁੱਕਵਾਂ ਹੈ ਅਤੇ ਇੱਥੇ ਪੈਦਾ ਕੀਤੀ ਜਾਂਦੀ ਬਾਸਮਤੀ ਵਿੱਚ ਪੱਕਣ ਸਮੇਂ ਮੌਸਮ ਠੰਢਾ ਹੋਣ ਕਾਰਨ ਬਹੁਤ ਵਧੀਆ ਅਰੋਮਾ ਵਿਕਸਤ ਹੁੰਦਾ ਹੈ ਜਿਸ ਕਰਕੇ ਬਾਸਮਤੀ ਦੀ ਵਿਦੇਸ਼ਾਂ ਵਿੱਚ ਬਹੁਤ ਮੰਗ ਹੈ। ਉਨ੍ਹਾ ਕਿਸਾਨਾਂ ਨੂੰ ਅਪੀਲ ਕੀਤੀ ਕਿ ਵੱਧ ਤੋਂ ਵੱਧ ਰਕਬੇ ਵਿੱਚ ਬਾਸਮਤੀ ਦੀ ਕਾਸ਼ਤ ਕੀਤੀ ਜਾਵੇ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਬਾਸਮਤੀ ਦੀ ਲੁਆਈ ਮਿਤੀ 1 ਜੁਲਾਈ ਤੋਂ 31 ਜੁਲਾਈ ਤੱਕ ਸਿਫਾਰਸ਼ ਕੀਤੀ ਜਾਂਦੀ ਹੈ ਜਿਸ ਦੌਰਾਨ ਬਰਸਾਤਾਂ ਦੀ ਆਮਦ ਹੋਣ ਕਰਕੇ ਧਰਤੀ ਹੇਠਲੇ ਪਾਣੀ ਦੀ ਮੰਗ ਵੀ ਬਹੁਤ ਘਟਦੀ ਹੈ ਅਤੇ ਕੁਦਰਤੀ ਸਾਧਨਾਂ ਦੀ ਬੱਚਤ ਹੁੰਦੀ ਹੈ।

# ਨਲਕੇ ਵਿਚੋਂ ਆਪਣੇ ਆਪ ਹੀ ਨਿਕਲ ਰਿਹਾ ਪਾਣੀ

**ਗੁਰਦਾਸਪੁਰ, (ਜਨਕ ਮਹਾਜਨ)**- ਗੁਰਦਾਸਪੁਰ ਦੇ ਬੇਟ ਏਰੀਏ ਅੰਦਰ ਪਿੰਡ ਨਡਾਲਾ ਵਿਖੇ ਭਾਰਤ ਸਰਕਾਰ ਵੱਲੋਂ ਸਰਕਾਰੀ ਨਲਕਾ 300 ਫੁੱਟ ਡੂੰਘੇ ਬੋਰ 'ਤੇ ਪੰਚਾਇਤ ਰਾਹੀਂ ਲਗਾਇਆ ਹੋਇਆ ਹੈ ਜਿਸ ਵਿਚੋਂ ਆਪਣੇ ਆਪ ਹੀ ਪਾਣੀ ਨਿਕਲ ਰਿਹਾ ਹੈ ਜੋ ਇਲਾਕੇ ਲਈ ਇਹ ਮਿਸਾਲ ਬਣਿਆ ਹੋਇਆ ਹੈ। ਨੌਜਵਾਨ ਲਖਨ ਮੇਘੀਆ ਨੇ ਦੱਸਿਆ ਕਿ ਇਸ ਇਲਾਕੇ ਅੰਦਰ ਆਟੋਮੈਟਿਕ ਬੋਰ ਤਾਂ ਆਮ ਚਲਦੇ ਦੇਖੇ ਗਏ ਸਨ ਪਰ ਨਲਕਾ ਆਪਣੇ ਆਪ ਚਲਦਾ ਦੇਖ ਕੇ ਹੈਰਾਨੀ ਹੋਈ ਹੈ। ਜਦੋਂ ਇਸ ਮਾਮਲੇ ਸੰਬੰਧੀ ਪਿੰਡ ਨਡਾਲਾ ਦੇ ਲੋਕਾਂ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਜਦੋਂ ਦਾ ਪਿੰਡ ਅੰਦਰ ਨਲਕਾ ਲੱਗਿਆ ਹੋਇਆ ਹੈ, ਉਦੋਂ ਤੋਂ ਹੀ ਆਪ ਮੁਹਾਰੇ ਚੱਲ ਰਿਹਾ ਹੈ ਅਤੇ ਇਸ ਨੂੰ ਗੇੜਨ ਦੀ ਵੀ ਲੋੜ ਨਹੀਂ ਪੈਂਦੀ। ਇਸ ਨਲਕੇ ਦਾ ਬੋਰ ਡੂੰਘਾ ਹੋਣ ਕਰਕੇ ਇਸ ਵਿਚੋਂ ਸ਼ੁੱਧ ਪਾਣੀ ਲੋਕਾਂ ਨੂੰ ਮਿਲ ਰਿਹਾ ਹੈ ਜੋ ਸਿਹਤ ਲਈ ਕਾਫ਼ੀ ਲਾਭਦਾਇਕ ਹੈ।

ਉਨ੍ਹਾਂ ਦੱਸਿਆ ਕਿ ਭਾਰਤ ਸਰਕਾਰ ਨੇ ਬਹੁਤ ਸਾਰੇ ਪਿੰਡਾਂ ਵਿਚ ਨਲਕੇ ਲਗਾਏ ਹੋਏ ਹਨ ਜਿਨ੍ਹਾਂ ਨੂੰ ਹੱਥਾਂ ਨਾਲ ਹੀ ਗੇੜਨਾ ਪੈਂਦਾ ਹੈ, ਸਿਰਫ਼ ਇਹੋ ਇਕ ਨਲਕਾ ਹੈ ਜਿਸ ਵਿਚੋਂ ਬਿਨਾਂ ਗੇੜਿਆਂ ਹੀ ਪਾਣੀ ਨਿਕਲਦਾ ਰਹਿੰਦਾ ਹੈ। ਉਨ੍ਹਾਂ ਦੱਸਿਆ ਕਿ ਬੇਟ ਏਰੀਏ ਅੰਦਰ ਪਹਿਲਾਂ ਦੋ ਦਰਜਨ ਤੋਂ ਵੱਧ ਆਟੋਮੈਟਿਕ ਬੋਰ ਚੱਲ ਰਹੇ ਹਨ ਜੋ ਕਿਸਾਨਾਂ ਦੀ ਫ਼ਸਲ ਲਈ ਲਾਹੇਵੰਦ ਸਾਬਤ ਹੋ ਰਹੇ ਹਨ, ਹੁਣ ਇਹ ਨਲਕਾ ਪਿੰਡ ਲਈ ਇਕ ਵਰਦਾਨ ਸਾਬਤ ਹੋ ਰਿਹਾ ਹੈ। ਨਲਕੇ ਵਿਚੋਂ ਆਪ ਮੁਹਾਰੇ ਨਿਕਲ ਰਹੇ ਪਾਣੀ ਨੂੰ ਦੇਖਣ ਲਈ ਲੋਕ ਦੂਰੋਂ-ਦੂਰੋਂ ਆਉਂਦੇ ਹਨ।

# ਗੁਰੂ ਨਾਨਕ ਪਬਲਿਕ ਸੀਨੀਅਰ ਸੈਕੰਡਰੀ ਸਕੂਲ 'ਚ ਵਿਸ਼ਵ ਵਾਤਾਵਰਣ ਦਿਵਸ ਮਨਾਇਆ



**ਸ੍ਰੀ ਗੋਇੰਦਵਾਲ ਸਾਹਿਬ (ਕਾਬਲ ਸਿੰਘ ਮੱਲ੍ਹੀ)**- ਇਲਾਕੇ ਦੀ ਸਿਰਮੌਰ ਸੰਸਥਾ ਗੁਰੂ ਨਾਨਕ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਸੰਸਥਾ ਦੇ ਪ੍ਰਬੰਧਕੀ ਮੈਂਬਰ, ਸਟਾਫ ਮੈਂਬਰ ਅਤੇ ਵਿਦਿਆਰਥੀਆਂ ਵੱਲੋਂ ਵਾਤਾਵਰਣ ਦਿਵਸ ਨੂੰ ਸਮਰਪਿਤ ਸਮਾਗਮ ਕਰਵਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਵੱਲੋਂ ਵਾਤਾਵਰਣ ਸਬੰਧੀ ਪੋਸਟਰ ਤਿਆਰ ਕੀਤੇ ਗਏ। ਇਸ ਸਬੰਧੀ ਬੱਚਿਆਂ ਦੇ ਭਾਸ਼ਣ ਮੁਕਾਬਲੇ ਵੀ ਕਰਵਾਏ ਗਏ। ਇਸ ਮੌਕੇ ਬੱਚਿਆਂ ਨੇ ਵੱਖ-ਵੱਖ ਤਰ੍ਹਾਂ ਦੇ ਛਾਂਦਾਰ ਅਤੇ ਫਲਾਂ ਦੇ ਬੂਟੇ ਲਗਾਏ। ਇਸ ਸਮਾਗਮ ਨੂੰ ਸੰਬੋਧਨ ਕਰਦਿਆਂ ਸਕੂਲ ਦੇ ਪ੍ਰਿੰਸੀਪਲ ਬਲਜੀਤ ਕੌਰ ਔਲਖ ਨੇ ਕਿਹਾ ਕਿ ਸੰਸਥਾ ਵੱਲੋਂ ਹਰ ਸਾਲ ਵਾਤਾਵਰਣ ਨੂੰ ਸ਼ੁੱਧ ਰੱਖਣ ਲਈ ਵੱਖ-ਵੱਖ ਤਰ੍ਹਾਂ ਦੇ ਬੂਟੇ ਲਗਾਏ ਜਾਂਦੇ ਹਨ ਅਤੇ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਅਸੀਂ ਵਾਤਾਵਰਣ ਸਬੰਧੀ ਅਸੀਂ ਜਾਗਰੂਕ ਨਾ ਹੋਏ ਤਾਂ ਆਉਣ ਵਾਲੀਆਂ ਪੀੜ੍ਹੀਆਂ ਸਾਨੂੰ ਮੁਆਫ ਨਹੀਂ ਕਰਨਗੀਆਂ, ਸਾਨੂੰ ਰਲ ਮਿਲ ਕੇ ਪਿੰਡਾਂ ਵਿੱਚ ਖਾਲੀ ਜ਼ਮੀਨਾਂ ਉੱਪਰ ਛਾਂਦਾਰ ਬੂਟੇ ਲਾਉਣੇ ਚਾਹੀਦੇ ਹਨ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਤੋਂ ਇਲਾਵਾ ਸਰਨਜੀਤ ਕੌਰ, ਹਰਵਿੰਦਰ ਕੌਰ ਵਿਰਦੀ, ਨੀਲਮ ਕੌਰ, ਰਮਨਦੀਪ ਕੌਰ, ਕੁਲਵਿੰਦਰ ਕੌਰ, ਕੰਵਲਜੀਤ ਕੌਰ, ਗੁਰਮੀਤ ਕੌਰ, ਮਨਜੀਤ ਕੌਰ, ਕੁਲਦੀਪ ਸਿੰਘ, ਕਾਰਜ ਸਿੰਘ ਅਤੇ ਹੋਰ ਸੀਨੀਅਰ ਅਧਿਆਪਕ ਹਾਜ਼ਰ ਸਨ।

# ਜਤਿੰਦਰ ਪਾਲ ਦਾ ਸੇਜਲ ਅੱਖਾਂ ਨਾਲ ਅੰਤਿਮ ਸੰਸਕਾਰ

**ਸ਼ਾਹਕੋਟ (ਗਿਆਨ ਸੈਦਪੁਰੀ)**-ਸੁਖਦੇਵ ਸਿੰਘ ਤੇ ਦਲਬੀਰ ਕੌਰ ਦੇ ਪੁੱਤਰ ਅਤੇ ਪਾਵਰਕਾਮ ਦੇ ਜੂਨੀਅਰ ਇੰਜੀਨੀਅਰ ਰੁਪਿੰਦਰਜੀਤ ਸਿੰਘ ਦੇ ਚਚੇਰੇ ਭਰਾ ਜਤਿੰਦਰ ਪਾਲ ਸਿੰਘ ਦਾ ਵੀਰਵਾਰ ਬਾਅਦ ਦੁਪਹਿਰ ਪਿੰਡ ਸੈਦਪੁਰ ਝਿੜੀ ਦੇ ਸ਼ਮਸ਼ਾਨਘਾਟ ਵਿੱਚ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਬੁੱਧਵਾਰ ਸਵੇਰੇ ਸੰਖੇਪ ਜਿਹੀ ਬਿਮਾਰੀ ਪਿੱਛੋਂ ਉਹ ਸਦੀਵੀ ਵਿਛੋੜਾ ਦੇ ਗਿਆ ਸੀ। ਬਹੁਤ ਹੀ ਹੱਸਮੁੱਖ ਤੇ ਸੁਭਵਾਨ 35 ਕੁ ਸਾਲਾ ਨੌਜਵਾਨ ਜਤਿੰਦਰ ਪਾਲ ਸਿੰਘ ਦੀ ਕੁਵੇਲੇ ਹੋਈ ਮੌਤ ਕਾਰਨ ਦੋ ਦਿਨ ਤੋਂ ਸਾਰਾ ਪਿੰਡ ਸੋਗ ਵਿੱਚ ਡੁੱਬਿਆ ਹੋਇਆ ਹੈ। ਜਤਿੰਦਰ ਮਾਤਾ ਪਿਤਾ ਤੋਂ ਇਲਾਵਾ ਪਤਨੀ ਕੁਲਜੀਤ ਕੌਰ ਤੇ 5 ਸਾਲਾ ਪੁੱਤਰ ਅਵੀਰਾਜ ਨੂੰ ਵਿਰਲਾਪ ਕਰਦਿਆਂ ਛੱਡ ਗਿਆ ਹੈ। ਜਤਿੰਦਰ ਪਾਲ ਸਿੰਘ ਦੀ ਚਿਖਾ ਨੂੰ ਉਨ੍ਹਾਂ ਦੇ ਛੋਟੇ ਭਰਾ ਸਿਮਰਨਜੀਤ ਸਿੰਘ ਨੇ ਅਗਨੀ ਵਿਖਾਈ। ਉਹ ਵੀਰਵਾਰ ਸਵੇਰੇ ਹੀ ਇੰਗਲੈਂਡ ਤੋਂ 14 ਸਾਲ ਬਾਅਦ ਘਰ ਪਰਤਿਆ ਸੀ। ਜਤਿੰਦਰ ਦੀ ਅੰਤਿਮ ਯਾਤਰਾ ਵਿੱਚ ਸੈਂਕੜੇ ਲੋਕ ਸ਼ਾਮਲ ਹੋਏ। ਇਨ੍ਹਾਂ ਵਿੱਚ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ, ਆਪ ਦੇ ਹਲਕਾ ਇੰਚਾਰਜ ਰਤਨ ਸਿੰਘ ਕਾਕੜ ਕਲਾਂ, ਮਾਰਕੀਟ ਕਮੇਟੀ ਮਹਿਤਪੁਰ ਦੇ ਚੇਅਰਮੈਨ ਬਲਕਾਰ ਸਿੰਘ ਚੱਠਾ, ਮਾਰਕੀਟ ਕਮੇਟੀ ਸ਼ਾਹਕੋਟ



ਦੇ ਸਾਬਕਾ ਚੇਅਰਮੈਨ ਗੁਲਜ਼ਾਰ ਸਿੰਘ ਥਿੰਦ, 'ਆਪ' ਆਗੂ ਹਰਦੇਵ ਸਿੰਘ ਪੀਟਾ ਤੇ ਮਨਜੀਤ ਸਿੰਘ ਸੈਦਪੁਰ, ਭਾਰਤੀ ਕਿਸਾਨ ਯੂਨੀਅਨ ਏਕਤਾ(ਉਗਰਾਹਾਂ) ਦੇ ਆਗੂ ਮਾਸਟਰ ਗੁਰਚਰਨ ਸਿੰਘ ਚਾਹਲ, ਧਰਮਿੰਦਰ ਸਿੰਘ ਨੰਬਰਦਾਰ ਸੈਦਪੁਰ, ਨਿਰਮਲ ਸਿੰਘ ਸਲੈਚਾ, ਜਸਵੀਰ ਸਿੰਘ ਸਲੈਚਾ, ਸੁਖਵਿੰਦਰ ਸਿੰਘ ਟੋਨੀ ਪਰਜੀਆ, ਰਣਬੀਰ ਸਿੰਘ ਰਾਣਾ ਸਾਬਕਾ ਸਰਪੰਚ, ਸਾਬ ਥਿੰਦ, ਅਮਰੀਕ ਸਿੰਘ ਜੰਮੂ ਪੰਚ, ਨਰਿੰਦਰਪਾਲ ਸਿੰਘ ਭੱਟੀ ਅਧਿਕਾਰਤ ਸਰਪੰਚ, ਰਣਜੀਤ ਸਿੰਘ ਰਾਣਾ ਸਾਬਕਾ ਪੰਚ, ਅਮਰੀਕ ਸਿੰਘ ਜੇ.ਈ, ਸੁਰਿੰਦਰ ਕੁਮਾਰ ਭੱਟੀ ਆਦਿ ਸਾਮਲ ਹਨ। ਪ੍ਰਵਾਰਕ ਸੂਤਰਾਂ ਅਨੁਸਾਰ ਜਤਿੰਦਰ ਪਾਲ ਸਿੰਘ ਨਮਿਤ ਪਾਠ ਦਾ ਭੋਗ ਤੇ ਅੰਤਿਮ ਅਰਦਾਸ 17 ਜੂਨ ਨੂੰ ਗੁਰਦਵਾਰਾ ਸਿੰਘ ਸਭਾ ਸੈਦਪੁਰ ਝਿੜੀ ਵਿਖੇ ਹੋਵੇਗੀ।

# ਐਨ ਡੀ ਆਰ ਐੱਫ ਨੇ ਆਮ ਲੋਕਾਂ ਨੂੰ ਕੁਦਰਤੀ ਆਫ਼ਤਾਂ ਤੋਂ ਬਚਾਉਣ ਦੀ ਸਿਖਲਾਈ ਦਿੱਤੀ

**ਗੁਰਦਾਸਪੁਰ, (ਜਨਕ ਮਹਾਜਨ)**- ਐਨ.ਡੀ.ਆਰ.ਐੱਫ ਦੀ 7 ਬਟਾਲੀਅਨ ਵੱਲੋਂ ਆਮ ਲੋਕਾਂ ਨੂੰ ਵੱਖ-ਵੱਖ ਆਫਤਾਂ ਨਾਲ ਨਜਿੱਠਣ ਦੀ ਸਿਖਲਾਈ ਦੇਣ ਲਈ ਅੱਜ ਕਾਹਨੂੰਵਾਨ ਵਿਖੇ ਵਿਸ਼ੇਸ਼ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਜਾਗਰੂਕਤਾ ਕੈਂਪ ਦੀ ਅਗਵਾਈ ਐਨ.ਡੀ.ਆਰ.ਐੱਫ ਦੇ ਸਬ ਇੰਸਪੈਕਟਰ ਰਜਿੰਦਰ ਸਿੰਘ ਵੱਲੋਂ ਕੀਤੀ ਗਈ। ਜਾਗਰੂਕਤਾ ਕੈਂਪ ਦੌਰਾਨ ਐਨ.ਡੀ.ਆਰ.ਐੱਫ ਦੇ ਜਵਾਨਾਂ ਨੇ ਹਾਜ਼ਰੀਨ ਨੂੰ ਭੂਚਾਲ, ਅੱਗ, ਹੀਟ ਵੇਵ, ਬਲੱਡ ਕੰਟਰੋਲ ਤਕਨੀਕ, ਡਰੈੱਸਿੰਗ, ਐੱਫ.ਬੀ.ਏ.ਓ. ਅਤੇ ਮੁਢਲੀ ਸਹਾਇਤਾ ਦੀਆਂ ਤਕਨੀਕਾਂ ਬਾਰੇ ਵਿਸਥਾਰ ਵਿੱਚੀ ਜਾਣਕਾਰੀ ਦਿੱਤੀ। ਸਬ ਇੰਸਪੈਕਟਰ ਰਜਿੰਦਰ ਸਿੰਘ ਨੇ ਕਿਹਾ ਕਿ ਹਰ ਵਿਅਕਤੀ ਨੂੰ ਫਸਟ ਏਡ ਦੀ ਜਾਣਕਾਰੀ ਹੋਣ ਦੇ ਨਾਲ ਆਫ਼ਤਾਂ ਤੋਂ ਬਚਣ ਦੀ ਮੁਢਲੀ ਜਾਣਕਾਰੀ ਹੋਣੀ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਇਹ ਜਾਣਕਾਰੀ ਹਾਸਲ ਵਿਅਕਤੀ ਕਿਸੇ ਵੀ ਆਫ਼ਤ ਵਿੱਚ ਜਿਥੇ ਆਪਣੇ-ਆਪ ਨੂੰ ਬਚਾ ਸਕਦਾ ਹੈ ਉਥੇ ਉਹ ਕਈ ਹੋਰ ਵੀ ਕੀਮਤੀ ਜਾਨਾਂ ਨੂੰ ਬਚਾਉਣ ਵਿੱਚ ਸਹਾਈ ਹੁੰਦਾ ਹੈ। ਉਨ੍ਹਾਂ ਕਿਹਾ ਕਿ ਆਫ਼ਤ ਦੇ ਸਮੇਂ ਠਰੰਮੇ, ਸਬਰ ਅਤੇ ਸੂਝਬੂਝ ਤੋਂ ਕੰਮ ਲੈਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਅਜਿਹੇ ਹੋਰ ਵੀ ਜਾਗਰੂਕਤਾ ਕੈਂਪ ਲਗਾਏ ਜਾਣਗੇ। ਇਸ ਮੌਕੇ ਐਨ.ਡੀ.ਆਰ.ਐੱਫ ਦੇ ਜਵਾਨਾਂ ਵੱਲੋਂ ਹਾਜ਼ਰੀਨ ਨੂੰ ਖੂਨਦਾਨ ਕਰਨ ਦਾ ਅਹਿਦ ਵੀ ਚੁਕਾਇਆ ਗਿਆ।

# ਮਨੁੱਖਤਾਵਾਦੀ ਤੇ ਵਾਤਾਵਰਣ ਦੀ ਸੰਭਾਲ ਪ੍ਰਤੀ ਜਸਬੀਰ ਸਿੰਘ ਸਮਾਜ ਲਈ ਪ੍ਰੇਰਨਾ ਸ੍ਰੋਤ ਬਣੇ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)** - ਭਗਤ ਪੂਰਨ ਸਿੰਘ ਪਿੰਗਲਵਾੜੇ ਵਾਲਿਆਂ ਨੂੰ ਆਪਣਾ ਆਦਰਸ਼ ਮੰਨਣ ਵਾਲੇ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਹਯਾਤ ਨਗਰ ਦੇ ਸਮਾਜ ਸੇਵੀ ਜਸਬੀਰ ਸਿੰਘ (73) ਪਿਛਲੇ 5 ਦਹਾਕਿਆਂ ਤੋਂ ਖ਼ੂਨ ਦਾਨ ਕਰਨ ਦੇ ਨਾਲ ਪੌਦੇ ਲਗਾਉਣ ਅਤੇ ਵੰਡਣ ਦੇ ਪਰਉਪਕਾਰੀ ਕਾਰਜ ਨੂੰ ਪੂਰੇ ਸਿਰੜ ਨਾਲ ਕਰ ਰਹੇ ਹਨ। ਮਨੁੱਖਤਾਵਾਦੀ ਅਤੇ ਵਾਤਾਵਰਨ ਦੀ ਸੰਭਾਲ ਪ੍ਰਤੀ ਕੀਤੇ ਜਾ ਰਹੇ ਨੇਕ ਕਾਰਜਾਂ ਲਈ ਜਸਬੀਰ ਸਿੰਘ ਸਮਾਜ ਲਈ ਪ੍ਰੇਰਨਾ ਸ੍ਰੋਤ ਹਨ। ਕਿਸਾਨੀ ਪਰਵਾਰ ਨਾਲ ਸੰਬੰਧਤ ਜਸਬੀਰ ਸਿੰਘ ਨੇ ਸੰਨ 1971 ਵਿੱਚ ਭਾਰਤ-ਪਾਕਿਸਤਾਨ ਦੀ ਜੰਗ ਦੌਰਾਨ ਪਹਿਲੀ ਵਾਰ ਅੰਮ੍ਰਿਤਸਰ ਵਿਖੇ ਖ਼ੂਨਦਾਨ ਕੀਤਾ ਸੀ। ਇਸਤੋਂ ਬਾਅਦ ਉਨ੍ਹਾਂ ਵਿੱਚ ਖ਼ੂਨਦਾਨ ਕਰਨ ਦਾ ਅਜਿਹਾ ਜਜ਼ਬਾ ਪੈਦਾ ਹੋਇਆ ਕਿ ਉਹ 2021 ਤੱਕ 71 ਸਾਲ ਦੀ ਉਮਰ ਤੱਕ ਲਗਾਤਾਰ ਖ਼ੂਨਦਾਨ ਕਰਕੇ ਕਈ ਕੀਮਤੀ ਜਾਨਾਂ ਬਚਾਉਣ ਦਾ ਜ਼ਰੀਆ ਬਣੇ। ਉਹ ਹਰ ਸਾਲ ਫ਼ਤਹਿਗੜ੍ਹ ਸਾਹਿਬ ਦੇ ਸ਼ਹੀਦੀ ਜੋੜ ਮੇਲੇ ਮੌਕੇ ਖ਼ੂਨਦਾਨ ਕੈਂਪ ਵੀ ਲਗਾਉਂਦੇ ਹਨ। ਭਗਤ ਪੂਰਨ ਸਿੰਘ ਦੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਜਸਬੀਰ ਸਿੰਘ ਵਾਤਾਵਰਨ ਦੀ ਸੰਭਾਲ ਲਈ ਵੀ ਬਹੁਤ ਵਧੀਆ ਉਪਰਾਲੇ ਕਰ ਰਹੇ ਹਨ। ਉਹ ਹੁਣ ਤੱਕ ਬਹੁਤ ਸਾਰੇ ਗੁਰਦੁਆਰਿਆਂ ਅਤੇ ਸਾਂਝੀਆਂ ਥਾਵਾਂ ਉੱਪਰ ਪਾਰਕਾਂ ਦਾ ਨਿਰਮਾਣ ਕਰਕੇ ਪੌਦੇ ਲਗਾ ਚੁੱਕੇ ਹਨ। ਉਹ ਆਪਣੇ ਖੇਤਾਂ ਵਿੱਚ ਖ਼ੁਦ ਪੌਦਿਆਂ ਦੀ ਪਨੀਰੀ ਤਿਆਰ ਕਰਕੇ ਜਿਥੇ ਆਪ ਪੌਦੇ ਲਗਾਉਂਦੇ ਹਨ ਓਥੇ ਉਹ ਗੁਰਦੁਆਰਿਆਂ, ਸਰਕਾਰੀ ਦਫ਼ਤਰਾਂ, ਮੇਲਿਆਂ ਵਿੱਚ ਜਾ ਕੇ ਲੋਕਾਂ ਨੂੰ ਵੀ ਮੁਫ਼ਤ ਪੌਦੇ ਵੰਡਦੇ ਹਨ ਅਤੇ ਵਾਤਾਵਰਨ ਦੀ ਸੰਭਾਲ ਲਈ ਪ੍ਰੇਰਤ ਕਰਦੇ ਹਨ। ਜਸਬੀਰ ਸਿੰਘ ਦੱਸਦੇ ਹਨ ਕਿ ਉਹ ਜ਼ਿਆਦਾਤਰ ਮੈਡੀਸਨ ਪੌਦੇ ਤਿਆਰ ਕਰਕੇ ਵੰਡਦੇ ਹਨ ਜਿਨ੍ਹਾਂ ਵਿੱਚ ਕੜ੍ਹੀ ਪੱਤਾ, ਅਸ਼ਵਗੰਧਾ, ਨਿੰਮ, ਸਟੀਵੀਆ, ਪੱਥਰ ਚੱਟ, ਲੈਮਨ ਗਰਾਸ, ਰਤਨਜੋਤ ਆਦਿ ਪ੍ਰਮੁੱਖ ਹਨ। ਉਹ ਹਰ ਐਤਵਾਰ ਨੂੰ ਗਾਦੜੀਆਂ ਦੇ ਗੁਰਦੁਆਰਾ ਸ੍ਰੀ ਟਾਹਲੀ ਸਾਹਿਬ ਵਿਖੇ ਵੀ ਪੌਦੇ ਵੰਡਣ ਦਾ ਸਟਾਲ ਲਗਾਉਂਦੇ ਹਨ। ਇਸ ਤੋਂ ਇਲਾਵਾ ਉਹ ਪਿੰਗਲਵਾੜਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਲਿਟਰੇਚਰ ਵੰਡਣ ਦੀ ਸੇਵਾ ਵੀ ਨਿਭਾਉਂਦੇ ਹਨ। ਜਸਬੀਰ ਸਿੰਘ ਦੀਆਂ ਇਨ੍ਹਾਂ ਸੇਵਾਵਾਂ ਬਦਲੇ ਉਨ੍ਹਾਂ ਨੂੰ 5 ਵਾਰ ਸਟੇਟ ਐਵਾਰਡ, 4 ਵਾਰ ਜ਼ਿਲ੍ਹਾ ਪੱਧਰ 'ਤੇ ਸਨਮਾਨ ਮਿਲ ਚੁੱਕਾ ਹੈ। ਇਸ ਤੋਂ ਇਲਾਵਾ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਪਿੰਗਲਵਾੜਾ ਅੰਮ੍ਰਿਤਸਰ ਵੱਲੋਂ ਵੀ ਉਨ੍ਹਾਂ ਦੇ ਨੇਕ ਕਾਰਜਾਂ ਦੀ ਪ੍ਰਸ਼ੰਸਾ ਕੀਤੀ ਜਾ ਚੁੱਕੀ ਹੈ।

# ਸੰਤ ਬਾਬਾ ਹਜ਼ਾਰਾ ਸਿੰਘ ਗਰਲਜ਼ ਕਾਲਜ ਵਿਖੇ ਵਿਸ਼ਵ ਵਾਤਾਵਰਣ ਦਿਵਸ ਮਨਾਇਆ

**ਨੌਸ਼ਹਿਰਾ ਮੱਝਾ ਸਿੰਘ (ਸਤਨਾਮ ਸਿੰਘ ਕਿਰਤੀ)** ਸੰਤ ਬਾਬਾ ਹਜ਼ਾਰਾ ਸਿੰਘ ਗਰਲਜ਼ ਕਾਲਜ ਨਿੱਕੇ ਘੁੰਮਣ ਵਿਖੇ ਕਾਲਜ ਪ੍ਰਿੰ. ਨਿਰਮਲ ਗਾਂਧੀ ਦੀ ਨਿਗਰਾਨੀ ਹੇਠ ਵਿਸ਼ਵ ਵਾਤਾਵਰਣ ਦਿਵਸ ਦੇ ਸੰਬੰਧ ਵਿੱਚ ਇੱਕ ਪ੍ਰੋਗਰਾਮ ਕਰਵਾਇਆ ਗਿਆ। ਸਰੀਰਕ ਸਿੱਖਿਆ ਵਿਭਾਗ ਦੇ ਪ੍ਰੋਫੈਸਰ ਸੰਦੀਪ ਕੌਰ ਦੀ ਅਗਵਾਈ ਹੇਠ ਵੱਖ-ਵੱਖ ਕਲਾਸਾਂ ਦੀਆਂ ਵਿਦਿਆਰਥਣਾਂ ਨੇ ਇਸ ਮੌਕੇ ਕਰਵਾਏ ਮੁਕਾਬਲਿਆਂ ਜਿਵੇਂ ਪੋਸਟਰ ਮੇਕਿੰਗ, ਮਾਡਲ ਬਣਾਉਣਾ, ਪੌਟ ਡੈਕੋਰੇਸ਼ਨ ਅਤੇ ਭਾਸ਼ਨ ਮੁਕਾਬਲਿਆਂ ਵਿੱਚ ਹਿੱਸਾ ਲਿਆ। ਕਾਲਜ ਪ੍ਰਿੰਸੀਪਲ ਨਿਰਮਲ ਪਾਂਧੀ ਵੱਲੋਂ ਵਿਦਿਆਰਥਣਾਂ ਨੂੰ ਵਾਤਾਵਰਨ ਦੀ ਸੰਭਾਲ ਲਈ ਆਪਣੇ ਆਲੇ-ਦੁਆਲੇ ਨੂੰ ਸਾਫ-ਸੁਥਰਾ ਰੱਖਣ 'ਤੇ ਬਲ ਦਿੱਤਾ ਗਿਆ। ਇਸ ਮੌਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਆਏ ਪ੍ਰੋਫੈਸਰ ਸਾਹਿਬਾਨ ਡਾ. ਸੰਦੀਪ ਸ਼ਰਮਾ, ਡਾ. ਰਾਜੇਸ਼ ਕੁਮਾਰ, ਡਾ. ਸੁਮਨੀਤ ਕੌਰ ਅਤੇ ਡਾ. ਮਨਜਿੰਦਰ ਸਿੰਘ ਵੱਲੋਂ ਵੀ ਕਾਲਜ ਵਿਦਿਆਰਥਣਾਂ ਨੂੰ ਸੰਬੋਧਨ ਕਰਦਿਆਂ ਵੱਖ-ਵੱਖ ਮੁਕਾਬਲਿਆਂ ਵਿੱਚ ਭਾਗੀਦਾਰ ਵਿਦਿਆਰਥਣਾਂ ਦੀ ਹੌਸਲਾ ਅਫਜ਼ਾਈ ਕੀਤੀ ਗਈ ਅਤੇ ਕਾਲਜ ਕੈਂਪਸ ਵਿੱਚ ਪੌਦੇ ਲਗਾਏ ਗਏ। ਅੰਤ ਵਿੱਚ ਛੋਟੇ ਆਕਾਰ ਦੇ ਪੋਸਟਰ ਮੇਕਿੰਗ ਮੁਕਾਬਲੇ ਵਿੱਚ ਕਾਲਜ ਵਿਦਿਆਰਥਣ ਰਿਪਨ ਅਤੇ ਸਿਮਰਨ ਨੂੰ ਮੈਡਲ ਦੇ ਕੇ ਸਨਮਾਨਤ ਕੀਤਾ ਗਿਆ। ਵੱਡੇ ਆਕਾਰ ਦੇ ਪੋਸਟਰ ਮੇਕਿੰਗ ਮੁਕਾਬਲੇ ਵਿੱਚ ਕਾਲਜ ਵਿਦਿਆਰਥਣ ਜਸਮੀਤ, ਸਿਮਰਤ ਅਤੇ ਗੁਰਲੀਨ ਨੂੰ ਸਨਮਾਨਤ ਕੀਤਾ ਗਿਆ। ਇਵੇਂ ਹੀ ਪੋਟ ਡੈਕੋਰੇਸ਼ਨ ਵਿੱਚ ਸਿਮਰ, ਪਲਕ ਅਤੇ ਨਵਕਿਰਨਜੋਤ ਨੂੰ ਸਨਮਾਨਤ ਕੀਤਾ ਗਿਆ। ਮਾਡਲ ਬਣਾਉਣ ਵਿੱਚ ਨਵਜੋਤ ਕੌਰ ਅਤੇ ਭਾਸ਼ਨ ਮੁਕਾਬਲੇ ਵਿੱਚ ਮਹਿਕਪ੍ਰੀਤ ਕੌਰ,ਪਰਨੀਤ ਕੌਰ ਅਤੇ ਰਾਜਵਿੰਦਰ ਕੌਰ ਨੂੰ ਸਨਮਾਨਤ ਕੀਤਾ ਗਿਆ। ਕਾਲਜ ਚੇਅਰਮੈਨ ਕਾਰ ਸੇਵਾ ਮੁਖੀ ਬਾਬਾ ਅਮਰੀਕ ਸਿੰਘ ਨੇ ਵਿਦਿਆਰਥਣਾਂ ਤੇ ਸਟਾਫ ਦੇ ਵਾਤਾਵਰਣ ਪ੍ਰੇਮ ਦੀ ਉਚੇਚੇ ਤੌਰ 'ਤੇ ਸ਼ਲਾਘਾ ਕੀਤੀ।



# ਬਿਜਲੀ ਕਾਮਿਆਂ ਵੱਲੋਂ ਮੰਗਾਂ ਸੰਬੰਧੀ ਰੋਸ ਰੈਲੀ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਸਾਂਝੀ ਸੰਘਰਸ਼ ਕਮੇਟੀ ਸਰਕਲ ਗੁਰਦਾਸਪੁਰ ਦੇ ਸੱਦੇ 'ਤੇ ਸਬ ਡਵੀਜ਼ਨ ਕਾਦੀਆਂ ਦੇ ਬਿਜਲੀ ਕਾਮਿਆਂ ਵੱਲੋਂ ਰੋਸ ਰੈਲੀ ਕੀਤੀ ਗਈ। ਇਸ ਮੌਕੇ ਵੱਖ-ਵੱਖ ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ 295/19 ਸੀ ਆਰ ਏ ਅਧੀਨ ਭਰਤੀ ਹੋਏ ਕਰਮਚਾਰੀਆਂ ਦੇ ਪ੍ਰਬੋਸ਼ਨ ਪੀਰੀਅਡ ਪੂਰਾ ਕਰ ਲੈਣ ਦੇ ਬਾਵਜੂਦ ਰੈਗੂਲਰ ਕਰਕੇ ਪੂਰੀ ਤਨਖਾਹ ਜਾਰੀ ਨਹੀਂ ਕੀਤੀ ਗਈ । ਪਾਵਰਕਾਮ ਦੀ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਵੱਲੋਂ ਵਿੱਢੇ ਜਾਬਰ ਹੱਲੇ ਵਿਰੁੱਧ ਕਰਮਚਾਰੀਆਂ ਵਿਚ ਬੇਚੈਨੀ ਪੈਦਾ ਹੋ ਰਹੀ ਹੈ। ਆਗੂਆਂ ਨੇ ਕਿਹਾ ਕਿ ਜੇਕਰ ਕਰਮਚਾਰੀਆਂ ਦੀਆਂ ਤਨਖਾਹਾਂ ਜਾਰੀ ਨਾ ਕੀਤੀਆਂ ਤਾਂ ਬਿਜਲੀ ਕਾਮੇ 16 ਜੂਨ ਨੂੰ ਮੰਡਲ ਦਫਤਰ ਕਾਦੀਆਂ ਅੱਗੇ ਧਰਨਾ ਦੇਣ ਲਈ ਮਜਬੂਰ ਹੋਣਗੇ। ਇਸ ਮੌਕੇ ਸੰਬੋਧਨ ਕਰਦੇ ਸਾਥੀ ਫੈਡਰੇਸ਼ਨ ਏਟਕ ਵੱਲੋਂ ਪਿਆਰਾ ਸਿੰਘ ਭਾਮੜੀ, ਦਲਜੀਤ ਸਿੰਘ ਸਿੱਧਵਾਂ, ਟੀ ਐਸ ਯੂ ਵੱਲੋਂ ਜਗਤਾਰ ਸਿੰਘ ਖੁੰਡਾ, ਸੁਖਦੇਵ ਸਿੰਘ ਸੇਖਵਾਂ, ਸੁਰਜੀਤ ਸਿੰਘ ਗੁਰਾਇਆ, ਮੁਲਾਜ਼ਮ ਯੂਨਾਇਟੇਡ ਆਰਗੇਨਾਈਜ਼ ਵੱਲੋਂ ਮਨਦੀਪ ਸਿੰਘ, ਜਸਬੀਰ ਸਿੰਘ, ਇੰਪਲਾਈਜ਼ ਫੈਡਰੇਸ਼ਨ ਵੱਲੋਂ ਬਲਜਿੰਦਰ ਸਿੰਘ ਬਾਜਵਾ, ਸੁਖਵਿੰਦਰ ਸਿੰਘ, ਕਰਮਚਾਰੀ ਦਲ ਦੇ ਸੁਰਿੰਦਰ ਸਿੰਘ ਸ਼ਾਮਲ ਹੋਏ।

# ਵਾਤਾਵਰਣ ਸ਼ੁੱਧ ਰੱਖਣ ਲਈ ਬੂਟਿਆਂ ਨੂੰ ਬੱਚਿਆਂ ਵਾਂਗ ਪਾਲਣਾ ਚਾਹੀਦੈ: ਡਾ. ਢਿੱਲੋਂ



**ਮਜੀਠਾ (ਸੋਇਮ ਆਨੰਦ)**-ਵਿਸ਼ਵ ਵਾਤਾਵਰਣ ਦਿਵਸ ਦੇ ਸਬੰਧ ਵਿਚ ਤਹਿਸੀਲ ਕੰਪਲੈਕਸ ਮਜੀਠਾ ਵਿਖੇ ਐਸਡੀਐਮ ਮਜੀਠਾ ਡਾ: ਹਰਨੂਰ ਕੌਰ ਢਿੱਲੋਂ ਵਲੋਂ ਬੂਟੇ ਲਗਾ ਕੇ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਛਾਂਦਾਰ ਅਤੇ ਫਲਦਾਰ ਬੂਟੇ ਲਗਾਉਣ ਤੋ ਬਾਅਦ ਡਾ: ਹਰਨੂਰ ਕੌਰ ਢਿੱਲੋ ਨੇ ਗੱਲਬਾਤ ਕਰਦਿਆਂ ਕਿਹਾ ਕਿ ਆਪਣੇ ਆਲੇ ਦੁਆਲ ਦੇ ਵਾਤਾਵਰਣ ਨੂੰ ਬਚਾਉਣ ਅਤੇ ਇਸ ਦੀ ਸਾਂਭ ਸੰਭਾਲ ਕਰਨ ਲਈ ਸਾਨੂੰ ਸਭਨਾਂ ਨੂੰ ਵੱਧ ਤੋਂ ਵੱਧ ਬੂਟੇ ਲਗਾਉਣੇ ਚਾਹੀਦੇ ਹਨ ਅਤੇ ਇਨ੍ਹਾਂ ਬੂਟਿਆਂ ਦੀ ਸਾਂਭ-ਸੰਭਾਲ ਬੱਚਿਆਂ ਦੀ ਤਰ੍ਹਾਂ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਅੱਜ ਸਮੇਂ ਦੀ ਮੁੱਖ ਲੋੜ ਹੈ ਕਿ ਆਪਣੇ ਚੁਗਿਰਦੇ ਵਿਚ ਬੂਟੇ ਲਗਾਏ ਜਾਣ ਕਿਉਂਕਿ ਵਾਤਾਵਰਣ ਬਹੁਤ ਗੰਧਲਾ ਹੋਇਆ ਪਿਆ ਹੈ। ਮਨੁੱਖੀ ਜੀਵਨ ਨੂੰ ਬਚਾਉਣ ਵਾਸਤੇ ਰੁੱਖਾਂ ਦੀ ਬਹੁਤ ਲੋੜ ਹੈ। ਉਨ੍ਹਾਂ ਨੇ ਕਿਸਾਨ ਭਰਾਵਾਂ ਨੂੰ ਵੀ ਅਪੀਲ ਕੀਤੀ ਕਿ ਉਹ ਫਸਲਾਂ ਦੀ ਰਹਿੰਦ-ਖੂੰਹਦ ਖੇਤਾਂ ਵਿੱਚ ਨਾ ਸਾੜ ਕੇ ਖੇਤ ਵਿਚ ਹੀ ਮਿਲਾ ਦੇਣ ਕਿਉਂਕਿ ਇਸ ਰਹਿੰਦ-ਖੂੰਹਦ ਨਾਲ ਖੇਤਾਂ ਕਿਨਾਰੇ ਲਗੇ ਅਨੇਕਾਂ ਰੁੱਖ ਇਸ ਅੱਗ ਦੀ ਭੇਟ ਚੜ੍ਹ ਰਹੇ ਹਨ ਜਿਹੜਾ ਕਿ ਬਹੁਤ ਘਾਤਕ ਹੈ। ਉਨ੍ਹਾਂ ਕਿਹਾ ਕਿ ਵੱਖ-ਵੱਖ ਵਿਭਾਂਗਾਂ ਬਲਾਕ ਵਿਕਾਸ ਤੇ ਪੰਚਾਇਤ ਵਿਭਾਗ, ਮਨਰੇਗਾ, ਅਤੇ ਪੰਚਾਇਤਾਂ ਦੀ ਸਹਾਇਤਾ ਨਾਲ ਇਸ ਮੁਹਿੰਮ ਨੂੰ ਅਗੇ ਚਲਾਇਆ ਜਾਵੇਗਾ। ਉਨ੍ਹਾਂ ਨੇ ਇਸ ਵਾਸਤੇ ਲੋਕਾਂ ਪਾਸੋਂ ਸਹਿਯੋਗ ਦੀ ਮੰਗ ਕੀਤੀ। ਇਸ ਮੌਕੇ ਐਸਡੀਐਮ ਡਾ: ਹਰਨੂਰ ਕੌਰ ਢਿੱਲੋਂ ਦੇ ਨਾਲ ਬਲਾਕ ਵਿਕਾਸ ਤੇ ਪੰਚਾਇਤ ਅਫਸਰ ਮੈਡਮ ਜਸਬੀਰ ਕੌਰ, ਤਹਿਸੀਲਦਾਰ ਰਤਨਜੀਤ ਖੁੱਲਰ, ਏਪੀਓ ਨਰਿੰਦਰ ਸਿੰਘ, ਪੰਚਾਇਤ ਅਫਸਰ ਕੁਲਬੀਰ ਸਿੰਘ, ਪਲਵਿੰਦਰ ਸਿੰਘ, ਰੀਡਰ ਵਰਿੰਦਰ ਭਾਟੀਆ, ਦੀਪਕ ਭੱਟੀ, ਲਿਆਸ ਮਸੀਹ, ਹਰਦੀਪ ਸਿੰਘ ਨਿਰਮਲ ਸਿੰਘ ਆਦਿ ਹਾਜ਼ਰ ਸਨ।

# ਰਾਜਪਾਲ ਨੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਦਾ ਜਾਇਜ਼ਾ ਲੈਣ ਲਈ ਅੰਮ੍ਰਿਤਸਰ ਤੇ ਤਰਨ ਤਾਰਨ ਦੇ ਪੰਚਾਂ ਸਰਪੰਚਾਂ ਨਾਲ ਕੀਤੀ ਚਰਚਾ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**- ਸਰਹੱਦੀ ਸੁਰੱਖਿਆ ਨੂੰ ਮਜ਼ਬੂਤ ਕਰਨ ਅਤੇ ਘੁਸਪੈਠ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਾਰਨ ਪੈਦਾ ਹੋ ਰਹੀਆਂ ਲਗਾਤਾਰ ਚੁਣੌਤੀਆਂ ਦਾ ਮੁਕਾਬਲਾ ਕਰਨ ਲਈ ਦ੍ਰਿੜ੍ਹ ਯਤਨਾਂ ਤਹਿਤ ਬਨਵਾਰੀ ਲਾਲ ਪੁਰੋਹਿਤ, ਰਾਜਪਾਲ ਪੰਜਾਬ ਨੇ ਅੱਜ ਅੰਮ੍ਰਿਤਸਰ ਅਤੇ ਤਰਨ ਤਾਰਨ ਦੇ ਪੰਚਾਂ ਸਰਪੰਚਾਂ ਨਾਲ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਿੰਡੀਕੇਟ ਹਾਲ ਵਿਖੇ ਵਿਚਾਰ ਚਰਚਾ ਕੀਤੀ। ਇਸ ਦੌਰੇ ਦਾ ਉਦੇਸ਼ ਮੌਜੂਦਾ ਸੁਰੱਖਿਆ ਉਪਾਵਾਂ ਦਾ ਮੁਲਾਂਕਣ ਕਰਨਾ, ਖਤਰੇ ਦੇ ਵਿਕਾਸ ਨੂੰ ਸਮਝਣਾ ਅਤੇ ਸਰਹੱਦੀ ਪਿੰਡਾਂ ਵਿੱਚ ਰਹਿਣ ਵਾਲੇ ਲੋਕਾਂ ਦੇ ਮਨੋਬਲ ਨੂੰ ਵਧਾਉਣਾ ਸੀ। ਇਸ ਮੌਕੇ ਮੁੱਖ ਸਕੱਤਰ ਪੰਜਾਬ ਵੀ ਕੇ ਜੰਜੂਆ, ਡੀ ਜੀ ਪੀ ਪੰਜਾਬ ਗੌਰਵ ਯਾਦਵ, ਰਮੇਸ਼ ਕੁਮਾਰ ਗੈਂਟਾ, ਪ੍ਰਭਾਰੀ ਸੈਕਟਰੀ ਅੰਮ੍ਰਿਤਸਰ, ਸਰਵਜੀਤ ਸਿੰਘ, ਪ੍ਰਭਾਰੀ ਸੈਕਟਰੀ ਅੰਮ੍ਰਿਤਸਰ, ਕੇ.ਸ਼ਿਵਾ ਪ੍ਰਸ਼ਾਦ, ਵਧੀਕ ਚੀਫ ਸੈਕਟਰੀ/ਗਵਰਨਰ ਪੰਜਾਬ, ਡਾ. ਜਸਪਾਲ ਸਿੰਘ ਸੰਧੂ, ਵਾਇਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਨੌਨਿਹਾਲ ਸਿੰਘ, ਪੁਲਸ ਕਮਿਸ਼ਨਰ ਅੰਮ੍ਰਿਤਸਰ, ਸਤਿੰਦਰ ਸਿੰਘ ਐਸ ਐਸ ਪੀ ਅੰਮ੍ਰਿਤਸਰ ਦਿਹਾਤੀ, ਗੁਰਮੀਤ ਸਿੰਘ ਚੌਹਾਨ, ਐਸ ਐਸ ਪੀ ਤਰਨ ਤਾਰਨ, ਸੰਦੀਪ ਰਿਸ਼ੀ, ਕਮਿਸ਼ਨਰ ਨਗਰ ਨਿਗਮ, ਅੰਮ੍ਰਿਤਸਰ ਅਤੇ ਹੋਰ ਸੀਨੀਅਰ ਅਧਿਕਾਰੀ ਹਾਜ਼ਰ ਸਨ। ਇਸ ਮੌਕੇ ਰਾਜਪਾਲ ਨੇ ਮੌਜੂਦਾ ਸੁਰੱਖਿਆ ਸਥਿਤੀ ਬਾਰੇ



ਜਾਣਕਾਰੀ ਹਾਸਲ ਕਰਨ ਲਈ ਸੁਰੱਖਿਆ ਕਰਮਚਾਰੀਆਂ, ਸਥਾਨਕ ਅਧਿਕਾਰੀਆਂ ਅਤੇ ਸਰਹੱਦੀ ਪਿੰਡਾਂ ਦੇ ਪੰਚਾਂ ਸਰਪੰਚਾਂ ਅਤੇ ਮੋਹਰਬਰ ਵਿਅਕਤੀਆਂ ਨਾਲ ਵਿਆਪਕ ਚਰਚਾ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਰਾਜਪਾਲ ਨੇ ਸਰਪੰਚਾਂ ਪੰਚਾਂ ਨੂੰ ਕਿਹਾ ਕਿ ਉਹ ਚੌਕਸ ਰਹਿਣ ਅਤੇ ਸੁਰੱਖਿਆ ਬਲਾਂ ਦੇ ਅੱਖ ਅਤੇ ਕੰਨ ਵਜੋਂ ਕੰਮ ਕਰਨ ਅਤੇ ਆਸਪਾਸ ਹੋ ਰਹੀ ਕੋਈ ਸ਼ੱਕੀ ਗਤੀਵਿਧੀ ਬਾਰੇ ਸੁਰੱਖਿਆ ਬਲਾਂ ਨੂੰ ਚੌਕਸ ਕਰਨ। ਉਨ੍ਹਾ ਕਿਹਾ ਕਿ ਸਾਰੀਆਂ ਫੋਰਸਾਂ ਮਿਲ ਕੇ ਕੰਮ ਕਰ ਰਹੀਆਂ ਹਨ ਅਤੇ ਲਗਾਤਾਰ ਦੁਸ਼ਮਣ ਵੱਲੋਂ ਭੇਜੇ ਜਾ ਰਹੇ ਡਰੋਨਾਂ ਨੂੰ ਸੁੱਟਿਆ ਜਾ ਰਿਹਾ ਹੈ। ਉਨ੍ਹਾ ਕਿਹਾ ਕਿ ਸਾਨੂੰ ਆਪਣੀ ਨਵੀਂ ਪੀੜ੍ਹੀ ਨੂੰ ਨਸ਼ੇ ਤੋਂ ਬਚਾਉਣ ਲਈ ਰਾਸ਼ਟਰ ਦੀ ਸੁਰੱਖਿਆ ਵਿੱਚ ਅਹਿਮ ਯੋਗਦਾਨ ਪਾਉਣਾ ਹੋਵੇਗਾ। ਉਨ੍ਹਾ ਕਿਹਾ ਕਿ ਜੇਕਰ ਪਿੰਡ ਵਿੱਚ ਕੋਈ ਵਿਅਕਤੀ ਨਸ਼ਾ ਆਦਿ ਵੇਚਦਾ ਹੈ ਤਾਂ ਉਸ ਦਾ ਮੁਕੰਮਲ ਬਾਈਕਾਟ ਕੀਤਾ ਜਾਵੇ। ਪਰੋਹਿਤ ਨੇ ਕਿਹਾ ਕਿ ਪਿੰਡਾਂ ਵਿੱਚ ਵਿਲੇਜ ਡਿਫੈਂਸ ਕਮੇਟੀਆਂ ਸਥਾਪਤ ਕਰਨੀਆਂ ਚਾਹੀਦੀਆਂ ਹਨ ਅਤੇ ਇਨ੍ਹਾਂ ਕਮੇਟੀਆਂ ਵੱਲੋਂ ਲਗਾਤਾਰ ਆਪਸ ਵਿੱਚ ਮਿਲ ਕੇ ਸੂਚਨਾ ਸਾਂਝੀ ਕਰਨੀ ਚਾਹੀਦੀ ਹੈ ਤਾਂ ਜੋ ਮਾੜੇ ਅਨਸਰਾਂ ਬਾਰੇ ਪਤਾ ਚੱਲ ਸਕੇ। ਇਸ ਮੌਕੇ ਡਿਪਟੀ ਕਮਿਸ਼ਨਰ ਅਮਿਤ ਤਲਵਾੜ ਨੇ ਰਾਜਪਾਲ ਪੰਜਾਬ ਅਤੇ ਹੋਰ ਉਚ ਅਧਿਕਾਰੀਆਂ ਦੇ ਇਥੇ ਪੁੱਜਣ 'ਤੇ ਧੰਨਵਾਦ ਕੀਤਾ।

# ਜੀ ਟੀ ਬੀ ਆਈ ਸਕੂਲ ਕਲਿਆਣਪੁਰ 'ਚ ਜੀ-20 ਅੰਤਰਰਾਸ਼ਟਰੀ ਕੁਇਜ਼ ਮੁਕਾਬਲਾ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**- ਗੁਰੂ ਤੇਗ ਬਹਾਦੁਰ ਇੰਟਰਨੈਸ਼ਨਲ (ਜੀ.ਟੀ.ਬੀ.ਆਈ) ਸਕੂਲ ਕਲਿਆਣਪੁਰ ਵਿੱਚ ਜੀ-20 ਅੰਤਰਰਾਸ਼ਟਰੀ ਕੁਇਜ਼ ਮੁਕਾਬਲਾ ਕਰਵਾਇਆ ਗਿਆ। ਇਹ ਕੁਇਜ਼ ਵਿਸ਼ਵ ਭਰ ਵਿੱਚ ਗਰੀਨ ਮੈਨਟਰਸ ਸੰਸਥਾ ਵੱਲੋਂ ਕਰਵਾਇਆ ਗਿਆ। ਇਸ ਮੁਕਾਬਲੇ ਵਿੱਚ ਸਕੂਲ ਦੇ 116 ਵਿਦਿਆਰਥੀਆਂ ਨੇ ਆਨਲਾਈਨ ਪੇਪਰ ਦਿੱਤਾ। ਇਸ ਸੰਬੰਧੀ ਸਕੂਲ ਦੇ ਪ੍ਰਿੰਸੀਪਲ ਡਾ. ਰਵਨੀਤ ਕੌਰ ਨੇ ਦੱਸਿਆ ਕਿ ਜੀ-20, 20 ਦੇਸ਼ਾਂ ਦਾ ਗਰੁੱਪ ਹੈ, ਜੋ ਵਿਸ਼ਵ ਦੀ ਜੀ.ਡੀ.ਪੀ.ਵਿੱਚ ਲਗਭਗ 85% ਹਿੱਸਾ ਪਾਉਂਦੇ ਹਨ। ਉਨ੍ਹਾਂ ਦੱਸਿਆ ਜੀ-20 ਦਾ ਕੋਈ ਵੀ ਸਥਾਈ ਸਕੱਤਰ ਜਾਂ ਸਟਾਫ ਨਹੀਂ ਹੁੰਦਾ। ਇਹ ਪ੍ਰਧਾਨਗੀ ਹਰ ਸਾਲ ਇਨ੍ਹਾਂ 20 ਦੇਸ਼ਾਂ ਵਿੱਚੋਂ ਹੀ ਇੱਕ ਦੇ ਹਿੱਸੇ ਆਉਂਦੀ ਹੈ ਅਤੇ ਇਸ ਸਾਲ ਇਹ ਮਾਣ ਭਾਰਤ ਦੇ ਹਿੱਸੇ ਆਇਆ ਹੈ। ਇਹ ਜੀ -20 ਦੇਸ਼ਾਂ ਨੂੰ 5 ਭਾਗਾਂ ਵਿੱਚ ਵੰਡਿਆ ਗਿਆ ਹੈ। ਉਨ੍ਹਾਂ ਦੱਸਿਆ ਇਸ ਵਿੱਚ ਭਾਗ ਲੈਣ ਕਰਕੇ ਸਾਡੇ ਵਿਦਿਆਰਥੀਆਂ ਨੇ ਇੰਟਰਨੈਸ਼ਨਲ ਪੱਧਰ ਤੇ ਭਾਗੀਦਾਰੀ ਸਰਟੀਫਿਕੇਟ ਵੀ ਪ੍ਰਾਪਤ ਕੀਤੇ ਹਨ। ਇਸ ਵਾਰ ਦੇ ਜੀ-20 ਸੰਮੇਲਨ ਦਾ ਮੁੱਖ ਮੰਤਵ- ਇੱਕ ਪ੍ਰਿਥਵੀ, ਇੱਕ ਪਰਵਾਰ ਤੇ ਇੱਕ ਭਵਿੱਖ ਹੈ। ਸਕੂਲ ਦੇ ਅਧਿਆਪਕਾਂ ਅਮਨਦੀਪ ਕੌਰ, ਰੁਪਿੰਦਰਜੀਤ ਕੌਰ, ਹਰਪ੍ਰੀਤ ਕੌਰ, ਸੋਨੀਆ ਮੈਰੀ, ਅਕਸ਼ਰਾ, ਜਸਪਿੰਦਰ ਕੌਰ, ਸੁਖਪ੍ਰੀਤ ਕੌਰ ਵੱਲੋਂ ਇਨ੍ਹਾਂ 20 ਦੇਸ਼ਾਂ ਦੇ ਬਾਰੇ ਜਾਣਕਾਰੀ, ਇਤਿਹਾਸ, ਰਾਜਨੀਤਕ ਪ੍ਰਣਾਲੀ, ਸਿੱਖਿਆ, ਕਰੰਸੀ, ਭੂਗੋਲ ਅਤੇ ਹੋਰ ਵੀ ਵਿਸ਼ਿਆਂ ਤੇ ਵਿਦਿਆਰਥੀਆਂ ਨੂੰ ਤਿਆਰੀ ਕਰਵਾਈ। ਸਕੂਲ ਪ੍ਰਿੰਸੀਪਲ ਡਾ. ਰਵਨੀਤ ਕੌਰ, ਚੇਅਰਮੈਨ ਤਰਸੇਮ ਸਿੰਘ ਅਤੇ ਡਾਇਰੈਕਟਰ ਸੁਰਜੀਤ ਸਿੰਘ ਨੇ ਗਰੀਨ ਮੈਨਟਰਸ ਸੰਸਥਾ ਦੇ ਸੰਸਥਾਪਕ ਵਰਿੰਦਰ ਰਾਵਤ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਰਾਵਤ ਦੇ ਇਸ ਉਪਰਾਲੇ ਸਦਕਾ ਬੱਚਿਆਂ ਨੇ ਵਧੇਰੇ ਜਾਣਕਾਰੀ ਹਾਸਲ ਕੀਤੀ ਹੈ। ਇਸ ਕੁਇਜ਼ ਮੁਕਾਬਲੇ ਦਾ ਨਤੀਜਾ 15 ਅਗਸਤ ਨੂੰ ਆਵੇਗਾ।



ਨਵਾਂ ਜ਼ਮਾਨਾ

ਸ਼ੁੱਕਰਵਾਰ, 9 ਜੂਨ 2023

# ਸੰਵਿਧਾਨ ਦੀ ਪ੍ਰਸਤਾਵਨਾ ਤੇ ਅਸੀਂ

*ਕਰਨਾਟਕ ਸਿੱਖਿਆ ਵਿਭਾਗ ਨੇ ਫੈਸਲਾ ਕੀਤਾ ਹੈ ਕਿ ਸਕੂਲਾਂ ਅੰਦਰ ਸਵੇਰ ਦੀ ਸਭਾ ਵਿੱਚ ਵਿਦਿਆਰਥੀਆਂ ਨੂੰ ਸੰਵਿਧਾਨ ਦੀ ਪ੍ਰਸਤਾਵਨਾ ਦੀ ਸਹੁੰ ਚੁਕਾਈ ਜਾਇਆ ਕਰੇਗੀ। ਇਸ ਪ੍ਰਸਤਾਵਨਾ ਵਿੱਚ ਦਰਜ ਅਜ਼ਾਦੀ, ਬਰਾਬਰਤਾ, ਨਿਆਂ, ਭਾਈਚਾਰਾ, ਵਿਅਕਤੀ ਦਾ ਮਾਣ-ਸਨਮਾਨ ਵਰਗੀਆਂ ਸੰਵਿਧਾਨਕ ਕਦਰਾਂ ਸਾਡੇ ਜੀਵਨ ਦਾ ਅਧਾਰ ਹਨ। ਇਹ ਚੰਗੀ ਪਹਿਲ ਹੈ, ਪਰ ਬੀਤੇ 75 ਸਾਲਾਂ ਦੌਰਾਨ ਅਸੀਂ ਇਨ੍ਹਾਂ ਸੰਵਿਧਾਨਕ ਕਦਰਾਂ ਨੂੰ ਆਪਣੀ ਜ਼ਿੰਦਗੀ ਵਿੱਚ ਕਿੰਨਾ ਕੁ ਢਾਲਿਆ, ਇਸ ਬਾਰੇ ਗੱਲ ਕਰਨ ਤੋਂ ਪਹਿਲਾਂ ਹਾਲੀਆ ਵਾਪਰੀਆਂ ਦੋ ਘਟਨਾਵਾਂ ਦਾ ਜ਼ਿਕਰ ਕਰਨਾ ਚਾਹਾਂਗੇ। ਦੋਵੇਂ ਘਟਨਾਵਾਂ ਭਾਜਪਾ ਸ਼ਾਸਤ ਰਾਜਾਂ ਦੀਆਂ ਹਨ।*

*ਪਹਿਲੀ ਘਟਨਾ ਮੱਧ ਪ੍ਰਦੇਸ਼ ਦੇ ਛਤਰਪੁਰ ਦੀ ਹੈ, ਜਿੱਥੇ ਇੱਕ ਦਲਿਤ ਲਾੜੇ ਦੇ ਘੋੜੀ ਚੜ੍ਹਨ ਉੱਤੇ ਫਸਾਦ ਹੋ ਗਿਆ। ਲਾੜੇ ਦੀ ਬਰਾਤ ਤੁਰਨ ਤੋਂ ਪਹਿਲਾਂ ਉਸ ਨੂੰ ਘੋੜੀ ਉੱਤੇ ਬਿਠਾ ਕੇ ਪਿੰਡ ਦੀ ਫੇਰੀ ਲਾਉਣ ਦੀ ਰਸਮ ਹੋ ਰਹੀ ਸੀ। ਲਾੜੇ ਨੂੰ ਘੋੜੀ ਉੱਤੇ ਚੜ੍ਹਿਆ ਦੇਖ ਕੇ ਉੱਚ ਜਾਤੀ ਦੇ ਜ਼ੋਰਾਵਰਾਂ ਨੇ ਬਰਾਤ ਉੱਤੇ ਪਥਰਾਅ ਸ਼ੁਰੂ ਕਰ ਦਿੱਤਾ। ਇਸ ਨਾਲ ਕਈ ਬਰਾਤੀ ਤੇ ਤਿੰਨ ਪੁਲਸ ਮੁਲਾਜ਼ਮ ਜ਼ਖ਼ਮੀ ਹੋ ਗਏ। ਇਸ ਤੋਂ ਬਾਅਦ ਹੋਰ ਪੁਲਸ ਮੰਗਵਾ ਕੇ ਰਸਮ ਪੂਰੀ ਕੀਤੀ ਗਈ ਅਤੇ ਵਿਆਹ ਦੀਆਂ ਬਾਕੀ ਰਸਮਾਂ ਵੀ ਪੁਲਸ ਸੁਰੱਖਿਆ ਹੇਠ ਕੀਤੀਆਂ ਗਈਆਂ।*

*ਦੂਜੀ ਘਟਨਾ ਗੁਜਰਾਤ ਦੇ ਪਾਟਨ ਜ਼ਿਲ੍ਹੇ ਦੇ ਕੋਸੀ ਪਿੰਡ ਦੀ ਹੈ। ਇੱਥੇ ਉੱਚ ਜਾਤੀ ਦੇ ਬੱਚੇ ਸਕੂਲ ਵਿੱਚ ਕ੍ਰਿਕਟ ਖੇਡ ਰਹੇ ਸਨ। ਪਿੰਡ ਦੇ ਬਾਕੀ ਬੱਚੇ ਇਸ ਕ੍ਰਿਕਟ ਮੈਚ ਨੂੰ ਦੇਖ ਰਹੇ ਸਨ, ਜਿਨ੍ਹਾਂ ਵਿੱਚ ਦਲਿਤ ਬੱਚੇ ਵੀ ਸਨ। ਕ੍ਰਿਕਟ ਗੇਂਦ ਜਦੋਂ ਇਨ੍ਹਾਂ ਬੱਚਿਆਂ ਕੋਲ ਆਈ ਤਾਂ ਇੱਕ ਦਲਿਤ ਬੱਚੇ ਨੇ ਗੇਂਦ ਚੁੱਕ ਲਈ। ਇਸ ਉੱਤੇ ਉੱਚ ਜਾਤੀ ਦੇ ਮੁੰਡੇ ਭੜਕ ਉੱਠੇ ਤੇ ਦਲਿਤਾਂ ਨੂੰ ਜਾਤੀਸੂਚਕ ਗਾਹਲਾਂ ਕੱਢੀਆਂ। ਕੁਝ ਸਮੇਂ ਤੋਂ ਬਾਅਦ ਮਾਮਲਾ ਸ਼ਾਂਤ ਹੋ ਗਿਆ, ਪਰ ਸ਼ਾਮ ਨੂੰ 7-8 ਮੁੰਡਿਆਂ ਦੇ ਇੱਕ ਗਰੁੱਪ ਨੇ ਦਲਿਤ ਬੱਚੇ ਦੇ ਘਰ ਉੱਤੇ ਹਮਲਾ ਕਰ ਦਿੱਤਾ। ਉਹ ਹਥਿਆਰਾਂ ਨਾਲ ਲੈਸ ਸਨ। ਉਨ੍ਹਾਂ ਆਉਂਦਿਆਂ ਹੀ ਬੱਚੇ ਦੇ ਚਾਚੇ ਤੇ ਭਰਾ ਨੂੰ ਗੰਭੀਰ ਰੂਪ ਵਿੱਚ ਜ਼ਖ਼ਮੀ ਕਰਕੇ ਬੱਚੇ ਦੇ ਚਾਚੇ ਦਾ ਅੰਗੂਠਾ ਵੱਢ ਦਿੱਤਾ। ਦੋਹਾਂ ਹੀ ਘਟਨਾਵਾਂ ਵਿੱਚ ਕੇਸ ਦਰਜ ਹੋਏ ਪਰ ਗ੍ਰਿਫ਼ਤਾਰੀ ਕੋਈ ਨਹੀਂ ਹੋਈ।*

*ਮੱਧ ਪ੍ਰਦੇਸ਼ ਵਿੱਚ ਤਾਂ ਐੱਸ ਸੀ/ਐੱਸ ਟੀ ਲਈ ਜੀਣਾ ਵੀ ਮੁਹਾਲ ਹੋ ਚੁੱਕਾ ਹੈ। ਲਾੜੇ ਦੇ ਘੋੜੀ ਚੜ੍ਹਨ ਦੀ ਗੱਲ ਤਾਂ ਇੱਕ ਪਾਸੇ, ਚੰਗੇ ਕੱਪੜੇ ਪਾ ਲੈਣ, ਮੁੱਛਾਂ ਰੱਖ ਲੈਣ, ਉੱਚੀ ਜਾਤ ਵਾਲਿਆਂ ਨੂੰ ਰਾਮ ਰਾਮ ਨਾ ਕਹਿਣ ਤੇ ਉਨ੍ਹਾਂ ਸਾਹਮਣੇ ਨੀਵੀਂ ਥਾਂ ਨਾ ਬਹਿਣ ਉੱਤੇ ਕੁੱਟਮਾਰ ਸਹਿਣੀ ਆਮ ਗੱਲ ਹੈ। ਪੇਂਡੂ ਸਮਾਜ ਵਿੱਚ ਗੈਰ-ਬਰਾਬਰੀ ਏਨੀ ਹਾਵੀ ਹੈ ਕਿ ਨਾਈਆਂ ਨੂੰ ਦਲਿਤ ਵਿਅਕਤੀਆਂ ਦੇ ਵਾਲ ਕੱਟਣ ਤੱਕ ਦੀ ਮਨਾਹੀ ਹੈ। ਅਨੁਸੂਚਿਤ ਜਾਤ ਦੇ ਵਿਅਕਤੀ ਦੇ ਵਾਲ ਕੱਟਣ ਉੱਤੇ ਨਾਈਆਂ ਦਾ ਸਮਾਜਕ ਬਾਈਕਾਟ ਕਰ ਦਿੱਤਾ ਜਾਂਦਾ ਹੈ।*

*ਇਨ੍ਹਾਂ ਲੋਕਾਂ ਲਈ ਰੋਜ਼ਗਾਰ ਦੇ ਵੀ ਸੀਮਤ ਮੌਕੇ ਦਿੱਤੇ ਜਾਂਦੇ ਹਨ, ਜਿਹੜੇ ਉੱਚ ਜਾਤਾਂ ਦੀ ਸੇਵਾ ਵਾਲੇ ਹੁੰਦੇ ਹਨ। ਅਨੁਸੂਚਿਤ ਜਾਤ ਦਾ ਕੋਈ ਵਿਅਕਤੀ ਆਪਣੀ ਦੁਕਾਨ ਨਹੀਂ ਖੋਲ੍ਹ ਸਕਦਾ। ਇਹ ਸਿਰਫ਼ ਮੱਧ ਪ੍ਰਦੇਸ਼ ਹੀ ਨਹੀਂ, ਗੁਜਰਾਤ ਤੇ ਮਹਾਰਾਸ਼ਟਰ ਦੇ ਹਾਲਾਤ ਵੀ ਇਸ ਤੋਂ ਵੱਖਰੇ ਨਹੀਂ। ਉੱਤਰ ਭਾਰਤ ਦੀ ਗੱਲ ਕੀਤੀ ਜਾਵੇ ਤਾਂ ਸਭ ਤੋਂ ਵੱਡੇ ਸੂਬੇ ਉੱਤਰ ਪ੍ਰਦੇਸ਼ ਦੀ ਹਾਲਤ ਹੋਰ ਵੀ ਖ਼ਰਾਬ ਹੈ। ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਪੂਰੇ ਉੱਤਰ ਪ੍ਰਦੇਸ਼ ਵਿੱਚ ਇੱਕ ਵੀ ਢਾਬਾ, ਚਾਹ ਦੀ ਦੁਕਾਨ ਜਾਂ ਖਾਣ-ਪੀਣ ਦੀ ਰੇਹੜੀ ਜਾਟਵ ਵਿਅਕਤੀ ਦੀ ਨਹੀਂ ਹੈ।*

*ਇੱਕ ਪਾਸੇ ਸਾਡੇ ਸੰਵਿਧਾਨ ਦੇ ਅਜ਼ਾਦੀ, ਬਰਾਬਰਤਾ, ਭਾਈਚਾਰੇ ਤੇ ਨਿਆਂ ਵਰਗੇ ਵੱਖ-ਵੱਖ ਸੰਵਿਧਾਨਕ ਮੁੱਲ ਹਨ, ਜਿਹੜੇ ਸਾਨੂੰ ਵਧੀਆ ਨਾਗਰਿਕ ਬਣਾ ਕੇ ਸਮਾਜ ਨੂੰ ਅੱਗੇ ਵਧਾਉਣ ਦੀ ਪ੍ਰੇਰਨਾ ਦਿੰਦੇ ਹਨ, ਤੇ ਦੂਜੇ ਪਾਸੇ ਮਨੂੰਵਾਦੀ ਵਿਚਾਰਧਾਰਾ ਦੇ ਪੈਦਾ ਕੀਤੇ ਉਹ ਨਿਯਮ ਹਨ, ਜਿਹੜੇ ਮਨੁੱਖ ਨੂੰ ਮਨੁੱਖ ਵੀ ਨਹੀਂ ਸਮਝਦੇ। ਜਿੰਨਾ ਚਿਰ ਅਸੀਂ ਇਨ੍ਹਾਂ ਮਨੂੰਵਾਦੀ ਨਿਯਮਾਂ, ਜਾਤਪਾਤ, ਛੂਆਛਾਤ, ਸਮਾਜਕ ਭੇਦਭਾਵ, ਘਟੀਆ ਮਾਨਤਾਵਾਂ ਤੇ ਰੀਤੀ-ਰਿਵਾਜਾਂ ਨੂੰ ਦਫ਼ਨ ਨਹੀਂ ਕਰ ਦਿੰਦੇ, ਓਨਾ ਚਿਰ ਅਸੀਂ ਸੱਭਿਆ ਸਮਾਜ ਨਹੀਂ ਉਸਾਰ ਸਕਦੇ।*

**-ਚੰਦ ਫਤਿਹਪੁਰੀ**

# ਪੰਜਾਬ ਸਕੂਲ ਸਿੱਖਿਆ ਬੋਰਡ ਦੇ ਵਿਲੱਖਣ ਨਤੀਜੇ



ਸੁੱਚਾ ਸਿੰਘ ਖਟੜਾ

ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਇੱਕ ਆਤਮ-ਨਿਰਭਰ ਅਤੇ ਸੁਤੰਤਰ ਅਦਾਰਾ ਚਿਤਵਿਆ ਗਿਆ ਸੀ, ਜਿਸ ਵਿੱਚ ਕੁਝ ਸਿਖ਼ਰਲੇ ਅਹੁਦੇ ਹੀ ਸਰਕਾਰ ਨੇ ਭਰਨੇ ਸਨ। ਬਾਕੀ ਕੰਮ ਵੱਖ-ਵੱਖ ਕੌਂਸਲਾਂ, ਕਮੇਟੀਆਂ ਆਦਿ ਨੇ ਸੰਭਾਲਣੇ ਸਨ। ਪਰ ਸਰਕਾਰਾਂ ਦਾ ਦਖ਼ਲ ਇੱਕ ਪਾਸੇ ਸੇਵਾਦਾਰਾਂ ਦੀਆਂ ਨਿਯੁਕਤੀਆਂ ਤੱਕ ਪਹੁੰਚ ਗਿਆ, ਦੂਜੇ ਪਾਸੇ ਨਤੀਜੇ ਵੀ ਸਰਕਾਰਾਂ ਦੇ ਦਖ਼ਲ ਤੋਂ ਨਾ ਬਚ ਸਕੇ। 1968 ਵਿੱਚ 7 ਅੰਕ ਦੇ ਗਰੇਸ ਅੰਕਾਂ ਨੂੰ ਸਿੱਖਿਆ ਮੰਤਰੀ ਦਲਜੀਤ ਸਿੰਘ ਚੀਮਾ ਨੇ 2016 ਵਿੱਚ 27 ਅੰਕਾਂ ਤੱਕ ਪਹੁੰਚਾ ਦਿੱਤਾ। ਮਜਬੂਰੀ ਸੀ ਦਸਵੀਂ ਦੇ 52 ਪ੍ਰਤੀਸ਼ਤ ਅਸਲ ਨਤੀਜੇ ਨੂੰ 74 ਪ੍ਰਤੀਸ਼ਤ ਕਰਕੇ ਐਲਾਨ ਕਰਨ ਦੀ। ਇਸੇ ਹੀ ਕਲਮ ਤੋਂ ਇਨ੍ਹਾਂ ਹੀ ਕਾਲਮਾਂ ਵਿੱਚ 27 ਅੰਕਾਂ ਦੀ ਖੇਡ ਦੇ ਵਿਸ਼ਲੇਸ਼ਣ ਦੇ ਕ੍ਰਿਸ਼ਮੇ ਜਦੋਂ ਸਾਹਮਣੇ ਆਏ ਤਾਂ ਉਹੀ ਆਰਟੀਕਲ ਚੰਡੀਗੜ੍ਹ ਤੋਂ ਛਪਣ ਵਾਲੇ ਇੱਕ ਹੋਰ ਪੰਜਾਬੀ ਅਖ਼ਬਾਰ ਨੇ ਵੀ ਛਾਪ ਦਿੱਤਾ। ਚਰਚਾ ਭਖ ਗਈ। ਐੱਨ ਡੀ ਟੀ ਵੀ ਚੈਨਲ ਉੱਤੇ ਰਵੀਸ਼ ਕੁਮਾਰ ਨੇ ਇਸ ਮੁੱਦੇ ਨੂੰ ਚੰਡੀਗੜ੍ਹ ਤੋਂ ਮੁਹੰਮਦ ਗ਼ਜ਼ਾਲੀ ਦੀ ਰਿਪੋਰਟ ਨਾਲ ਆਪਣੇ ਪ੍ਰਾਇਮ ਟਾਇਮ ਵਿੱਚ ਸਥਾਨ ਦਿੱਤਾ। ਪ੍ਰੀਖਿਆ ਇੱਕ ਪਵਿੱਤਰ ਕਾਰਜ ਹੈ। ਇਸ ਵਿੱਚ ਨਿਰੱਪਖਤਾ, ਇਨਸਾਫ਼ ਦੇ ਪੈਮਾਨੇ ਜੁੜੇ ਹੁੰਦੇ ਹਨ। ਜੇਕਰ ਨਤੀਜਾ ਅਸਲ ਛੁਪਾਉਂਦਾ ਅਤੇ ਨਕਲੀ ਵਿਖਾਉਂਦਾ ਹੈ ਤਾਂ ਸਮਝੋ ਨਕਲੀ ਵਿਖਾਉਣ ਵਿੱਚ ਜਿਨ੍ਹਾਂ ਦਾ ਵੀ ਹਿੱਸਾ ਹੈ, ਉਹ ਆਪਣੀ ਇਨਸਾਨੀਅਤ ਦੀ ਜ਼ਮੀਰ ਉੱਤੇ ਢੱਕਣ ਪਾ ਕੇ ਬੱਚਿਆਂ, ਸਮਾਜ ਅਤੇ ਸਿੱਖਿਆ ਸਿਸਟਮ ਨੂੰ ਬਰਬਾਦ ਕਰਨ ਦਾ ਪਾਪ ਕਰਦੇ ਹਨ।

2022 ਵਿੱਚ ਕਾਲਜਾਂ ਦੀ ਸ਼ਿਕਾਇਤ ਸੀ ਕਿ ਜਿਹੜੇ ਵਿਦਿਆਰਥੀ +2 ਕਰਕੇ ਆ ਰਹੇ ਹਨ, ਉਨ੍ਹਾ ਨੂੰ ਅਸਲੋਂ ਹੀ ਕੁਝ ਨਹੀਂ ਆਉਂਦਾ। ਇਹ ਉਂਝ ਇਹੀ ਹਾਲ ਯੂਨੀਵਰਸਿਟੀ ਜਮਾਤਾਂ ਦਾ ਵੀ ਸੀ। 20 ਮਾਰਚ 2020 ਵਿੱਚ ਲੱਗਿਆ ਲਾਕਡਾਊਨ ਮਿਡਲ ਜਮਾਤਾਂ ਤੱਕ ਤਾਂ 2020-21 ਅਤੇ 2021-22 ਦੇ ਵਿਦਿਅਕ ਵਰ੍ਹੇ ਨੂੰ ਵੀ ਖਾ ਗਿਆ। ਇਸ ਤਰ੍ਹਾਂ ਦੋ ਵਿੱਦਿਅਕ ਵਰ੍ਹੇ ਬਰਬਾਦ ਹੋ ਗਏ। ਕੋਈ ਅਕਲੋਂ ਅੰਨ੍ਹਾ ਹੀ ਮੰਨ ਸਕਦਾ ਹੈ ਕਿ ਕੋਰੋਨਾ ਕਾਲ ਵਿੱਚ ਆਨਲਾਇਨ ਪੜ੍ਹਾਈ ਹੁੰਦੀ ਰਹੀ। 2031-32 ਤੱਕ ਸਿੱਖਿਆ ਨੂੰ ਹੋਇਆ ਇਹ ਲਕਵਾ ਭੁਗਤਣਾ ਪੈਣਾ ਹੈ।

ਪੰਜਾਬ ਬੋਰਡ ਦਾ ਅੱਠਵੀਂ ਦਾ 98.01 ਪ੍ਰਤੀਸ਼ਤ ਨਤੀਜਾ ਉਨ੍ਹਾ ਵਿਦਿਆਰਥੀਆਂ ਦਾ ਹੈ, ਜਿਨ੍ਹਾ ਨੇ 2020-21 ਵਿੱਚ ਛੇਵੀਂ ਅਤੇ 2021-22 ਵਿੱਚ ਕੁਝ ਮਹੀਨੇ ਪੜ੍ਹ ਕੇ ਸੱਤਵੀਂ ਜਮਾਤ ਕੀਤੀ। ਇਨ੍ਹਾਂ ਹੀ ਵਿਦਿਆਰਥੀਆਂ ਦਾ ਨਤੀਜਾ 98.01 ਪ੍ਰਤੀਸ਼ਤ ਵਿਖਾਉਣ ਦੀ ਮਜਬੂਰੀ ਸਮਝ ਤੋਂ ਬਾਹਰ ਹੈ। ਸਿੱਖਿਆ ਦੇ ਮੌਲਿਕ ਅਧਿਕਾਰ ਐਕਟ ਅਧੀਨ ਜਦੋਂ ਫੇਲ੍ਹ ਹੀ ਕੋਈ ਨਹੀਂ ਕੀਤਾ ਜਾਣਾ, ਫਿਰ ਇਮਤਿਹਾਨ ਬੋਰਡ ਤੱਕ ਲਿਆਉਣ ਦਾ ਪਰਪੰਚ ਕਾਹਦੇ ਲਈ?

ਇਸੇ ਤਰ੍ਹਾਂ ਦਸਵੀਂ ਦਾ 97.54 ਪ੍ਰਤੀਸ਼ਤ ਅਤੇ +2 ਦਾ 92.47 ਪ੍ਰਤੀਸ਼ਤ ਉਨ੍ਹਾ ਵਿਦਿਆਰਥੀਆਂ ਦਾ ਹੈ, ਜਿਹੜੇ ਆਪਣੇ-ਆਪਣੇ ਦੋ ਸਟੈਪ ਬਿਨਾਂ ਪੜ੍ਹਿਆਂ ਉੱਪਰ ਆਏ ਹਨ। ਇਨ੍ਹਾਂ ਬੱਚਿਆਂ ਲਈ ਸਭ ਤੋਂ ਵੱਡਾ ਲਾਭ ਇਹੀ ਰਹੇਗਾ ਕਿ ਵੱਡੇ ਹੋ ਕੇ ਇਹ ਬੱਚੇ ਆਉਣ ਵਾਲੀ ਪੀੜ੍ਹੀ ਨੂੰ ਸ਼ੇਖੀ ਮਾਰ ਸਕਦੇ ਹਨ ਕਿ ਉਹ ਆਪਣੇ ਜ਼ਮਾਨੇ ਵਿੱਚ ਦੋ ਸਾਲ ਸਕੂਲ ਨਾ ਜਾ ਕੇ ਵੀ 100 ਵਿੱਚੋਂ 100 ਅੰਕ ਜਾਂ ਉੱਚੇ ਦਰਜੇ ਵਿੱਚ ਫਸਟ ਡਵੀਜ਼ਨ ਪ੍ਰਾਪਤ ਕਰ ਗਏ ਸਨ। ਠੀਕ ਇਸੇ ਤਰ੍ਹਾਂ ਅੱਜ ਦੇ ਅਧਿਆਪਕ ਵੀ ਅਧਿਆਪਕਾਂ ਦੀ ਅਗਲੀ ਪੀੜ੍ਹੀ ਨੂੰ ਦੱਸਿਆ ਕਰਨਗੇ ਕਿ ਦੋ ਸਾਲ ਸਕੂਲ ਬੰਦ ਰਹਿਣ ਦੇ ਬਾਵਜੂਦ ਉਨ੍ਹਾਂ ਨੇ 98 ਪ੍ਰਤੀਸ਼ਤ ਨਤੀਜੇ ਕੱਢ ਵਿਖਾਏ ਸਨ।

ਲੋਕ ਅਕਸਰ ਪੁੱਛਦੇ ਹਨ ਕਿ ਹਰਿਆਣੇ ਦਾ ਦਸਵੀਂ ਦਾ ਨਤੀਜਾ 65.43 ਪ੍ਰਤੀਸ਼ਤ ਅਤੇ ਪੰਜਾਬ ਦਾ 97.54 ਪ੍ਰਤੀਸ਼ਤ ਕੀ ਦਰਸਾਉਂਦਾ ਹੈ? ਇਸ ਦਾ ਉੱਤਰ ਜਾਨਣ ਲਈ ਬੋਰਡ ਪ੍ਰੀਖਿਆ ਕੇਂਦਰ, ਪੇਪਰ ਸੈਂਟਰ, ਪੇਪਰ ਵੇਖਣ ਵਾਲੇ ਅਤੇ ਪੇਪਰ ਵੇਖਣ ਸੰਬੰਧੀ ਲਿਖਤੀ ਅਤੇ ਫੋਨ ਉੱਤੇ ਹਦਾਇਤਾਂ ਦੇਣ ਵਾਲੇ ਸਭਨਾਂ ਵੱਲੋਂ ਅਣਐਲਾਨੀ ਨਿਭਾਈ ਗਈ ਸਹਿਮਤੀ ਸਮਝਣੀ ਪਏਗੀ। ਇਸ ਉੱਤੇ ਉਨ੍ਹਾ ਸਭ ਦੀ ਚੁੱਪੀ ਦੀ ਮੋਹਰ ਹੈ, ਜਿਹੜੇ ਕੌਮੀ ਪੱਧਰ ਉੱਤੇ ਕਿਸੇ ਵੀ ਸਰਵੇ ਵਿੱਚ ਪੰਜਾਬ ਦੀ ਸਰਦਾਰੀ ਨੂੰ ਜਾਲ੍ਹੀ ਦਾ ਸਰਟੀਫਿਕਟ ਦੇ ਦਿੰਦੇ ਸਨ। ਹਾਲਾਂਕਿ ਉਨ੍ਹਾ ਸਰਵਿਆਂ ਵਿੱਚ ਸਿੱਖਿਆ ਮਿਆਰ ਦੇ ਅੰਕਾਂ ਦੀ ਥਾਂ ਬਿਲਡਿੰਗਾਂ, ਚਾਰਦੀਵਾਰੀਆਂ, ਟਾਇਲੈਟਾਂ ਅਤੇ ਪੀਣ ਵਾਲੇ ਪਾਣੀ ਆਦਿ ਲਈ ਵਧੇਰੇ ਅੰਕ ਹੁੰਦੇ ਸਨ। ਇਨ੍ਹਾਂ ਮੱਦਾਂ ਵਿੱਚ ਤਾਂ ਪੰਜਾਬ ਅੱਜ ਵੀ ਮੋਹਰੀ ਹੈ।

ਇਨ੍ਹਾਂ ਨਤੀਜਿਆਂ ਦੇ ਨਤੀਜਿਆਂ ਵੱਲ ਨਜ਼ਰ ਮਾਰੀਏ ਤਾਂ ਅਨੇਕਾਂ ਪੱਖ ਹਨ, ਜਿਨ੍ਹਾਂ ਤੋਂ ਕਿਹਾ ਜਾ ਸਕਦਾ ਹੈ ਕਿ ਇਹ ਇਮਤਿਹਾਨ ਅਤੇ ਇਨ੍ਹਾਂ ਨਾਲ ਸੰਬੰਧਤ ਧਿਰਾਂ ਨੇ ਨਿਰਪੱਖਤਾ ਅਤੇ ਇਨਸਾਫ਼ ਦੇ ਮਾਪਦੰਡਾਂ ਦਾ ਪਾਲਣ ਨਹੀਂ ਕੀਤਾ। ਸਭ ਤੋਂ ਵੱਡਾ ਪਾਪ ਉਨ੍ਹਾ ਵਿਰੁੱਧ ਹੋ ਗਿਆ, ਜਿਨ੍ਹਾ ਸਕੂਲ ਵੱਲੋਂ ਭੇਜੇ ਜਾਣ ਵਾਲੇ ਸੀ ਸੀ ਈ ਦੇ ਹਰ ਬੱਚੇ ਦੇ ਹਰ ਵਿਸ਼ੇ ਦੇ ਅੰਕ 25 ਵਿੱਚੋਂ 25 ਭੇਜਣ ਦੀ ਥਾਂ ਹਰ ਬੱਚੇ ਦੀ ਸਾਰਾ ਸਾਲ ਵਿਖਾਈ ਕਾਰਗੁਜ਼ਾਰੀ ਅਨੁਸਾਰ ਹੀ ਭੇਜੇ ਸਨ। ਮੇਰੀ ਜਾਣਕਾਰੀ ਵਿੱਚ ਅਜਿਹਾ ਇੱਕ ਉਹ ਪ੍ਰਾਈਵੇਟ ਸਕੂਲ ਹੈ, ਜਿੱਥੇ ਅੱਜ ਤੋਂ 25 ਵਰ੍ਹੇ ਪਹਿਲਾਂ ਤੋਂ ਉੱਡਣ ਦਸਤਿਆਂ ਨੂੰ ਚੁਣੌਤੀ ਸੀ ਕਿ ਸਕੂਲ ਦੇ ਪ੍ਰੀਖਿਆ ਕੇਂਦਰ ਵਿੱਚ ਇੱਕ ਵੀ ਨਕਲ ਦਾ ਕੇਸ ਫੜਨ ਉੱਤੇ ਇਨਾਮ ਮਿਲੇਗਾ। ਚੁਣੌਤੀ ਅਤੇ ਇਨਾਮ ਦਾ ਸਕੂਲ ਗੇਟ ਤੋਂ ਬਾਹਰ ਬਕਾਇਦਾ ਬੋਰਡ ਲਗਾਇਆ ਜਾਂਦਾ ਸੀ। ਕਿਉਂਕਿ ਨਕਲ ਵੱਲ ਬੱਚਿਆਂ ਜਾਣਾ ਨਹੀਂ ਸੀ। ਸੀ ਸੀ ਈ ਹੋਰਾਂ ਵਾਂਗ ਨਹੀਂ ਭੇਜੀ ਗਈ। ਇਸ ਲਈ ਹੁਣ ਵਾਲਾ ਨਤੀਜਾ ਆਉਣ ਉੱਤੇ ਇਸ ਸਕੂਲ ਦੇ ਬੱਚੇ ਧਾਹਾਂ ਮਾਰ ਕੇ ਰੋਏ ਅਤੇ ਸਟਾਫ਼ ਸਦਮੇ ਤੋਂ ਉੱਭਰ ਨਹੀਂ ਰਿਹਾ। ਮੈਂ ਚਾਹੁੰਦਾ ਹਾਂ ਇਨ੍ਹਾਂ ਨਤੀਜਿਆਂ ਨੂੰ ਸਹੀ ਠਹਿਰਾਉਣ ਵਾਲਾ ਕੋਈ ਇਨ੍ਹਾ ਬੱਚਿਆਂ ਅਤੇ ਅਧਿਆਪਕਾਂ ਲਈ ਦੋ ਸ਼ਬਦ ਬੋਲਣ ਦੀ ਹਿੰਮਤ ਵਿਖਾਏ ਤਾਂ ਕਿ ਬੱਚਿਆਂ ਦਾ ਰੋਣ-ਧੋਣ ਬੰਦ ਹੋਵੇਗਾ ਅਤੇ ਟੀਚਰ ਵੀ ਸਦਮੇ ਨੂੰ ਬਰਦਾਸ਼ਤ ਕਰ ਲੈਣ। ਜ਼ਿੰਦਗੀ ਦੇ ਹਰ ਮੁਕਾਬਲੇ ਵਿੱਚ ਇਨ੍ਹਾਂ ਨੂੰ ਇਮਾਨਦਾਰੀ ਨਾਲ ਤਿਆਰੀ ਕਰਨ ਅਤੇ ਕਰਵਾਉਣ ਦੀ ਸਜ਼ਾ ਮਿਲਦੀ ਰਹੇਗੀ। ਅਜਿਹੇ ਨਤੀਜੇ ਕੱਢਣ ਦਾ ਨਤੀਜਾ ਇਹ ਵੀ ਹੋ ਸਕਦਾ ਹੈ ਕਿ ਸਰਕਾਰ ਹੀ ਉਧਰ ਅਜਿਹਾ ਨਤੀਜਾ ਕੱਢ ਲਏ ਕਿ ਅਧਿਆਪਕਾਂ ਦੀ ਪੰਜਾਬ ਦੇ ਸਕੂਲਾਂ ਵਿੱਚ ਕੋਈ ਘਾਟ ਨਹੀਂ। ਨਵੀਂਆਂ ਭਰਤੀਆਂ ਲਈ ਰੌਲਾ ਫਾਲਤੂ ਹੈ। ਉਂਝ ਇਮਾਨਦਾਰੀ ਦਾ ਫ਼ਲ ਇਨ੍ਹਾਂ ਬੱਚਿਆਂ ਦੇ ਹਿੱਸੇ ਹੀ ਆਉਣਾ ਹੈ।

ਇਨ੍ਹਾਂ ਨਤੀਜਿਆਂ ਦਾ ਨਤੀਜਾ ਇਹ ਵੀ ਨਿਕਲੇਗਾ ਕਿ ਲਗਨ ਨਾਲ ਪੜ੍ਹਾਉਣ ਵਾਲਿਆਂ ਦਾ ਉਤਸ਼ਾਹ ਮਾਰਿਆ ਜਾਵੇਗਾ। ਸਾਰੇ ਪੀਰੀਅਡ ਮੋਬਾਇਲ ਸਾਇਲੈਂਸ ਉੱਤੇ ਕਰਕੇ ਪੜ੍ਹਾਉਣ ਦਾ ਕੀ ਮਤਲਬ। ਜੇਕਰ ਸਾਰਾ-ਸਾਰਾ ਪੀਰੀਅਡ ਮੋਬਾਇਲ ਉਤੇ ਰੁੱਝੇ ਰਹਿਣ ਵਾਲਿਆਂ ਦੇ ਵਿਸ਼ੇ ਦੇ ਸੀ ਸੀ ਈ ਦੇ ਹਰ ਬੱਚੇ ਦੇ 25 ਵਿੱਚੋਂ 25 ਅੰਕ ਭੇਜਣੇ ਹਨ। ਪ੍ਰੀਖਿਆ ਕੇਂਦਰਾਂ ਵਿੱਚ ਡਿਊਟੀ ਕਰਨ ਵਾਲਿਆਂ ਨੂੰ ਆਉਣ ਵਾਲੇ ਸਮੇਂ ਸੁਖਾਵੇਂ ਨਹੀਂ ਰਹਿਣਗੇ। ਇਮਾਨਦਾਰੀ ਨਾਲ ਪ੍ਰੀਖਿਆ ਕੇਂਦਰ ਦੀ ਕਦਰ/ਪਵਿੱਤਰਤਾ ਬਣਾਈ ਰੱਖਣੀ ਅਸਾਨ ਨਹੀਂ ਰਹਿਣੀ। ਜ਼ਮੀਰ ਅਤੇ ਅਧਿਆਪਕ ਖਾਸ ਤੌਰ 'ਤੇ ਜ਼ਮੀਰ ਅਤੇ ਸਕੂਲ ਮੁਖੀ ਇਕੱਠੇ ਨਹੀਂ ਚੱਲ ਸਕਣਗੇ। ਜੇਕਰ ਸੀ ਸੀ ਈ ਦੇ ਅੰਕ ਇੰਝ ਹੀ ਲਗਾਉਣੇ ਹਨ, ਉੱਤਰ ਕਾਪੀਆਂ ਦਾ ਮੁਲੰਕਣ ਇੰਝ ਹੀ ਕਰਨਾ ਹੈ। ਫਿਰ ਸਕੂਲ ਮੁਖੀ ਦਾ ਕਹਿਣਾ ਕੌਣ ਮੰਨੇਗਾ? ਕੋਈ ਕਿਉਂ ਮੰਨੇਗਾ? ਜੇਕਰ ਪੇਪਰ ਸੈਂਟਰ ਨੇ ਪ੍ਰਸ਼ਨ ਪੱਤਰ ਇਸੇ ਤਰ੍ਹਾਂ ਦੇ ਬਣਾਉਣੇ ਹਨ ਤਾਂ ਸਿਲੇਬਸ ਅਤੇ ਕਿਤਾਬਾਂ ਨੂੰ ਵੀ ਪ੍ਰਸ਼ਨ ਪੱਤਰਾਂ ਦੀ ਪੱਧਰ ਉੱਤੇ ਲੈ ਆਓ। ਇਸ ਵਾਰੀ +2 ਦੇ ਅੰਗਰੇਜ਼ੀ ਵਿਸ਼ੇ ਦੇ ਪ੍ਰਸ਼ਨ ਪੱਤਰ ਵਿੱਚ ਸੱਤਵੀਂ ਜਮਾਤ ਦੇ ਪੱਧਰ ਦੀ ਟਰਾਂਸਲੇਸ਼ਨ ਦੇਖਣ ਨੂੰ ਮਿਲੀ। ਜੇਕਰ ਨਤੀਜੇ ਇਸੇ ਢੰਗ ਨਾਲ ਤਿਆਰ ਹੁੰਦੇ ਰਹੇ ਤਾਂ ਦੋ ਕੁ ਸਾਲ ਵਿੱਚ ਅਜਿਹਾ ਵਿਗਾੜ ਪਏਗਾ ਕਿ ਆਉਣ ਵਾਲੇ 20 ਸਾਲਾਂ ਵਿੱਚ ਵੀ ਸੁਧਾਰ ਨਹੀਂ ਹੋਵੇਗਾ। ਜ਼ਿੰਮੇਵਾਰੋ ਚਿੰਤਾ ਕਰੋ।

ਪੰਜਾਬ ਲਈ ਸ਼ਰਮ ਦੀ ਗੱਲ ਹੈ ਕਿ ਯੂ ਪੀ ਐੱਸ ਸੀ ਦੇ ਕੌਮੀ ਪੱਧਰ ਦੇ 900 ਤੋਂ ਵੱਧ ਸਫ਼ਲ ਉਮੀਦਵਾਰਾਂ ਵਿੱਚ ਪੰਜਾਬ ਦੇ ਦੋ ਉਮੀਦਵਾਰ ਦੱਸੇ ਜਾਂਦੇ ਹਨ। ਉਹ ਵੀ ਸਮੇਂ ਸਨ ਜਦੋਂ ਸਰਕਾਰੀ ਸਕੂਲਾਂ ਵਿੱਚ ਪੜ੍ਹ ਕੇ ਲੋਕ ਯੂ ਪੀ ਐੱਸ ਸੀ ਡਾਕਟਰੀ ਅਤੇ ਇੰਜਨੀਅਰਿੰਗ ਲਈ ਆਈ ਆਈ ਟੀ ਪ੍ਰੀਖਿਆ ਵਿੱਚ ਸਫ਼ਲਤਾ ਹਾਸਲ ਕਰ ਜਾਂਦੇ ਸਨ। ਮੈਡੀਕਲ ਕਾਲਜਾਂ ਦੇ ਡਾਇਰੈਕਟਰ ਅਤੇ ਰਜਿਸਟ੍ਰਾਰ ਤਾਂ ਕੱਲ੍ਹ ਤੱਕ ਵੇਖੇ ਜਾ ਸਕਦੇ ਸਨ।

ਪੰਜਾਬ ਸਿੱਖਿਆ ਬੋਰਡ ਅਤੇ ਸਿੱਖਿਆ ਵਿਭਾਗ ਵਿੱਚ ਇਮਤਿਹਾਨਾਂ ਦੇ ਸਿਲਸਿਲੇ ਵਿੱਚ ਜੋ ਹੋ ਰਿਹਾ ਹੈ, ਜੇਕਰ ਪੰਜਾਬ ਸਰਕਾਰ ਦੀ ਇਸ ਵਿੱਚ ਅਗਵਾਈ ਹੈ, ਖੁੱਲ੍ਹ ਕੇ ਇਸ ਦੀ ਵਾਜਬੀਅਤ ਕਿਸੇ ਟੀ ਵੀ ਚੈਨਲ ਉਤੇ ਆ ਕੇ ਸਪੱਸ਼ਟ ਕਰਨੀ ਚਾਹੀਦੀ ਹੈ। ਜੇਕਰ ਪੰਜਾਬ ਸਰਕਾਰ ਇਸ ਤੋਂ ਅਣਜਾਣ ਹੈ ਤਾਂ ਅਸੀਂ ਸੁਧਾਰ ਦੇ ਯਤਨ ਉਡੀਕਾਂਗੇ। ਸਰਕਾਰ ਨੂੰ ਵਹਿਮ ਹੈ ਕਿ ਪੰਜਾਬ ਬੋਰਡ ਦੇ ਚਕਾਚੌਂਧ ਕਰਨ ਵਾਲੇ ਅਤੇ ਗੁਆਂਢੀ ਰਾਜਾਂ ਤੋਂ ਉੱਪਰ ਪ੍ਰਤੀਸ਼ਤ ਵਾਲੇ ਨਤੀਜਿਆ ਨਾਲ ਸਰਕਾਰੀ ਸਕੂਲਾਂ ਵਿੱਚ ਦਾਖ਼ਲਾ ਵਧ ਜਾਵੇਗਾ ਜਾਂ ਵਧੀਆ ਨਤੀਜੇ ਸਿੱਖਿਆ ਖੇਤਰ ਵਿੱਚ ਵਧੀਆ ਕਾਰਗੁਜ਼ਾਰੀ ਦਾ ਸਰਟੀਫਿਕੇਟ ਹੈ।

ਪੰਜਾਬ ਸਰਕਾਰ ਖੇਡਾਂ ਵਿੱਚ ਉਲੰਪਿਕ, ਕਾਮਨਵੈਲਥ, ਏਸ਼ੀਆ ਜਾਂ ਕੌਮੀ ਪੱਧਰ ਉੱਤੇ ਜੇਤੂਆਂ ਲਈ ਇਨਾਮਾਂ ਦੇ ਅਗਾਊਂ ਐਲਾਨ ਕਰਦੀ ਹੈ। ਇਹ ਪ੍ਰਸੰਸਾ ਯੋਗ ਹੈ। ਕਿੰਨਾ ਚੰਗਾ ਹੋਵੇ ਜੇਕਰ ਪੰਜਾਬ ਦੇ ਉਨ੍ਹਾਂ ਸਰਕਾਰੀ ਸਕੂਲਾਂ ਨੂੰ ਜਿਨ੍ਹਾਂ ਤੋਂ +2 ਕਰਕੇ ਐੱਨ ਡੀ ਏ, ਆਈ ਆਈ ਟੀ, ਆਈ ਆਈ ਐੱਮ ਜਾਂ ਐਨ ਈ ਈ ਟੀ ਜਾਂ ਯੂ ਪੀ ਐੱਸ ਸੀ ਵਿੱਚ ਸਫ਼ਲ ਹੋਣ ਵਾਲੇ ਉਨ੍ਹਾਂ ਸਕੂਲਾਂ ਲਈ ਟੀਚਰ ਸਟੇਟ ਐਵਾਰਡ ਦੀ ਤਰਜ 'ਤੇ ਸਕੂਲ ਸਟੇਟ ਐਵਾਰਡ ਦੀ ਪ੍ਰੰਪਰਾ ਸ਼ੁਰੂ ਕੀਤੀ ਜਾਵੇ। ਸਕੂਲ ਆਫ਼ ਐਮੀਨੈਂਸ ਦੀ ਥਾਂ ਜੇਕਰ ਉਪਰ ਸੁਝਾਏ ਸੁਝਾਵਾਂ ਉੱਤੇ ਉਪਰੋਕਤ ਪ੍ਰੰਪਰਾਵਾਂ ਸ਼ੁਰੂ ਕੀਤੀ ਜਾਵੇ, ਅਤੇ ਅਧਿਆਪਕਾਂ ਦੀ ਘਾਟ ਤੁਰੰਤ ਪੂਰੀ ਕਰ ਦਿੱਤੀ ਜਾਏ ਤਾਂ ਵਿੱਦਿਆ ਦਾ ਮਿਆਰ, ਟੀਚਰਾਂ ਦਾ ਕੰਮ ਸੱਭਿਆਚਾਰ ਅਤੇ ਸਕੂਲ ਪ੍ਰਸ਼ਾਸਨ ਵਿੱਚ ਅਜਿਹਾ ਸੁਧਾਰ ਆਏਗਾ ਕਿ ਪੰਜਾਬ ਦੇਸ਼ ਵਿੱਚ ਵਿੱਦਿਆ ਹੱਬ ਬਣ ਕੇ ਪੰਜਾਬ ਦੇ ਇਤਿਹਾਸ ਵਿੱਚ ਇੱਕ ਮੀਲ ਪੱਥਰ ਬਣ ਜਾਵੇਗਾ। ਉਂਝ ਇਸ ਵਾਰੀ ਦੇ ਨਤੀਜਿਆਂ ਦਾ ਅਜਿਹਾ ਹੀ ਨਤੀਜਾ ਕੱਢਣਾ ਚਾਹੀਦਾ ਹੈ।

***# ਸੰਪਰਕ : 94176-52947***

# ਭਾਫ ਦੇ ਇੰਜਣ ਨਾਲ ਚੱਲਣ ਵਾਲੀ ਰੇਲ ਗੱਡੀ ਦਾ ਮੋਢੀ ਜਾਰਜ ਸਟੀਫਨਸਨ

**ਪਿਰਥੀਪਾਲ ਸਿੰਘ ਮਾੜੀਮੇਘਾ**

ਭਾਫ ਦੇ ਇੰਜਣ ਨਾਲ ਚੱਲਣ ਵਾਲੀ ਰੇਲ ਗੱਡੀ ਦੀ ਕਾਢ ਕੱਢਣ ਵਾਲੇ ਮਹਾਨ ਵਿਗਿਆਨੀ ਜੌਰਜ ਸਟੀਫਨਸਨ ਦਾ ਜਨਮ 9 ਜੂਨ 1781 ਨੂੰ ਵਈਲਮ ਨਾਰਥ ਮੰਬਰਲੈਂਡ ਵਿਖੇ ਹੋਇਆ ਸੀ। ਇਹ ਸਥਾਨ ਨਿਊਕੇਸਲ ਅਪਓਨ ਤੋਂ 9 ਮੀਲ ਭਾਵ 15 ਕਿਲੋਮੀਟਰ ਦੂਰ ਹੈ। ਇਨ੍ਹਾਂ ਦੇ ਬਾਪ ਦਾ ਨਾਂਅ ਰੌਬਰਟ ਤੇ ਮਾਂ ਦਾ ਨਾਂਅ ਮੇਬਲ ਸੀ। ਜੌਰਜ ਦੇ ਮਾਂ-ਬਾਪ ਭਾਵੇਂ ਕੋਰੇ ਅਨਪੜ੍ਹ ਸਨ, ਪਰ ਉਹ ਆਪ ਇੱਕ ਉੱਚ ਪਾਏ ਦੇ ਵਿਗਿਆਨੀ ਬਣੇ। ਆਪ ਦਾ ਬਾਪ ਰੌਬਰਟ ਵਈਲਮ ਕੌਲਰੀ ਵਿੱਚ ਇੱਕ ਅੱਗ ਬੁਝਾਉਣ ਵਾਲੇ ਜੰਤਰ ਦੇ ਮਾਲਕ ਦੇ ਨੌਕਰੀ ਕਰਦਾ ਸੀ। ਉਨ੍ਹਾਂ ਦੀ ਤਨਖਾਹ ਘੱਟ ਹੋਣ ਕਰਕੇ ਪਰਵਾਰ ਤੰਗੀਆਂ-ਤੁਰਸ਼ੀਆਂ ਵਿੱਚ ਹੀ ਜੀਵਨ ਬਤੀਤ ਕਰਦਾ ਰਿਹਾ ਤੇ ਤਾਂ ਜੋ ਜੌਰਜ ਸਟੀਫਨਸਨ ਉੱਚ ਪਾਏ ਦੀ ਵਿੱਦਿਆ ਨਾ ਲੈ ਸਕਿਆ ਤੇ ਜਿਹੜਾ ਗਿਆਨ ਉਸ ਨੇ ਲਿਆ, ਉਹ ਆਪਣੀ ਕਮਾਈ ਤੋਂ ਸੀ।

ਜਾਰਜ ਸਟੀਫਨਸਨ ਦੀ ਉਮਰ 17 ਸਾਲ ਦੀ ਸੀ ਤੇ ਉਸ ਨੇ ਅਨਪੜ੍ਹ ਦੀ ਅਵਸਥਾ ਵਿੱਚ ਹੀ ਵਾਟਰਰੋਅ ਪਿਟ ਨਿਊਬਰਨ ਵਿਖੇ ਇੰਜਣ ਮੈਨ ਦੀ ਨੌਕਰੀ ਕਰ ਲਈ। ਜੌਰਜ 18 ਸਾਲ ਦੀ ਉਮਰ ਤੱਕ ਅਨਪੜ੍ਹ ਹੀ ਰਿਹਾ ਸੀ। ਨੌਕਰੀ ਕਰਦਿਆਂ ਉਸ ਨੇ ਜਾਣਿਆ ਕਿ ਪੜ੍ਹਾਈ ਕੀ ਚੀਜ਼ ਹੈ। ਉਸ ਨੇ ਆਪਣੀ ਤਨਖਾਹ 'ਚੋਂ ਪੈਸੇ ਬਚਾ ਕੇ ਰਾਤ ਨੂੰ ਕਲਾਸਾਂ ਲਾ ਕੇ ਕੁਝ ਗਿਆਨ ਪ੍ਰਾਪਤ ਕੀਤਾ।

ਜੌਰਜ ਨੇ ਥੋੜ੍ਹਾ ਬਹੁਤ ਗਿਆਨ ਲੈ ਕੇ 20 ਸਾਲ ਦੀ ਉਮਰ ਵਿੱਚ ਬਲੈਕ ਕਾਲਿਰਟਨ ਕੌਲਰੀ ਜੋ ਪੋਂਟੇਲੈਂਡ ਦੇ ਦੱਖਣ ਵਿੱਚ ਹੈ, ਬਰੇਕਸਮੈਨ ਦੀ ਨੌਕਰੀ ਕਰ ਲਈ। ਇਸੇ ਸਮੇਂ ਦੌਰਾਨ ਜੌਰਜ ਨੇ 1802 ਵਿੱਚ ਇੱਕ ਔਰਤ ਫਰਾਂਸਿਸ ਹੈਂਡਰਸਨ ਨਾਲ ਵਿਆਹ ਕਰ ਲਿਆ। ਉਨ੍ਹਾਂ ਨੇ ਨਿਊਕਾਸਲ ਦੇ ਪੂਰਬ ਵੱਲ ਵਾਲਿੰਗਟਨ ਕੋਏ ਵਿਖੇ ਰਿਹਾਇਸ਼ ਕਰ ਲਈ। ਦੋਹਾਂ ਦੀ ਤਨਖਾਹ ਘੱਟ ਹੋਣ ਕਰਕੇ ਘਰ ਦਾ ਗੁਜ਼ਾਰਾ ਬੜੀ ਮੁਸ਼ਕਲ ਨਾਲ ਹੀ ਚਲਦਾ ਸੀ। ਇਸ ਪ੍ਰਸਥਿਤੀ ਵਿੱਚ ਜੌਰਜ ਨੂੰ ਜੁੱਤੀਆਂ ਗੰਢਣ ਅਤੇ ਘੜੀਆਂ ਦੀ ਮੁਰੰਮਤ ਦਾ ਕੰਮ ਵੀ ਕਰਨਾ ਪੈਂਦਾ। ਜੌਰਜ ਦਾ ਛੋਟਾ ਪੁੱਤਰ ਮਰ ਗਿਆ ਤੇ ਮਗਰੇ ਹੀ ਜੌਰਜ ਦੀ ਪਤਨੀ ਵੀ ਘਾਤਕ ਬਿਮਾਰੀ ਤਪਦਿਕ ਨਾਲ ਚੱਲ ਵੱਸੀ।

ਜੌਰਜ ਸਟੀਫਨਸਨ ਕੰਮ ਦੀ ਭਾਲ ਵਿੱਚ ਸਕੌਟਲੈਂਡ ਚਲਾ ਗਿਆ ਤੇ ਉਸ ਨੂੰ ਮੋਂਟਰੋਜ ਵਿਖੇ ਕੰਮ ਮਿਲ ਗਿਆ। ਉਸ ਨੇ ਆਪਣੇ ਬੱਚੇ ਦੀ ਪਰਵਰਿਸ਼ ਵਾਸਤੇ ਉਸ ਨੂੰ ਇੱਕ ਜਾਣਕਾਰ ਔਰਤ ਕੋਲ ਛੱਡ ਦਿੱਤਾ। ਜੌਰਜ ਦੇ ਬੇਟੇ ਦਾ ਐਕਸੀਡੈਂਟ ਹੋ ਗਿਆ ਤੇ ਅੱਖਾਂ ਦੀ ਰੌਸ਼ਨੀ ਜਾਂਦੀ ਰਹੀ। ਇਨ੍ਹਾਂ ਹਾਲਤਾਂ ਵਿੱਚ ਜੌਰਜ ਦੇ ਕੋਲ ਬੱਚੇ ਦੀ ਰਾਖੀ ਵਾਸਤੇ ਜੌਰਜ ਦੀ ਭੈਣ ਉਸ ਕੋਲ ਆ ਕੇ ਰਹਿਣ ਲੱਗ ਪਈ।

ਜੌਰਜ ਸਟੀਫਨਸਨ ਜਿੱਥੇ ਨੌਕਰੀ ਕਰਦਾ ਸੀ, ਉਸ ਕਾਰਖਾਨੇ ਵਿੱਚ ਇੱਕ ਇੰਜਣ ਠੀਕ ਨਹੀਂ ਸੀ ਚੱਲ ਰਿਹਾ, ਉਸ ਨੂੰ ਠੀਕ ਕਰਨ ਦੀ ਜ਼ਿੰਮੇਵਾਰੀ ਜੌਰਜ ਨੇ ਲੈ ਲਈ। ਜੌਰਜ ਦੀ ਦਿਮਾਗੀ ਮਿਹਨਤ ਰੰਗ ਲਿਆਈ ਤੇ ਉਸ ਵੱਲੋਂ ਕੀਤੀ ਮੁਰੰਮਤ ਨਾਲ ਇੰਜਣ ਠੀਕ ਚੱਲਣ ਲੱਗ ਪਿਆ। ਮਾਲਕ ਜੌਰਜ ਦੇ ਕੰਮ ਤੋਂ ਬੜਾ ਖੁਸ਼ ਹੋਇਆ ਤੇ ਉਸ ਨੂੰ ਤਰੱਕੀ ਦੇ ਦਿੱਤੀ ਕਿ ਅੱਗੇ ਤੋਂ ਜੌਰਜ ਹੀ ਕੌਲਰੀ ਦੇ ਸਾਰੇ ਇੰਜਣਾਂ ਦੀ ਦੇਖਭਾਲ ਤੇ ਮੁਰੰਮਤ ਕਰਿਆ ਕਰੇਗਾ। ਇੱਥੇ ਹੀ ਕੰਮ ਕਰਦਿਆਂ ਜੌਰਜ ਭਾਫ ਨਾਲ ਚੱਲਣ ਵਾਲੀ ਮਸ਼ੀਨਰੀ ਦਾ ਮਾਹਰ ਬਣ ਗਿਆ।

ਜੌਰਜ ਸਟੀਫਨਸਨ ਨੇ ਕੋਇਲੇ ਦੀਆਂ ਖਾਨਾਂ ਵਿੱਚ ਸੇਫਟੀ ਲੈਂਪ ਬਾਰੇ ਤਜਰਬੇ ਕਰਨੇ ਸ਼ੁਰੂ ਕਰ ਦਿੱਤੇ। ਉਹ ਜਾਣ ਗਿਆ ਸੀ ਕਿ ਜੇ ਕੁਦਰਤੀ ਅੱਗ ਨਾਲ ਧਮਾਕੇ ਹੋ ਸਕਦੇ ਹਨ ਤੇ ਫਿਰ ਸੇਫਟੀ ਲੈਂਪ ਰਾਹੀਂ ਵੀ ਇਹ ਕੰਮ ਕੀਤਾ ਜਾ ਸਕਦਾ ਹੈ। ਉਸ ਸਮੇਂ ਵਿੱਚ ਪ੍ਰਸਿੱਧ ਵਿਗਿਆਨੀ ਕੋਰਨਿਸਮੈਨ ਹੰਫਰੀ ਡੇਵੀ ਵੀ ਸੇਫਟੀ ਲੈਂਪ ਦੀ ਖੋਜ ਕਰ ਰਿਹਾ ਸੀ। ਘੱਟ ਪੜ੍ਹੇ-ਲਿਖੇ ਜੌਰਜ ਨੇ ਹੰਫਰੀ ਤੋਂ ਪਹਿਲਾਂ ਖੋਜ ਮੁਕੰਮਲ ਕਰ ਲਈ ਤੇ ਉਸ ਨੇ ਆਪਣੇ ਨੇੜਲੇ ਨੂੰ ਸੇਫਟੀ ਲੈਂਪ ਵਿਖਾ ਵੀ ਦਿੱਤਾ।

ਜਦੋਂ ਮੌਕੇ ਦੇ ਹਾਕਮਾਂ ਨੇ ਦੋਵਾਂ ਦੇ ਸੇਫਟੀ ਲੈਂਪ ਵੇਖੇ ਤਾਂ ਦੋਵਾਂ ਦੀ ਬਣਤਰ ਵਿੱਚ ਫਰਕ ਸੀ। ਹੰਫਰ ਨੂੰ ਤਾਂ ਉਸ ਦੀ ਸਰਕਾਰ ਨੇ ਸੇਫਟੀ ਲੈਂਪ ਦੀ ਖੋਜ ਬਦਲੇ 2000 ਪੌਂਡ ਇਨਾਮ ਦਿੱਤਾ ਤੇ ਨਾਲ ਹੀ ਜੌਰਜ ਜੋ ਘੱਟ ਪੜ੍ਹਿਆ-ਲਿਖਿਆ ਸੀ, ਉਸ ਦੇ ਸਿਰ 'ਤੇ ਦੋਸ਼ ਮੜ੍ਹ ਦਿੱਤਾ ਕਿ ਉਸ ਨੇ ਸੇਫਟੀ ਲੈਂਪ ਦਾ ਵਿਚਾਰ ਹੰਫਰੀ ਡੇਵੀ ਤੋਂ ਚੋਰੀ ਕੀਤਾ ਹੈ। ਨਾਲ ਹੀ ਕਿਹਾ ਕਿ ਏਨਾ ਘੱਟ ਪੜ੍ਹਿਆ-ਲਿਖਿਆ ਹੋਣ ਕਰਕੇ ਇਹ ਕਿਸ ਤਰ੍ਹਾਂ ਵਿਗਿਆਨੀ ਬਣ ਸਕਦਾ ਹੈ।

ਸੇਫਟੀ ਲੈਂਪ ਦੇ ਕਲੇਸ਼ ਦੇ ਮਾਮਲੇ ਵਿੱਚ ਜੌਰਜ ਸਟੀਫਨਸਨ ਦੀ ਖੋਜ ਦੀ ਤਫਤੀਸ਼ ਕਰਨ ਲਈ ਇੱਕ ਕਮੇਟੀ ਬਣਾਈ ਗਈ। ਕਮੇਟੀ ਨੇ ਸਿੱਧ ਕਰ ਦਿੱਤਾ ਕਿ ਜੌਰਜ ਨੇ ਹੰਫਰੀ ਡੇਵੀ ਦੇ ਸੇਫਟੀ ਲੈਂਪ ਦੀ ਕੋਈ ਨਕਲ ਨਹੀਂ ਕੀਤੀ ਤੇ ਇਹ ਉਸ ਦੀ ਆਪਣੀ ਖੋਜ ਹੈ। ਮੌਕੇ ਦੀ ਹਕੂਮਤ ਨੇ 1833 ਵਿੱਚ ਜੌਰਜ ਦੀ ਖੋਜ ਨੂੰ ਪ੍ਰਵਾਨ ਕਰ ਲਿਆ ਤੇ ਇਸ ਖੋਜ ਬਦਲੇ ਜੌਰਜ ਨੂੰ 1000 ਪੌਂਡ ਇਨਾਮ ਦਿੱਤਾ ਗਿਆ।

ਜੌਰਜ ਨੇ ਆਪਣਾ ਪਹਿਲਾ ਭਾਫ ਨਾਲ ਚੱਲਣ ਵਾਲਾ ਇੰਜਣ 1814 ਵਿੱਚ ਤਿਆਰ ਕੀਤਾ, ਜੋ ਕੋਇਲੇ ਨੂੰ ਇੱਕ ਥਾਂ ਤੋਂ ਦੂਜੀ ਥਾਂ 'ਤੇ ਲੈ ਜਾਂਦਾ ਸੀ। ਭਾਵੇਂ ਕਿ ਜੌਰਜ ਤੋਂ ਪਹਿਲਾਂ ਭਾਫ ਨਾਲ ਚੱਲਣ ਵਾਲਾ ਇੰਜਣ 1802 ਵਿੱਚ ਕੋਰ ਨਿਸਮੇਨ ਰਿਚਰਡ ਪਰੀਵੀਥਿਕ ਨੇ ਤਿਆਰ ਕੀਤਾ ਹੋਇਆ ਸੀ, ਪਰ ਉਸ ਵਿੱਚ ਜਾਨ ਪਾਉਣ ਦਾ ਸਿਹਰਾ ਜੌਰਜ ਨੂੰ ਹੀ ਜਾਂਦਾ ਹੈ। ਫਿਰ ਅੱਗੇ ਵਧਦਿਆਂ ਜੌਰਜ ਨੇ ਛੇ ਪਹੀਆਂ ਵਾਲਾ ਭਾਫ ਇੰਜਨ ਤਿਆਰ ਕਰ ਦਿੱਤਾ। ਉਸ ਨੇ ਹੋਰ ਅੱਗੇ ਵਧਦਿਆਂ ਇੱਕ ਹੋਰ ਇੰਜਣ ਤਿਆਰ ਕਰ ਦਿੱਤਾ, ਜਿਸ ਨੂੰ ਪਸ਼ੂਆਂ ਨਾਲ ਖਿੱਚਣ ਦੀ ਲੋੜ ਨਹੀਂ ਸੀ।

ਜੌਰਜ ਦੀ ਇਹ ਕਰਾਮਾਤ ਵੇਖ ਕੇ 1821 ਵਿੱਚ ਇੰਗਲੈਂਡ ਦੀ ਪਾਰਲੀਮੈਂਟ ਨੇ ਪਾਸ ਕਰ ਦਿੱਤਾ ਕਿ ਸਟੌਕਟਨ ਤੋਂ ਲੈ ਕੇ 25 ਮੀਲ ਦੀ ਰੇਲਵੇ ਲਾਈਨ ਬਣਾ ਦਿੱਤੀ ਜਾਵੇਗੀ। ਜਦੋਂ ਲਾਈਨ ਬਣਨ ਉਪਰੰਤ 27 ਸਤੰਬਰ 1825 ਨੂੰ ਜੌਰਜ ਦੇ ਭਾਫ ਦੇ ਇੰਜਣ ਨਾਲ ਰੇਲ ਗੱਡੀ ਚੱਲੀ ਤਾਂ ਉਹ ਰੇਲ ਗੱਡੀ ਦਾ ਬਾਨੀ ਵਿਗਿਆਨੀ ਬਣ ਗਿਆ।

ਇਸ ਪਹਿਲੀ ਰੇਲ ਗੱਡੀ ਰਾਹੀਂ 80 ਟਨ ਕੋਇਲਾ, ਹੋਰ ਸਾਮਾਨ ਤੇ ਉੱਚ ਪਾਏ ਦੇ ਲੋਕ ਰੇਲ ਦੇ ਸਫਰ ਦਾ ਨਜ਼ਾਰਾ ਵੇਖਣ ਗਏ। ਇਹ ਰੇਲ ਗੱਡੀ 24 ਮੀਲ ਪ੍ਰਤੀ ਘੰਟਾ ਦੀ ਰਫਤਾਰ ਨਾਲ ਚੱਲੀ ਤੇ 2 ਘੰਟਿਆਂ ਵਿੱਚ ਆਪਣੇ ਟਿਕਾਣੇ 'ਤੇ ਪਹੁੰਚ ਗਈ। ਇਸ ਤਰ੍ਹਾਂ ਭਾਫ ਵਾਲੇ ਇੰਜਣ ਨਾਲ ਚੱਲਣ ਵਾਲੀ ਰੇਲ ਗੱਡੀ ਦਾ ਜੌਰਜ ਸਟੀਫਨਸਨ ਮੋਢੀ ਬਣਿਆ। ਇਸ ਵੇਲੇ ਭਾਵੇਂ ਰੇਲ ਗੱਡੀ ਦੀ ਥਾਂ ਹਵਾਈ ਜਹਾਜ਼ ਨੇ ਲੈ ਲਈ ਹੈ, ਪਰ ਕਰੋੜਾਂ ਮਨੁੱਖ ਉਹ ਹਨ, ਜਿਨ੍ਹਾਂ ਨੂੰ ਰੇਲ ਗੱਡੀ ਦਾ ਸਫਰ ਵੀ ਹਾਲੇ ਤੱਕ ਨਸੀਬ ਨਹੀਂ ਹੋਇਆ। ਇਸ ਮਹਾਨ ਵਿਗਿਆਨੀ ਦੀ 12 ਅਗਸਤ 1848 ਨੂੰ ਮੌਤ ਹੋ ਗਈ।

***# ਸੰਪਰਕ : 98760-78731***

# ਮਸਨੂਈ ਬੁੱਧੀ : ਭਵਿੱਖ ਦੀ ਤਕਨੀਕ



ਜਗਜੀਤ ਸਿੰਘ ਗਣੇਸ਼ਪੁਰ

ਅਸੀਂ ਆਰਟੀਫੀਸ਼ਲ ਇੰਟੈਲੀਜੈਂਸ (ਮਸਨੂਈ ਬੁੱਧੀ/ਨਕਲੀ ਬੁੱਧੀ/ਬਣਾਉਟੀ ਗਿਆਨ) ਦੇ ਨਾਲ ਸਹਿ-ਰਚਨਾ ਦੇ ਯੁੱਗ ਵਿੱਚ ਦਾਖਲ ਹੋ ਰਹੇ ਹਾਂ। 2023 ਨੂੰ ਆਰਟੀਫੀਸ਼ਲ ਇੰਟੈਲੀਜੈਂਸ ਦਾ ਸਾਲ ਮੰਨਿਆ ਜਾ ਰਿਹਾ ਹੈ, ਕਿਉਂਕਿ ਇਸ ਸਾਲ ਇਸ ਖੇਤਰ ਵਿੱਚ ਬਹੁਤ ਵੱਡੀਆਂ ਉਪਲੱਬਧੀਆਂ ਹੋਣ ਦੀਆਂ ਕਿਆਸਰਾਈਆਂ ਲਗਾਈਆਂ ਜਾ ਰਹੀਆਂ ਹਨ। ਸਭ ਤੋਂ ਪਹਿਲਾਂ ਇਹ ਜਾਨਣ ਦੀ ਕੋਸ਼ਿਸ਼ ਕਰਦੇ ਹਾਂ ਕਿ ਇਹ ਮਸਨੂਈ ਬੁੱਧੀ ਹੈ ਕਿਸ ਬਲਾ ਦਾ ਨਾਂਅ? ਤੇ ਇਹ ਸਾਡੇ ਰੋਜ਼ਾਨਾ ਜੀਵਨ ਦਾ ਅਹਿਮ ਅੰਗ ਕਿਵੇਂ ਬਣਦੀ ਜਾ ਰਹੀ ਹੈ? ਮਸਨੂਈ ਬੁੱਧੀ ਦੀ ਵਿਆਖਿਆ ਕੁੱਝ ਇਸ ਪ੍ਰਕਾਰ ਕੀਤੀ ਜਾਂਦੀ ਹੈ: ਮਸਨੂਈ ਬੁੱਧੀ ਕੰਪਿਊਟਰ ਵਿਗਿਆਨ ਤਕਨੀਕਾਂ ਦਾ ਇੱਕ ਸਮੂਹ ਜੋ ਸਿਸਟਮ ਨੂੰ ਆਮ ਤੌਰ 'ਤੇ ਮਨੁੱਖੀ ਬੁੱਧੀ ਦੀ ਲੋੜ ਵਾਲੇ ਕਾਰਜਾਂ ਨੂੰ ਕਰਨ ਦੇ ਯੋਗ ਬਣਾਉਂਦਾ ਹੈ। ਇਸ ਨੂੰ ਕੰਪਿਊਟਰ ਵਿਗਿਆਨ ਦੀ ਇੱਕ ਸ਼ਾਖਾ ਮੰਨਿਆ ਜਾ ਸਕਦਾ ਹੈ, ਜਿਸ ਦਾ ਉਦੇਸ਼ ਰਵਾਇਤੀ ਤੌਰ 'ਤੇ ਮਨੁੱਖੀ ਬੁੱਧੀ ਦੀ ਲੋੜ ਵਾਲੇ ਕਾਰਜਾਂ ਨੂੰ ਕਰਨ ਦੇ ਯੋਗ ਮਸ਼ੀਨਾਂ ਬਣਾਉਣ ਦੇ ਨਾਲ ਹੈ। ਹਾਲਾਂਕਿ ਏ ਆਈ ਇੱਕ ਅੰਤਰ-ਅਨੁਸ਼ਾਸਨੀ ਵਿਗਿਆਨ ਹੈ, ਜਿਸ ਵਿੱਚ ਕਈ ਪਹੁੰਚ ਹਨ। ਅੱਜ ਮਸ਼ੀਨ ਲਰਨਿੰਗ ਅਤੇ ਡੀਪ ਲਰਨਿੰਗ ਦੋ ਤਕਨੀਕਾਂ ਹਨ, ਜੋ ਸਾਰੇ ਉਦਯੋਗਾਂ ਵਿੱਚ ਕੰਪਨੀਆਂ ਵਿੱਚ ਵਰਤੀਆਂ ਜਾਂਦੀਆਂ ਹਨ। ਸਧਾਰਨ ਸ਼ਬਦਾਂ ਵਿੱਚ, ਆਰਟੀਫੀਸ਼ਲ ਇੰਟੈਲੀਜੈਂਸ ਮਸ਼ੀਨਾਂ ਨੂੰ ਮਨੁੱਖਾਂ ਵਾਂਗ ਕੰਮ ਕਰਨ ਦੀ ਇਜਾਜ਼ਤ ਦਿੰਦੀ ਹੈ।

ਮੌਜੂਦਾ ਸਮੇਂ ਆਰਟੀਫੀਸ਼ਲ ਇੰਟੈਲੀਜੈਂਸ ਤੁਹਾਡੇ ਤਕਰੀਬਨ ਹਰ ਕੰਮ-ਕਾਜ ਨੂੰ ਪ੍ਰਭਾਵਿਤ ਕਰ ਰਹੀ ਹੈ। ਅੱਜ-ਕੱਲ੍ਹ ਸਾਡੇ ਆਲੇ-ਦੁਆਲੇ ਏ ਆਈ (ਆਰਟੀਫੀਸ਼ਲ ਇੰਟੈਲੀਜੈਂਸ) ਇੰਨੀ ਆਮ ਵਰਤੀ ਜਾਂਦੀ ਹੈ ਕਿ ਸਾਨੂੰ ਕਈ ਵਾਰ ਇਸ ਦਾ ਅਹਿਸਾਸ ਵੀ ਨਹੀਂ ਹੁੰਦਾ। ਸਾਡੇ ਰੋਜ਼ਾਨਾ ਜੀਵਨ ਵਿੱਚ ਏ ਆਈ ਦੀਆਂ ਕੁਝ ਆਮ ਉਦਾਹਰਣਾਂ ਹਨ: ਅਲੈਕਸਾ, ਗੂਗਲ ਅਸਿਸਟੈਂਟ ਅਤੇ ਸਿਰੀ ਸਾਰੇ ਤੁਹਾਡੇ ਸਵਾਲਾਂ ਦੇ ਜਵਾਬ ਦੇਣ ਅਤੇ ਫੰਕਸ਼ਨ ਕਰਨ ਲਈ ਇਕ ਕਿਸਮ ਦੀ ਮਸਨੂਈ ਬੁੱਧੀ ਦੀ ਹੀ ਤਾਂ ਵਰਤੋਂ ਕਰਦੇ ਹਨ। ਕਾਰੋਬਾਰਾਂ ਦੁਆਰਾ ਵਰਤੇ ਜਾਂਦੇ ਚੈਟਬੋਟਸ। ਸਵੈ-ਡਰਾਈਵਿੰਗ ਕਾਰਾਂ, ਵਰਚੁਅਲ ਟ੍ਰੈਵਲ ਏਜੰਟ ਆਦਿ 'ਡੀਪ ਫੇਕ' ਬਾਰੇ ਤਾਂ ਤੁਸੀਂ ਸੁਣਿਆ ਹੀ ਹੋਵੇਗਾ, ਪਰੰਤੂ ਕੀ ਤੁਸੀਂ ਜਾਣਦੇ ਹੋ ਕਿ ਡੀਪ ਫੇਕ ਉਹ ਵੀਡੀਓ ਹੁੰਦੀ ਹੈ ਜਿਸ ਵਿੱਚ ਚਿਹਰਾ ਬਦਲਣ ਲਈ ਆਰਟੀਫੀਸ਼ਲ ਇੰਟੈਲੀਜੈਂਸ ਵਰਤਿਆ ਜਾਂਦਾ ਹੈ। ਕਮਜ਼ੋਰ ਆਰਟੀਫੀਸ਼ਲ ਇੰਟੈਲੀਜੈਂਸ ਸਧਾਰਨ ਅਤੇ ਸਿੰਗਲ-ਟਾਸਕ ਓਰੀਐਂਟਿਡ ਹੁੰਦਾ ਹੈ, ਜਦੋਂ ਕਿ ਮਜ਼ਬੂਤ ਆਰਟੀਫੀਸ਼ਲ ਇੰਟੈਲੀਜੈਂਸ ਉਹਨਾਂ ਕੰਮਾਂ ਨੂੰ ਪੂਰਾ ਕਰਦਾ ਹੈ, ਜੋ ਵਧੇਰੇ ਗੁੰਝਲਦਾਰ ਅਤੇ ਮਨੁੱਖ ਵਰਗੇ ਹੁੰਦੇ ਹਨ। ਕੁਝ ਆਲੋਚਕ ਡਰਦੇ ਹਨ ਕਿ ਉੱਨਤ ਮਸਨੂਈ ਬੁੱਧੀ ਦੀ ਵਿਆਪਕ ਵਰਤੋਂ ਸਮਾਜ 'ਤੇ ਮਾੜਾ ਪ੍ਰਭਾਵ ਪਾ ਸਕਦੀ ਹੈ।

ਆਰਟੀਫੀਸ਼ਲ ਇੰਟੈਲੀਜੈਂਸ ਦੀ ਬੁਨਿਆਦ ਇਹ ਵਿਚਾਰ ਹੈ ਕਿ ਕੰਪਿਊਟਰ ਬਿਨਾਂ ਕਿਸੇ ਪਰੇਸ਼ਾਨੀ ਦੇ ਮਨੁੱਖੀ ਬੁੱਧੀ ਦੀ ਨਕਲ ਕਰ ਸਕਦਾ ਹੈ। 1997 ਵਿੱਚ ਵਿਸ਼ਵ ਸ਼ਤਰੰਜ ਚੈਂਪੀਅਨ ਗੈਰੀ ਕਾਸਪਾਰੋਵ ਉੱਤੇ ਆਈ ਬੀ ਐੱਮ ਕੰਪਿਊਟਰ ਡੀਪ ਬਲੂ ਦੀ ਜਿੱਤ ਦੀ ਚਰਚਾ ਨੇ ਇਸ ਵੱਲ ਆਮ ਲੋਕਾਂ ਦਾ ਧਿਆਨ ਖਿੱਚਿਆ ਸੀ। ਪਿਛਲੇ ਦੋ ਦਹਾਕਿਆਂ ਵਿੱਚ ਤਕਨੀਕੀ ਖੋਜਾਂ ਵਿੱਚ ਸਫਲਤਾ ਨੇ ਮਨੁੱਖੀ ਯਤਨਾਂ ਦੇ ਲੱਗਭੱਗ ਹਰ ਖੇਤਰ ਵਿੱਚ ਤਰੱਕੀ ਕੀਤੀ ਹੈ। ਡਿਜੀਟਲ ਕ੍ਰਾਂਤੀ ਜਿਸ ਦਾ ਦੂਰਸੰਚਾਰ ਸਭ ਤੋਂ ਵੱਧ ਲਾਭਕਾਰੀ ਜਾਪਦਾ ਹੈ, ਨਵੀਆਂ ਅਤੇ ਦਲੇਰ ਕਾਢਾਂ ਨਾਲ ਅੱਗੇ ਵਧਦਾ ਜਾ ਰਿਹਾ ਹੈ। 2006 ਫੇਸਬੁੱਕ, ਗੂਗਲ, ਟਵਿੱਟਰ, ਨੈੱਟਫਲਿਕਸ ਵਰਗੀਆਂ ਕੰਪਨੀਆਂ ਨੇ ਏ ਆਈ ਦੀ ਵਰਤੋਂ ਸ਼ੁਰੂ ਕੀਤੀ। 2014 ਗੂਗਲ ਨੇ ਪਹਿਲੀ ਸਵੈ-ਡਰਾਈਵਿੰਗ ਕਾਰ ਬਣਾਈ, ਜਿਸ ਨੇ ਡਰਾਈਵਿੰਗ ਟੈਸਟ ਪਾਸ ਕੀਤਾ। 2014 - ਐਮਾਜਾਨ ਦਾ ਅਲੈਕਸਾ ਜਾਰੀ ਕੀਤਾ ਗਿਆ ਸੀ। 2016 - ਹੈਨਸਨ ਰੋਬੋਟਿਕਸ ਨੇ ਪਹਿਲਾ "ਰੋਬੋਟ ਨਾਗਰਿਕ" ਸੋਫੀਆ ਬਣਾਇਆ, ਇੱਕ ਹਿਊਮਨਾਈਡ ਰੋਬੋਟ ਜੋ ਚਿਹਰੇ ਦੀ ਪਛਾਣ, ਮੌਖਿਕ ਗੱਲਬਾਤ ਅਤੇ ਚਿਹਰੇ ਦੀਆਂ ਭਾਵਨਾਵਾਂ ਦੇ ਸਮਰੱਥ ਹੈ। ਇਹ ਕੁੱਝ ਕੁ ਇਸ ਤਕਨੀਕ ਦੇ ਇਤਿਹਾਸ ਦੇ ਪੰਨੇ ਹਨ।

ਨਤੀਜੇ ਵਜੋਂ ਇਸ ਤੇਜ਼-ਤਰਾਰ ਬਦਲ ਰਹੇ ਸਾਡੇ ਰਹਿਣ ਅਤੇ ਕੰਮ ਕਰਨ ਦੇ ਤਰੀਕਿਆਂ ਨੂੰ ਪ੍ਰਭਾਵਿਤ ਕਰ ਰਿਹਾ ਹੈ। ਇਹ ਕਾਰਜਾਂ ਨੂੰ ਸਵੈਚਾਲਿਤ ਕਰਨਾ, ਸਿੱਖਿਆ ਪ੍ਰਣਾਲੀ, ਸਿਹਤ ਸੰਭਾਲ, ਵਿੱਤੀ ਸੇਵਾਵਾਂ ਨੂੰ ਬਿਹਤਰ ਬਣਾਉਣਾ ਜਿਵੇਂ ਕਿ ਸਾਡੇ ਦੁਆਰਾ ਖਰੀਦਦਾਰੀ ਕਰਨ ਅਤੇ ਮਨੋਰੰਜਨ ਕਰਨ ਦੇ ਤਰੀਕੇ ਨੂੰ ਬਦਲ ਰਿਹਾ ਹੈ। ਮਸਨੂਈ ਬੁੱਧੀ ਦੇ ਨਾਲ ਸਹਿ-ਰਚਨਾ ਦਾ ਅਰਥ ਹੈ ਮਨੁੱਖਾਂ ਅਤੇ ਮਸ਼ੀਨਾਂ ਦੇ ਅਭਿਆਸ ਨੂੰ ਕੁਝ ਨਵਾਂ ਬਣਾਉਣ ਜਾਂ ਕਿਸੇ ਸਮੱਸਿਆ ਨੂੰ ਹੱਲ ਕਰਨ ਲਈ ਮਿਲ ਕੇ ਕੰਮ ਕਰਨਾ। ਏ ਆਈ ਟੂਲ ਕਲਾ (ਮਿਡਜਰਨੀ), ਸੰਗੀਤ (ਮੂਜਿਕ ਐਲ ਐਮ) ਅਤੇ ਇੱਥੋਂ ਤੱਕ ਕਿ ਪੂਰੀਆਂ ਕਹਾਣੀਆਂ (ਚੈਟ ਜੀ ਪੀ ਟੀ) ਤਿਆਰ ਕਰ ਸਕਦੇ ਲੱਗਭੱਗ ਹਰ ਖੇਤਰ ਵਿੱਚ, ਨਕਲੀ ਬੁੱਧੀ ਪ੍ਰਭਾਵਿਤ ਕਰ ਰਹੀ ਹੈ ਕਿ ਲੋਕ ਭਵਿੱਖ ਵਿੱਚ ਕਿਵੇਂ ਰਹਿਣਗੇ? ਇਹ ਤੈਅ ਕਰਨ ਜਾ ਰਹੀ ਹੈ। ਕੰਪਨੀਆਂ ਹਰ ਸਾਲ ਏ ਆਈ ਉਤਪਾਦਾਂ ਅਤੇ ਸੇਵਾਵਾਂ 'ਤੇ ਅਰਬਾਂ ਡਾਲਰ ਖਰਚ ਕਰਦੀਆਂ ਹਨ, ਗੂਗਲ, ਐਪਲ, ਮਾਈਕ੍ਰੋਸਾਫਟ ਅਤੇ ਐਮਾਜਾਨ ਵਰਗੀਆਂ ਤਕਨੀਕੀ ਦਿੱਗਜ਼ਾਂ ਉਨ੍ਹਾਂ ਉਤਪਾਦਾਂ ਅਤੇ ਸੇਵਾਵਾਂ ਨੂੰ ਬਣਾਉਣ ਲਈ ਅਰਬਾਂ ਖਰਚ ਕਰ ਰਹੀਆਂ ਹਨ। "ਨਕਲੀ ਬੁੱਧੀ ਗੂਗਲ ਦਾ ਅੰਤਮ ਸੰਸਕਰਣ ਹੋਵੇਗਾ। ਅੰਤਮ ਖੋਜ ਇੰਜਣ ਜੋ ਵੈੱਬ 'ਤੇ ਸਭ ਕੁਝ ਸਮਝਦਾ ਹੈ। ਇਹ ਸਮਝ ਜਾਵੇਗਾ ਕਿ ਤੁਸੀਂ ਕੀ ਚਾਹੁੰਦੇ ਹੋ ਅਤੇ ਇਹ ਤੁਹਾਨੂੰ ਸਹੀ ਚੀਜ਼ ਦੇਵੇਗਾ। ਅਸੀਂ ਹੁਣ ਅਜਿਹਾ ਕਰਨ ਦੇ ਨੇੜੇ ਨਹੀਂ ਹਾਂ। ਹਾਲਾਂਕਿ ਅਸੀਂ ਲਗਾਤਾਰ ਇਸ ਦੇ ਨੇੜੇ ਜਾ ਸਕਦੇ ਹਾਂ। ਲੈਰੀ ਪੇਜ (ਗੂਗਲ ਦੇ ਸੰਸਥਾਪਕ) ਸਿੱਖਿਆ, ਰੋਬੋਟਿਕਸ, ਸਿਹਤ ਸੰਭਾਲ, ਗੇਮਿੰਗ, ਮਨੋਰੰਜਨ, ਬੈਂਕਿੰਗ, ਚਿਹਰੇ ਦੀ ਪਛਾਣ, ਆਟੋਨੋਮਸ ਵਾਹਨ, ਹਵਾਬਾਜ਼ੀ, ਪੁਲਾੜ, ਨੇਵੀਗੇਸ਼ਨ ਅਤੇ ਸਾਈਬਰ ਸੁਰੱਖਿਆ ਵਿੱਚ ਮਸਨੂਈ ਬੁੱਧੀ ਦੀ ਵਿਆਪਕ ਵਰਤੋਂ ਹੋ ਰਹੀ ਹੈ। ਸਟੈਟਿਸਟਾ ਦੇ ਅਨੁਸਾਰ, ਦੁਨੀਆ ਭਰ ਆਰਟੀਫੀਸ਼ਲ ਇੰਟੈਲੀਜੈਂਸ ਸਾਫਟਵੇਅਰ ਮਾਰਕੀਟ ਤੋਂ ਮਾਲੀਆ 2025 ਤੱਕ 126 ਬਿਲੀਅਨ ਡਾਲਰ ਤੱਕ ਪਹੁੰਚਣ ਦੀ ਉਮੀਦ ਹੈ। ਗਾਰਟਨਰ ਦੇ ਅਨੁਸਾਰ, 37% ਸੰਸਥਾਵਾਂ ਨੇ ਕਿਸੇ ਨਾ ਕਿਸੇ ਰੂਪ ਵਿੱਚ ਮਸਨੂਈ ਬੁੱਧੀ ਨੂੰ ਲਾਗੂ ਕੀਤਾ ਹੈ। ਦਵਾਈ ਦੇ ਖੇਤਰ ਵਿੱਚ ਆਰਟੀਫੀਸ਼ਲ ਇੰਟੈਲੀਜੈਂਸ ਦੀ ਵਰਤੋਂ ਕਰਦੇ ਹੋਏ ਸੰਯੁਕਤ ਰਾਜ ਅਤੇ ਕੈਨੇਡਾ ਦੇ ਵਿਗਿਆਨੀਆਂ ਨੇ ਇੱਕ ਸੁਪਰਬੱਗ ਨੂੰ ਮਾਰਨ ਲਈ ਇੱਕ ਨਵੀਂ ਸ਼ਕਤੀਸ਼ਾਲੀ ਐਂਟੀਬਾਇਓਟਿਕ ਖੋਜੀ ਹੈ।

ਹਾਲਾਂਕਿ, ਜਿਵੇਂ ਕਿ ਤਕਨਾਲੋਜੀ ਵਿਕਸਿਤ ਹੁੰਦੀ ਜਾ ਰਹੀ ਹੈ, ਸੰਭਾਵੀ ਨਕਾਰਾਤਮਕ ਪ੍ਰਭਾਵਾਂ 'ਤੇ ਵਿਚਾਰ ਕਰਨਾ ਮਹੱਤਵਪੂਰਨ ਹੈ। ਏ ਆਈ ਦਾ ਭਵਿੱਖ ਉੱਜਵਲ ਹੈ, ਪਰੰਤੂ ਇਹ ਯਕੀਨੀ ਬਣਾਉਣਾ ਮਹੱਤਵਪੂਰਨ ਹੈ ਕਿ ਇਸ ਦੀ ਵਰਤੋਂ ਉਹਨਾਂ ਤਰੀਕਿਆਂ ਨਾਲ ਕੀਤੀ ਜਾਵੇ, ਜੋ ਸਮੁੱਚੇ ਸਮਾਜ ਨੂੰ ਲਾਭ ਪਹੁੰਚਾਉਂਦੇ ਹਨ। ਆਰਟੀਫੀਸ਼ਲ ਇੰਟੈਲੀਜੈਂਸ ਵਿੱਚ ਹਾਲ ਹੀ ਵਿੱਚ ਹੋਈ ਤਰੱਕੀ ਦੇ ਨਾਲ ਲੋਕਾਂ ਨੂੰ ਚਿੰਤਾ ਵਧ ਰਹੀ ਹੈ ਕਿ ਸ਼ਕਤੀਸ਼ਾਲੀ ਤਕਨਾਲੋਜੀ ਭਵਿੱਖ ਵਿੱਚ ਕਈ ਨੌਕਰੀਆਂ ਨੂੰ ਖਤਮ ਕਰ ਸਕਦੀ ਹੈ। ਹੁਣ ਗੋਲਡਮੈਨ ਸਾਕਸ ਦੀ ਇੱਕ ਰਿਪੋਰਟ ਨੇ ਭਵਿੱਖਬਾਣੀ ਕੀਤੀ ਹੈ ਕਿ 300 ਮਿਲੀਅਨ ਨੌਕਰੀਆਂ ਜੈਨਰੇਟਿਵ ਏ ਆਈ ਦੁਆਰਾ ਪ੍ਰਭਾਵਿਤ ਹੋ ਸਕਦੀਆਂ ਹਨ। ਸਭ ਤੋਂ ਵੱਧ ਜੋਖਮ ਵਾਲੀਆਂ ਨੌਕਰੀਆਂ ਉਹ ਹਨ, ਜਿੱਥੇ ਵੱਡੀ ਗਿਣਤੀ ਵਿੱਚ ਕੰਮ ਸਵੈਚਲਿਤ ਕੀਤੇ ਜਾ ਸਕਦੇ ਹਨ। ਹਾਲਾਂਕਿ ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਤਕਨੀਕੀ ਤਰੱਕੀ ਦਾ ਮਤਲਬ ਨਵੀਆਂ ਨੌਕਰੀਆਂ ਅਤੇ ਉਤਪਾਦਕਤਾ ਵਿੱਚ ਉਛਾਲ ਹੋ ਸਕਦਾ ਹੈ, ਜੋ ਆਖਿਰਕਾਰ ਕੁਲ ਦੁਨੀਆ ਦੀ ਜੀ ਡੀ ਪੀ ਨੂੰ ਸੱਤ ਪ੍ਰਤੀਸ਼ਤ ਤੱਕ ਵਧਾ ਸਕਦਾ ਹੈ।

ਬਿਲ ਗੇਟਸ ਡਾਊਨਟਾਊਨ ਲੰਡਨ ਵਿੱਚ ਆਪਣੇ ਸਵੈ-ਡਰਾਈਵਿੰਗ ਅਨੁਭਵ ਬਾਰੇ ਲਿਖਦੇ ਹਨ: ਗੇਟਸ ਦੇ ਅਨੁਸਾਰ, ਡਰਾਈਵਿੰਗ ਦਾ ਭਵਿੱਖ ਖੁਦਮੁਖਤਿਆਰ ਹੈ। "ਏਵੀ (ਆਟੋਨੋਮਸ ਵਾਹਨ) ਆਖਰਕਾਰ ਨਿਯਮਤ ਵਾਹਨਾਂ ਨਾਲੋਂ ਸਸਤੇ ਹੋ ਜਾਣਗੇ ਅਤੇ ਜੇਕਰ ਤੁਸੀਂ ਮੇਰੇ ਵਾਂਗ ਕਾਰ ਰਾਹੀਂ ਸਫਰ ਕਰਦੇ ਹੋ, ਤਾਂ ਜ਼ਰਾ ਸੋਚੋ ਕਿ ਤੁਸੀਂ ਗੱਡੀ ਚਲਾਉਣ ਵਿੱਚ ਕਿੰਨਾ ਸਮਾਂ ਬਰਬਾਦ ਕਰਦੇ ਹੋ। ਤੁਸੀਂ ਇਸ ਦੀ ਬਜਾਏ ਈਮੇਲਾਂ ਵੇਖ ਸਕਦੇ ਹੋ ਜਾਂ ਇੱਕ ਚੰਗੀ ਕਿਤਾਬ ਪੜ੍ਹ ਸਕਦੇ ਹੋ ਅਤੇ ਜਾਂ ਆਪਣੇ ਮਨਪਸੰਦ ਸ਼ੋਅ ਦਾ ਨਵਾਂ ਐਪੀਸੋਡ ਦੇਖ ਸਕਦੇ ਹੋ-ਉਹ ਸਾਰੀਆਂ ਚੀਜ਼ਾਂ ਜੋ ਪੂਰੀ ਤਰ੍ਹਾਂ ਖੁਦਮੁਖਤਿਆਰ ਵਾਹਨਾਂ ਵਿੱਚ ਸੰਭਵ ਹਨ।" ਟੈਸਲਾ ਦਾ ਇਸ ਖੇਤਰ ਵਿੱਚ ਇਕ ਵੱਡਾ ਨਾਂਅ ਉੱਭਰ ਕੇ ਸਾਹਮਣੇ ਆ ਰਿਹਾ ਹੈ।"

ਮਰਹੂਮ ਭੌਤਿਕ ਵਿਗਿਆਨੀ ਸਟੀਫਨ ਹਾਕਿੰਗ ਸਾਨੂੰ ਸੰਪੂਰਣ ਏ ਆਈ ਦੇ ਖਤਰਿਆਂ ਬਾਰੇ ਚੇਤਾਵਨੀ ਦੇ ਗਏ ਹਨ। ਉਨ੍ਹਾਂ ਅਨੁਸਾਰ ਇੱਕ ਏ ਆਈ ਕਾਫੀ ਬੁੱਧੀਮਾਨ ਆਪਣੇ-ਆਪ ਨੂੰ ਸਾਡੇ ਨਿਯੰਤਰਣ ਤੋਂ ਮੁਕਤ ਕਰਨ ਦੇ ਯੋਗ ਹੋਵੇਗਾ। ਭਾਵੇਂ ਅਸੀਂ ਆਪਣੀਆਂ ਕਦਰਾਂ-ਕੀਮਤਾਂ ਨਾਲ ਮੇਲ ਖਾਣ ਲਈ ਏ ਆਈ ਨੂੰ ਡਿਜ਼ਾਈਨ ਕਰਨ ਵਿੱਚ ਕਾਮਯਾਬ ਹੋ ਗਏ ਤਾਂ ਵੀ ਮਾਮੂਲੀ ਭਟਕਣਾ ਦੇ ਨਤੀਜੇ ਵਜੋਂ ਹੇਠਾਂ ਵੱਲ ਨੂੰ ਵਿਨਾਸ਼ਕਾਰੀ ਨਤੀਜੇ ਨਿਕਲ ਸਕਦੇ ਹਨ। ਇੱਥੇ ਇੱਕ ਦਲੀਲ ਹੈ ਜੋ ਦੱਸਦੀ ਹੈ ਕਿ ਬਸ਼ਰਤੇ ਅਸੀਂ ਇੱਕ ਸਰਬ-ਸ਼ਕਤੀਸਾਲੀ ਏ ਆਈ ਨੂੰ ਡਿਜ਼ਾਈਨ ਕਰ ਸਕੀਏ, ਇਸ ਨੂੰ ਪਰਉਪਕਾਰੀ ਬਣਾਉਣ ਦੀ ਇੱਕੋ-ਇੱਕ ਜ਼ਰੂਰਤ ਹੈ ਕਿ ਇਹ ਉਹਨਾਂ ਚੀਜ਼ਾਂ ਦੀ ਇੱਛਾ ਕਰੇ, ਜੋ ਸਾਨੂੰ ਲਾਭ ਪਹੁੰਚਾਉਂਦੀਆਂ ਹਨ ਅਤੇ ਉਹਨਾਂ ਨੂੰ ਰੱਦ ਕਰ ਦੇਵੇ, ਜੋ ਸਾਨੂੰ ਨੁਕਸਾਨ ਪਹੁੰਚਾ ਸਕਦੀਆਂ ਹਨ।

1950 ਵਿੱਚ ਗਣਿਤ-ਸ਼ਾਸਤਰੀ ਐਲਨ ਟਿਊਰਿੰਗ (ਜਿਨ੍ਹਾਂ ਨੂੰ ਕੰਪਿਊਟਰ ਸਾਇੰਸ ਅਤੇ ਏ ਆਈ ਵਿੱਚ ਸ਼ਾਨਦਾਰ ਕੰਮ ਕਰਕੇ "ਨਕਲੀ ਬੁੱਧੀ ਦੇ ਪਿਤਾਮਾ" ਵਜੋਂ ਜਾਣਿਆ ਜਾਂਦਾ ਹੈ) ਨੇ ਆਪਣੇ ਆਪ ਨੂੰ ਪੁੱਛਿਆ, "ਕੀ ਮਸ਼ੀਨਾਂ ਸੋਚ ਸਕਦੀਆਂ ਹਨ?" ਅਸਲ ਵਿੱਚ ਇਹ ਸਧਾਰਨ ਸਵਾਲ ਸੰਸਾਰ ਨੂੰ ਬਦਲ ਦੇਵੇਗਾ। ਉਸ ਨੇ ਇੱਕ ਲੇਖ "ਕੰਪਿਊਟਿੰਗ ਮਸ਼ੀਨਰੀ ਅਤੇ ਇੰਟੈਲੀਜੈਂਸ" ਲਿਖਿਆ ਅਤੇ ਨਤੀਜੇ ਵਜੋਂ "ਟਿਊਰਿੰਗ ਟੈਸਟ" ਨੇ ਨਕਲੀ ਬੁੱਧੀ, ਇਸਦੇ ਦਰਸ਼ਨ ਅਤੇ ਇਸਦੇ ਟੀਚਿਆਂ ਦੀ ਨੀਂਹ ਰੱਖੀ। ਨਕਲੀ ਬੁੱਧੀ ਦਾ ਟੀਚਾ ਟਿਊਰਿੰਗ ਦੇ ਸਵਾਲ ਦਾ ਹਾਂ-ਪੱਖੀ ਜਵਾਬ ਦੇਣਾ ਹੈ। ਇਸ ਦਾ ਉਦੇਸ਼ ਮਸ਼ੀਨਾਂ ਵਿੱਚ ਮਨੁੱਖੀ ਬੁੱਧੀ ਦੀ ਨਕਲ ਕਰਨਾ ਹੈ। ਅਗਲੇ ਕੁਝ ਸਾਲਾਂ ਵਿੱਚ ਆਰਟੀਫੀਸ਼ਲ ਇੰਟੈਲੀਜੈਂਸ ਦਾ ਤੇਜ਼ੀ ਨਾਲ ਵਿਕਾਸ ਹੁੰਦਾ ਰਹੇਗਾ। ਅਸੀਂ ਸੰਭਾਵਤ ਤੌਰ 'ਤੇ ਨਕਲੀ ਬੁੱਧੀ ਦੇ ਅਣਇੱਛਤ ਨਤੀਜਿਆਂ ਨਾਲ ਜੁੜੀਆਂ ਚੁਣੌਤੀਆਂ ਦਾ ਸਾਹਮਣਾ ਕਰਾਂਗੇ, ਪਰੰਤੂ ਇਹ ਇਕ ਸੱਚਾਈ ਹੈ ਕਿ ਏ ਆਈ ਸਾਡੇ ਭਵਿੱਖ ਨੂੰ ਮਹੱਤਵਪੂਰਨ ਰੂਪ ਵਿੱਚ ਆਕਾਰ ਦੇਵੇਗਾ।

***# ਸੰਪਰਕ : 94655-76022***

# ਪਾਵਰਕਾਮ, ਟਰਾਂਸਕੋ ਪੈਨਸ਼ਨਰਾਂ ਨੇ ਬ੍ਰਿਜ ਭੂਸ਼ਣ ਦੀ ਅਰਥੀ ਫੂਕੀ




ਬ੍ਰਿਜ ਭੂਸ਼ਣ ਦੀ ਅਰਥੀ ਫੂਕਣ ਜਾਂਦੇ ਪਾਵਰਕਾਮ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਦੇ ਮੈਂਬਰ (ਸੱਜੇ) ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਪੈਨਸ਼ਨਰ ਆਗੂ।

**ਮੋਗਾ (ਅਮਰਜੀਤ ਬੱਬਰੀ)**

ਪਾਵਰਕਾਮ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਸ਼ਹਿਰੀ ਤੇ ਦਿਹਾਤੀ ਮੰਡਲ ਯੂਨਿਟ ਦੇ ਪੈਨਸ਼ਨਰਾਂ ਤੇ ਪਰਿਵਾਰਕ ਪੈਨਸ਼ਨਰਾਂ ਦੀ ਮਹੀਨਾਵਾਰ ਮੀਟਿੰਗ ਕਾਮ. ਨਛੱਤਰ ਸਿੰਘ ਧਾਲੀਵਾਲ ਯਾਦਗਰ ਭਵਨ ਦੇ ਸਤੀਸ਼ ਲੂੰਬਾ ਹਾਲ ਵਿਖੇ ਪੈਨਸ਼ਨਰਜ਼ ਯੂਨੀਅਨ ਦੇ ਕਨਵੀਨਰ ਗੁਰਮੇਲ ਸਿੰਘ ਨਾਹਰ, ਪ੍ਰਿਅਵਰਤ ਗੁਪਤਾ, ਸਵਰਨਜੀਤ ਸਿੰਘ ਨਾਹਰ ਦੀ ਸਾਂਝੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਪਾਵਰਕੌਮ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ ਦੇ ਪ੍ਰਧਾਨ ਰਾਧੇ ਸਿਆਮ ਤੇ ਉਪ ਪ੍ਰਧਾਨ ਕੇਵਲ ਸਿੰਘ ਬਨਵੈਤ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।

ਇਸ ਮੌਕੇ ਯੂਨੀਅਨ ਦੇ ਸਮੂਹ ਅਹੁਦੇਦਾਰਾਂ ਨੇ ਪੰਜਾਬ ਪ੍ਰਧਾਨ ਰਾਧੇ ਸਿਆਮ, ਉਪ ਪ੍ਰਧਾਨ ਕੇਵਲ ਸਿੰਘ ਬਨਵੈਤ ਨੂੰ ਮੋਗਾ ਪਹੁੰਚਣ 'ਤੇ ਨਿੱਘਾ ਸੁਆਗਤ ਕੀਤਾ। ਇਸ ਮੀਟਿੰਗ ਵਿੱਚ ਯੂਨੀਅਨ ਦੇ ਦਿਆਲ ਸਿੰਘ ਕੈਲਾ, ਗੁਰਮੇਲ ਸਿੰਘ ਨਾਹਰ, ਪ੍ਰਿਅਵਰਤ ਗੁਪਤਾ ਤੇ ਹੋਰ ਮੈਂਬਰਾਂ ਨੇ ਪੈਨਸ਼ਨਰਾਂ ਦੀਆਂ ਮੁੱਖ ਲਟਕਦੀਆਂ ਮੰਗਾਂ ਬਾਰੇ ਦੱਸਿਆ। ਇਸ ਦੇ ਨਾਲ ਹੀ ਯੂਨੀਅਨ ਦੇ ਸੂਬਾ ਪ੍ਰਧਾਨ ਰਾਧੇ ਸਿਆਮ ਤੇ ਉਪ ਪ੍ਰਧਾਨ ਕੇਵਲ ਸਿੰਘ ਬਨਵੈਤ ਨੇ ਯੂਨੀਅਨ ਵੱਲੋਂ ਪੰਜਾਬ ਸਰਕਾਰ ਤੇ ਪਾਵਰਕਾਮ ਮੈਨੇਜਮੈਂਟ ਵੱਲੋਂ ਮੰਗਾਂ ਨਾ ਮੰਨੇ ਜਾਣ ਵਿਰੁੱਧ ਵਿੱਢੇ ਸੰਘਰਸ਼, ਜਾਇਜ਼ ਮੰਗਾਂ ਮੰਨਵਾਉਣ ਲਈ ਮੈਨੇਜਮੈਂਟ ਨਾਲ ਗੱਲਬਾਤ, ਸੰਖੇਪ ਇਤਿਹਾਸ ਯੂਨੀਅਨ ਤੇ ਆਗੂਆਂ ਵੱਲੋਂ ਕੀਤੀਆਂ ਕੁਰਬਾਨੀਆਂ ਬਾਰੇ ਜਾਣਕਾਰੀ ਦਿੱਤੀ ਗਈ।

ਸੂਬਾਈ ਆਗੂਆਂ ਨੇ ਪੈਨਸ਼ਨਰਾਂ ਦੀਆਂ ਮੁੱਖ ਮੰਗਾਂ ਸਬੰਧੀ ਪਾਵਰਕੌਮ ਟਰਾਂਸਕੋ ਮੈਨੇਜਮੈਂਟ ਨਾਲ ਹੋਣ ਵਾਲੀ ਮੀਟਿੰਗ ਬਿਨਾਂ ਕਿਸੇ ਕਾਰਨ ਰੱਦ ਕਰ ਕਰਨ ਦੀ ਸਮੂਹ ਅਹੁਦੇਦਾਰਾਂ ਨੇ ਮੈਨੇਜਮੈਂਟ ਦੀ ਸਖਤ ਸ਼ਬਦਾਂ ਵਿੱਚ ਆਲੋਚਨਾ ਕੀਤੀ ਤੇ ਚਿਤਾਵਨੀ ਦਿੱਤੀ ਕਿ ਜੇਕਰ ਪੈਨਸ਼ਨਰਜ਼ ਯੂਨੀਅਨ ਦੀ ਜਲਦੀ ਮੀਟਿੰਗ ਨਾ ਕਰਵਾਈ ਗਈ ਤਾਂ ਯੂਨੀਅਨ ਸੰਘਰਸ਼ ਕਰਨ ਲਈ ਮਜਬੂਰ ਹੋਵੇਗੀ।

ਮੀਟਿੰਗ ਉਪਰੰਤ ਪ੍ਰਧਾਨ ਰਾਧੇ ਸਿਆਮ, ਗੁਰਮੇਲ ਸਿੰਘ ਨਾਹਰ, ਕੇਵਲ ਸਿੰਘ ਤੇ ਸਟੇਟ ਆਗੂ ਦਰਸ਼ਨ ਲਾਲ ਮੋਗਾ (ਫੈਡਰੇਸ਼ਨ ਏਟਕ) ਦੀ ਅਗਵਾਈ ਹੇਠ ਰੈਸਲਿੰਗ ਫੈਡਰੇਸ਼ਨ ਆਫ ਇੰਡੀਆ ਦੇ ਸਾਬਕਾ ਪ੍ਰਧਾਨ ਬ੍ਰਿਜ ਭੂਸ਼ਨ ਸ਼ਰਨ ਸਿੰਘ ਵੱਲੋਂ ਮਹਿਲਾ ਰੈਸਲਰਾਂ ਨਾਲ ਜਿਨਸੀ ਸ਼ੋਸ਼ਣ ਕਰਨ ਖਿਲਾਫ ਮਹਿਲਾ ਭਲਵਾਨਾਂ ਨੂੰ ਇਨਸਾਫ ਦਿਵਾਉਣ ਲਈ ਮੋਗਾ ਦੇ ਮੇਨ ਚੌਕ ਵਿੱਚ ਭਾਰਤ ਭੂਸ਼ਨ ਸ਼ਰਨ ਸਿੰਘ ਦੀ ਅਰਥੀ ਫੂਕੀ ਗਈ ਤੇ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ ਗਈ।

ਇਸ ਮੌਕੇ ਯੂਨੀਅਨ ਆਗੂ ਵੀ ਪੀ ਸੇਠੀ, ਰਾਮ ਸਨੇਹੀ, ਓਮ ਪ੍ਰਕਾਸ, ਸਵਰਨਜੀਤ ਸਿੰਘ, ਦਰਸ਼ਨ ਲਾਲ ਸ਼ਰਮਾ, ਮਹਿੰਦਰ ਸਿੰਘ, ਹਰਭਗਵਾਨ ਖੁਰਾਣਾ, ਤੇਜਾ ਸਿੰਘ ਬਰਾੜ, ਗੁਰਨਾਮ ਸਿੰਘ, ਜਸਬੀਰ ਸਿੰਘ, ਦਰਬਾਰਾ ਸਿੰਘ, ਗੁਰਦੇਵ ਸਿੰਘ, ਲਕਸ਼ਮੀ ਚੰਦਰ, ਰਾਮ ਪ੍ਰਕਾਸ਼, ਬਲਦੇਵ ਸਿੰਘ, ਬਿੱਕਰ ਸਿੰਘ, ਗੁਰਮੀਤ ਸਿੰਘ ਕਮਾਲਕੇ, ਮਹਿੰਦਰ ਸਿੰਘ, ਜੋਗਿੰਦਰ ਸਿੰਘ, ਸੁੱਖ ਬਿਲਾਸ, ਮਲਕੀਤ ਸਿੰਘ, ਸਵਰਨ ਸਿੰਘ ਖੋਸਾ, ਮੰਗਲ ਸਿੰਘ ਖੋਸਾ, ਪਰਮਜੀਤ ਕੌਰ, ਜਗਜੀਤ ਸਿੰਘ, ਗੰਗਾ ਸਿੰਘ, ਬੂਟਾ ਸਿੰਘ, ਰਘਬੀਰ ਸਿੰਘ, ਭੋਲਾ ਸਿੰਘ, ਪਿਆਰਾ ਸਿੰਘ, ਤ੍ਰਿਲੋਕ ਸਿੰਘ ਕਪੂਰ ਸਿੰਘ ਤੋਂ ਇਲਾਵਾ 70 ਦੇ ਕਰੀਬ ਪੈਨਸ਼ਨਰਜ਼ ਮੈਂਬਰ ਹਾਜ਼ਰ ਸਨ।

## ਐੱਨ ਆਰ ਆਈ ਦੇ ਘਰ 'ਚੋਂ 5 ਲੱਖ ਨਕਦ ਤੇ 15 ਤੋਲਾ ਸੋਨਾ ਚੋਰੀ

**ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)**-ਮਾਛੀਵਾੜਾ ਬਲਾਕ ਅਧੀਨ ਪੈਂਦੇ ਪਿੰਡ ਹਸਨਪੁਰ ਵਿਖੇ ਚੋਰਾਂ ਨੇ ਇੱਕ ਐੱਨ.ਆਰ.ਆਈ. ਦੀ ਕੋਠੀ ਨੂੰ ਨਿਸ਼ਾਨਾ ਬਣਾਉਂਦਿਆਂ 5 ਲੱਖ ਰੁਪਏ ਨਕਦੀ ਤੇ 15 ਤੋਲਾ ਸੋਨਾ ਚੋਰੀ ਕਰਕੇ ਵੱਡੀ ਘਟਨਾ ਨੂੰ ਅੰਜਾਮ ਦਿੱਤਾ। ਘਰ ਦੀ ਮਾਲਕ ਸੁਰਿੰਦਰ ਕੌਰ ਪਤਨੀ ਸਵ. ਸਰਦਾਰ ਸਿੰਘ ਵਾਸੀ ਹਸਨਪੁਰ ਨੇ ਦੱਸਿਆ ਕਿ ਉਹ ਪਰਿਵਾਰ ਸਮੇਤ ਇਟਲੀ ਰਹਿੰਦੀ ਹੈ, ਜੋ ਕਿ 5 ਮਹੀਨੇ ਪਹਿਲਾਂ ਹੀ ਆਪਣੇ ਘਰ ਆਈ ਸੀ। ਮਾਲਕਣ ਅਨੁਸਾਰ ਉਹ 29 ਮਈ ਨੂੰ ਆਪਣੇ ਪੇਕੇ ਘਰ ਲੁਬਾਣਗੜ੍ਹ ਚਲੀ ਗਈ ਤੇ ਜਦੋਂ ਵਾਪਸ ਪਰਤੀ ਤਾਂ ਦੇਖਿਆ ਕਿ ਕੋਠੀ ਦੇ ਸਾਰੇ ਤਾਲੇ ਟੁੱਟੇ ਹੋਏ ਸਨ ਅਤੇ ਘਰ ਦਾ ਸਾਰਾ ਸਾਮਾਨ ਬਿਖਰਿਆ ਪਿਆ ਸੀ। ਸੁਰਿੰਦਰ ਕੌਰ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਸ ਨੇ ਕੁਝ ਦਿਨ ਪਹਿਲਾਂ ਪਾਪੂਲਰ ਵੇਚੇ ਸਨ, ਜਿਸ ਦਾ 5 ਲੱਖ ਰੁਪਏ ਘਰ ਵਿੱਚ ਹੀ ਪਿਆ ਸੀ, ਜਿਸ ਨੂੰ ਵੀ ਚੋਰ ਚੋਰੀ ਕਰਕੇ ਲੈ ਗਏ। ਇਸ ਤੋਂ ਇਲਾਵਾ ਘਰ ਦੀ ਅਲਮਾਰੀ ਵਿੱਚ ਪਿਆ 15 ਤੋਲਾ ਸੋਨਾ ਵੀ ਚੋਰੀ ਹੋ ਚੁੱਕਾ ਸੀ।

ਚੋਰਾਂ ਨੇ ਘਰ ਵਿੱਚ ਪਈਆਂ ਸਾਰੀਆਂ ਅਲਮਾਰੀਆਂ ਤੇ ਹੋਰ ਸਾਮਾਨ ਦੀ ਚੰਗੀ ਤਰ੍ਹਾਂ ਫਰੋਲਾ-ਫਰਾਲੀ ਕੀਤੀ ਅਤੇ ਪੂਰੀ ਤਸੱਲੀ ਨਾਲ ਘਟਨਾ ਨੂੰ ਅੰਜਾਮ ਦਿੱਤਾ, ਜਿਸ ਬਾਰੇ ਪਿੰਡ 'ਚ ਕਿਸੇ ਨੂੰ ਭਿਣਕ ਵੀ ਨਾ ਲੱਗੀ। ਹੋਰ ਤਾਂ ਹੋਰ ਚੋਰ ਜੋ ਘਰ ਵਿੱਚ ਛੋਟਾ ਜਿਹਾ ਧਾਰਮਿਕ ਸਥਾਨ ਬਣਿਆ ਹੈ, ਉਸ ਅੱਗੇ ਵੀ ਸ਼ਰਧਾ ਨਾਲ ਚੜ੍ਹਾਏ ਪੈਸੇ ਚੋਰੀ ਕਰਕੇ ਲੈ ਗਏ। ਐੱਨ.ਆਰ.ਆਈ. ਦੀ ਕੋਠੀ 'ਚ ਸੀਸੀਟੀਵੀ ਕੈਮਰੇ ਲੱਗੇ ਹੋਏ ਸਨ, ਪਰ ਚੋਰ ਜਾਂਦੇ ਹੋਏ ਡੀ ਵੀ ਆਰ ਵੀ ਨਾਲ ਲੈ ਗਏ, ਜਿਸ ਕਾਰਨ ਕੋਈ ਸੁਰਾਗ ਨਾ ਪਤਾ ਲੱਗ ਸਕਿਆ। ਘਟਨਾ ਦੀ ਸੂਚਨਾ ਮਿਲਦੇ ਹੀ ਸਮਰਾਲਾ ਦੇ ਡੀ.ਐੱਸ.ਪੀ. ਵਰਿਆਮ ਸਿੰਘ ਤੇ ਬਹਿਲੋਲਪੁਰ ਚੌਕੀ ਇੰਚਾਰਜ ਪ੍ਰਮੋਦ ਕੁਮਾਰ ਵੀ ਮੌਕੇ 'ਤੇ ਪਹੁੰਚ ਗਏ, ਜਿਨ੍ਹਾਂ ਵੱਲੋਂ ਸਾਰੀ ਸਥਿਤੀ ਦਾ ਜਾਇਜ਼ਾ ਲਿਆ ਗਿਆ।

# ਫਾਇਰ ਬ੍ਰਿਗੇਡ ਦੀ ਨਿਕੰਮੀ ਕਾਰਗੁਜ਼ਾਰੀ ਕਾਰਨ ਖੋਖੇ ਤੇ ਰੇਹੜੀਆਂ ਸੜ ਕੇ ਸਵਾਹ

### ਕਾਰਜ ਸਾਧਕ ਅਫ਼ਸਰ ਨੇ ਕਰਮਚਾਰੀਆਂ ਦਾ ਪੱਖ ਪੂਰਿਆ




ਮਲੋਟ ਵਿਖੇ ਰੇਲਵੇ ਫਾਟਕ ਨੇੜੇ ਲੱਗੀ ਅੱਗ ਅਤੇ ਸੜ ਕੇ ਸਵਾਹ ਹੋਏ ਰੇਹੜੀਆਂ ਤੇ ਖੋਖੇ।

**ਮਲੋਟ (ਗੁਰਮੀਤ ਸਿੰਘ ਮੱਕੜ)**

ਬੀਤੀਂ ਰਾਤ ਰੇਲਵੇ ਫਾਟਕ ਨੇੜੇ ਲਗਭਗ ਪੌਣੇ 11 ਵਜੇ ਰੇਹੜੀ ਤੇ ਖੋਖਿਆਂ ਨੂੰ ਭਿਆਨਕ ਅੱਗ ਲੱਗ ਗਈ, ਜਿਸ ਦੀ ਤੁਰੰਤ ਸੂਚਨਾ ਫਾਇਰ ਬ੍ਰਿਗੇਡ ਨੂੰ ਫੋਨ 'ਤੇ ਦਿੱਤੀ ਗਈ, ਜਿੱਥੇ ਬੈਠੇ ਕਰਮਚਾਰੀ ਨੇ ਇਸ ਨੂੰ ਅਣਗੌਲਿਆ ਕਰਦਿਆਂ ਹੋਇਆਂ ਸੂਚਨਾ ਦੇਣ ਵਾਲੇ ਵਿਅਕਤੀ ਨੂੰ ਉਸ ਦਾ ਪਤਾ, ਫੋਨ ਨੰਬਰ ਆਦਿ ਪਹਿਲਾਂ ਲਿਖਵਾਉਣ ਲਈ ਕਿਹਾ ਤੇ ਫ਼ਿਰ ਅੱਗ 'ਤੇ ਕਾਬੂ ਪਾਉਣ ਦੀ ਗੱਲ ਕਹੀ, ਜਦੋਂਕਿ ਮੱਕੜ ਕਲੋਨੀ ਵਾਸੀ ਗੁਰਮੀਤ ਸਿੰਘ ਨੇ ਕਰਮਚਾਰੀ ਨੂੰ ਦੱਸਿਆ ਕਿ ਅੱਗ ਭਿਆਨਕ ਹੋਣ ਕਰਕੇ ਰਿਹਾਇਸ਼ੀ ਇਲਾਕਿਆਂ ਵੱਲ ਵਧ ਰਹੀ ਹੈ, ਪ੍ਰੰਤੂ ਉਹ ਕਰਮਚਾਰੀ ਆਪਣੀ ਗੱਲ 'ਤੇ ਹੀ ਅੜਿਆ ਰਿਹਾ ਅਤੇ ਉਸ ਨੇ ਅੱਗ ਲੱਗਣ ਦੀ ਗੱਲ ਨੂੰ ਨਕਾਰ ਦਿੱਤਾ। ਜਦੋਂ ਉਸ ਕਰਮਚਾਰੀ ਤੋਂ ਉਸ ਦਾ ਨਾਮ ਪੁੱਛਿਆ ਤਾਂ ਉਹ ਫੋਨ ਹੀ ਰੱਖ ਗਿਆ। ਉਸ ਤੋਂ ਬਾਅਦ ਇਸ ਦੀ ਸੂਚਨਾ ਨਗਰ ਕੌਂਸਲ ਦੇ ਪ੍ਰਧਾਨ ਸ਼ੁੱਭਦੀਪ ਸਿੰਘ ਬਿੱਟੂ ਤੇ ਥਾਣਾ ਸਿਟੀ ਵਿਖੇ ਦਿੱਤੀ ਗਈ, ਜਿਨ੍ਹਾਂ ਦੀਆਂ ਕੋਸ਼ਿਸ਼ਾਂ ਸਦਕਾ 11 ਵਜੇ ਤੋਂ ਬਾਅਦ ਫ਼ਾਇਰ ਬ੍ਰਿਗੇਡ ਘਟਨਾ ਸਥਾਨ 'ਤੇ ਪਹੁੰਚੀ, ਜਿਸ ਦੇ ਪਹੁੰਚਣ ਤੋਂ ਪਹਿਲਾਂ ਹੀ ਰੇਹੜੀਆਂ ਤੇ ਖੋਖੇ ਸੜ ਕੇ ਸਵਾਹ ਹੋ ਗਏ ਅਤੇ ਜਿਸ ਨੁਕਸਾਨ ਨੂੰ ਰੋਕਿਆ ਜਾ ਸਕਦਾ ਸੀ, ਉਹ ਫਾਇਰ ਬ੍ਰਿਗੇਡ ਦੀ ਨਿਕੰਮੀ ਕਾਰਗੁਜ਼ਾਰੀ ਕਾਰਨ ਭਾਰੀ ਨੁਕਸਾਨ ਹੋ ਗਿਆ। ਸ਼ਹਿਰ ਵਿੱਚ ਚਰਚਾ ਹੈ ਕਿ ਫਾਇਰ ਬ੍ਰਿਗੇਡ ਦੇ ਕਰਮਚਾਰੀ ਅਵੇਸਲੇ ਹੋ ਜਾਂਦੇ ਹਨ ਤੇ ਜਿੱਥੇ ਸੂਚਨਾ ਮਿਲਣ 'ਤੇ ਤੁਰੰਤ ਪਹੁੰਚਣਾ ਚਾਹੀਦਾ ਹੈ, ਉੱਥੇ ਆਨਾਕਾਨੀ ਕਰਕੇ ਆਪਣਾ ਟਾਇਮ ਟਪਾਉਂਦੇ ਹਨ। ਜਦੋਂ ਇਸ ਸਬੰਧੀ ਨਗਰ ਕੌਂਸਲ ਦੇ ਕਾਰਜਸਾਧਕ ਅਫ਼ਸਰ ਜਗਸੀਰ ਸਿੰਘ ਧਾਲੀਵਾਲ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਆਪਣੇ ਕਰਮਚਾਰੀਆਂ ਦਾ ਪੱਖ ਲੈਂਦੇ ਹੋਏ ਸਾਰੀਆਂ ਗੱਲਾਂ ਨੂੰ ਅਣਗੌਲਿਆ ਕਰ ਦਿੱਤਾ। ਸ਼ਹਿਰ ਦੀਆਂ ਵੱਖ ਵੱਖ ਵਪਾਰਕ ਤੇ ਸਮਾਜਿਕ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਸਥਾਨਕ ਸਰਕਾਰਾਂ ਦੇ ਮੰਤਰੀ ਬਲਕਾਰ ਸਿੰਘ ਤੋਂ ਮੰਗ ਕੀਤੀ ਹੈ ਕਿ ਲੰਮੇਂ ਸਮੇਂ ਤੋਂ ਤਾਇਨਾਤ ਇਨ੍ਹਾਂ ਕਰਮਚਾਰੀਆਂ ਨੂੰ ਦੂਰ ਦੁਰਾਡੇ ਬਦਲਿਆ ਜਾਵੇ ਤੇ ਇਨ੍ਹਾਂ ਦੇ ਅਣਗਹਿਲੀ ਵਰਤਣ 'ਤੇ ਕਾਰਵਾਈ ਕੀਤੀ ਜਾਵੇ।

## ਕਾਤਰਾਂ

### ਵਿਅਕਤੀ ਦੀ ਕੁੱਟਮਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਦੇ ਅਧੀਨ ਆਉਂਦੇ ਪਿੰਡ ਰੁਕਨਾ ਬੇਗੂ ਦੇ ਰਹਿਣ ਵਾਲੇ ਟਹਿਲ ਸਿੰਘ ਪੁੱਤਰ ਰੇਸ਼ਮ ਸਿੰਘ ਨੂੰ ਅਣਪਛਾਤੇ ਵਿਅਕਤੀਆਂ ਨੇ ਉਸ 'ਤੇ ਹਮਲਾ ਕਰਕੇ ਜ਼ਖ਼ਮੀਂ ਕਰ ਦਿੱਤਾ। ਇਸ ਸੰਬਧੀ ਜਾਣਕਾਰੀ ਦਿੰਦੇ ਹੋਏ ਟਹਿਲ ਸਿੰਘ ਨੇ ਦੱਸਿਆ ਕਿ ਉਹ ਆਪਣੇ ਕੰਮ ਕਾਰ ਲਈ ਫਿਰੋਜ਼ਪੁਰ ਸ਼ਹਿਰ ਜਾ ਰਿਹਾ ਸੀ ਤਾਂ ਰਸਤੇ ਵਿੱਚ ਅਣਪਛਾਤੇ ਵਿਅਕਤੀਆਂ ਨੇ ਉਸ 'ਤੇ ਹਮਲਾ ਕਰਕੇ ਜ਼ਖ਼ਮੀਂ ਕਰ ਦਿੱਤਾ। ਟਹਿਲ ਸਿੰਘ ਨੇ ਦੱਸਿਆ ਕਿ ਹਮਲਾਵਰਾਂ ਦੇ ਮੂੰਹ ਬੰਨ੍ਹੇ ਹੋਏ ਸਨ ਤੇ ਉਸ ਕੋਲੋਂ ਨਗਦੀ, ਮੋਬਾਇਲ ਤੇ ਮੋਟਰਸਾਈਕਲ ਖੋਹਣ ਦੀ ਕੋਸ਼ਿਸ਼ ਕੀਤੀ, ਪਰ ਉਸ ਨੇ ਜਦ ਇਸ ਦਾ ਵਿਰੋਧ ਕੀਤਾ ਤਾਂ ਉਨ੍ਹਾਂ ਉਸ 'ਤੇ ਹਮਲਾ ਕਰਕੇ ਜ਼ਖ਼ਮੀਂ ਕਰ ਦਿੱਤਾ।

### ਹੈਰੋਇਨ ਰੱਖਣ ਦੇ ਮਾਮਲੇ 'ਚੋਂ ਬਰੀ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫ਼ਿਰੋਜ਼ਪੁਰ ਦੇ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਹਰਦੀਪ ਸਿੰਘ ਦੀ ਅਦਾਲਤ ਨੇ ਹੈਰੋਇਨ ਤਸਕਰੀ ਦੇ ਮਾਮਲੇ ਵਿੱਚ ਇੱਕ ਵਿਅਕਤੀ ਨੂੰ ਬਰੀ ਕੀਤਾ ਹੈ। ਮਿਲੀ ਜਾਣਕਾਰੀ ਅਨੁਸਾਰ ਥਾਣਾ ਸਦਰ ਫ਼ਿਰੋਜ਼ਪੁਰ ਪੁਲਸ ਵੱਲੋਂ 14 ਅਪ੍ਰੈਲ 2018 ਨੂੰ ਦਰਜ ਮਾਮਲੇ ਵਿੱਚ ਇੰਸਪੈਕਟਰ ਅਸ਼ਵਨੀ ਕੁਮਾਰ ਐੱਸ ਟੀ ਐੱਫ ਯੂਨਿਟ ਨੇ ਦੱਸਿਆ ਕਿ ਗਸ਼ਤ ਦੌਰਾਨ ਉਸ ਨੂੰ ਮੁਖ਼ਬਰ ਪਾਸੋਂ ਇਤਲਾਹ ਮਿਲੀ ਕਿ ਮੁਲਜ਼ਮ ਹਰਵਿੰਦਰ ਸਿੰਘ ਉਰਫ਼ ਛਿੰਦਰ ਪੁੱਤਰ ਹਰਦਿਆਲ ਸਿੰਘ ਵਾਸੀ ਲਖਮੀਰ ਕੇ ਉਤਾੜ ਨੇ ਹੈਰੋਇਨ ਦੀ ਵੱਡੀ ਖੇਪ ਪਾਕਿਸਤਾਨੋਂ ਤਾਰੋਂ ਪਾਰ ਮੰਗਵਾ ਕੇ ਭਾਰਤੀ ਖੇਤਰ ਵਿੱਚ ਦਬਾ ਕੇ ਰੱਖੀ ਹੈ। ਇਸ ਸਬੰਧੀ ਪੁਲਸ ਵੱਲੋਂ ਮੁਲਜ਼ਮ ਦੇ ਕਬਜ਼ੇ ਵਿੱਚੋਂ ਇੱਕ ਕਿੱਲੋ 160 ਗ੍ਰਾਮ ਹੈਰੋਇਨ ਬਰਾਮਦਗੀ ਦਾ ਦਾਅਵਾ ਕੀਤਾ ਗਿਆ। ਚੱਲੇ ਮਾਮਲੇ 'ਚ ਵਕੀਲ ਗੁਰਜੰਟ ਸਿੰਘ ਦੀ ਬਹਿਸ ਸੁਣਨ ਉਪਰੰਤ ਜੱਜ ਹਰਦੀਪ ਸਿੰਘ ਨੇ ਨਾਮਜ਼ਦ ਹਰਵਿੰਦਰ ਸਿੰਘ ਨੂੰ ਬਰੀ ਕਰ ਦਿੱਤਾ।

### ਐੱਸ ਡੀ ਐੱਮ ਮਨਜੀਤ ਕੌਰ ਨੇ ਅਹੁਦਾ ਸੰਭਾਲਿਆ

**ਜਗਰਾਉਂ (ਸੰਜੀਵ ਅਰੋੜਾ)**-ਸਥਾਨਕ ਮੈਜਿਸਟ੍ਰੇਟ ਦਫ਼ਤਰ ਵਿਖੇ ਐੱਸ. ਡੀ. ਐੱਮ. ਦਾ ਅਹੁਦਾ ਪਿਛਲੇ ਢਾਈ ਮਹੀਨਿਆਂ ਤੋਂ ਖਾਲੀ ਪਿਆ ਸੀ। ਇੱਥੇ ਪੱਕਾ ਐੱਸ. ਡੀ. ਐੱਮ. ਨਾ ਹੋਣ ਕਾਰਨ ਲੋਕਾਂ ਨੂੰ ਖੱਜਲ-ਖੁਆਰੀ ਦਾ ਸਾਹਮਣਾ ਕਰਨਾ ਪੈਂਦਾ ਸੀ। ਅੱਜ ਸਰਕਾਰ ਵੱਲੋਂ ਮਨਜੀਤ ਕੌਰ (ਪੀ. ਸੀ. ਐੱਸ.) ਨੂੰ ਜਗਰਾਉਂ ਦਾ ਐੱਸ. ਡੀ. ਐੱਮ. ਨਿਯੁਕਤ ਕੀਤਾ ਗਿਆ, ਜਿਹੜੇ ਕਿ ਖੰਨੇ ਤੋਂ ਬਲਦ ਕੇ ਜਗਰਾਉਂ ਆਏ ਹਨ। ਐੱਸ. ਡੀ. ਐੱਮ. ਮਨਜੀਤ ਕੌਰ ਵੱਲੋਂ ਅਹੁਦਾ ਸੰਭਾਲਣ ਸਮੇਂ ਤਹਿਸੀਲਦਾਰ ਮਨਮੋਨਕ ਕੌਸ਼ਿਕ, ਨਾਇਬ ਤਹਿਸੀਲਦਾਰ ਗੁਰਦੀਪ ਸਿੰਘ ਤੇ ਖੇਤੀਬਾੜੀ ਅਫ਼ਸਰ ਗੁਰਦੀਪ ਸਿੰਘ ਵੱਲੋਂ ਗੁਲਦਸਤੇ ਭੇਟ ਕਰਕੇ ਸਵਾਗਤ ਕੀਤਾ ਗਿਆ।



# 80 ਪਿੰਡਾਂ ਨੂੰ ਲੱਗਦੇ ਸਿਹਤ ਕੇਂਦਰ 'ਚ ਕੇਵਲ ਇੱਕ ਹੀ ਡਾਕਟਰ

### ਬੰਦੂ ਹੈਲਪਿੰਗ ਹੈਂਡ ਫਾਊਂਡੇਸ਼ਨ ਦੀ ਟੀਮ ਨੇ ਹਸਪਤਾਲ ਦਾ ਦੌਰਾ ਕਰ ਕੀਤਾ ਖੁਲਾਸਾ



ਜਾਣਕਾਰੀ ਦਿੰਦੇ ਪਤਵੰਤੇ ਤੇ ਖਾਲੀ ਪਿਆ ਵਾਰਡ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਹਲਕਾ ਸਾਹਨੇਵਾਲ ਅਧੀਨ ਪੈਂਦੇ 80 ਪਿੰਡਾਂ ਨੂੰ ਸਿਹਤ ਸੁਵਿਧਾਵਾਂ ਪ੍ਰਦਾਨ ਕਰਨ ਵਾਲਾ ਕੂੰਮ ਕਲਾਂ ਦੇ ਮੁੱਢਲੇ ਸਿਹਤ ਕੇਂਦਰ ਵਿੱਚ ਕੇਵਲ ਇੱਕ ਹੀ ਡਾਕਟਰ ਤਾਇਨਾਤ ਹੈ, ਜਿਸ ਕਾਰਨ ਪਿੰਡਾਂ ਦੇ ਗਰੀਬ ਲੋਕ ਪ੍ਰਾਈਵੇਟ ਹਸਪਤਾਲਾਂ ਵਿੱਚ ਜਾ ਕੇ ਮਹਿੰਗਾ ਇਲਾਜ ਕਰਵਾਉਣ ਲਈ ਮਜਬੂਰ ਹਨ। ਬੰਦੂ ਹੈਲਪਿੰਗ ਹੈਂਡ ਫਾਊਂਡੇਸ਼ਨ ਦੀ ਟੀਮ ਵੱਲੋਂ 10 ਏਕੜ 'ਚ ਬਣੇ ਕੂੰਮ ਕਲਾਂ ਹਸਪਤਾਲ ਦਾ ਦੌਰਾ ਕੀਤਾ ਗਿਆ, ਜਿਨ੍ਹਾਂ ਨਾਲ ਪਿੰਡਾਂ ਦੇ ਪੰਚ, ਸਰਪੰਚ ਤੇ ਪਤਵੰਤੇ ਸੱਜਣ ਮੌਜੂਦ ਸਨ, ਜਿਨ੍ਹਾਂ ਨੇ ਖੁਲਾਸੇ ਕਰਦਿਆਂ ਕਿਹਾ ਕਿ ਬੇਸ਼ੱਕ ਸਰਕਾਰ ਵੱਲੋਂ ਇੱਥੇ ਵਧੀਆ ਇਮਾਰਤ, ਮਰੀਜ਼ਾਂ ਦੇ ਇਲਾਜ ਲਈ 30 ਬੈੱਡ ਮੌਜੂਦ ਹਨ, ਪਰ ਡਾਕਟਰਾਂ ਦੀ ਘਾਟ ਕਾਰਨ ਇਲਾਜ ਕਰਵਾਉਣ ਕੋਈ ਵੀ ਨਹੀਂ ਆ ਰਿਹਾ। ਜਾਣਕਾਰੀ ਅਨੁਸਾਰ ਕੂੰਮ ਕਲਾਂ ਮੁੱਢਲੇ ਸਿਹਤ ਕੇਂਦਰ ਵਿੱਚ ਡਾਕਟਰਾਂ ਦੀਆਂ 5 ਪੋਸਟਾਂ ਹਨ ਤੇ ਇੱਥੇ 2 ਤਾਇਨਾਤ ਹਨ, ਜਿਨ੍ਹਾਂ 'ਚੋਂ 1 ਸਾਹਨੇਵਾਲ ਡੈਪੂਟੇਸ਼ਨ 'ਤੇ ਭੇਜ ਦਿੱਤਾ ਹੈ। ਐੱਸ.ਐੱਮ.ਓ. ਤੋਂ ਇਲਾਵਾ ਇੱਕ ਡਾਕਟਰ ਕਿਸ ਤਰ੍ਹਾਂ 80 ਪਿੰਡਾਂ ਦੇ ਹਜ਼ਾਰਾਂ ਲੋਕਾਂ ਨੂੰ ਸਿਹਤ ਸੁਵਿਧਾਵਾਂ ਪ੍ਰਦਾਨ ਕਰ ਸਕਦਾ ਹੈ, ਜੋ ਕਿ ਇੱਕ ਵੱਡਾ ਸਵਾਲ ਹੈ। ਬੰਦੂ ਹੈਲਪਿੰਗ ਹੈਂਡ ਫਾਊਂਡੇਸ਼ਨ ਦੀ ਪ੍ਰਧਾਨ ਸਮਰਤਾ ਕੌਰ, ਜੋਗਿੰਦਰ ਸਿੰਘ ਚੌਹਾਨ, ਕਵਲਜੀਤ ਕੌਰ, ਪ੍ਰਭਜੋਤ ਕੌਰ, ਸ਼ਿਫਾਲੀ ਮੈਦਾਨ ਨੇ ਦੱਸਿਆ ਕਿ ਹਸਪਤਾਲ ਵਿੱਚ ਮਰੀਜ਼ਾਂ ਨੂੰ ਐਮਰਜੈਂਸੀ ਹਾਲਤਾਂ 'ਚ ਵੱਡੇ ਹਸਪਤਾਲ ਪਹੁੰਚਾਉਣ ਲਈ 108 ਨੰਬਰ ਵਾਲੀਆਂ 3 ਵੈਨਾਂ ਖੜੀਆਂ ਹਨ, ਪਰ ਡਰਾਈਵਰਾਂ ਦੀ ਘਾਟ ਹੋਣ ਕਾਰਨ ਉਨ੍ਹਾਂ ਦੀ ਵਰਤੋਂ ਨਹੀਂ ਹੋ ਰਹੀ। ਆਸ-ਪਾਸ ਪਿੰਡਾਂ ਦੇ ਲੋਕਾਂ ਨੇ ਬੰਦੂ ਹੈਲਪਿੰਗ ਹੈਂਡ ਫਾਊਂਡੇਸ਼ਨ ਦੀ ਟੀਮ ਨੂੰ ਦੱਸਿਆ ਕਿ ਕਈ ਵਾਰ ਐਮਰਜੈਂਸੀ ਹਾਲਤਾਂ ਵਿੱਚ ਮਰੀਜ਼ ਨੂੰ ਦੂਜੇ ਹਸਪਤਾਲ 'ਚ ਲੈ ਕੇ ਜਾਣ ਲਈ ਸਰਕਾਰੀ ਐਂਬੂਲੈਂਸ ਨਹੀਂ ਮਿਲਦੀ ਤਾਂ ਮਰੀਜ਼ ਦਮ ਤੋੜ ਜਾਂਦੇ ਹਨ। ਗਾਇਨੀ ਦਾ ਡਾਕਟਰ ਵੀ ਨਾ ਹੋਣ ਕਾਰਨ ਗਰੀਬ ਗਰਭਵਤੀ ਮਰੀਜ਼ਾਂ ਨੂੰ ਜਣੇਪੇ ਲਈ ਪ੍ਰਾਈਵੇਟ ਹਸਪਤਾਲਾਂ ਵਿੱਚ ਆਪਣਾ ਇਲਾਜ ਕਰਵਾਉਣਾ ਪੈਂਦਾ ਹੈ ਅਤੇ ਹਜ਼ਾਰਾਂ ਰੁਪਏ ਬਿੱਲ ਅਦਾ ਕਰਨਾ ਪੈਂਦਾ ਹੈ, ਜਦਕਿ ਸਰਕਾਰੀ ਹਸਪਤਾਲਾਂ 'ਚ ਗਰਭਵਤੀ ਔਰਤਾਂ ਦੇ ਇਲਾਜ ਤੇ ਜਣੇਪੇ ਦੀ ਸਹੂਲਤ ਮੁਫ਼ਤ ਹੈ। ਹੋਰ ਤਾਂ ਹੋਰ ਇਸ ਹਸਪਤਾਲ ਵਿੱਚ ਅੱਖਾਂ ਤੇ ਦੰਦਾਂ ਦਾ ਡਾਕਟਰ ਵੀ ਮੌਜੂਦ ਨਹੀਂ, ਪਰ ਇਸ ਸੰਬਧੀ ਮਰੀਜ਼ਾਂ ਦੀ ਸਹੂਲਤ ਲਈ ਆਧੁਨਿਕ ਮਸ਼ੀਨਰੀ ਜ਼ਰੂਰ ਪਈ-ਪਈ ਕਬਾੜ ਹੋ ਰਹੀ ਹੈ। ਬੰਦੂ ਹੈਲਪਿੰਗ ਹੈਂਡ ਫਾਊਂਡੇਸ਼ਨ ਦੀ ਟੀਮ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਕੂੰਮ ਕਲਾਂ ਮੁੱਢਲੇ ਸਿਹਤ ਕੇਂਦਰ ਨਾਲ ਜੁੜੇ 80 ਪਿੰਡਾਂ ਦੇ ਲੋਕਾਂ ਦੀ ਸਮੱਸਿਆ ਉਹ ਸਰਕਾਰ ਦੇ ਧਿਆਨ ਵਿੱਚ ਲਿਆਉਣਗੇ ਤਾਂ ਜੋ ਇੱਥੇ ਡਾਕਟਰਾਂ ਦੀ ਤਾਇਨਾਤੀ ਜਲਦ ਹੋ ਸਕੇ ਤੇ ਲੋਕਾਂ ਨੂੰ ਮੁਫ਼ਤ ਸਿਹਤ ਸੁਵਿਧਾਵਾਂ ਮਿਲ ਸਕਣ।

# ਪੰਜਾਬ ਰੋਡਵੇਜ਼/ਪਨਬਸ/ਪੀ ਆਰ ਟੀ ਸੀ ਕੰਟਰੈਕਟ ਵਰਕਰਜ਼ ਯੂਨੀਅਨ ਵੱਲੋਂ ਗੇਟ ਰੈਲੀ

### ਪੀ ਆਰ ਟੀ ਸੀ 'ਚ ਪ੍ਰਾਈਵੇਟ ਬੱਸਾਂ ਰਾਹੀਂ ਕੀਤਾ ਜਾ ਰਿਹੈ ਨਿੱਜੀਕਰਨ, ਜਥੇਬੰਦੀ ਨੇ ਖੋਲ੍ਹਿਆ ਮੋਰਚਾ : ਜਗਤਾਰ ਸਿੰਘ

**ਲੁਧਿਆਣਾ (ਐੱਮ ਐੱਸ ਭਾਟੀਆ, ਰੈਕਟਰ ਕਥੂਰੀਆ)**

ਪੰਜਾਬ ਰੋਡਵੇਜ਼/ਪਨਬਸ/ ਪੀ ਆਰ ਟੀ ਸੀ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ 25/11 ਵੱਲੋਂ ਸਮੂਹ ਡਿੱਪੂਆਂ 'ਤੇ ਗੇਟ ਰੈਲੀਆਂ ਕੀਤੀਆਂ ਗਈਆਂ। ਇਸ ਦੌਰਾਨ ਲੁਧਿਆਣਾ ਡਿੱਪੂ ਦੇ ਗੇਟ 'ਤੇ ਕੀਤੀ ਗਈ ਰੈਲੀ ਦੌਰਾਨ ਸੂਬਾ ਜੁਆਇੰਟ ਸਕੱਤਰ ਜਗਤਾਰ ਸਿੰਘ ਨੇ ਬੋਲਦਿਆਂ ਕਿਹਾ ਕਿ 19 ਜੂਨ ਨੂੰ ਪੀ.ਆਰ.ਟੀ.ਸੀ. ਦੀ ਮੈਨੇਜਮੈਂਟ ਵਿਭਾਗ ਵਿੱਚ ਪ੍ਰਾਈਵੇਟ (ਕਿਲੋਮੀਟਰ ਸਕੀਮ ਰਾਹੀਂ) ਬੱਸਾਂ ਦਾ ਟੈਂਡਰ ਖੋਲ੍ਹਣ ਜਾ ਰਹੀ ਹੈ। ਮੈਨੇਜਮੈਂਟ ਜਦੋਂ ਵੀ ਟੈਂਡਰ ਲੈ ਕੇ ਆਈ ਹੈ, ਯੂਨੀਅਨ ਹਰ ਵਾਰ ਇਸ ਕਿਲੋਮੀਟਰ ਸਕੀਮ ਬੱਸਾਂ ਦਾ ਵਿਰੋਧ ਕਰਦੀ ਆ ਰਹੀ ਹੈ। ਲਗਭਗ 2 ਸਾਲ ਦੇ ਕਰੀਬ ਸਮਾਂ ਹੋ ਚੁੱਕਾ ਹੈ ਯੂਨੀਅਨ ਨੂੰ ਵਿਰੋਧ ਕਰਦਿਆਂ, ਹਰ ਵਾਰ ਮੈਨੇਜਮੈਂਟ ਨਾਲ ਮੀਟਿੰਗ ਕੀਤੀ ਗਈ ਤੇ ਕਿਲੋਮੀਟਰ ਸਕੀਮ ਤਹਿਤ ਬੱਸਾਂ ਨੂੰ ਘਾਟੇ ਦਾ ਸੌਦਾ ਸਿੱਧ ਕੀਤਾ ਗਿਆ, ਪਰ ਮੈਨੇਜਮੈਂਟ ਵਾਰ-ਵਾਰ ਇਸ ਸਕੀਮ ਨੂੰ ਲੈ ਕੇ ਆ ਰਹੀ ਹੈ। ਪਿਛਲੇ ਟੈਂਡਰਾਂ ਦੇ ਆਂਕੜਿਆਂ ਮੁਤਾਬਕ ਕਰੋੜਾਂ ਰੁਪਏ ਦੀ 6 ਸਾਲਾਂ ਦੇ ਵਿੱਚ ਵਿਭਾਗ ਦੀ ਲੁੱਟ ਹੈ। ਵਿਭਾਗ ਦੇ ਉੱਚ ਅਧਿਕਾਰੀ 7.51 ਪੈਸੇ ਪ੍ਰਤੀ ਕਿਲੋਮੀਟਰ ਦਾ ਵੇਰਵਾ ਦਿੰਦੇ ਹਨ, ਪਰ ਇਸ ਤੋਂ ਹੋਰ ਵੀ ਅਲੱਗ ਖਰਚੇ ਜਿਨ੍ਹਾਂ ਨੂੰ ਕੁੱਲ ਮਿਲਾ ਕੇ 33.37 ਪੈਸੇ ਪ੍ਰਤੀ ਕਿਲੋਮੀਟਰ ਪੈਂਦਾ ਹੈ। ਦੂਸਰੇ ਪਾਸੇ ਵਿਭਾਗ ਵਿੱਚ ਕੰਮ ਕਰਦੇ ਉੱਚ ਅਧਿਕਾਰੀ ਹੀ ਇੱਧਰ-ਉੱਧਰ ਦੀ ਕਰਕੇ ਆਪਣੇ ਰਿਸ਼ਤੇਦਾਰਾਂ ਤੇ ਮਿੱਤਰਾਂ ਦੇ ਨਾਮ 'ਤੇ ਆਪਣੀਆਂ ਬੱਸਾਂ ਪਾਉਂਦੇ ਹਨ ਤੇ ਟੈਂਡਰ ਦੀਆਂ ਸ਼ਰਤਾਂ ਵੀ ਪੂਰੀਆਂ ਨਹੀਂ ਕਰਦੇ। ਟੈਂਡਰ ਮੁਤਾਬਿਕ 350 ਕਿਲੋਮੀਟਰ ਪ੍ਰਤੀ ਦਿਨ ਦੀ ਸ਼ਰਤ ਤਹਿ ਕੀਤੀ ਜਾਂਦੀ ਹੈ, ਉਸ ਤੋਂ ਉਲਟ 500-600 ਕਿਲੋਮੀਟਰ ਪ੍ਰਤੀ ਦਿਨ ਤਹਿ ਕਰਵਾਏ ਜਾਂਦੇ ਨੇ, ਇਸ ਤਰੀਕੇ ਵਿਭਾਗ ਨੂੰ ਲੁੱਟਿਆ ਜਾਂਦਾ ਹੈ ਤੇ ਨਾਲ ਹੀ ਕਿਲੋਮੀਟਰ ਸਕੀਮ ਦੀਆਂ ਬੱਸਾਂ ਨੂੰ ਲੰਮੇ ਰੂਟਾਂ 'ਤੇ ਚਲਾਇਆ ਜਾਂਦਾ ਹੈ, ਜਿਸ ਦੇ ਨਾਲ ਇਨ੍ਹਾਂ ਦੇ ਮਾਲਕਾਂ ਵੱਲੋਂ ਡੀਜ਼ਲ ਦੀ ਵੀ ਨਜਾਇਜ਼ ਚੋਰੀ ਕਰਵਾਈ ਜਾਂਦੀ ਹੈ। ਸਵਾਰੀ ਨਹੀਂ ਚੁੱਕੀ ਜਾਂਦੀ, ਜਦੋਂ ਕੰਡਕਟਰ ਦੁਆਰਾ ਇਨ੍ਹਾਂ ਦੀ ਸ਼ਿਕਾਇਤ ਕੀਤੀ ਜਾਂਦੀ ਹੈ, ਉਲਟਾ ਉਸ ਵਰਕਰ ਦੀ ਡਿਊਟੀ ਬਦਲ ਦਿੱਤੀ ਜਾਂਦੀ ਹੈ। ਵਿਭਾਗ ਵੱਲੋਂ ਇਨ੍ਹਾਂ 'ਤੇ ਕੋਈ ਵੀ ਕਾਰਵਾਈ ਨਹੀਂ ਕੀਤੀ ਜਾਂਦੀ, ਉਲਟਾ ਸ਼ਹਿ ਦਿੱਤੀ ਜਾਂਦੀ ਹੈ, ਜਿਸ ਨਾਲ ਮਾਲਕਾ ਦੇ ਹੌਸਲੇ ਬੁਲੰਦ ਹੁੰਦੇ ਹਨ। ਜਸਪਾਲ ਸ਼ਰਮਾ ਤੇ ਰਵਿੰਦਰ ਸਿੰਘ ਨੇ ਕਿਹਾ ਕਿ ਸਰਕਾਰ ਹਰ ਵਾਰ ਟਰਾਂਸਪੋਰਟ ਵਿਭਾਗ ਨੂੰ ਮੁਨਾਫੇ 'ਚ ਦੱਸਦੀ ਹੈ। ਉਸ ਦੇ ਉਲਟ ਵਿਭਾਗ ਵਿੱਚ ਪ੍ਰਾਈਵੇਟ ਬੱਸਾਂ ਪਾ ਵਿਭਾਗ ਦੇ ਨਿੱਜੀਕਰਨ ਵਾਲੇ ਪਾਸੇ ਤੁਰੀ ਹੋਈ ਹੈ। ਉਨ੍ਹਾਂ ਕਿਹਾ ਕਿ 12 ਜੂਨ ਨੂੰ ਯੂਨੀਅਨ ਵੱਲੋਂ ਪੰਜਾਬ ਪੱਧਰ 'ਤੇ ਪ੍ਰੈੱਸ ਕਾਨਫਰੰਸ ਕੀਤੀ ਜਾਵੇਗੀ ਤੇ 19 ਜੂਨ ਨੂੰ ਪੀ.ਆਰ.ਟੀ.ਸੀ. ਮੁੱਖ ਦਫਤਰ ਪਟਿਆਲਾ ਅੱਗੇ ਰੋਸ ਧਰਨਾ ਦਿੱਤਾ ਜਾਵੇਗਾ, ਜੇਕਰ ਸਰਕਾਰ ਨੇ ਇਸ ਨਿੱਜੀਕਰਨ ਨੂੰ ਨਾ ਰੋਕਿਆ ਤਾਂ 20 ਨੂੰ ਡਿੱਪੂ ਬੰਦ ਕਰਕੇ ਸੰਘਰਸ਼ ਦੀ ਅਗਲੀ ਰਣਨੀਤੀ ਤਿਆਰ ਕਰਕੇ ਤਿੱਖੇ ਸੰਘਰਸ਼ ਕੀਤੇ ਜਾਣਗੇ। ਗੇਟ ਰੈਲੀ ਵਿੱਚ ਹਰਜਿੰਦਰ ਸਿੰਘ ਕਲੇਰ, ਕੁਲਵੰਤ ਸਿੰਘ, ਰਣਜੀਤ ਸਿੰਘ, ਹਰਦੀਪ ਸਿੰਘ ਬੱਬਣਪੁਰ, ਸੁੱਚਾ ਸਿੰਘ, ਸੰਤ ਗਿਆਨ ਤੇ ਹੋਰ ਵਰਕਰ ਮੌਜੂਦ ਸਨ।



# ਆਊਟਸੋਰਸਡ ਮੁਲਾਜ਼ਮ 13 ਤੋਂ ਮੁੱਖ ਦਫ਼ਤਰ ਅੱਗੇ ਲਗਾਉਣਗੇ ਧਰਨਾ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਪਾਵਰਕਾਮ ਐਂਡ ਟ੍ਰਾਂਸਕੋ ਠੇਕਾ ਮੁਲਾਜ਼ਮ ਯੂਨੀਅਨ ਡਵੀਜ਼ਨ ਪਾਤੜਾਂ ਦੀ ਮੀਟਿੰਗ ਸ੍ਰੀ ਗੁਰੂ ਰਵਿਦਾਸ ਮੰਦਰ ਪਾਤੜਾਂ ਵਿਖੇ ਹੋਈ, ਜਿਸ ਵਿੱਚ ਠੇਕਾ ਮੁਲਾਜ਼ਮਾਂ ਦੀਆਂ ਪਿਛਲੇ ਲੰਮੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ।

ਜਾਣਕਾਰੀ ਦਿੰਦਿਆਂ ਜਥੇਬੰਦੀ ਦੇ ਡਵੀਜ਼ਨ ਪ੍ਰਧਾਨ ਜਗਸੀਰ ਸਿੰਘ ਨੇ ਕਿਹਾ ਕਿ ਸਮੁੱਚੇ ਪਾਵਰਕਾਮ ਤੇ ਟ੍ਰਾਂਸਕੋ ਦੇ ਸਮੂਹ ਆਊਟਸੋਰਸਡ ਠੇਕਾ ਮੁਲਾਜ਼ਮ ਪਾਵਰਕਾਮ ਵਿੱਚ ਪੱਕਾ ਕਰਨ ਸਮੇਤ ਆਪਣੀਆਂ ਹੋਰ ਜਾਇਜ਼ ਮੰਗਾਂ ਨੂੰ ਲੈ ਕੇ ਪਿਛਲੇ ਲੰਬੇ ਸਮੇਂ ਤੋਂ ਲਗਾਤਾਰ ਸੰਘਰਸ਼ ਕਰਦੇ ਆ ਰਹੇ ਹਨ, ਪਰ ਪੰਜਾਬ ਸਰਕਾਰ ਤੇ ਪਾਵਰਕਾਮ ਟ੍ਰਾਂਸਕੋ ਦੀ ਮੈਨੇਜਮੈਂਟ ਸਮੂਹ ਆਊਟਸੋਰਸਡ ਠੇਕਾ ਮੁਲਾਜ਼ਮਾਂ ਦੀਆਂ ਲੰਬੀਆਂ ਸੇਵਾਵਾਂ ਨੂੰ ਅਣ-ਵੇਖਿਆ ਕਰਕੇ ਪਾਵਰਕਾਮ ਤੇ ਟ੍ਰਾਂਸਕੋ ਦੇ ਆਊਟਸੋਰਸਡ ਠੇਕਾ ਮੁਲਾਜ਼ਮਾਂ ਨੂੰ ਵਿਭਾਗ ਵਿੱਚ ਪੱਕਾ ਨਹੀਂ ਕਰ ਰਹੀ। ਉਨ੍ਹਾ ਕਿਹਾ ਕਿ ਸਰਕਾਰ ਤੇ ਪਾਵਰਕਾਮ ਅਤੇ ਟ੍ਰਾਂਸਕੋ ਦੀ ਮੈਨੇਜਮੈਂਟ ਆਊਟਸੋਰਸਡ ਠੇਕਾ ਮੁਲਾਜ਼ਮਾਂ ਨਾਲ਼ ਸਰਾਸਰ ਨੰਗਾ-ਚਿੱਟਾ ਧੋਖਾ ਕਰ ਰਹੀ ਹੈ, ਜਿਸ ਦੇ ਵਿਰੋਧ ਵਜੋਂ ਪਾਵਰਕਾਮ ਤੇ ਟ੍ਰਾਂਸਕੋ ਦੇ ਸਮੂਹ ਆਊਟਸੋਰਸਡ ਠੇਕਾ ਮੁਲਾਜ਼ਮ 'ਕੋਆਰਡੀਨੇਸ਼ਨ ਕਮੇਟੀ' ਦੇ ਬੈਨਰ ਹੇਠ 13 ਜੂਨ ਨੂੰ ਪਰਿਵਾਰਾਂ ਤੇ ਬੱਚਿਆਂ ਸਮੇਤ ਪਾਵਰਕਾਮ ਦੇ ਮੁੱਖ ਦਫ਼ਤਰ ਅੱਗੇ ਲਗਾਤਾਰ ਧਰਨਾ ਲਾਉਣਗੇ। ਕਮੇਟੀ ਆਗੂਆਂ ਨੇ ਪਾਵਰਕਾਮ ਤੇ ਟ੍ਰਾਂਸਕੋ ਦੇ ਸਮੂਹ ਆਊਟਸੋਰਸਡ ਠੇਕਾ ਮੁਲਾਜ਼ਮਾਂ ਨੂੰ ਉਲੀਕੇ ਸੰਘਰਸ਼ ਵਿੱਚ ਪਰਿਵਾਰਾਂ ਤੇ ਬੱਚਿਆਂ ਸਮੇਤ ਸ਼ਮੂਲੀਅਤ ਕਰਨ ਦੀ ਪੁਰਜ਼ੋਰ ਅਪੀਲ ਕੀਤੀ ਅਤੇ ਸਮੂਹ ਭਰਾਤਰੀ ਜਥੇਬੰਦੀਆਂ ਨੂੰ ਵੀ ਇਸ ਸੰਘਰਸ਼ 'ਚ ਹਮਾਇਤ ਕਰਨ ਦਾ ਸੱਦਾ ਦਿੱਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਤਿਗੁਰ ਸਿੰਘ, ਗੁਰਮੁੱਖ ਸਿੰਘ, ਪ੍ਰਵੀਨ ਕੁਮਾਰ ਤੇ ਅੰਮ੍ਰਿਤ ਸਿੰਘ ਆਦਿ ਹਾਜ਼ਰ ਸਨ।

# ਪੈਨਸ਼ਨਰਾਂ ਵੱਲੋਂ ਡੀ ਸੀ ਦਫਤਰ ਵਿਖੇ ਮੰਗਾਂ ਦੇ ਹੱਕ 'ਚ ਰੋਸ ਰੈਲੀ

**ਸੰਗਰੂਰ (ਪ੍ਰਵੀਨ ਸਿੰਘ)**-ਆਲ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਜ਼ਿਲ੍ਹਾ ਸੰਗਰੂਰ ਦੇ ਬੈਨਰ ਹੇਠ ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਸਰਪ੍ਰਸਤ ਸ੍ਰੀ ਜਗਦੀਸ਼ ਸ਼ਰਮਾ, ਪ੍ਰਧਾਨ ਅਰਜਨ ਸਿੰਘ, ਸੁਰਿੰਦਰ ਬਾਲੀਆ, ਅਜਮੇਰ ਸਿੰਘ ਡੀ.ਐੱਸ.ਪੀ. ਰਿਟਾਇਰਡ ਦੀ ਅਗਵਾਈ ਵਿੱਚ ਵੱਖ-ਵੱਖ ਵਿਭਾਗਾਂ ਦੇ ਪੈਨਸ਼ਨਰਾਂ ਵੱਲੋਂ ਡੀ ਸੀ ਦਫਤਰ ਵਿਖੇ ਮੰਗਾਂ ਦੇ ਹੱਕ 'ਚ ਵਿਸ਼ਾਲ ਰੋਸ ਰੈਲੀ ਕੀਤੀ ਗਈ। ਕੈਬਨਿਟ ਮੰਤਰੀ ਸਬ-ਕਮੇਟੀ ਨਾਲ ਪੈਨਸ਼ਨਰਾਂ ਦੀਆਂ ਮੰਗਾਂ ਸੰਬੰਧੀ 01-01-2016 ਤੋਂ 30-06-2021 ਤੱਕ ਦੇ ਬਣਦੇ ਬਕਾਏ, ਡੀ ਏ ਦੀਆਂ ਕਿਸ਼ਤਾਂ ਦੇਣ ਬਾਰੇ ਕਈ ਮੀਟਿੰਗਾਂ ਕਰਨ ਉਪਰੰਤ ਵੀ ਮੰਗਾਂ ਪ੍ਰਵਾਨ ਨਹੀਂ ਕੀਤੀ ਗਈਆਂ, ਜਿਸ ਕਰਕੇ ਪੈਨਸ਼ਨਰਾਂ ਵੱਲੋਂ ਰੋਸ ਮੁਜ਼ਾਹਰਾ ਅਤੇ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ ਗਈ। ਰੈਲੀ ਨੂੰ ਸੰਬੋਧਨ ਕਰਦਿਆਂ ਜਗਦੀਸ਼ ਸ਼ਰਮਾ, ਸੁਰਿੰਦਰ ਬਾਲੀਆ, ਭਰਥਰੀ ਸਿੰਘ, ਬਿੱਕਰ ਸਿੰਘ ਸਿਬੀਆ, ਸੀਤਾ ਰਾਮ ਨੇ ਦੱਸਿਆ ਕਿ ਸਰਕਾਰ ਪਿਛਲੇ 7 ਸਾਲਾਂ ਤੋਂ ਬਕਾਏ ਦੇਣ ਬਾਰੇ ਟਾਲ-ਮਟੋਲ ਦੀ ਨੀਤੀ 'ਤੇ ਚੱਲ ਕੇ ਬਜ਼ੁਰਗ ਪੈਨਸ਼ਨਰਾਂ ਨਾਲ ਧੱਕਾ ਕਰ ਰਹੀ ਹੈ, ਜੋ ਕਿ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਸੂਬੇ ਦੇ ਫੈਸਲੇ ਅਨੁਸਾਰ 14 ਜੂਨ ਨੂੰ ਜ਼ਿਲ੍ਹਾ ਪੱਧਰ 'ਤੇ ਡੀ. ਸੀ. ਦਫਤਰਾਂ ਅੱਗੇ ਪੈਨਸ਼ਨਰਾਂ ਵੱਲੋਂ ਰੋਸ ਰੈਲੀਆਂ ਕੀਤੀਆਂ ਜਾਣਗੀਆਂ ਤੇ ਡਿਪਟੀ ਕਮਿਸ਼ਨਰ ਰਾਹੀਂ ਸਰਕਾਰ ਨੂੰ ਚਿਤਾਵਨੀ ਪੱਤਰ ਦਿੱਤਾ ਜਾਵੇਗਾ।

ਰੈਲੀ ਨੂੰ ਸ੍ਰੀ ਰਾਮੇਸ਼ ਮਿੱਤਲ ਡਿਪਟੀ ਕੰਟਰੋਲਰ ਵਿੱਤ ਪੰਜਾਬ (ਰਿਟਾਇਰਡ) ਨੇ ਸਰਕਾਰੀ ਹਦਾਇਤਾਂ/ਨਿਯਮਾਂ ਤੇ ਕੋਰਟ ਕੇਸਾਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਉਚੇਚੇ ਤੌਰ 'ਤੇ ਸਾਈਬਰ ਕ੍ਰਾਈਮ ਬ੍ਰਾਂਚ ਦੇ ਅਧਿਕਾਰੀਆਂ ਵੱਲੋਂ ਲੋਕਾਂ ਨਾਲ ਹੋ ਰਹੇ ਪ੍ਰੈਕਟੀਕਲ ਕ੍ਰਾਈਮ ਤੋਂ ਸਾਵਧਾਨ ਰਹਿਣ ਦੀ ਜਾਣਕਾਰੀ ਦਿੱਤੀ ਗਈ। ਰੈਲੀ ਵਿੱਚ ਮੰਗ ਕੀਤੀ ਗਈ ਕਿ ਉਕਤ ਮੰਗਾਂ ਪ੍ਰਵਾਨ ਕੀਤੀਆਂ ਜਾਣ। ਜੇਕਰ ਸਰਕਾਰ ਵੱਲੋਂ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਅਣਗੌਲਿਆ ਕਰਕੇ ਟਾਲ-ਮਟੋਲ ਦੀ ਨੀਤੀ ਜਾਰੀ ਰੱਖੀ ਗਈ ਤਾਂ ਆਉਣ ਵਾਲੇ ਸਮੇਂ ਵਿੱਚ ਸੰਘਰਸ਼ ਤੇਜ਼ ਕੀਤਾ ਜਾਵੇਗਾ। ਇਸ ਮੌਕੇ ਬਾਲ ਕ੍ਰਿਸ਼ਨ ਚੌਹਾਨ, ਕੁਲਵੰਤ ਸਿੰਘ, ਹਰਬੰਸ ਸਿੰਘ ਜਿੰਦਲ, ਮੋਹਨ ਲਾਲ, ਜੈ ਸਿੰਘ, ਬਲਵੀਰ ਸਿੰਘ ਰਤਨ, ਸਤਨਾਮ ਸਿੰਘ ਬਾਜਵਾ, ਹਰਦੀਪ ਸਿੰਘ, ਹਵਾ ਸਿੰਘ, ਹਰਚਰਨ ਸਿੰਘ, ਅਮਰ ਨਾਥ ਸ਼ਰਮਾ, ਸੁਖਵਿੰਦਰ ਸਿੰਘ, ਤਾਰਾ ਸਿੰਘ, ਮੰਗਲ ਰਾਣਾ, ਜਸਮੇਲ ਉੱਪਲੀ, ਸੁਖਵਿੰਦਰ ਖੇੜੀ, ਹਰਦੇਵ ਸਿੰਘ ਰਾਠੀ ਆਦਿ ਹਾਜ਼ਰ ਸਨ।



# ਮਾਨ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਕਰੋੜਾਂ ਰੁਪਏ ਦੱਬ ਕੇ ਸਰਕਾਰ ਚਲਾ ਰਿਹੈ : ਲੁਬਾਣਾ, ਰਾਣਵਾਂ, ਉੱਪਲ

### ਵਿਆਜ ਸਮੇਤ ਸਾਰਾ ਏਰੀਅਰ ਯਕਮੁਸ਼ਤ ਦੇਣ ਦੀ ਮੰਗ

**ਲੁਧਿਆਣਾ (ਭਾਟੀਆ, ਕਥੂਰੀਆ)**-ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਮੁੱਖ ਦਫਤਰ 1680/22-ਬੀ ਚੰਡੀਗੜ੍ਹ ਦੇ ਪ੍ਰਧਾਨ ਰਣਜੀਤ ਸਿੰਘ ਰਾਣਵਾਂ, ਐਕਟਿੰਗ ਚੇਅਰਮੈਨ ਦਰਸ਼ਨ ਸਿੰਘ ਲੁਬਾਣਾ, ਜਨਰਲ ਸਕੱਤਰ ਸੁਰਿੰਦਰ ਕੁਮਾਰ ਪੁਆਰੀ ਤੇ ਐਡੀਸ਼ਨਲ ਜਨਰਲ ਸਕੱਤਰ ਪ੍ਰੇਮ ਚਾਵਲਾ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਇੱਕ ਤਾਜ਼ਾ ਰਿਪੋਰਟ ਮੁਤਾਬਕ ਪੰਜਾਬ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਡਿਊ ਡੀ ਏ ਦੀਆਂ ਦੋ ਕਿਸ਼ਤਾਂ ਜੁਲਾਈ 2022 ਤੋਂ 4% ਤੇ ਜਨਵਰੀ 2023 ਤੋਂ 4% ਪੈਂਡਿੰਗ ਤੋਂ ਇਲਾਵਾ 17% ਤੋਂ 28%=972 ਕਰੋੜ, 28% ਤੋਂ 31%=994 ਕਰੋੜ, 31% ਤੋਂ 34%=616 ਕਰੋੜ, ਕੁੱਲ 2582 ਕਰੋੜ ਰੁਪਏ ਡੀ ਏ ਦੀਆਂ ਪਿਛਲੀਆਂ ਕਿਸ਼ਤਾਂ ਦਾ ਬਕਾਇਆ ਪੰਜਾਬ ਸਰਕਾਰ ਵੱਲ ਪੈਂਡਿੰਗ ਖੜਾ ਹੈ, ਇਸ ਤੋਂ ਇਲਾਵਾ 01 ਜਨਵਰੀ 2016 ਤੋਂ 30 ਜੂਨ 2021 ਤੱਕ ਰੀਵਾਈਜ਼ ਤਨਖਾਹ ਸਕੇਲਾਂ/ਪੈਨਸ਼ਨਾਂ ਦੇ ਏਰੀਅਰ ਦੇ 13581 ਕਰੋੜ ਰੁਪਏ ਪੰਜਾਬ ਸਰਕਾਰ ਵੱਲ ਪੈਂਡਿੰਗ ਖੜੇ ਹਨ, ਇਸ ਤੋਂ ਇਲਾਵਾ ਰੀਵਾਈਜ਼ ਲੀਵ ਇਨਕੈਸ਼ਮਿੰਟ ਦੇ 345 ਕਰੋੜ ਰੁਪਏ ਸਰਕਾਰ ਵੱਲ ਪੈਂਡਿੰਗ ਹਨ। ਫੈਡਰੇਸ਼ਨ ਦੇ ਚੇਅਰਮੈਨ ਰਣਬੀਰ ਢਿੱਲੋਂ, ਐਕਟਿੰਗ ਚੇਅਰਮੈਨ ਦਰਸ਼ਨ ਸਿੰਘ ਲੁਬਾਣਾ, ਸਰਪ੍ਰਸਤ ਚਰਨ ਸਿੰਘ ਸਰਾਭਾ, ਪ੍ਰਧਾਨ ਰਣਜੀਤ ਸਿੰਘ ਰਾਣਵਾਂ, ਜਨਰਲ ਸਕੱਤਰ ਸੁਰਿੰਦਰ ਕੁਮਾਰ ਪੁਆਰੀ, ਐਡੀਸ਼ਨਲ ਜਨਰਲ ਸਕੱਤਰ ਪ੍ਰੇਮ ਚਾਵਲਾ ਤੇ ਕਰਤਾਰ ਪਾਲ, ਸੀਨੀਅਰ ਮੀਤ ਪ੍ਰਧਾਨ ਗੁਰਮੇਲ ਸਿੰਘ ਮੈਲਡੇ, ਗੁਰਜੀਤ ਸਿੰਘ ਘੋੜੇਵਾਹ ਤੇ ਗੁਰਪ੍ਰੀਤ ਸਿੰਘ ਮੰਗਵਾਲ, ਪ੍ਰੈੱਸ ਸਕੱਤਰ ਪ੍ਰਭਜੀਤ ਸਿੰਘ ਉੱਪਲ, ਟਹਿਲ ਸਿੰਘ ਸਰਾਭਾ, ਪ੍ਰਵੀਨ ਕੁਮਾਰ ਲੁਧਿਆਣਾ, ਸੁਰਿੰਦਰ ਬੈਂਸ ਨੇ ਕਿਹਾ ਕਿ ਇਸ ਬਾਰੇ ਮੁੱਖ ਮੰਤਰੀ ਤੇ ਵਿੱਤ ਮੰਤਰੀ ਪੰਜਾਬ ਚੁੱਪ ਹਨ। ਆਗੂਆਂ ਕਿਹਾ ਕਿ ਪੈਨਸ਼ਨਰਾਂ ਨੂੰ 2.59 ਦਾ ਗੁਣਾਂਕ ਨਾ ਦੇ ਕੇ ਪੰਜਾਬ ਸਰਕਾਰ ਪੈਨਸ਼ਨਰਾਂ ਨੂੰ 700 ਕਰੋੜ ਦੇ ਕਰੀਬ ਦਾ ਚੂੰਨਾ ਲਗਾ ਰਹੀ ਹੈ, ਰੈਸ਼ਨੇਲਾਈਜ਼ੇਸ਼ਨ ਦੇ ਨਾਮ 'ਤੇ ਬੰਦ ਕੀਤੇ 39 ਭੱਤੇ ਬਹਾਲ ਨਹੀਂ ਕੀਤੇ ਜਾ ਰਹੇ ਅਤੇ ਨਾ ਹੀ ਪੇ ਕਮਿਸ਼ਨ ਤੋਂ ਏ.ਸੀ.ਪੀ. ਬਾਰੇ ਫਾਇਨਲ ਰਿਪੋਰਟ ਪ੍ਰਾਪਤ ਕੀਤੀ ਜਾ ਰਹੀ ਹੈ। ਆਗੂਆਂ ਨੇ ਕਿਹਾ ਕਿ ਕੀਤੇ ਵਾਅਦੇ ਮੁਤਾਬਕ ਪੁਰਾਣੀ ਪੈਨਸ਼ਨ ਸਕੀਮ ਵੀ ਲਾਗੂ ਨਹੀਂ ਕੀਤੀ ਜਾ ਰਹੀ ਹੈ ਤੇ ਨਾ ਹੀ 17 ਜੁਲਾਈ 2020 ਕੇਂਦਰੀ ਸਕੇਲਾਂ 'ਚ ਭਰਤੀ ਦਾ ਪੱਤਰ ਤੇ ਪਰਖ ਕਾਲ ਦੌਰਾਨ ਬੇਸਿਕ ਤਨਖਾਹ ਦੇਣ ਦਾ ਪੱਤਰ 15-1-15 ਮਾਨਯੋਗ ਉੱਚ ਅਦਾਲਤ ਵੱਲੋਂ ਰੱਦ ਕਰਨ ਦੇ ਬਾਵਜੂਦ ਵਾਪਸ ਨਹੀਂ ਲਿਆ ਜਾ ਰਿਹਾ, ਆਊਟ ਸੋਰਸ ਮੁਲਾਜ਼ਮ ਰੈਗੂਲਰ ਪਾਲਸੀ ਤੋਂ ਬਾਹਰ ਕੱਢ ਦਿੱਤੇ ਹਨ, ਜੋ ਮੁਲਾਜ਼ਮਾਂ ਤੇ ਪੈਨਸ਼ਨਰਾਂ ਨਾਲ ਵੱਡੀ ਬੇਇਨਸਾਫੀ ਹੈ, ਜਿਸ ਕਾਰਨ ਮੁਲਾਜ਼ਮਾਂ ਤੇ ਪੈਨਸ਼ਨਰਾਂ ਵਿੱਚ ਸਖਤ ਰੋਸ ਪਾਇਆ ਜਾ ਰਿਹਾ ਹੈ। ਆਗੂਆਂ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਕਰੋੜਾਂ ਰੁਪਏ ਬਿਨਾਂ ਵਿਆਜ ਤੋਂ ਵਰਤ ਕੇ ਅਪਣੀ ਸਰਕਾਰ ਦੀ ਆਰਥਿਕਤਾ ਦਾ ਪਹੀਆ ਘੁਮਾ ਰਹੀ ਹੈ, ਜੋ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਆਗੂਆਂ ਨੇ ਮੰਗ ਕੀਤੀ ਕਿ ਮੁਲਾਜ਼ਮਾਂ ਤੇ ਪੈਨਸ਼ਨਰਾਂ ਦਾ ਪੈਂਡਿੰਗ ਸਾਰਾ ਏਰੀਅਰ/ਬਕਾਇਆ ਯਕਮੁਸ਼ਤ ਵਿਆਜ ਸਮੇਤ ਵਾਪਸ ਕੀਤਾ ਜਾਵੇ।

# ਮਿੱਡ-ਡੇ-ਮੀਲ ਕੁੱਕ ਯੂਨੀਅਨ ਵੱਲੋਂ ਮੰਗਾਂ ਨੂੰ ਲੈ ਕੇ ਰੋਸ ਰੈਲੀ

### ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਨੂੰ ਸੌਂਪਿਆ ਮੰਗ ਪੱਤਰ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਮਿੱਡ-ਡੇ-ਮੀਲ ਕੁੱਕ ਯੂਨੀਅਨ ਪੰਜਾਬ ਦੇ ਆਗੂਆਂ ਨੇ ਫ਼ਿਰੋਜ਼ਪੁਰ ਵਿਖੇ ਆਪਣੀਆਂ ਮੰਗਾਂ ਦੇ ਹੱਕ ਵਿੱਚ ਅਰਥੀ ਫੂਕ ਰੈਲੀ ਕੀਤੀ ਤੇ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ।ਇਸ ਦੌਰਾਨ ਧਰਨਾਕਾਰੀਆਂ ਨੇ ਆਪਣੀਆਂ ਮੰਗਾਂ ਨਾਲ ਸਬੰਧਤ ਮੰਗ ਪੱਤਰ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਨੂੰ ਸੌਂਪਿਆ।ਇਸ ਦੌਰਾਨ ਜਾਣਕਾਰੀ ਦਿੰਦਿਆਂ ਪ੍ਰਧਾਨ ਕਰਮ ਚੰਦ ਚੰਡਿਆਲ, ਪੰਜਾਬ ਸਕੱਤਰ ਗਕਰਮਜੀਤ ਕੌਰ, ਪਰਮਜੀਤ ਕੌਰ, ਕੁਲਵਿੰਦਰ ਕੌਰ, ਰਜਨੀ ਗੁਰੂ ਹਰਸਹਾਏ, ਨਿਰਮਲਜੀਤ ਕੌਰ, ਬਲਜਿੰਦਰ ਕੌਰ, ਸੀਮਾ ਰਾਣੀ, ਪ੍ਰਵੀਨ ਕੌਰ, ਅਮਰਜੀਤ ਕੌਰ, ਆਸ਼ਾ ਰਾਣੀ, ਗੀਤਾ ਰਾਣੀ, ਗੁਰਮੀਤ ਕੌਰ, ਬਲਜੀਤ ਕੌਰ, ਡਾ. ਸੋਮਾ, ਸਵਰਨਾ ਰਾਣੀ, ਬਿਮਲਾ ਰਾਣੀ, ਸੁਨੀਤਾ ਰਾਣੀ, ਮਨਜੀਤ ਕੌਰ ਨੇ ਕਿਹਾ ਕਿ ਸਰਕਾਰ ਤੇ ਵਿਭਾਗ ਵੱਲੋਂ ਉਨ੍ਹਾਂ ਦੀਆਂ ਮੰਨੀਆਂ ਮੰਗਾਂ ਨੂੰ ਜਾਣਬੁੱਝ ਕੇ ਲਾਗੂ ਨਹੀਂ ਕੀਤਾ ਜਾ ਰਿਹਾ, ਜਿਸ ਕਾਰਨ ਉਹ ਸੰਘਰਸ਼ ਕਰਨ ਲਈ ਮਜਬੂਰ ਹਨ।ਉਨ੍ਹਾਂ ਕਿਹਾ ਕਿ ਮਿੱਡ-ਡੇ-ਮੀਲ ਕੁੱਕ ਯੂਨੀਅਨ ਵੱਲੋਂ ਮੰਗਾਂ ਸਬੰਧੀ ਕਈ ਵਾਰ ਅਧਿਕਾਰੀਆਂ ਨੂੰ ਮੰਗ ਪੱਤਰ ਦਿੱਤੇ ਜਾ ਚੁੱਕੇ ਹਨ ਤੇ ਉਨ੍ਹਾਂ ਨਾਲ ਮੀਟਿੰਗਾਂ ਵੀ ਕੀਤੀਆਂ ਜਾ ਚੁੱਕੀਆਂ ਹਨ, ਪਰ ਫਿਰ ਵੀ ਮੰਗਾਂ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ।

ਯੂਨੀਅਨ ਆਗੂਆਂ ਨੇ ਕਿਹਾ ਕਿ ਜੇਕਰ ਉਨ੍ਹਾਂ ਦੀਆਂ ਮੰਗਾਂ ਨੂੰ ਜਲਦੀ ਪੂਰਾ ਨਾ ਕੀਤਾ ਗਿਆ ਤਾਂ ਉਹ ਸੰਘਰਸ਼ ਨੂੰ ਹੋਰ ਤੇਜ਼ ਕਰਨਗੇ, ਜਿਸ ਦੀ ਜ਼ਿੰਮੇਵਾਰੀ ਸਰਕਾਰ ਤੇ ਉੱਚ ਅਧਿਕਾਰੀਆਂ ਦੀ ਹੋਵੇਗੀ।

# ਜੇ ਹੁਣ ਵੀ ਵਾਤਾਵਰਣ ਨਾ ਸੰਭਾਲਿਆ ਤਾਂ ਬਹੁਤ ਦੇਰ ਹੋ ਜਾਵੇਗੀ : ਭਾਜਗਵਿਜ

### ਬੁੱਢੇ ਦਰਿਆ ਨੂੰ ਪਹਿਲ ਦੇ ਅਧਾਰ 'ਤੇ ਸਾਫ ਕੀਤਾ ਜਾਵੇ




**ਲੁਧਿਆਣਾ (ਐੱਮ ਐੱਸ ਭਾਟੀਆ/ਰੈਕਟਰ ਕਥੂਰੀਆ)**-ਭਾਰਤ ਜਨ ਗਿਆਨ ਵਿਗਿਆਨ ਜੱਥਾ (ਰਜਿ.) ਲੁਧਿਆਣਾ ਵੱਲੋਂ ਵਿਸ਼ਵ ਵਾਤਾਵਰਣ ਦਿਵਸ ਨੂੰ ਸਮਰਪਤ ਜਨਤਕ ਸਮਾਗਮ ਰੋਜ਼ ਗਾਰਡਨ ਵਿਖੇ ਕੀਤਾ ਗਿਆ। ਸਮਾਗਮ ਵਿੱਚ ਬੋਲਦਿਆਂ ਜਥੇ ਦੇ ਅਹੁਦੇਦਾਰਾਂ ਨੇ ਕਿਹਾ ਕਿ ਜੇ ਹੁਣ ਵੀ ਵਾਤਾਵਰਣ ਨਾ ਸੰਭਾਲਿਆ ਤਾਂ ਬਹੁਤ ਦੇਰ ਹੋ ਜਾਵੇਗੀ। ਜਿੱਥੇ ਲੋਕਾਂ ਨੂੰ ਵਾਤਾਵਰਣ ਨੂੰ ਸੰਭਾਲਣ ਲਈ ਤੇ ਪ੍ਰਦੂਸ਼ਣ ਨੂੰ ਘਟਾਉਣ ਲਈ ਜਾਗਰੂਕਤਾ ਦੀ ਲੋੜ ਹੈ, ਉਥੇ ਹੀ ਪ੍ਰਸ਼ਾਸਨ ਨੂੰ ਉਹ ਸਾਰੀਆਂ ਨੀਤੀਆਂ ਤੇ ਕਨੂੰਨ ਸਖਤੀ ਨਾਲ ਲਾਗੂ ਕਰਨ ਦੀ ਲੋੜ ਹੈ, ਜਿਸ ਨਾਲ ਪ੍ਰਦੂਸ਼ਣ ਨੂੰ ਰੋਕਿਆ ਜਾ ਸਕੇ ਤੇ ਵਾਤਾਵਰਨ ਨੂੰ ਬਚਾਇਆ ਜਾ ਸਕੇ। ਇਨਸਾਨ ਦੇ ਲਾਲਚ ਨੇ ਕੁਦਰਤੀ ਸੋਮਿਆਂ ਦੀ ਤਬਾਹੀ ਕਰ ਦਿੱਤੀ ਹੈ। ਪੀਣ ਵਾਲਾ ਪਾਣੀ ਪਲਾਸਟਿਕ ਦੀਆਂ ਬੋਤਲਾਂ ਵਿੱਚ ਵਿਕਣ ਲੱਗ ਪਿਆ ਹੈ, ਜੇ ਅਸੀਂ ਅਜੇ ਵੀ ਨਾ ਸੰਭਲੇ ਤਾਂ ਉਹ ਦਿਨ ਦੂਰ ਨਹੀਂ, ਜਦੋਂ ਸਾਨੂੰ ਸਾਹ ਲੈਣ ਲਈ ਆਕਸੀਜਨ ਗੈਸ ਦੇ ਸਿਲੰਡਰ ਰੱਖਣੇ ਪੈਣਗੇ। ਸੜਕਾਂ ਨੂੰ ਚੌੜਾ ਕਰਨ ਤੇ ਫਲਾਈਓਵਰ ਬਣਾਉਣ ਲਈ ਦਰੱਖਤ ਕੱਟੇ ਜਾ ਰਹੇ ਹਨ। ਪਾਣੀ ਦੇ ਕੁਦਰਤੀ ਸੋਮਿਆਂ ਨੂੰ ਪ੍ਰਦੂਸ਼ਤ ਕਰ ਦਿੱਤਾ ਗਿਆ ਹੈ। ਲੁਧਿਆਣਾ ਦੇ ਵਿੱਚੋਂ ਵਿੱਚ ਵਗਦਾ ਬੁੱਢਾ ਦਰਿਆ ਇਸ ਦੀ ਉਦਾਹਰਣ ਹੈ, ਜੋ ਹੁਣ ਗੰਦਾ ਨਾਲਾ ਬਣ ਗਿਆ ਹੈ। ਪੀਣ ਵਾਲੇ ਪਾਣੀ ਦਾ ਪੱਧਰ ਨੀਵਾਂ ਹੁੰਦਾ ਜਾ ਰਿਹਾ ਹੈ। ਸ਼ਹਿਰ ਵਿੱਚ ਘਰਾਂ ਤੇ ਇੰਡਸਟਰੀ ਵਿੱਚੋਂ ਪੈਦਾ ਹੋਇਆ ਕੂੜਾ ਪ੍ਰਸ਼ਾਸਨ ਦੇ ਸੰਭਾਲਣ ਤੋਂ ਪਰੇ ਦੀ ਗੱਲ ਹੈ। ਵੱਧ ਮੁਨਾਫਾ ਕਮਾਉਣ ਲਈ ਕੀੜੇਮਾਰ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਫਸਲਾਂ 'ਤੇ ਵੱਧ ਰਸਾਇਣਾਂ ਦੇ ਛਿੜਕਾਅ ਕਰਵਾ ਰਹੀਆਂ ਹਨ। ਪਰਾਲੀ ਨੂੰ ਸਾੜਿਆ ਜਾ ਰਿਹਾ ਹੈ। ਇੰਡਸਟਰੀ ਵਾਲਿਆਂ ਵੱਲੋਂ ਖੁੱਲ੍ਹੇ ਆਕਾਸ਼ ਵਿੱਚ ਗੰਦਾ ਧੂੰਆਂ ਛੱਡਿਆ ਜਾ ਰਿਹਾ ਹੈ, ਜਿਸ ਨਾਲ ਹਵਾ ਦਾ ਪ੍ਰਦੂਸ਼ਣ ਵਧ ਰਿਹਾ ਹੈ। ਪ੍ਰਦੂਸ਼ਣ ਰੋਕਥਾਮ ਬੋਰਡ ਦੇ ਨੱਕ ਦੇ ਥੱਲੇ ਵੱਡੀ ਗਿਣਤੀ 'ਚ ਇੰਡਸਟਰੀ ਵਾਲੇ ਤੇਜ਼ਾਬੀ ਪਾਣੀ ਸੀਵਰ 'ਚ ਸੁੱਟ ਰਹੇ ਹਨ ਜਾਂ ਬੁੱਢੇ ਦਰਿਆ ਵਿੱਚ ਸੁੱਟ ਰਹੇ ਹਨ। ਡਾਇੰਗ ਇੰਡਸਟਰੀ ਲਗਾਤਾਰ ਪਾਣੀ ਨੂੰ ਪ੍ਰਦੂਸ਼ਤ ਕਰ ਰਹੀ ਹੈ। ਪ੍ਰਸ਼ਾਸਨ ਵੱਲੋਂ ਵਾਤਾਵਰਨ ਦੀ ਸੰਭਾਲ ਕਰਨ ਵਿੱਚ ਲੱਗੀਆਂ ਸੰਸਥਾਵਾਂ ਨਾਲ ਮਿਲ ਕੇ ਸ਼ਹਿਰ ਦੇ ਵਾਤਾਵਰਣ ਨੂੰ ਸੰਭਾਲਣ ਲਈ ਕੋਈ ਠੋਸ ਪ੍ਰੋਗਰਾਮ ਬਣਾਇਆ ਚਾਹੀਦਾ ਹੈ। ਪਹਿਲਾਂ ਵਾਂਗ ਜ਼ਿਲ੍ਹਾ ਪੱਧਰ 'ਤੇ ਇੱਕ ਪਰਿਆਵਰਣ ਵਹਿਣੀ ਬਣਾਉਣੀ ਚਾਹੀਦੀ ਹੈ। ਇਸ ਸੰਬਧੀ 'ਚ ਇੱਕ ਕਵਿੱਜ਼ ਪ੍ਰੋਗਰਾਮ ਕੀਤਾ ਗਿਆ, ਜਿਸ ਵਿੱਚ ਮੈਡਮ ਕੁਸੁਮ ਲਤਾ ਨੇ 27 ਦੇ ਕਰੀਬ ਸਵਾਲ ਕੀਤੇ ਤੇ ਠੀਕ ਜਵਾਬ ਦੇਣ ਵਾਲਿਆਂ ਨੂੰ ਉਤਸ਼ਾਹਤ ਕੀਤਾ ਗਿਆ। ਜਦੋਂ ਰੋਜ਼ ਗਾਰਡਨ ਦਾ ਚੱਕਰ ਲਗਾਇਆ ਗਿਆ ਤਾਂ ਜੱਥੇ ਦੇ ਮੈਂਬਰਾਂ ਨੇ ਵਾਤਾਵਰਣ ਦੀ ਸੰਭਾਲ ਨਾਲ ਸਬੰਧਤ ਨਾਅਰਿਆਂ ਦੀਆਂ ਤਖਤੀਆਂ ਫੜੀਆਂ ਹੋਈਆਂ ਸਨ। ਮਲਟੀਪਰਪਜ਼ ਸਕੂਲ ਦੇ ਵਿਦਿਆਰਥੀ ਵਾਤਾਵਰਨ ਨਾਲ ਸਬੰਧਤ ਪੋਸਟਰ ਬਣਾ ਕੇ ਲਿਆਏ ਸਨ, ਜੋ ਉਨ੍ਹਾਂ ਦੇ ਉੱਤੇ ਪ੍ਰਦਰਸ਼ਤ ਕੀਤੇ। ਸਟੇਜ ਦਾ ਸੰਚਾਲਨ ਜਨਰਲ ਸਕੱਤਰ ਕੁਸੁਮ ਲਤਾ ਨੇ ਕਰਦਿਆਂ ਇਸ ਦੇ ਥੀਮ ਤੇ ਉਸ ਦੀ ਮਹੱਤਤਾ ਬਾਰੇ ਦੱਸਿਆ। ਹੋਰਨਾਂ ਤੋਂ ਇਲਾਵਾ ਡਾ. ਰਜਿੰਦਰ ਪਾਲ ਸਿੰਘ ਔਲਖ, ਪ੍ਰਿੰ: ਕਰਮਜੀਤ ਕੌਰ, ਰਪਵਿੰਦਰ ਕੌਰ, ਰੂਮਾਨੀ ਆਹੂਜਾ, ਐੱਮ. ਐੱਸ. ਭਾਟੀਆ, ਅਵਤਾਰ ਛਿੱਬੜ, ਸਵਰੂਪ ਸਿੰਘ, ਅਜੀਤ ਜਵੱਦੀ ਆਦਿ ਨੇ ਸੰਬੋਧਨ ਕੀਤਾ। ਮੀਤ ਪ੍ਰਧਾਨ ਇੰਦਰਜੀਤ ਸਿੰਘ ਸੋਢੀ ਨੇ ਆਪਣੇ ਵਿਚਾਰ ਪ੍ਰਗਟ ਕੀਤੇ ਤੇ ਸਾਰਿਆਂ ਦਾ ਧੰਨਵਾਦ ਕੀਤਾ।

**SHREYANS INDUSTRIES LIMITED**

**Regd. Office :** Village Bholapur, P.O. Sahabana, Chandigarh Road, Ludhiana- 141123, CIN: L17115PB1979PLC003994, Ph. No.: +91-9876100948. Website: www.shreyansgroup.com; Email: cs@shreyansgroup.com

**NOTICE**

Shareholders are hereby informed that, the Unpaid Dividend for the Financial Year 2015-16 and the corresponding equity shares of the Company in respect of which dividend have remained unclaimed/unpaid for seven consecutive years or more will be due for transfer to the Demat Account of the IEPF Authority on 9th September, 2023, pursuant to the provisions of Section 124(6) of the Companies Act, 2013 read along with the Investor Education and Protection Fund Authority (Accounting, Audit, Transfer and Refund) Rules, 2016. The Company has sent individual communication to concerned shareholders whose shares are liable to be transferred to IEPF Authority, advising them to claim their dividend. The Company has uploaded details of concerned shareholders on its website www.shreyansgroup.com.

The Shareholders may note that, even upon transfer of unpaid dividend and corresponding shares to the IEPF, they can claim the said shares alongwith dividend(s) from IEPF for which detailed procedure and requirements are available at www.iepf.gov.in.

For any queries on the subject matter, you may contact Company Secretary at Village Bholapur, P.O. Sahabana, Chandigarh Road, Ludhiana 141123, Ph. No.: +91-9876100948, Email: cs@shreyansgroup.com or **the Company's Registrar and Transfer Agent** i.e. Skyline Financial Services Private Limited at D-153 A, Ist Floor, Okhla Industrial Area, Phase – I, New Delhi-110 020, Tel.: +91 11 40450193-97, Email: parveen@skylinerta.com, admin@skylinerta.com.

**FOR SHREYANS INDUSTRIES LIMITED**
**Sd/-**
**(Parminder Singh)**
**Company Secretary**

**Place : Ludhiana**
**Date : 08-06-2023**

# ਆਬੋ-ਹਵਾ, ਪਾਣੀ ਤੇ ਵਾਤਾਵਰਨ ਨੂੰ ਬਚਾਉਣਾ ਸਾਡੀ ਸਾਰਿਆਂ ਦੀ ਨਿੱਜੀ ਜ਼ਿੰਮੇਵਾਰੀ : ਸੰਤ ਸੀਚੇਵਾਲ

## ਏਮਜ਼ ਦਾ ਦੌਰਾ ਕਰਕੇ ਜਾਣਿਆ ਮਰੀਜ਼ਾਂ ਦਾ ਹਾਲ-ਚਾਲ



**ਬਠਿੰਡਾ (ਪਰਵਿੰਦਰ ਜੀਤ ਸਿੰਘ)**

ਵਾਤਾਵਰਨ ਪ੍ਰੇਮੀ ਤੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਵੱਲੋਂ ਸਥਾਨਕ ਏਮਜ਼ ਦੇ ਆਯੂਸ਼, ਓਪੀਡੀ ਤੇ ਐਮਰਜੈਂਸੀ ਵਾਰਡਾਂ ਦਾ ਦੌਰਾ ਕਰਕੇ ਜਾਇਜ਼ਾ ਲਿਆ ਗਿਆ। ਇਸ ਮੌਕੇ ਉਨ੍ਹਾ ਵੱਲੋਂ ਓਪੀਡੀ ਵਿਖੇ ਮੌਜੂਦ ਮਰੀਜ਼ਾਂ ਨਾਲ ਗੱਲਬਾਤ ਕਰਕੇ ਉਨ੍ਹਾਂ ਦਾ ਹਾਲ-ਚਾਲ ਵੀ ਜਾਣਿਆ। ਇਸ ਉਪਰੰਤ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਏਮਜ਼ ਦੇ ਡਾਇਰੈਕਟਰ ਪ੍ਰੋ: ਡਾ. ਡੀ ਕੇ ਸਿੰਘ ਸਮੇਤ ਡਾਕਟਰੀ ਸਟਾਫ਼ ਨਾਲ ਇੱਕ ਵਿਸ਼ੇਸ਼ ਬੈਠਕ ਕੀਤੀ ਤੇ ਏਮਜ਼ ਅਤੇ ਡਾਕਟਰਾਂ ਵੱਲੋਂ ਮਰੀਜ਼ਾਂ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਸਬੰਧੀ ਜਾਣਕਾਰੀ ਹਾਸਲ ਕਰਦਿਆਂ ਉਨ੍ਹਾਂ ਦੀ ਸ਼ਲਾਘਾ ਵੀ ਕੀਤੀ। ਇਸ ਮੌਕੇ ਉਨ੍ਹਾਂ ਸਮੂਹ ਡਾਕਟਰਾਂ ਦੀਆਂ ਸਮੱਸਿਆਵਾਂ ਸੁਣੀਆਂ, ਜਿਨ੍ਹਾਂ ਨੂੰ ਜਲਦ ਹੱਲ ਕਰਨ ਦਾ ਭਰੋਸਾ ਦਿਵਾਇਆ।

ਇਸ ਦੌਰਾਨ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਏਮਜ਼ ਮਾਲਵਾ ਇਲਾਕੇ ਨੂੰ ਬਹੁਤ ਵੱਡਾ ਤੋਹਫਾ ਮਿਲਿਆ ਹੈ, ਜਿਸ ਨਾਲ ਆਸ-ਪਾਸ ਦੇ ਲੋਕਾਂ ਨੂੰ ਬਹੁਤ ਵੱਡਾ ਫਾਇਦਾ ਹੋਇਆ ਹੈ। ਉਨ੍ਹਾ ਇੱਕ ਸਵਾਲ ਦੇ ਜਵਾਬ 'ਚ ਕਿਹਾ ਕਿ ਕਿਸਾਨ ਘੱਟ ਪਾਣੀ ਵਾਲੀਆਂ ਫ਼ਸਲਾਂ ਬੀਜਣ ਨੂੰ ਤਰਜੀਹ ਦੇਣ ਤਾਂ ਜੋ ਦਿਨ ਪ੍ਰਤੀ ਦਿਨ ਘੱਟ ਰਹੇ ਪਾਣੀ ਦੇ ਪੱਧਰ ਨੂੰ ਨੀਵਾਂ ਹੋਣ ਤੋਂ ਬਚਾਇਆ ਜਾ ਸਕੇ।

ਇਸ ਮੌਕੇ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਇੱਕ ਹੋਰ ਸਵਾਲ ਦੇ ਜਵਾਬ ਵਿੱਚ ਕਿਹਾ ਕਿ ਆਬੋ ਹਵਾ, ਪਾਣੀ ਤੇ ਵਾਤਾਵਰਨ ਨੂੰ ਗੰਧਲਾ ਹੋਣ ਤੋਂ ਬਚਾਉਣਾ ਸਾਡੀ ਸਾਰਿਆਂ ਦੀ ਨਿੱਜੀ ਜ਼ਿੰਮੇਵਾਰੀ ਹੈ। ਉਨ੍ਹਾ ਕਿਹਾ ਕਿ ਸਾਨੂੰ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ ਤਾਂ ਜੋ ਵਾਤਾਵਰਨ ਦੀ ਸ਼ੁੱਧਤਾ ਨੂੰ ਬਰਕਰਾਰ ਰੱਖਿਆ ਜਾ ਸਕੇ। ਉਨ੍ਹਾ ਕਿਹਾ ਕਿ ਸੈਂਟਰ ਵਾਟਰ ਬੋਰਡ ਦੀ ਪੰਜ ਸਾਲਾ ਰਿਪੋਰਟ ਅਨੁਸਾਰ ਸਾਲ 2039 ਤੱਕ ਪਾਣੀ ਦਾ ਪੱਧਰ ਬਹੁਤ ਨੀਵਾਂ ਚਲਾ ਜਾਵੇਗਾ ਇਸ ਲਈ ਸਾਨੂੰ ਵੱਧ ਤੋਂ ਵੱਧ ਪਾਣੀ ਨੂੰ ਬਚਾਉਣ ਦੇ ਯਤਨ ਕਰਨੇ ਚਾਹੀਦੇ ਹਨ। ਇਸ ਉਪਰੰਤ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਵੱਲੋਂ ਸੈਂਟਰਲ ਯੂਨੀਵਰਸਿਟੀ ਘੁੱਦਾ ਦਾ ਵੀ ਦੌਰਾ ਕਰਕੇ ਜਾਇਜ਼ਾ ਲਿਆ ਗਿਆ।

ਇਸ ਮੌਕੇ ਏਮਜ਼ ਦੇ ਡਾਇਰੈਕਟਰ ਪ੍ਰੋ: ਡਾ. ਡੀ ਕੇ ਸਿੰਘ, ਡਾ. ਕੰਵਲਜੀਤ ਸਿੰਘ ਕੌੜਾ, ਪ੍ਰੋ: ਰੁਬਲਪ੍ਰੀਤ ਸਿੰਘ, ਡਾ. ਰਾਜੀਵ ਕੁਮਾਰ, ਡਿਪਟੀ ਡਾਇਰੈਕਟਰ ਐਡਮਨਿਸਟ੍ਰੇਸ਼ਨ ਡਾ. ਰਾਜੀਵ ਸੇਨ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਐੱਚ ਓ ਡੀ ਤੇ ਡਾਕਟਰੀ ਸਟਾਫ਼ ਆਦਿ ਹਾਜ਼ਰ ਰਿਹਾ।

# ਭੁੱਲਰ ਪਰਵਾਰ ਦੇ ਸਹਿਯੋਗ ਨਾਲ ਲਾਇਨਜ਼ ਕਲੱਬ ਵੱਲੋਂ ਸਕੂਲ ਨੂੰ ਵਰਦੀਆਂ ਤੇ ਇਨਵਰਟਰ ਭੇਟ

**ਕੋਟਕਪੂਰਾ (ਰਛਪਾਲ ਭੁੱਲਰ)**-ਲਾਇਨ ਰਛਪਾਲ ਸਿੰਘ ਭੁੱਲਰ ਪੀ ਆਰ ਓ ਕੋਟਕਪੂਰਾ ਵਿਸ਼ਵਾਸ ਲਾਇਨ ਕਲੱਬ ਵੱਲੋਂ ਆਪਣੇ ਸਮੁੱਚੇ ਪਰਿਵਾਰ ਦੇ ਸਹਿਯੋਗ ਨਾਲ ਲਾਇਨ ਸੰਦੀਪ ਕੌੜਾ ਦੀ ਪ੍ਰਧਾਨਗੀ ਹੇਠ ਸਰਕਾਰੀ ਪ੍ਰਾਇਮਰੀ ਸਕੂਲ ਲਾਜਪਤ ਨਗਰ ਕੋਟਕਪੂਰਾ ਦੇ ਸਾਰੇ ਦੇ ਸਾਰੇ 171 ਬੱਚਿਆਂ ਨੂੰ ਵਰਦੀਆਂ ਦਿੱਤੀਆਂ ਗਈਆਂ ਤੇ ਗਰਮੀ ਦੇ ਮੌਸਮ ਨੂੰ ਧਿਆਨ ਵਿੱਚ ਰੱਖਦੇ ਹੋਏ ਸਕੂਲ ਸਟਾਫ ਦੀ ਮੰਗ 'ਤੇ ਇਨਵਰਟਰ ਲਈ ਵੱਡਾ ਬੈਟਰਾ ਵੀ ਦਿੱਤਾ ਗਿਆ। ਇਹ ਸਾਰਾ ਕਾਰਜ ਕੋਟਕਪੂਰਾ ਵਿਸ਼ਵਾਸ ਲਾਇਨਜ਼ ਕਲੱਬ ਰਾਹੀਂ ਕੀਤਾ ਗਿਆ ਤੇ ਇਸ ਦੀ ਸਕੂਲ ਸਟਾਫ, ਬੱਚਿਆਂ ਤੇ ਆਮ ਜਨਤਾ ਵੱਲੋਂ ਖੂਬ ਪ੍ਰਸ਼ੰਸਾ ਕੀਤੀ ਗਈ। ਸੁਰਜੀਤ ਸਿੰਘ ਬਲਾਕ ਸਿੱਖਿਆ ਅਫਸਰ ਵੱਲੋਂ ਪਰਿਵਾਰ ਦਾ ਧੰਨਵਾਦ ਕਰਦੇ ਹੋਏ ਚੜ੍ਹਦੀ ਕਲਾ ਲਈ ਪ੍ਰਾਰਥਨਾ ਕੀਤੀ ਗਈ। ਐੱਮ ਜੇ ਐੱਫ ਗੁਰਦੀਪ ਸਿੰਘ ਜ਼ੈੱਡ ਸੀ ਵੱਲੋਂ ਇਸ ਕਾਰਜ ਦੀ ਸੰਖੇਪ ਜਾਣਕਾਰੀ ਸਾਂਝੀ ਕਰਦੇ ਹੋਏ ਪਾਣੀ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਗਈ ਤੇ ਸਮੂਹ ਹਾਜ਼ਰੀਨ ਤੋਂ ਪਾਣੀ ਬਚਾਉਣ ਦਾ ਵਚਨ ਲਿਆ ਤਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਨੂੰ ਪਾਣੀ ਤੋਂ ਵਿਰਵਾ ਨਾ ਹੋਣਾ ਪਵੇ। ਇਸ ਮੌਕੇ ਇਨ੍ਹਾਂ ਤੋਂ ਇਲਾਵਾ ਨੀਰੂ ਬਾਲਾ ਮੁੱਖ ਅਧਿਆਪਕਾ, ਪ੍ਰਭਜੋਤ ਕੌਰ, ਲਖਵੀਰ ਕੌਰ, ਆਰਤੀ ਰਾਣੀ, ਸੁਮਨ ਬਾਲਾ, ਮਨਜੀਤ ਕੌਰ, ਦੀਪਤੀ ਧਿੰਗੜਾ, ਜਸਵੀਰ ਸਿੰਘ ਤੇ ਲਖਵਿੰਦਰ ਸਿੰਘ ਅਧਿਆਪਕ, ਅਮਨਦੀਪ ਕੌਰ ਚੇਅਰਮੈਨ ਐੱਸ ਐੱਮ ਸੀ ਕਮੇਟੀ ਤੋਂ ਇਲਾਵਾ ਲਾਇਨ ਜਸਵੀਰ ਸਿੰਘ, ਲਾਇਨ ਮਨਮੋਹਨ ਕ੍ਰਿਸ਼ਨ, ਲਾਇਨ ਗੁਰਵੀਰ ਕਰਨ ਸਿੰਘ ਢਿੱਲੋਂ ਆਦਿ ਹਾਜ਼ਰ ਸਨ।

# ਯੂਥ ਆਗੂ ਜਗਮੀਤ ਸਿੰਘ ਹਰਿਆਊ ਵੱਲੋਂ ਸ਼ਕਤੀ ਪ੍ਰਦਰਸ਼ਨ

## ਇਕੱਠ ਦੇਖ ਕੇ ਮਲੂਕਾ ਤੇ ਰੱਖੜਾ ਹੋਏ ਬਾਗੋ-ਬਾਗ



ਸ਼ਕਤੀ ਪ੍ਰਦਰਸ਼ਨ ਦੌਰਾਨ ਜੁੜਿਆ ਇਕੱਠ।

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਵਿਧਾਨ ਸਭਾ ਹਲਕਾ ਸ਼ੁਤਰਾਣਾ ਅੰਦਰ ਸ਼੍ਰੋਮਣੀ ਅਕਾਲੀ ਦਲ ਦੀ ਮਜ਼ਬੂਤੀ ਤੇ ਨਵਾਂ ਹਲਕਾ ਇੰਚਾਰਜ ਲਗਾਏ ਜਾਣ ਸਬੰਧੀ ਵਿਚਾਰ ਵਟਾਂਦਰਾ ਕਰਨ ਲਈ ਰੱਖੀ ਮੀਟਿੰਗ ਦੌਰਾਨ ਪਾਰਟੀ ਅਬਜ਼ਰਵਰ ਸਿਕੰਦਰ ਸਿੰਘ ਮਲੂਕਾ ਤੇ ਜ਼ਿਲ੍ਹਾ ਪ੍ਰਧਾਨ ਸੁਰਜੀਤ ਸਿੰਘ ਰੱਖੜਾ ਵੱਲੋਂ ਰੱਖੀ ਗਈ ਮੀਟਿੰਗ ਦੌਰਾਨ ਐੱਸ ਜੀ ਪੀ ਸੀ ਮੈਂਬਰ ਸਵਰਗੀ ਨਿਰਮਲ ਸਿੰਘ ਹਰਿਆਊ ਦੇ ਭਤੀਜੇ ਜਗਮੀਤ ਸਿੰਘ ਹਰਿਆਊ ਵੱਲੋਂ ਸ਼ਕਤੀ ਪ੍ਰਦਰਸ਼ਨ ਕੀਤਾ ਗਿਆ। ਮੀਟਿੰਗ ਤੋਂ ਪਹਿਲਾਂ ਸ਼ਹਿਰ ਦੇ ਪਟਿਆਲਾ ਰੋਡ ਉਤੇ ਗ੍ਰੈਂਡ ਹੈਰੀਟੇਜ ਪੈਲੇਸ ਵਿੱਚ ਕੀਤੇ ਗਏ ਸ਼ਕਤੀ ਪ੍ਰਦਰਸ਼ਨ ਦੌਰਾਨ ਜੁੜੇ ਭਰਵੇਂ ਇਕੱਠ ਨੂੰ ਦੇਖ ਕੇ ਪਾਰਟੀ ਹਾਈ ਕਮਾਂਡ ਦੇ ਦੋਵੇਂ ਆਗੂ ਬਾਗੋਬਾਗ ਹੋਏ। ਸ਼ਕਤੀ ਪ੍ਰਦਰਸ਼ਨ ਦੌਰਾਨ ਭਾਵੇਂ ਸਟੇਜ ਦੀ ਕੋਈ ਰਸਮੀ ਕਾਰਵਾਈ ਨਹੀਂ ਕੀਤੀ ਗਈ, ਪਰ ਜ਼ਿਲ੍ਹਾ ਪ੍ਰਧਾਨ ਤੇ ਸਾਬਕਾ ਕੈਬਨਿਟ ਮੰਤਰੀ ਸੁਰਜੀਤ ਸਿੰਘ ਰੱਖੜਾ ਨੇ ਹਾਜ਼ਰੀ ਲਵਾ ਕੇ ਹਰਿਆਊ ਪਰਿਵਾਰ ਦੀ ਇਲਾਕੇ ਵਿਚਲੀ ਮਜ਼ਬੂਤ ਪਕੜ ਦੀ ਸ਼ਲਾਘਾ ਕੀਤੀ। ਸ਼ਕਤੀ ਪ੍ਰਦਰਸ਼ਨ ਮਗਰੋਂ ਵੱਡੀ ਗਿਣਤੀ ਵਿੱਚ ਜੁੜੇ ਅਕਾਲੀ ਵਰਕਰਾਂ ਨੇ ਜਥੇ ਦੇ ਰੂਪ ਵਿੱਚ ਅਕਾਲੀ ਦਲ ਵੱਲੋਂ ਰੱਖੀ ਗਈ ਮੀਟਿੰਗ ਵਿੱਚ ਸ਼ਮੂਲੀਅਤ ਕੀਤੀ। ਦੱਸਣਯੋਗ ਹੈ ਕਿ ਸਵਰਗੀ ਨਿਰਮਲ ਸਿੰਘ ਹਰਿਆਊ ਦੇ ਭੋਗ ਸਮਾਰੋਹ ਦੌਰਾਨ ਸਾਬਕਾ ਉੱਪ ਮੁੱਖ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਜਗਮੀਤ ਸਿੰਘ ਹਰਿਆਊ ਸਵਰਗੀ ਨਿਰਮਲ ਸਿੰਘ ਹਰਿਆਊ ਦਾ ਸਿਆਸੀ ਵਾਰਸ ਘੋਸ਼ਿਤ ਕੀਤਾ ਸੀ। ਇਸ ਦੌਰਾਨ ਯੂਥ ਅਕਾਲੀ ਆਗੂ ਜਗਮੀਤ ਸਿੰਘ ਹਰਿਆਊ ਨੇ ਪੁੱਜੇ ਵਰਕਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਸਦਾ ਉਨ੍ਹਾਂ ਦੇ ਰਿਣੀ ਰਹਿਣਗੇ। ਉਨ੍ਹਾ ਕਿਹਾ ਕਿ ਉਨ੍ਹਾਂ ਦਾ ਮਕਸਦ ਸ਼ਕਤੀ ਪ੍ਰਦਰਸ਼ਨ ਨਹੀਂ, ਸਗੋਂ ਪਾਰਟੀ ਆਗੂਆਂ ਦੀ ਸ਼ਹਿਰ 'ਚ ਆਮਦ ਉਤੇ ਸਵਾਗਤ ਵਿੱਚ ਰੱਖਿਆ ਗਿਆ ਪ੍ਰੋਗਰਾਮ ਹੈ। ਉਨ੍ਹਾਂ ਦੇ ਪਰਿਵਾਰ ਨੇ ਸਦਾ ਅਕਾਲੀ ਦਲ ਦੀ ਚੜ੍ਹਦੀ ਕਲਾ ਲਈ ਕੰਮ ਕੀਤਾ ਹੈ ਤੇ ਅੱਗੇ ਤੋਂ ਵੀ ਉਹ ਪਾਰਟੀ ਦੇ ਕੰਮਾਂ 'ਚ ਵਧ ਚੜ੍ਹ ਕੇ ਹਿੱਸਾ ਲੈਣਗੇ।

ਸ਼ਕਤੀ ਪ੍ਰਦਰਸ਼ਨ ਦੌਰਾਨ ਹੋਰਨਾਂ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਸਰਕਲ ਪਾਤੜਾਂ ਦਿਹਾਤੀ ਦੇ ਪ੍ਰਧਾਨ ਗੁਰਦੀਪ ਸਿੰਘ ਖਾਂਗ, ਪੀ ਏ ਡੀ ਬੀ ਦੇ ਸਾਬਕਾ ਚੇਅਰਮੈਨ ਗੁਰਬਚਨ ਸਿੰਘ ਮੌਲਵੀਵਾਲਾ, ਡਾਕਟਰ ਬਹਾਦਰ ਸਿੰਘ ਘੱਗਾ, ਜੋਗਿੰਦਰ ਸਿੰਘ ਬਾਵਾ, ਸਰਬਜੀਤ ਸਿੰਘ ਕਕਰਾਲਾ, ਕਾਰਜ ਸਿੰਘ ਬਕਰਾਹਾ, ਸੁਖਜੀਤ ਸਿੰਘ, ਅਜੈਬ ਸਿੰਘ ਮੱਲ੍ਹੀ, ਸੁਰਜੀਤ ਸਿੰਘ ਮਾਹਲ, ਨਿਧਾਨ ਸਿੰਘ ਜੈਖਰ, ਬੂਟਾ ਸਿੰਘ ਗੁਲਾਹੜ, ਸਤਨਾਮ ਸਿੰਘ ਸ਼ੁਤਰਾਣਾ, ਜਸਪਾਲ ਸਿੰਘ ਨੂਰਪੁਰਾ, ਫਤਿਹ ਸਿੰਘ ਜੋਗੇਵਾਲ, ਲਖਵਿੰਦਰ ਸਿੰਘ ਮੌਲਵੀਵਾਲਾ, ਜਰਨੈਲ ਸਿੰਘ ਤੇ ਬਲਦੇਵ ਸਿੰਘ ਆਦਿ ਹਾਜ਼ਰ ਸਨ।

## ਕਾਤਰਾਂ

### ਲਾਭਪਾਤਰੀ ਅਯੋਗ ਪਾਏ ਜਾਣ ਕਾਰਨ ਵਿਭਾਗ ਵੱਲੋਂ ਨਹੀਂ ਦਿੱਤੇ ਜਾ ਰਹੇ ਬਿਜਲੀ ਕੁਨੈਕਸ਼ਨ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)**-ਪਿੰਡ ਬੰਨਵਾਲਾ ਹਨਵੰਤਾ ਵਿਖੇ ਬਣੀ ਕਲੋਨੀ ਵਿਖੇ ਬਿਜਲੀ ਨਾ ਪਹੁੰਚਣ ਸਬੰਧੀ ਖ਼ਬਰ ਬਾਰੇ ਸਪੱਸ਼ਟੀਕਰਨ ਦਿੰਦਿਆਂ ਸਹਾਇਕ ਕਾਰਜਕਾਰੀ ਇੰਜਨੀਅਰ ਰਾਮ ਕੁਮਾਰ ਵੰਡ ਉਪ ਮੰਡਲ ਪੀ.ਐਸ.ਪੀ.ਸੀ.ਐਲ ਖੂਈ ਖੇੜਾ ਨੇ ਦੱਸਿਆ ਕਿ ਬਲਾਕ ਵਿਕਾਸ ਤੇ ਪੰਚਾਇਤ ਅਫਸਰ ਵੱਲੋਂ ਉਨ੍ਹਾਂ ਨੂੰ ਰਿਪੋਰਟ ਦਿੱਤੀ ਗਈ ਹੈ ਕਿ ਪੰਚਾਇਤ ਵੱਲੋਂ ਪਹਿਲਾਂ ਪਿੰਡ ਦੇ ਵਸਨੀਕਾਂ ਨੂੰ 55 ਮਰਲੇ ਦੇ ਪਲਾਟ ਅਲਾਟ ਕੀਤੇ ਗਏ ਸਨ, ਜੋ ਬਾਅਦ ਵਿੱਚ ਦਫ਼ਤਰ ਵਧੀਕ ਡਿਪਟੀ ਕਮਿਸ਼ਨਰ ਵੱਲੋਂ ਪੜਤਾਨ ਕਰਨ 'ਤੇ ਲਾਭਪਾਤਰੀ ਅਯੋਗ ਪਾਏ ਗਏ, ਜਿਸ ਕਰਕੇ ਅਲਾਟ ਕੀਤੇ ਪਲਾਟ ਰੱਦ ਕਰ ਦਿੱਤੇ ਗਏ ਸਨ। ਬਲਾਕ ਵਿਕਾਸ ਤੇ ਪੰਚਾਇਤ ਅਫਸਰ ਵੱਲੋਂ ਇਨ੍ਹਾਂ ਪਲਾਟਾਂ ਵਿਚ ਬਿਜਲੀ ਦੇ ਕੁਨੈਕਸ਼ਨ ਨਾ ਦਿੱਤੇ ਜਾਣ ਸਬੰਧੀ ਲਿਖਿਆ ਗਿਆ ਸੀ, ਇਸ ਤਹਿਤ ਉਪ ਮੰਡਲ ਪੀ.ਐਸ.ਪੀ.ਸੀ.ਐਲ ਵੱਲੋਂ ਇਨ੍ਹਾਂ ਬਿਨੈਕਾਰਾਂ ਨੂੰ ਬਿਜਲੀ ਕੁਨੈਕਸ਼ਨ ਨਹੀਂ ਦਿੱਤੇ ਜਾ ਰਹੇ।

### ਗਲੀ-ਨਾਲੀ ਪੱਕੀ ਨਾ ਕਰਕੇ ਕੀਤਾ ਜਾ ਰਿਹੈ ਮਾਨਸਿਕ ਤੌਰ 'ਤੇ ਪ੍ਰੇਸ਼ਾਨ : ਅਮਰ ਸਿੰਘ ਸਹੌਰ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪਿੰਡ ਸਹੌਰ ਦੇ ਵਸਨੀਕ ਕਿਸਾਨ ਅਮਰ ਸਿੰਘ ਪੁੱਤਰ ਬੰਤ ਸਿੰਘ ਵਾਸੀ ਸਹੌਰ (ਬਰਨਾਲਾ) ਨੇ ਹਲਫੀਆ ਬਿਆਨ ਰਾਹੀ ਗ੍ਰਾਮ ਪੰਚਾਇਤ ਵਲੋਂ ਪਿੰਡ 'ਚ ਗਲੀਆਂ, ਨਾਲੀਆਂ ਪੱਕੀਆਂ ਕੀਤੇ ਜਾਣ ਦੇ ਕਰਾਏ ਜਾ ਰਹੇ ਵਿਕਾਸ ਕਾਰਜਾਂ ਵਿੱਚ ਪੱਖਪਾਤ ਕਰਨ ਦਾ ਦੋਸ਼ ਲਗਾਇਆ ਹੈ। ਉਨ੍ਹਾਂ ਕਿਹਾ ਗ੍ਰਾਮ ਪੰਚਾਇਤ ਵੱਲੋਂ ਪਿੰਡ 'ਚ ਗਲੀਆਂ, ਨਾਲੀਆਂ ਬਣਾਏ ਜਾਣ ਸਮੇਂ ਸਿਰਫ਼ ਮੇਰੇ ਘਰ ਅੱਗਿਓਂ ਗਲੀ, ਨਾਲੀ ਨਿੱਜੀ ਰੰਜਿਸ਼ ਕਰਕੇ ਨਹੀਂ ਬਣਾਈ ਗਈ। ਇਸ ਬੇਇਨਸਾਫ਼ੀ ਬਾਰੇ ਉਸ ਨੇ ਪਿੰਡ ਦੀ ਮਹਿਲਾ ਸਰਪੰਚ ਦੇ ਪਤੀ ਨੂੰ ਕਈ ਵਾਰ ਬੇਨਤੀ ਕੀਤੀ। ਪਰ ਕੋਈ ਸੁਣਵਾਈ ਨਾ ਹੋਣ 'ਤੇ ਉਸ ਨੇ ਅੱਕ ਕੇ 24 ਮਈ ਨੂੰ ਬੀ ਡੀ ਪੀ ਓ ਮਹਿਲ ਕਲਾਂ ਨੂੰ ਲਿਖਤੀ ਤੌਰ ਤੇ ਜਾਣੂ ਕਰਾ ਕੇ ਇਨਸਾਫ਼ ਦੀ ਗੁਹਾਰ ਲਾਈ। ਪਰ ਫਿਰ ਵੀ ਅੱਜ ਤੱਕ ਕੱਖ ਪੱਲੇ ਨਾ ਪਿਆ। ਪੀੜਤ ਕਿਸਾਨ ਅਮਰ ਸਿੰਘ ਸਹੌਰ ਨੇ ਡਿਪਟੀ ਕਮਿਸ਼ਨਰ ਬਰਨਾਲਾ ਪਾਸੋਂ ਉਨ੍ਹਾਂ ਦੇ ਘਰ ਅਗਿਓਂ ਗਲੀ-ਨਾਲੀ ਦਾ ਕੰਮ ਮੁਕੰਮਲ ਕਰਾ ਕੇ ਇਨਸਾਫ਼ ਦੇਣ ਦੀ ਮੰਗ ਕੀਤੀ ਹੈ। ਇਸ ਮਾਮਲੇ ਸਬੰਧੀ ਜਦੋਂ ਮਹਿਲਾ ਸਰਪੰਚ ਦੇ ਪਤੀ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਪੱਖਪਾਤ ਕਰਨ ਦੇ ਲਗਾਏ ਦੋਸ਼ਾਂ ਨੂੰ ਨਕਾਰਦਿਆ ਕਿਹਾ ਕਿ ਕਿਸਾਨ ਅਮਰ ਸਿੰਘ ਦੇ ਘਰ ਮੂਹਰੇ ਗਲੀ-ਨਾਲੀ ਛੇਤੀ ਹੀ ਬਣਾਈ ਜਾਵੇਗੀ।

### ਗਿਆਨ ਅੰਜਨੁ ਸਮਰ ਕੈਂਪ ਗੁਰਦੁਆਰਾ ਸਾਹਿਬ ਨਾਨਕਪੁਰਾ ਵਿਖੇ 18 ਤੱਕ

**ਸੰਗਰੂਰ (ਪ੍ਰਵੀਨ ਸਿੰਘ)**-ਬੱਚਿਆਂ ਨੂੰ ਗੁਰ ਇਤਿਹਾਸ, ਗੁਰਮਤਿ ਸਿਧਾਂਤਾਂ, ਸੱਭਿਆਚਾਰ ਤੇ ਨੈਤਿਕ ਕਦਰਾਂ ਕੀਮਤਾਂ ਪ੍ਰਤੀ ਜਾਗਰੂਕ ਕਰਨ ਦੇ ਉਦੇਸ ਨਾਲ ਗਰਮੀਆਂ ਦੀਆਂ ਛੁੱਟੀਆਂ ਵਿੱਚ ਦੇਸ ਭਰ ਵਿੱਚ ਲਾਏ ਜਾ ਰਹੇ ਸਮਰ ਕੈਂਪਾਂ ਦੀ ਲੜੀ ਵਿੱਚ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਸੰਗਰੂਰ-ਬਰਨਾਲਾ ਜ਼ੋਨ ਅਧੀਨ ਇੱਕ ਹਫ਼ਤੇ ਦਾ ਗਿਆਨ ਅੰਜਨੁ ਗੁਰਮਤਿ ਸਮਰ ਕੈਂਪ ਸਥਾਨਕ ਗੁਰਦੁਆਰਾ ਸਾਹਿਬ ਗੁਰੂ ਨਾਨਕ ਪੁਰਾ ਵਿਖੇ ਤਾਲਮੇਲ ਕਮੇਟੀ ਦੀ ਸਰਪ੍ਰਸਤੀ ਹੇਠ 11ਜੂਨ ਤੋਂ 18 ਜੂਨ ਤੱਕ ਰੋਜ਼ਾਨਾ ਸਾਮ 4 ਵਜੇ ਤੋਂ 6 ਵਜੇ ਤੱਕ ਲਾਇਆ ਜਾ ਰਿਹਾ ਹੈ। ਇਸ ਸਬੰਧ ਵਿੱਚ ਜਸਵਿੰਦਰ ਸਿੰਘ ਪ੍ਰਿੰਸ ਮੁਖੀ ਤਾਲਮੇਲ ਕਮੇਟੀ ਦੀ ਪ੍ਰਧਾਨਗੀ ਹੇਠ ਤਿਆਰੀ ਮੀਟਿੰਗ ਕੀਤੀ ਗਈ। ਹਰਪ੍ਰੀਤ ਸਿੰਘ ਪ੍ਰੀਤ ਜਨਰਲ ਸਕੱਤਰ ਦੇ ਸੰਚਾਲਨ ਅਧੀਨ ਸੁਰਿੰਦਰ ਪਾਲ ਸਿੰਘ ਸਿਦਕੀ ਐਡੀਸ਼ਨਲ ਚੀਫ ਸਕੱਤਰ ਨੇ ਕੈਂਪ ਦੇ ਮਨੋਰਥ ਤੇ ਕੈਂਪ ਦੀ ਰੂਪ ਰੇਖਾ ਬਾਰੇ ਦੱਸਿਆ। ਭਾਈ ਬਚਿੱਤਰ ਸਿੰਘ ਪ੍ਰਧਾਨ ਗੁਰਮਤਿ ਰਾਗੀ ਗ੍ਰੰਥੀ ਸਭਾ, ਨਰਿੰਦਰ ਪਾਲ ਸਿੰਘ ਸਾਹਨੀ ਐਡਵੋਕੇਟ ਸਰਪ੍ਰਸਤ, ਰਾਜਵਿੰਦਰ ਸਿੰਘ ਲੱਕੀ ਸੀਨੀਅਰ ਮੀਤ ਪ੍ਰਧਾਨ ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ, ਜਤਿੰਦਰ ਸਿੰਘ ਰੇਖੀ ਸਕੱਤਰ ਭਾਈ ਘਨ੍ਹਈਆ ਜੀ ਸੇਵਾ ਦਲ ਨੇ ਸਟੱਡੀ ਸਰਕਲ ਵੱਲੋਂ ਬੱਚਿਆਂ ਨੂੰ ਆਪਣੇ ਵਿਰਸੇ ਨਾਲ ਜੋੜਨ ਦੇ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਵੱਧ ਤੋਂ ਵੱਧ ਬੱਚਿਆਂ ਨੂੰ ਕੈਂਪ ਵਿੱਚ ਸ਼ਾਮਲ ਕਰਾਉਣ ਦੇ ਯਤਨ ਕਰਨ ਲਈ ਕਿਹਾ।

# ਬਸਤੀ ਮਾਛੀਆਂ ਦੇ ਲੋਕਾਂ ਵੱਲੋਂ ਨਸ਼ਿਆਂ ਵਿਰੁੱਧ ਰੋਸ ਮਾਰਚ

## ਡੀ ਐੱਸ ਪੀ ਦੇ ਦਫਤਰ ਅੱਗੇ ਲਗਾਇਆ ਧਰਨਾ



**ਜ਼ੀਰਾ (ਨਰਿੰਦਰ ਅਨੇਜਾ)**-ਦਿਨੋਂ ਦਿਨ ਸੂਬੇ ਅੰਦਰ ਨਸ਼ਿਆਂ ਦਾ ਪ੍ਰਕੋਪ ਵਧਦਾ ਜਾ ਰਿਹਾ ਹੈ। ਚਿੱਟੇ ਵਰਗੇ ਜ਼ਹਿਰੀਲੇ ਨਸ਼ੇ ਨੇ ਪੰਜਾਬ ਦੀ ਜਵਾਨੀ ਨੂੰ ਘੇਰਾ ਪਾਇਆ ਹੋਇਆ ਹੈ। ਰੋਜ਼ਾਨਾ ਹੀ ਅਖਬਾਰਾਂ 'ਚ ਜਾਂ ਸੋਸ਼ਲ ਮੀਡੀਆ 'ਤੇ ਚਿੱਟੇ ਨਾਲ ਨੌਜਵਾਨਾਂ ਦੀਆਂ ਮੌਤਾਂ ਹੋਣ ਦੀਆਂ ਖਬਰਾਂ ਪ੍ਰਕਾਸ਼ਤ ਹੁੰਦੀਆਂ ਹਨ, ਪ੍ਰੰਤੂ ਫਿਰ ਵੀ ਨਾ ਵੇਚਣ ਵਾਲੇ ਸਮਝਦੇ ਤੇ ਨਾ ਹੀ ਚਿੱਟਾ ਪੀਣ ਵਾਲੇ ਸਮਝਦੇ ਹਨ। ਜ਼ਿਲ੍ਹੇ ਦੇ ਬਹੁਤ ਸਾਰੇ ਪਿੰਡਾਂ 'ਚ ਚਿੱਟਾ ਤੇ ਨਜਾਇਜ਼ ਨਸ਼ੇ ਦੀਆਂ ਗੋਲੀਆਂ ਵਿਕਦੀਆਂ ਹਨ, ਜਿਸ ਤੋਂ ਲੋਕ ਪ੍ਰੇਸ਼ਾਨ ਹਨ। ਪ੍ਰੰਤੂ ਪੁਲਸ ਨੂੰ ਸ਼ਿਕਾਇਤ ਕਰਨ ਤੋਂ ਡਰਦੇ ਹਨ ਕਿ ਬਾਅਦ ਵਿੱਚ ਇਸ ਦਾ ਸਿੱਟਾ ਮਾੜਾ ਨਿਕਲ ਸਕਦਾ ਹੈ ਤੇ ਪਿੰਡ 'ਚ ਦੁਸ਼ਮਣੀ ਵਧ ਸਕਦੀ ਹੈ। ਜਦੋਂ ਵੀ ਕਿਸੇ ਨਾਲ ਇਸ ਸੰਬੰਧੀ ਗੱਲ ਕੀਤੀ ਜਾਂਦੀ ਹੈ ਤਾਂ ਪਿੰਡ ਵਾਸੀਆਂ ਦਾ ਬਿਆਨ ਹੁੰਦਾ ਕਿ ਅਸੀਂ ਨਾਮ ਨਹੀਂ ਲੈ ਸਕਦੇ, ਪਰ ਵਿਕਦਾ ਬਹੁਤ ਹੈ। ਇਸ ਕਰਕੇ ਨਸ਼ਾ ਵੇਚਣ ਵਾਲੇ ਖੁੱਲ੍ਹੇ ਹੋ ਹੋ ਕੇ ਘੁੰਮਦੇ ਹਨ। ਕਈ ਵਾਰ ਇਸ ਤਰ੍ਹਾਂ ਵੀ ਹੁੰਦਾ ਕਿ ਜਦੋਂ ਕੋਈ ਨਸ਼ਾ ਤਸਕਰ ਫੜਿਆ ਜਾਂਦਾ ਹੈ ਤਾਂ ਕੁਝ ਸਿਆਸੀ ਲੀਡਰਾਂ ਵੱਲੋਂ ਪੁਲਸ ਨਾਲ ਮਿਲੀਭੁਗਤ ਹੋਣ ਕਾਰਨ ਅਗਲੇ ਦਿਨ ਹੀ ਛੁਡਵਾ ਲਿਆ ਜਾਂਦਾ ਹੈ। ਲੋਕਾਂ ਦਾ ਇਹ ਵੀ ਕਹਿਣਾ ਹੁੰਦਾ ਕਿ ਸਾਡੇ ਪਿੰਡ ਦੁੱਧ ਦੁਕਾਨ ਤੋਂ ਖ੍ਰੀਦਣਾ ਪੈਂਦਾ, ਜਦਕਿ ਚਿੱਟਾ ਜਾਂ ਸ਼ਰਾਬ ਦੀ ਡਲਿਵਰੀ ਘਰ ਹੋ ਜਾਂਦੀ ਹੈ, ਜੋ ਕਿ ਬਹੁਤ ਸ਼ਰਮਨਾਕ ਹੈ। ਨਸ਼ਿਆਂ ਦੀ ਦਲ-ਦਲ 'ਚੋਂ ਪੰਜਾਬ ਨੂੰ ਬਚਾਉਣ ਲਈ ਸਰਕਾਰ ਨੂੰ ਗਹਿਰਾਈ 'ਚ ਯਤਨ ਕਰਨੇ ਚਾਹੀਦੇ ਹਨ ਤਾਂ ਜੋ ਸੂਬੇ ਨੂੰ ਨਸ਼ਾ-ਮੁਕਤ ਪੰਜਾਬ ਬਣਾਇਆ ਜਾ ਸਕੇ। ਬੇਸ਼ੱਕ ਨਸ਼ਾ ਖਤਮ ਕਰਨ ਦੇ ਆਮ ਆਦਮੀ ਪਾਰਟੀ ਵੱਡੇ-ਵੱਡੇ ਦਾਅਵੇ ਕਰ ਰਹੀ ਹੈ, ਪ੍ਰੰਤੂ ਅਸਲ ਵਿੱਚ ਇਹ ਦਾਅਵੇ ਖੋਖਲੇ ਨਜ਼ਰ ਆ ਰਹੇ ਹਨ। ਆਸ-ਪਾਸ ਤੋਂ ਪਤਾ ਲੱਗਦਾ ਹੈ ਕਿ ਪਿਛਲੇ ਸਾਲਾਂ ਤੋਂ ਨਸ਼ੇ ਦਾ ਪ੍ਰਕੋਪ ਘਟਣ ਦੀ ਬਜਾਏ ਵਧਿਆ ਹੀ ਹੈ। ਪੜ੍ਹੇ ਲਿਖੇ ਬੇਰੁਜ਼ਗਾਰ ਨੌਜਵਾਨ ਵੀ ਚਿੱਟੇ ਦਾ ਸ਼ਿਕਾਰ ਹਨ।

ਇਸ ਦਾ ਕਾਰਨ ਬੇਰੁਜ਼ਗਾਰੀ ਤੇ ਖੇਡਾਂ ਦਾ ਰੁਝਾਨ ਘਟਣਾ ਵੀ ਹੈ। ਬਸਤੀ ਮਾਛੀਆਂ ਦੇ ਲੋਕਾਂ ਨੇ ਚਿੱਟੇ ਦੇ ਨਸ਼ੇ ਨੂੰ ਖਤਮ ਕਰਨ ਲਈ ਪਹਿਲਕਦਮੀ ਕਰਦਿਆਂ ਹੱਥਾਂ ਵਿੱਚ ਤਖਤੀਆਂ ਲੈ ਕੇ ਬਾਜ਼ਾਰ ਵਿੱਚ ਰੋਸ ਮਾਰਚ ਕੀਤਾ ਤੇ ਡੀ ਐੱਸ ਪੀ ਜ਼ੀਰਾ ਦੇ ਦਫਤਰ ਅੱਗੇ ਧਰਨਾ ਵੀ ਲਗਾਇਆ ਅਤੇ ਪੁਲਸ ਪ੍ਰਸ਼ਾਸਨ ਤੇ ਐੱਮ ਐੱਲ ਏ ਨਰੇਸ਼ ਕਟਾਰੀਆ ਦੇ ਲੜਕੇ ਸ਼ੰਕਰ ਕਟਾਰੀਆ 'ਤੇ ਨਸ਼ਾ ਵੇਚਣ ਵਾਲਿਆਂ ਨਾਲ ਕਥਿਤ ਮਿਲੀਭੁਗਤ ਦੇ ਦੋਸ਼ ਵੀ ਲਾਏ।

# ਕੇਕ ਕੱਟ ਕੇ ਮਨਾਇਆ ਸਤਿਗੁਰੂ ਭਗਤ ਕਬੀਰ ਦਾ 625ਵਾਂ ਪ੍ਰਕਾਸ਼ ਦਿਹਾੜਾ



ਮੋਗਾ ਦੇ ਮੁਖੀ ਅਰਜੁਨ ਕੁਮਾਰ ਤੇ ਸਤਿਗੁਰੂ ਕਬੀਰ ਵੈੱਲਫੇਅਰ ਸੁਸਾਇਟੀ ਦੇ ਮੁਖੀ ਮਾਗਤ ਰਾਮ ਇੰਦੌਰਾ ਤੇ ਚੇਅਰਮੈਨ ਸੁਨੀਲ ਖੰਨਾ ਨੇ ਕਿਹਾ ਕਿ ਸੰਤ ਕਬੀਰ ਭਾਰਤੀ ਕਵੀ ਤੇ ਸੰਤ ਸਨ।

**ਮੋਗਾ (ਅਮਰਜੀਤ ਬੱਬਰੀ)**-ਇੰਦਰਾ ਕਲੋਨੀ ਵਿੱਚ ਆਦਿ ਧਰਮ ਸਮਾਜ ਮੋਗਾ ਦੇ ਮੁਖੀ ਅਰਜੁਨ ਕੁਮਾਰ, ਪੰਜਾਬ ਪ੍ਰਦੇਸ ਧਾਨਕ ਸਮਾਜ ਦੇ ਚੇਅਰਮੈਨ ਰੂਪ ਚੰਦ ਨਾਗਰ ਤੇ ਸਤਿਗੁਰੂ ਕਬੀਰ ਵੈੱਲਫੇਅਰ ਸੁਸਾਇਟੀ ਮੋਗਾ ਦੇ ਮੁਖੀ ਮਾਗਤ ਰਾਮ ਇੰਦੌਰਾ, ਸੁਨੀਲ ਖੰਨਾ ਚੇਅਰਮੈਨ, ਸ਼ਿਵ ਕੁਮਾਰ ਕੈਸ਼ੀਅਰ ਦੀ ਅਗਵਾਈ ਹੇਠ ਕੇਕ ਕੱਟ ਕੇ ਸੰਤ ਕਬੀਰ ਜੀ ਦਾ ਜਨਮ ਦਿਹਾੜਾ ਮਨਾਇਆ ਗਿਆ। ਇਸ ਮੌਕੇ ਸ੍ਰ. ਮਨਜੀਤ ਸਿੰਘ ਰਾਏ ਸਾਬਕਾ ਚੇਅਰਮੈਨ ਘੱਟ ਗਿਣਤੀ ਕਮਿਸ਼ਨ ਭਾਰਤ ਸਰਕਾਰ ਤੇ ਮੈਂਬਰ ਪੰਜਾਬ ਰਾਜ ਭਾਜਪਾ ਅਤੇ ਨੀਰਾ ਅਗਰਵਾਲ ਬੁਲਾਰੇ ਭਾਜਪਾ ਮਹਿਲਾ ਮੋਰਚਾ ਪੰਜਾਬ ਤੇ ਪੁਨੀਤ ਅਗਰਵਾਲ ਚੇਅਰਮੈਨ ਏਕ ਯੂਨੀਕ ਇਨੀਸੀਏਟਿਵ ਮੁਸਕਰਾਤ ਸੇਵਾ ਟਰੱਸਟ ਮੋਗਾ ਤੇ ਖੇਮ ਚੰਦ ਪੰਜਾਬ ਪ੍ਰਧਾਨ ਭਾਰਤੀ ਰਾਗਰ ਮਹਾਸਭਾ, ਜੋਗਿੰਦਰ ਪਾਲ ਸ਼ਰਮਾ ਪੰਜਾਬ ਪ੍ਰਧਾਨ ਵਿਸ਼ਵ ਹਿੰਦੂ ਸ਼ਕਤੀ ਨੇ ਕਬੀਰ ਸਾਹਿਬ ਜੀ ਦੀ ਤਸਵੀਰ 'ਤੇ ਫੁੱਲ ਭੇਟ ਕੀਤੇ ਅਤੇ ਕੇਕ ਕੱਟ ਕੇ ਭਗਤ ਕਬੀਰ ਜੀ ਦਾ ਜਨਮ ਦਿਹਾੜਾ ਮਨਾਇਆ। ਆਦਿ ਧਰਮ ਸਮਾਜ ਮੋਗਾ ਦੇ ਮੁਖੀ ਅਰਜੁਨ ਕੁਮਾਰ ਤੇ ਸਤਿਗੁਰੂ ਕਬੀਰ ਵੈੱਲਫੇਅਰ ਸੁਸਾਇਟੀ ਦੇ ਮੁਖੀ ਮਾਗਤ ਰਾਮ ਇੰਦੌਰਾ ਤੇ ਚੇਅਰਮੈਨ ਸੁਨੀਲ ਖੰਨਾ ਨੇ ਕਿਹਾ ਕਿ ਸੰਤ ਕਬੀਰ ਭਾਰਤੀ ਕਵੀ ਤੇ ਸੰਤ ਸਨ।

ਉਨ੍ਹਾਂ ਆਪਣੀਆਂ ਰਚਨਾਵਾਂ ਰਾਹੀਂ ਸਮਾਜ 'ਚ ਫੈਲੀਆਂ ਕੁਰੀਤੀਆਂ, ਅੰਧ-ਵਿਸ਼ਵਾਸਾਂ ਤੇ ਸਮਾਜਿਕ ਬੁਰਾਈਆਂ ਨੂੰ ਦੂਰ ਕਰਨ ਦਾ ਸੁਨੇਹਾ ਦਿੱਤਾ। ਇਸ ਮੌਕੇ ਮੁੱਖ ਮਹਿਮਾਨ ਨੂੰ ਭਗਤ ਕਬੀਰ ਜੀ ਦਾ ਸਰੂਪ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਦਵਿੰਦਰ ਨਗਰ, ਰਾਜ ਕੁਮਾਰ, ਕਾਲਾ, ਪੱਪੂ ਭਵਾਨੀਆ, ਸ਼ਿਵ ਭਵਾਨੀਆ, ਮੋਹਨ ਲਾਲ ਨਾਗਰ, ਮੰਗਤ ਇੰਦੌਰਾ, ਬਨਵਾਰੀ ਲਾਲ, ਸੋਨੂੰ ਸਚਦੇਵਾ, ਸੁਰਿੰਦਰ ਪਾਲ ਕਾਲਾ, ਪੰਡਤ ਸੁਰਿੰਦਰ ਸ਼ਰਮਾ, ਇੰਦਰਜੀਤ ਸਿੰਘ, ਸਟੀਫਨ ਪੋਲ ਜ਼ਿਲ੍ਹਾ ਪ੍ਰਧਾਨ ਭਾਜਪਾ ਘੱਟ ਗਿਣਤੀ ਮੋਰਚਾ ਮੋਗਾ, ਤਰਨਜੀਤ ਸਿੰਘ ਮੀਤ ਪ੍ਰਧਾਨ ਭਾਜਪਾ ਐੱਸ ਸੀ ਮੋਰਚਾ ਮੋਗਾ, ਦਰਸ਼ਨ ਸਿੰਘ ਕਲਿਆਣ ਜ਼ਿਲ੍ਹਾ ਸਕੱਤਰ ਭਾਜਪਾ ਐੱਸ ਸੀ ਮੋਰਚਾ ਮੋਗਾ, ਸਤਨਾਮ ਸਿੰਘ ਦੁੱਨੇਕੇ, ਰਾਜੀਵ ਕੁਮਾਰ ਟਿੱਕੂ, ਮੀਤ ਪ੍ਰਧਾਨ ਅਦਾਰਾ ਮੋਗਾ ਆਦਿ ਹਾਜ਼ਰ ਸਨ।

# ਸਰਕਾਰ ਔਰਤਾਂ ਦਾ ਵਿਦੇਸ਼ਾਂ 'ਚ ਸ਼ੋਸ਼ਣ ਰੋਕਣ ਲਈ ਉਲੀਕੇਗੀ ਨਵੀਂ ਨੀਤੀ : ਰਾਏ

## ਪਾਲਿਸੀ ਉਲੀਕਣ ਬਾਰੇ 11 ਨੂੰ ਜਲੰਧਰ 'ਚ ਹੋਵੇਗੀ ਪੀੜਤਾਂ ਨਾਲ ਵਿਚਾਰ-ਚਰਚਾ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਪੰਜਾਬ ਸਰਕਾਰ ਸੂਬੇ ਦੀਆਂ ਔਰਤਾਂ ਨੂੰ ਵਿਦੇਸ਼ਾਂ ਵਿੱਚ ਭੇਜ ਕੇ ਉਨ੍ਹਾਂ ਨਾਲ ਹੁੰਦੇ ਸ਼ੋਸ਼ਣ ਨੂੰ ਰੋਕਣ ਲਈ ਗੰਭੀਰਤਾ ਨਾਲ ਕੰਮ ਕਰ ਰਹੀ ਹੈ ਤੇ ਔਰਤਾਂ ਦੇ ਹੋ ਰਹੇ ਸ਼ੋਸ਼ਣ ਨੂੰ ਰੋਕਣ ਲਈ ਰਾਜ ਪੱਧਰੀ ਪਾਲਿਸੀ ਉਲੀਕਣ ਲਈ ਪੀੜਤਾਂ ਨਾਲ 11 ਜੂਨ ਨੂੰ ਜਲੰਧਰ ਵਿਖੇ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ: ਬਲਜੀਤ ਕੌਰ ਦੀ ਪ੍ਰਧਾਨਗੀ ਹੇਠ ਵਿਚਾਰ ਚਰਚਾ ਕੀਤੀ ਜਾਵੇਗੀ। ਇਹ ਜਾਣਕਾਰੀ ਦਿੰਦਿਆਂ ਵਿਧਾਇਕ ਐਡਵੋਕੇਟ ਲਖਵੀਰ ਸਿੰਘ ਰਾਏ ਨੇ ਦੱਸਿਆ ਕਿ ਪੰਜਾਬ ਦੀਆਂ ਮਹਿਲਾਵਾਂ ਜੋ ਵਿਦੇਸ਼ਾਂ ਵਿੱਚ ਜਾਣ ਦੀਆਂ ਇੱਛੁਕ ਹਨ, ਉਥੇ ਵਸੀਆਂ ਹੋਈਆਂ ਹਨ ਜਾਂ ਵਾਪਸ ਆ ਚੁੱਕੀਆ ਹਨ, ਦੇ ਹੱਕਾਂ ਦੀ ਰਾਖੀ ਲਈ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਵਿਸ਼ੇਸ਼ ਤੌਰ 'ਤੇ ਧਿਆਨ ਦਿੱਤਾ ਜਾ ਰਿਹਾ ਹੈ। ਵਿਧਾਇਕ ਨੇ ਦੱਸਿਆ ਕਿ ਕੁੱਝ ਏਜੰਟਾਂ ਵੱਲੋਂ ਸੂਬੇ ਦੀਆਂ ਮਹਿਲਾਵਾਂ ਨੂੰ ਵਿਦੇਸ਼ਾਂ ਵਿੱਚ ਗੈਰ-ਕਾਨੂੰਨੀ ਢੰਗ ਨਾਲ ਭੇਜਣ ਦੇ ਮੰਤਵ ਨਾਲ ਨੌਕਰੀ ਦਾ ਝਾਂਸਾ ਦੇਣ ਤੇ ਗਲਤ ਬਿਆਨਬਾਜ਼ੀ ਕਰਕੇ ਉਨ੍ਹਾਂ ਨਾਲ ਕਈ ਤਰ੍ਹਾਂ ਦਾ ਸ਼ੋਸ਼ਣ ਕੀਤਾ ਜਾਂਦਾ ਹੈ।

ਇਸ ਸਥਿਤੀ 'ਤੇ ਕਾਬੂ ਪਾਉਣ ਲਈ ਪੰਜਾਬ ਸਰਕਾਰ ਵੱਲੋਂ ਇੱਕ ਰਾਜ ਪੱਧਰੀ ਪਾਲਿਸੀ ਤਿਆਰ ਕਰਨ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਉਨ੍ਹਾ ਕਿਹਾ ਕਿ ਇਸ ਪਾਲਿਸੀ ਵਿੱਚ ਹਰ ਤਰ੍ਹਾਂ ਦਾ ਸ਼ੋਸ਼ਣ ਭੁਗਤ ਚੁੱਕੀਆਂ ਔਰਤਾਂ ਦੇ ਦੁਖਾਂਤ ਨੂੰ ਸੁਣਨ ਤੇ ਉਨ੍ਹਾਂ ਦੇ ਸੁਝਾਵਾਂ ਨੂੰ ਪਾਲਿਸੀ ਵਿੱਚ ਸ਼ਾਮਲ ਕਰਨ ਲਈ 11 ਜੂਨ ਨੂੰ ਡਿਪਟੀ ਕਮਿਸ਼ਨਰ ਜਲੰਧਰ ਦੇ ਦਫਤਰ ਵਿਖੇ 11.00 ਤੋਂ 1.00 ਵਜੇ ਤੱਕ ਵਿਚਾਰ ਚਰਚਾ ਦਾ ਆਯੋਜਨ ਕੀਤਾ ਜਾ ਰਿਹਾ ਹੈ, ਜਿਸ 'ਚ ਐੱਨ.ਆਰ.ਆਈ. ਵਿਅਕਤੀਆਂ/ਏਜੰਟਾਂ/ ਰਿਸ਼ਤੇਦਾਰਾਂ ਦੇ ਝਾਂਸੇ ਵਿੱਚ ਆ ਕੇ ਧੋਖਾ ਖਾ ਚੁੱਕੀਆਂ ਮਹਿਲਾਵਾਂ ਨੂੰ ਇਸ ਵਿਚਾਰ ਚਰਚਾ 'ਚ ਸ਼ਾਮਲ ਹੋਣ ਲਈ ਖੁੱਲ੍ਹਾ ਸੱਦਾ ਦਿੱਤਾ ਗਿਆ ਹੈ। ਵਧੇਰੇ ਜਾਣਕਾਰੀ ਲਈ ਫੋਨ ਨੰ: 0181-2253285, 70092-39158 ਤੇ ਸਖੀ ਵਨ ਸਟਾਪ ਸੈਂਟਰ, ਜਲੰਧਰ ਵਿਖੇ ਸੰਪਰਕ ਕੀਤਾ ਜਾ ਸਕਦਾ ਹੈ।

# ਦੁੱਗਰੀ ਤੇ ਲੋਹਾਰਾ 'ਚ ਫਾਸ਼ੀਵਾਦੀ ਮੋਦੀ ਸਰਕਾਰ ਤੇ ਬ੍ਰਿਜ ਭੂਸ਼ਣ ਦਾ ਪੁਤਲਾ ਸਾੜਿਆ



**ਲੁਧਿਆਣਾ (ਐੱਮ ਐੱਸ ਭਾਟੀਆ, ਰੈਕਟਰ ਕਥੂਰੀਆ)**-ਮੋਦੀ ਸਰਕਾਰ ਵੱਲੋਂ ਬਦਕਾਰ ਐੱਮ ਪੀ ਬ੍ਰਿਜ ਭੂਸ਼ਣ ਦੇ ਪੱਖ 'ਚ ਖੜਨ ਤੇ ਇਨਸਾਫ ਮੰਗਦੀਆਂ ਦੇਸ਼ ਦੀਆਂ ਪਹਿਲਵਾਨ ਧੀਆਂ ਉੱਤੇ ਜਬਰ ਕਰਨ ਤੇ ਸੱਚ ਦੀ ਆਵਾਜ਼ ਬਣੀ ਡਾ. ਨਵਸ਼ਰਨ ਨੂੰ ਈ ਡੀ ਰਾਹੀਂ ਪ੍ਰੇਸ਼ਾਨ ਕਰਨ ਖਿਲਾਫ ਇਨਕਲਾਬੀ ਮਜ਼ਦੂਰ ਕੇਂਦਰ ਪੰਜਾਬ, ਜਮਹੂਰੀ ਅਧਿਕਾਰ ਸਭਾ ਪੰਜਾਬ ਵੱਲੋਂ ਲੋਹਾਰਾ, ਅਰਬਨ ਅਸਟੇਟ ਦੁੱਗਰੀ ਤੇ ਪਿੰਡ ਦੁੱਗਰੀ ਵਿੱਚ ਇੱਕ ਲੰਬਾ ਮਾਰਚ ਕਰਦਿਆਂ ਦੁੱਗਰੀ ਨਹਿਰ ਉੱਤੇ ਫਾਸ਼ੀਵਾਦੀ ਮੋਦੀ ਸਰਕਾਰ ਤੇ ਉਸ ਦੇ ਐੱਮ ਪੀ ਬ੍ਰਿਜ ਭੂਸ਼ਣ ਦਾ ਪੁਤਲਾ ਫੂਕਿਆ ਗਿਆ।

ਇਸ ਸਮੇਂ ਬੁਲਾਰਿਆਂ ਵਿੱਚ ਇਨਕਲਾਬੀ ਮਜ਼ਦੂਰ ਕੇਂਦਰ ਦੇ ਆਗੂ ਕਾ. ਸੁਰਿੰਦਰ ਸਿੰਘ, ਹਰਸਾ ਸਿੰਘ, ਜਮਹੂਰੀ ਅਧਿਕਾਰ ਸਭਾ ਦੇ ਜਸਵੰਤ ਜੀਰਖ ਨੇ ਸੰਬੋਧਨ ਕਰਦਿਆਂ ਕਿਹਾ ਕਿ ਇੱਕ ਪਾਸੇ ਕੇਂਦਰ ਤੇ ਸੂਬਾ ਸਰਕਾਰਾਂ ਦੇਸ਼ ਦੇ ਮਾਲ ਖਜ਼ਾਨਿਆਂ, ਪਬਲਿਕ ਅਦਾਰਿਆਂ ਨੂੰ ਕੌਡੀਆਂ ਦੇ ਭਾਅ ਦੇਸੀ ਵਿਦੇਸੀ ਕਾਰਪੋਰੇਟਾਂ ਨੂੰ ਵੇਚ ਰਹੀਆਂ ਹਨ, ਦੂਜੇ ਪਾਸੇ ਲੋਕਾਂ ਵੱਲੋਂ ਸੰਘਰਸ਼ਾਂ ਰਾਹੀਂ ਪ੍ਰਾਪਤ ਕੀਤੇ ਕਿਰਤ ਕਾਨੂੰਨਾਂ ਤੇ ਜਮਹੂਰੀ ਅਧਿਕਾਰਾਂ ਨੂੰ ਖਤਮ ਕਰ ਰਹੀ ਹੈ। ਦੇਸ਼ ਵਿੱਚ ਬੇਰੋਜ਼ਗਾਰੀ, ਭ੍ਰਿਸ਼ਟਾਚਾਰ, ਮਹਿੰਗਾਈ, ਸਿਹਤ ਸਹੂਲਤਾਂ ਦੀਆਂ ਸਮੱਸਿਆਵਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ। ਲੋਕਾਂ ਨੂੰ ਫਿਰਕਾਪ੍ਰਸਤੀ ਰਾਹੀਂ ਭਰਾ ਮਾਰ ਲੜਾਈ 'ਚ ਧੱਕਿਆ ਜਾ ਰਿਹਾ ਹੈ। ਔਰਤਾਂ ਨੂੰ ਦਾਸੀਆਂ ਸਮਝ ਕੇ ਗੁੰਡਿਆਂ, ਬਦਮਾਸ਼ਾਂ ਤੇ ਜਿਸਮ ਫਰੋਸ਼ੀ ਦੇ ਵਿਉਪਾਰੀਆਂ ਨੂੰ ਖੁੱਲ੍ਹ ਹੀ ਨਹੀਂ ਦਿੱਤੀ ਹੋਈ, ਸਗੋਂ ਉਨ੍ਹਾਂ ਨੂੰ ਧਾਰਮਿਕ ਨੇਤਾਵਾਂ ਦਾ ਅਸ਼ੀਰਵਾਦ ਦਿੱਤਾ ਜਾ ਰਿਹਾ ਹੈ। ਲੜਕੀਆਂ ਹਰਲੀਨ, ਰਾਵਿਤਾ, ਲਲਿਤਾ, ਸਰਿਤਾ ਤੇ ਹਰਚਰਨ ਚੌਧਰੀ ਨੇ ਇਨਕਲਾਬੀ ਗੀਤਾਂ ਰਾਹੀਂ ਆਪਣੀ ਹਾਜ਼ਰੀ ਲਵਾਈ।

# ਪੰਜਾਬ ਪੈਨਸ਼ਨਰ ਵੈੱਲਫੇਅਰ ਐਸੋਸੀਏਸ਼ਨ ਦੀ ਮੀਟਿੰਗ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪੰਜਾਬ ਪੈਨਸ਼ਨਰ ਵੈਲਫੇਅਰ ਐਸੋਸੀਏਸ਼ਨ ਦੀ ਮੀਟਿੰਗ ਬਲਕਾਰ ਸਿੰਘ ਮਾੜੀਮੇਘਾ ਦੀ ਪ੍ਰਧਾਨਗੀ ਹੇਠ ਸਟੇਟ ਕਰਮਚਾਰੀ ਦਲ ਦੇ ਦਫਤਰ ਵਿਖੇ ਹੋਈ। ਮੀਟਿੰਗ 'ਚ ਜ਼ੀਰਾ ਤੇ ਤਲਵੰਡੀ ਭਾਈ ਬ੍ਰਾਂਚਾਂ ਦੇ ਪੈਨਸ਼ਨਰ ਆਗੂ ਸ਼ਾਮਲ ਹੋਏ।ਮੀਟਿੰਗ ਦੀ ਜਾਣਕਾਰੀ ਦਿੰਦਿਆਂ ਕਿਸ਼ਨ ਚੰਦ ਜਾਗੋਵਾਲੀਆ ਬ੍ਰਾਂਚ ਸਕੱਤਰ ਨੇ ਦੱਸਿਆ ਕਿ ਮੀਟਿੰਗ ਵਿੱਚ ਬੂਟਾ ਰਾਮ ਅਰੋੜਾ, ਕਿੱਕਰ ਸਿੰਘ, ਜੰਗੀਰ ਸਿੰਘ, ਬਲਬੀਰ ਸਿੰਘ ਕੰਬੋਜ, ਮੇਹਰ ਸਿੰਘ, ਪ੍ਰਮੋਦ ਗੋਗਾ, ਕਰਮ ਸਿੰਘ, ਹਰੀਕ੍ਰਿਸ਼ਨ, ਤਰਸੇਮ ਸਿੰਘ ਬੇਦੀ, ਜੋਗਿੰਦਰ ਸਿੰਘ ਨੇ ਪੈਨਸ਼ਨਰਾਂ ਦੀਆਂ ਮੰਗਾਂ ਬਾਰੇ ਚਾਨਣਾ ਪਾਇਆ ਤੇ ਕਿਹਾ ਕਿ ਝੂਠੇ ਲਾਰੇ ਲਾ ਕੇ ਸਤਾ ਵਿੱਚ ਆਈ ਆਪ ਸਰਕਾਰ ਨੇ ਪੈਨਸ਼ਨਰਾ ਦੀ ਕੋਈ ਵੀ ਮੰਗ ਪੂਰੀ ਨਹੀਂ ਕੀਤੀ। ਆਗੂਆਂ ਨੇ ਪੰਜਾਬ ਗੌਰਮਿੰਟ ਪੈਨਸ਼ਨਰਜ਼ ਜੁਆਇੰਟ ਫਰੰਟ ਵੱਲੋਂ 14 ਜੂਨ ਦੀ ਜ਼ਿਲ੍ਹਾ ਪੱਧਰੀ ਰੈਲੀ 'ਚ ਵੀ ਭਾਰੀ ਸ਼ਮੂਲੀਅਤ ਕਰਨ ਦਾ ਫੈਸਲਾ ਕੀਤਾ।

# ਸੁਰਾਜਪੁਰ ਦੀ ਪੰਚਾਇਤ ਵੱਲੋਂ 12 ਵਿਘੇ ਜ਼ਮੀਨ ਨੌਜਵਾਨਾਂ ਦੇ ਸਪੁਰਦ



**ਨਾਭਾ (ਵਰਿੰਦਰ ਵਰਮਾ)**-ਪਿੰਡ ਸੁਰਾਜਪੁਰ ਦੀ ਪੰਚਾਇਤ ਵੱਲੋਂ ਮਹਿਲਾ ਸਰਪੰਚ ਪਰਵਿੰਦਰ ਕੌਰ ਪਤਨੀ ਸਾਬਕਾ ਸਰਪੰਚ ਹਰਜਿੰਦਰ ਸਿੰਘ ਦੀ ਅਗਵਾਈ ਹੇਠ ਤਕਰੀਬਨ 12 ਬਿੱਘੇ ਸ਼ਾਮਲਾਤ ਜ਼ਮੀਨ ਖੇਡ ਗਰਾਊਂਡ ਲਈ ਛੱਡ ਪਿੰਡ ਦੇ ਨੌਜਵਾਨਾਂ ਦੇ ਸਪੁਰਦ ਕਰ ਦਿੱਤੀ ਹੈ, ਜਿਸ ਦੀ ਸ਼ਲਾਘਾ ਹਲਕੇ ਦੇ ਪ੍ਰਸ਼ਾਸਨਿਕ ਅਧਿਕਾਰੀ ਵੀ ਕਰ ਰਹੇ ਹਨ। ਐਸਡੀਐਮ ਤਰਸੇਮ ਚੰਦ ਨਾਭਾ ਵੱਲੋਂ ਪਿੰਡ ਸੁਰਾਜਪੁਰ ਦੇ ਸਰਪੰਚ ਪਰਵਿੰਦਰ ਕੌਰ ਨੂੰ ਫੁੱਲਾਂ ਦਾ ਗੁਲਦਸਤਾ ਦੇ ਕੇ ਸਨਮਾਨ ਕੀਤਾ ਗਿਆ। ਐਸ ਡੀ ਐਮ ਤਰਸੇਮ ਚੰਦ ਨੇ ਕਿਹਾ ਕਿ ਪਿੰਡ ਸੁਰਾਜਪੁਰ ਪੰਚਾਇਤ ਵੱਲੋਂ ਇਹ ਕਦਮ ਚੁੱਕਣਾ ਬਹੁਤ ਵੱਡਾ ਉਪਰਾਲਾ ਹੈ। ਇਸ ਨਾਲ ਹਲਕੇ ਦੇ ਹੋਰਨਾਂ ਪਿੰਡਾਂ ਤੇ ਉਨ੍ਹਾਂ ਦੀਆਂ ਪੰਚਾਇਤਾਂ ਨੂੰ ਸੇਧ ਮਿਲੇਗੀ। ਉਨ੍ਹਾਂ ਕਿਹਾ ਕਿ ਅਜਿਹੇ ਸ਼ਲਾਘਾਯੋਗ ਕਦਮ ਨਾਲ ਜਿਥੇ ਪਿੰਡ ਅਤੇ ਲਾਗਲੇ ਪਿੰਡਾਂ ਦੇ ਬੱਚਿਆਂ ਅਤੇ ਨੌਜਵਾਨਾਂ ਨੂੰ ਜਿੰਮ, ਕਬੱਡੀ ਤੇ ਹੋਰ ਖੇਡਾਂ ਲਈ ਉਤਸ਼ਾਹਤ ਕੀਤਾ ਜਾ ਸਕੇਗਾ, ਉਥੇ ਪਿੰਡ ਦੇ ਬਜ਼ੁਰਗਾਂ ਦੀ ਸੈਰ ਅਤੇ ਮੰਨੋਰੰਜਨ ਲਈ ਸੁਖਾਲਾ ਹੋ ਜਾਏਗਾ। ਇਸ ਮੌਕੇ ਮਹਿਲਾ ਸਰਪੰਚ ਦੇ ਪਤੀ ਹਰਜਿੰਦਰ ਸਿੰਘ (ਸਾਬਕਾ ਸਰਪੰਚ) ਨੇ ਕਿਹਾ ਕਿ ਜੇਕਰ ਸੂਬਾ ਸਰਕਾਰ ਇਸ ਖੇਡ ਗਰਾਊਂਡ ਵੱਲ ਸਹੀ ਢੰਗ ਨਾਲ ਧਿਆਨ ਦੇਵੇਗੀ ਤਾਂ ਪੰਚਾਇਤ ਵੱਲੋਂ ਹੋਰ ਵੀ ਜਗ੍ਹਾ ਤੇ ਬਣਦੀ ਮੱਦਦ ਗਰਾਊਂਡ ਵਾਸਤੇ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਅਸੀਂ ਪੰਜਾਬ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਇਸ ਗਰਾਊਂਡ ਦੇ ਵਿਕਾਸ ਲਈ ਗ੍ਰਾਂਟ ਜਾਰੀ ਕੀਤੀ ਜਾਵੇ ਤਾਂ ਜੁ ਇਸ ਗਰਾਊਂਡ ਨੂੰ ਨਮੂਨੇ ਦਾ ਮੈਦਾਨ ਬਣਾਇਆ ਜਾ ਸਕੇ। ਇਸ ਮੌਕੇ ਪੰਚ ਗੁਲਾਬ ਸਿੰਘ, ਸਰਪੰਚ ਦੇ ਸਪੁੱਤਰ ਇੰਦਰਜੀਤ ਸਿੰਘ ਆਦਿ ਹਾਜ਼ਰ ਸਨ।

# ਹੱਕ ਮੰਗਦੇ ਕਿਸਾਨਾਂ 'ਤੇ ਲਾਠੀਚਾਰਜ ਪੁਲਸ ਦਾ ਅਣਮਨੁੱਖੀ ਵਰਤਾਰਾ : ਰਾਜੇਵਾਲ

**ਸਮਰਾਲਾ (ਸੁਰਜੀਤ ਸਿੰਘ)**-ਕੇਂਦਰ ਸਰਕਾਰ ਨੇ ਸਾਉਣੀ ਦੀਆਂ ਫ਼ਸਲਾਂ ਦੇ ਸਮਰਥਨ ਮੁੱਲ ਐਲਾਨ ਕੀਤੇ ਹਨ। ਝੋਨੇ ਦੀ ਮੁੱਖ ਫ਼ਸਲ ਲਈ 143 ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਕੀਤਾ ਗਿਆ ਹੈ। ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਇਸ ਨਾਲ ਤਾਂ ਝੋਨਾ ਲਵਾਉਣ ਤੇ ਪਾਲਣ ਲਈ ਲੇਬਰ ਦੇ ਪਿਛਲੇ ਸਾਲ ਦੇ ਮੁਕਾਬਲੇ ਵਧੇ ਖਰਚੇ ਵੀ ਪੂਰੇ ਨਹੀਂ ਹੋਣੇ। ਸਰਕਾਰ 143 ਦਾ ਅੰਕੜਾ ਇਸ ਤਰ੍ਹਾਂ ਪੇਸ਼ ਕਰ ਰਹੀ ਹੈ ਜਿਵੇਂ ਬਹੁਤ ਵੱਡਾ ਮਾਰਕਾ ਮਾਰਿਆ ਹੋਵੇ। ਉਨ੍ਹਾਂ ਕਿਹਾ ਕਿ ਜਦੋਂ ਤੱਕ ਖੇਤੀ ਲਾਗਤ ਤੇ ਮੁੱਲ ਕਮਿਸ਼ਨ ਦੇ ਅਧਿਕਾਰ ਖੇਤਰ ਵਿੱਚ ਸੋਧ ਨਹੀਂ ਕੀਤੀ ਜਾਂਦੀ, ਉਦੋਂ ਤੱਕ ਕਿਸਾਨਾਂ ਨੂੰ ਕਦੀ ਵੀ ਲਾਹੇਵੰਦੇ ਭਾਅ ਨਹੀਂ ਮਿਲਣੇ। ਉਨ੍ਹਾਂ ਮੰਗ ਕੀਤੀ ਕਿ ਇਸ ਭਾਅ ਵਿੱਚ ਘੱਟੋ ਘੱਟ 200 ਰੁਪਏ ਪ੍ਰਤੀ ਕੁਇੰਟਲ ਬੋਨਸ ਵਜੋਂ ਹੋਰ ਜੋੜੇ ਜਾਣ ਤਾਂ ਜੋ ਕਿਸਾਨ ਬਰਬਾਦੀ ਤੋਂ ਬਚ ਸਕਣ। ਰਾਜੇਵਾਲ ਨੇ ਕਿਹਾ ਕਿ ਸ਼ਾਹਬਾਦ (ਕੁਰੁਕਸ਼ੇਤਰ) ਵਿੱਚ ਜੋ ਕੁਝ ਵਾਪਰਿਆ ਹੈ, ਉਸ ਤੋਂ ਸਪੱਸ਼ਟ ਹੈ ਕਿ ਸਰਕਾਰ ਕਿਸਾਨਾਂ ਪ੍ਰਤੀ ਸੁਹਿਰਦ ਨਹੀਂ। ਉਨ੍ਹਾਂ ਕਿਹਾ ਕਿ ਕਿਸਾਨ ਸੂਰਜਮੁਖੀ ਦੀ ਫ਼ਸਲ ਦੀ ਘੱਟੋ ਘੱਟ ਸਮਰਥਨ ਮੁੱਲ ਉਤੇ ਖਰੀਦ ਦੀ ਮੰਗ ਕਰ ਰਹੇ ਸਨ, ਜਦੋਂ ਉਨ੍ਹਾਂ ਨੂੰ ਬੇਰਹਿਮੀ ਨਾਲ ਲਾਠੀਚਾਰਜ ਕਰਕੇ ਬੁਰੀ ਤਰ੍ਹਾਂ ਜ਼ਖ਼ਮੀ ਕੀਤਾ। ਕਿਸਾਨਾਂ ਦੇ ਆਗੂ ਗੁਰਨਾਮ ਸਿੰਘ ਚੜੂਨੀ ਨੂੰ ਬੇਰਹਿਮੀ ਨਾਲ ਕੁੱਟਿਆ ਗਿਆ ਤੇ ਪੱਗ ਲਾਹ ਕੇ ਜ਼ਲੀਲ ਕੀਤਾ ਗਿਆ। ਉਨ੍ਹਾਂ ਇਸ ਘਟਨਾ ਦੀ ਸਖ਼ਤ ਨਿੰਦਾ ਕਰਦਿਆਂ ਇਹ ਕਾਰਾ ਕਰਨ ਵਾਲੇ ਅਧਿਕਾਰੀਆਂ ਉੱਤੇ ਸਖ਼ਤ ਕਾਰਵਾਈ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਕਿਸਾਨਾਂ ਉੱਤੇ ਪਾਏ ਝੂਠੇ ਕੇਸ ਤੁਰੰਤ ਵਾਪਸ ਲਏ ਜਾਣ ਅਤੇ ਹਿਰਾਸਤ ਵਿੱਚ ਲਏ ਸਾਰੇ ਕਿਸਾਨਾਂ ਨੂੰ ਬਿਨਾਂ ਸ਼ਰਤ ਤੁਰੰਤ ਰਿਹਾਅ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਜਦੋਂ ਤੱਕ ਕੇਂਦਰ ਸਰਕਾਰ ਐਮ. ਐਸ. ਪੀ. ਦੀ ਗਰੰਟੀ ਦਾ ਕਾਨੂੰਨ ਨਹੀਂ ਬਣਾਉਂਦੀ, ਉਦੋਂ ਤੱਕ ਕਿਸਾਨ ਬੇਚੈਨ ਰਹਿਣਗੇ ਅਤੇ ਅਜਿਹੇ ਰੋਸ ਧਰਨੇ, ਮੁਜ਼ਾਹਰੇ ਚੱਲਦੇ ਰਹਿਣਗੇ ਤੇ ਅੰਦੋਲਨ ਹੋਰ ਤੇਜ਼ ਹੋਏਗਾ।

# ਗੁਰਦੁਆਰਾ ਸਾਹਿਬ ਦੀ ਗੋਲਕ ਭੰਨ ਚੋਰੀ ਕਰਨ ਵਾਲੇ ਕਾਬੂ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)**

ਪੁਲਸ ਲਾਈਨ ਵਿਖੇ ਐਸਪੀਐੱਚ ਜਸਮੀਤ ਸਿੰਘ ਸਾਹੀਵਾਲ ਦੁਆਰਾ ਇੱਕ ਪ੍ਰੈਸ ਵਾਰਤਾ ਕੀਤੀ ਗਈ। ਜ਼ਿਕਰਯੋਗ ਹੈ ਕਿ ਜਸਵੀਰ ਸਿੰਘ ਗ੍ਰੰਥੀ ਵਾਸੀ ਚੰਦਭਾਨ ਨੇ ਹਾਜ਼ਰ ਥਾਣਾ ਜੈਤੋ ਆ ਕੇ ਡਿਊਟੀ ਅਫ਼ਸਰ ਸੁਹਿੰਦਰ ਸਿੰਘ ਨੂੰ ਆ ਕੇ ਦੱਸਿਆ ਕਿ 26 ਅਪ੍ਰੈਲ ਨੂੰ ਸਵੇਰੇ 4:00 ਵਜੇ ਜਦ ਗੁਰਦੁਆਰਾ ਸਾਹਿਬ ਵਿਖੇ ਆਇਆ ਤਾਂ ਵੇਖਿਆ ਕਿ ਗੁਰਦੁਆਰਾ ਸਾਹਿਬ ਦੀ ਗੋਲਕ ਭੰਨੀ ਹੋਈ ਸੀ ਤੇ ਜਿੰਦਰੇ ਟੁੱਟੇ ਹੋਏ ਸਨ। ਇਹ ਘਟਨਾ ਪਿੰਡ ਚੰਦਭਾਨ ਦੇ ਗੁਰਦੁਆਰਾ ਸਾਹਿਬ ਦੀ ਗੋਲਕ ਤੋੜ ਕੇ ਨਕਦੀ ਸਮੇਤ ਹੋਰ ਸਾਮਾਨ ਚੋਰੀ ਕਰਨ ਵਾਲੇ 3 ਚੋਰਾਂ ਨੂੰ ਐਂਟੀ ਨਾਰਕੋਟਿਕ ਸੈੱਲ ਦੀ ਪੁਲਸ ਟੀਮ ਨੇ ਕਾਬੂ ਕਰ ਲਿਆ ਹੈ। ਐੱਸਪੀ ਹੈੱਡਕੁਆਰਟਰ ਜਸਮੀਤ ਸਿੰਘ ਸਾਹੀਵਾਲ ਨੇ ਦੱਸਿਆ ਕਿ 25 ਤੇ 26 ਅਪ੍ਰੈਲ ਦੀ ਦਰਮਿਆਨੀ ਰਾਤ ਨੂੰ ਚੋਰਾਂ ਨੇ ਪਿੰਡ ਚੰਦਭਾਨ ਦੇ ਗੁਰਦੁਆਰਾ ਸਾਹਿਬ ਵਿਖੇ ਚੋਰੀ ਦੀ ਵਾਰਦਾਤ ਨੂੰ ਅੰਜਾਮ ਦਿੱਤਾ ਸੀ। ਇਸ ਵਾਰਦਾਤ ਵਿੱਚ ਚੋਰ ਗੁਰਦੁਆਰਾ ਸਾਹਿਬ ਦੀ ਗੋਲਕ ਤੋੜ ਕੇ ਚਾਲੀ ਹਜ਼ਾਰ ਰੁਪਏ ਦੀ ਨਕਦੀ, ਐੱਲਈਡੀ, ਡੀਵੀਆਰ, ਇਨਵਰਟਰ ਬੈਟਰਾ ਚੋਰੀ ਕਰਕੇ ਲੈ ਗਏ। ਇਸ ਮਾਮਲੇ ਦੀ ਤਫ਼ਤੀਸ਼ ਕਰਦਿਆਂ ਐਂਟੀ ਨਾਰਕੋਟਿਕ ਸੈੱਲ ਫ਼ਰੀਦਕੋਟ ਜੈਤੋ ਦੇ ਇੰਚਾਰਜ ਸਬ ਇੰਸਪੈਕਟਰ ਕੁਲਬੀਰ ਚੰਦ ਸ਼ਰਮਾ ਤੇ ਹੌਲਦਾਰ ਗੁਰਪ੍ਰੀਤ ਸਿੰਘ ਨੇ ਪੁਲਿਸ ਟੀਮ ਨਾਲ ਮੋਹਨਜੀਤ ਸਿੰਘ, ਜਸਕਰਨ ਸਿੰਘ ਗੱਗੀ ਦੋਵੇਂ ਵਾਸੀ ਚੰਦਭਾਨ, ਮਨਪ੍ਰੀਤ ਸਿੰਘ ਰਾਜੂ ਪਿੰਡ ਵਾਂਦਰ ਜ਼ਿਲ੍ਹਾ ਮੋਗਾ ਨੂੰ ਕਾਬੂ ਕਰ ਕੇ ਉਨ੍ਹਾਂ ਪਾਸੋਂ ਚੋਰੀ ਕੀਤੇ ਨਕਦੀ ਵਿਚੋਂ 12,015 ਰੁਪਏ, ਐੱਲਈਡੀ, 1 ਇਨਵਰਟਰ, ਬੈਟਰਾ ਤੇ ਦੋ ਮੋਟਰਸਾਇਕਲ 1 ਬਰਾਮਦ ਕਰਾਏ ਹਨ। ਉਨ੍ਹਾਂ ਦੱਸਿਆ 1 ਕਿ ਮੁਲਜ਼ਮਾਂ ਦਾ ਅਦਾਲਤ ਵਿਚੋਂ ਰਿਮਾਂਡ ਹਾਸਲ ਕਰ ਕੇ ਹੋਰ ਗਹਿਰਾਈ ਨਾਲ ਪੁੱਛ ਪੜਤਾਲ ਕੀਤੀ ਜਾਵੇਗੀ। ਇਨ੍ਹਾਂ ਦਾ ਚੌਥਾ ਸਾਥੀ ਗੁਰਦਿੱਤਾ ਸਿੰਘ ਜੱਸੀ ਵਾਸੀ ਪਿੰਡ ਮਹਿਮਾ ਸਵਾਈ ਜ਼ਿਲ੍ਹਾ ਬਠਿੰਡਾ ਹਾਲੇ ਤੱਕ ਗ੍ਰਿਫ਼ਤ ਵਿਚੋਂ ਬਾਹਰ ਹੈ। ਪ੍ਰੈਸ ਕਾਨਫਰੰਸ ਮੌਕੇ ਐਂਟੀ ਨਾਰਕੋਟਿਕ ਸੈੱਲ ਦੇ ਇੰਚਾਰਜ ਸਬ ਇੰਸਪੈਕਟਰ ਕੁਲਬੀਰ ਚੰਦ ਸ਼ਰਮਾ, ਹੌਲਦਾਰ ਗੁਰਪ੍ਰੀਤ ਸਿੰਘ ਆਦਿ ਹਾਜ਼ਰ ਸਨ।

# ਬੱਚਿਆਂ ਨੂੰ ਸਤਿਸੰਗ ਨਾਲ ਜੋੜੋ, ਤਾਂ ਜੋ ਉਨ੍ਹਾਂ ਦਾ ਜੀਵਨ ਗੁਰਸਿੱਖਾਂ ਵਾਲਾ ਬਣ ਸਕੇ : ਗੋਬਿੰਦ ਕੌਰ



**ਸਮਾਣਾ (ਇਕਬਾਲ ਸਿੰਘ ਬੱਲ)**

ਸੰਤ ਨਿਰੰਕਾਰੀ ਮਿਸ਼ਨ ਪਟਿਆਲਾ ਦੇ ਸੰਯੋਜਕ ਭੈਣ ਗੋਬਿੰਦ ਕੌਰ ਦੀ ਅਗਵਾਈ 'ਚ ਨਿਰੰਕਾਰੀ ਬੱਚਿਆਂ ਦਾ ਬਾਲ ਸਮਾਗਮ ਸਫਲਤਾ ਪੂਰਵਕ ਸੰਪਨ ਹੋਇਆ। ਉਨ੍ਹਾ ਬਾਲ ਸੰਗਤਾਂ ਦੀ ਮਹੱਤਤਾ ਦੱਸਦਿਆਂ ਭਰਮਾਇਆ ਕਿ ਬੱਚਿਆਂ ਨੂੰ ਬਚਪਨ ਵਿੱਚ ਹੀ ਬ੍ਰਹਮ ਗਿਆਨ ਦਿਵਾ ਕੇ ਗੁਰੂ ਘਰ ਨਾਲ ਜੋੜਨਾ ਚਾਹੀਦਾ ਹੈ ਤਾਂ ਜੋ ਉਹ ਦੁਨਿਆਵੀ ਸਿੱਖਿਆ ਦੇ ਨਾਲ ਨਾਲ ਗੁਰਮਤਿ ਦੀ ਸਿੱਖਿਆ ਪ੍ਰਾਪਤ ਕਰਕੇ ਆਪਣਾ ਜੀਵਨ ਸੰਤਾਂ ਮਹਾਂਪੁਰਸ਼ਾਂ ਵਾਲਾ ਬਣਾ ਸਕਨ। ਉਨ੍ਹਾਂ ਕਿਹਾ ਕਿ ਨਿਰੰਕਾਰੀ ਰਾਜਮਾਤਾ ਕੁਲਵੰਤ ਕੌਰ ਜੀ ਸੰਗਤ 'ਚ ਆਉਣ ਵਾਲੀਆਂ ਭੈਣਾਂ ਨੂੰ ਆਪਣੇ ਬੱਚਿਆਂ ਨੂੰ ਸਤਿਸੰਗ 'ਚ ਲਿਆਉਣ ਲਈ ਪ੍ਰੇਰਦੇ ਸਨ ਤਾਂ ਜੋ ਬੱਚੇ ਘਰ 'ਚ ਬੈਠ ਕੇ ਸ਼ਰਾਰਤਾਂ ਨਾ ਕਰਨ, ਟੀ ਵੀ, ਮੋਬਾਇਲ ਨਾ ਵੇਖਣ, ਬੱਚੇ ਆਪਸ 'ਚ ਲੜਾਈ ਝਗੜਾ ਨਾ ਕਰਨ, ਬੁਰੀਆਂ ਆਦਤਾਂ ਦੇ ਸ਼ਿਕਾਰ ਨਾ ਹੋਣ, ਸੰਗਤ ਵਿੱਚ ਆ ਕੇ ਪ੍ਰਮਾਤਮਾ ਦਾ ਜਸ ਸੁਣਨ ਤਾਂ ਜੋ ਉਨ੍ਹਾਂ ਦਾ ਜੀਵਨ ਗੁਰਸਿੱਖਾਂ ਵਾਲਾ ਬਣ ਸਕੇ। ਵੱਡੇ ਹੋ ਕੇ ਪੜ੍ਹ-ਲਿਖ ਕੇ ਉਹ ਚੰਗੀਆਂ ਨੌਕਰੀਆਂ ਪ੍ਰਾਪਤ ਕਰਨ ਤੇ ਵਿਦੇਸ਼ਾਂ 'ਚ ਜਾ ਕੇ ਆਪਣੇ ਸਤਿਗੁਰੂ ਤੇ ਨਿਰੰਕਾਰੀ ਮਿਸ਼ਨ ਦਾ ਨਾਮ ਰੌਸ਼ਨ ਕਰਨ। ਇਸ ਮੌਕੇ ਨਿਰੰਕਾਰੀ ਬਾਲ ਸੰਗਤ ਦੀ ਇੰਚਾਰਜ ਭੈਣ ਸੁਸ਼ਮਾ ਮਿੱਡਾ ਨੇ ਦੱਸਿਆ ਕਿ ਇਨ੍ਹਾਂ ਬਾਲ ਸੰਗਤਾਂ 'ਚ ਬੱਚਿਆਂ ਨੂੰ ਹਰ ਪ੍ਰਕਾਰ ਤੇ ਹਰ ਖੇਤਰ ਦੀ ਸਿੱਖਿਆ ਪ੍ਰਦਾਨ ਕੀਤੀ ਜਾਂਦੀ ਹੈ। ਇਸ ਸੰਯੋਜਕ ਪੱਧਰ 'ਤੇ ਹੋਏ ਬਾਲ ਸਮਾਗਮ ਵਿੱਚ ਮਸੀਗਣ, ਭਾਦਸੋਂ ਤੇ ਰਾਜਗੜ੍ਹ ਦੀਆਂ ਬਾਲ ਸੰਗਤਾਂ ਦੇ ਬੱਚਿਆਂ ਨੇ ਹਿੱਸਾ ਲਿਆ ਤੇ ਬੱਚਿਆਂ ਨੇ ਭਗਤੀ ਭਰੀਆਂ ਰਚਨਾਵਾਂ, ਸਕਿੱਟਾਂ, ਕਵਿਤਾਵਾਂ ਪੇਸ਼ ਕੀਤੀਆਂ ਤੇ ਭੰਗੜੇ ਨਾਲ ਖੂਬ ਰੰਗ ਬੰਨ੍ਹਿਆ। ਇਸ ਮੌਕੇ ਸੇਵਾਦਲ ਦੇ ਸੰਚਾਲਕ ਦਰਬਾਰਾ ਸਿੰਘ, ਰਾਜੀਵ ਸੁਖੀਜਾ, ਹਰਿੰਦਰ ਮਿੱਡਾ ਤੋਂ ਇਲਾਵਾ ਬੱਚੇ ਤੇ ਸੰਗਤਾਂ ਹਾਜ਼ਰ ਸਨ।

# ਪਰਿਵਰਤਨ ਸੰਸਥਾ ਨੇ ਲੜਕੀਆਂ ਲਈ ਸੈੱਲਫ ਡਿਫੈਂਸ ਕੈਂਪ ਲਗਾਇਆ



**ਧੂਰੀ (ਸੁਖਦੇਵ ਧੂਰੀ)**-ਸਮਾਜ ਸੇਵੀ ਸੰਸਥਾ ਪਰਿਵਰਤਨ (ਮਾਲਵਾ ਫਰੈਂਡਜ਼ ਵੈੱਲਫੇਅਰ ਸੁਸਾਇਟੀ) ਧੂਰੀ ਦੇ ਵੂਮੈਨ ਵਿੰਗ ਵੱਲੋਂ ਸਥਾਨਕ ਮਾਲਵਾ ਖਾਲਸਾ ਸਕੂਲ ਵਿੱਚ ਅਮਨਦੀਪ ਕੌਰ ਦੀ ਅਗਵਾਈ ਹੇਠ ਲੜਕੀਆਂ ਲਈ ਪੰਜ ਦਿਨਾਂ ਸੈਲਫ ਡਿਫੈਂਸ ਕੈਂਪ ਲਾਇਆ ਗਿਆ। ਇਸ ਸੈਲਫ ਡਿਫੈਂਸ ਕੈਂਪ ਵਿੱਚ ਇੰਟਰਨੈਸ਼ਨਲ ਕਰਾਟੇ ਕੋਚ ਮਨੀਸ਼ ਕੁਮਾਰ ਵੱਲੋਂ ਲੜਕੀਆਂ ਨੂੰ ਆਪਣੇ ਆਪ ਨੂੰ ਮਾੜੇ ਅਨਸਰਾਂ ਤੋਂ ਬਚਾਉਣ ਦੇ ਗੁਰ ਸਿਖਾਏ ਗਏ। ਇਸ ਕੈਂਪ ਵਿੱਚ ਪਹਿਲਾ, ਦੂਸਰਾ ਤੇ ਤੀਸਰਾ ਇਨਾਮ ਕ੍ਰਮਵਾਰ ਪ੍ਰੀਆ, ਸਾਨੀਆ ਤੇ ਅੰਜਲੀ ਨੇ ਹਾਸਲ ਕੀਤਾ। ਇਸ ਕੈਂਪ ਵਿੱਚ ਹੌਸਲਾ ਅਫਜ਼ਾਈ ਲਈ ਮਨਦੀਪ ਕੌਰ ਨੂੰ ਵੀ ਸਨਮਾਨਤ ਕੀਤਾ ਗਿਆ। ਵੇਸਟ ਮਟੀਰੀਅਲ ਤੋਂ ਵਸਤੂਆਂ ਬਣਾਉਣ ਵਾਲੇ ਰੂਬਨਪ੍ਰੀਤ ਕੌਰ, ਪਾਇਲ, ਤੇ ਗੁਰਮਨ ਕੌਰ ਨੇ ਕ੍ਰਮਵਾਰ ਪਹਿਲਾ, ਦੂਸਰਾ ਤੇ ਤੀਸਰਾ ਇਨਾਮ ਹਾਸਲ ਕੀਤਾ। ਹੋਰਨਾਂ ਤੋਂ ਇਲਾਵਾ ਇਸ ਕੈਂਪ ਵਿੱਚ ਦੀਪਿਕਾ, ਗੀਟਾ ਗੋਇਲ, ਸੁੰਦਰ ਲਾਲ, ਰਿਤੂ ਗਰਗ ਤੇ ਕਿਰਨ ਬਾਲਾ ਸਮੇਤ ਅਨੇਕਾਂ ਮੈਂਬਰ ਹਾਜ਼ਰ ਸਨ।


**ਉੱਤਰ ਰੇਲਵੇ**

ਆਜ਼ਾਦੀ ਕਾ ਅੰਮ੍ਰਿਤ ਮਹੋਤਸਵ G20

**ਈ-ਨਿਵਿਦਾ ਸੂਚਨਾ**

**ਖੁੱਲ੍ਹੀ ਨਿਵਿਦਾ ਸੂਚਨਾ ਪੱਤਰ ਨੰ.:- OP-07-GSU-FZR-2023-24** **ਤਾਰੀਕ 08.06.2023**

ਉਪ ਮੁੱਖ ਇੰਜਿਨੀਅਰ/ਗਤੀ ਸ਼ਕਤੀ ਇਕਾਈ/ ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਹੇਠਾਂ ਲਿਖਤ ਈ-ਨਿਵਿਦਾਵਾਂ, ਅੰਤਮ ਮਿਤੀ 07.07.2023 ਸਮਾਂ 15.00 ਵਜੇ ਤਕ, www.ireps.gov.in ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ ਇਨਾਂ ਟੈਂਡਰਾਂ ਦੇ ਲਈ ਮੈਨੂੰਅਲ ਪ੍ਰਸਤਾਵ ਮਾਨਯ ਨਹੀਂ ਹੈ ਅਤੇ ਐਸੇ ਕਿਸੇ ਵੀ ਮੈਨੂੰਅਲ ਪ੍ਰਾਪਤ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ।ਠੇਕੇਦਾਰ ਨਿਵਿਦਾ ਫਾਰਮ ਦੀ ਲਾਗਤ ਅਤੇ ਬਿਆਨਾ ਰਾਸ਼ੀ ਜਗ੍ਹਾ "ਨਿਵਿਦਾ ਸੁਰੱਖਿਆ ਘੋਸ਼ਣਾ ਪੱਤਰ" ਤੈਅ ਫਾਰਮੇਟ ਵਿਚ ਨਿਵਿਦਾ ਦੇ ਨਾਲ ਈ-ਪੋਰਟਲ 'ਤੇ ਨਥੀ ਕਰੇਗਾ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਨਿਵਿਦਾ ਪ੍ਰਣਾਲੀ |
|---|---|---|
| ਖੁੱਲ੍ਹੀ ਨਿਵਿਦਾ | ਗਤੀ ਸ਼ਕਤੀ ਯੂਨਿਟ | ਏਕਲ ਪੈਕੇਟ ਪ੍ਰਣਾਲੀ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | ਨਿਵਿਦਾ ਸ਼ੁਰੂ ਦੀ ਮਿਤੀ | ਨਿਵਿਦਾ ਸਮਾਪਨ ਦੀ ਮਿਤੀ ਅਤੇ ਸਮਾਂ |
| 08.06.2023 | 23.06.2023 | 07.07.2023 / 15:00 ਵਜੇ |

| ਲ.ਨੰ. | ਨਿਵਿਦਾ ਨੰਬਰ, ਮਿਤੀ | ਨਿਵਿਦਾ ਦਾ ਵੇਰਵਾ | | | |
|---|---|---|---|---|---|
| 1 | OP-07-GSU-FZR-2023-24 Dated 08.06.2023 | ਪੀ-ਵੇ ਵਿਚ ਕੰਮ ਕਰਨ ਵਾਲਾ ਗੁਡਸ ਹੈਂਡਲਿੰਗ ਲਾਈਨ ਨੰਬਰ - 5 ਮਖੂ ਵਿਚ ਸਿਧੇ ਸਵਾਗਤ ਅਤੇ ਪ੍ਰੇਸ਼ਨ ਸੁਵਿਧਾ ਦੇ ਨਾਲ ਐਸਐਸਸੀ ਪੀ-ਵੇ LNK ਦੇਤਹਿਤ JUC-FZR ਸੈਕਸ਼ਨ ਦਾ ਕੰਮ। | | | |
| | | ਵਿਗਿਆਪਨ ਮੁੱਲ (ਰੁ) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਕੰਮ ਸਮਾਪਨ ਦੀ ਅਵਧੀ |
| | | 43,12,864.75 | 86,300.00 | 60 ਦਿਨ | 8 ਮਹੀਨੇ |
| | | ਸਮਾਨ ਨੇਚਰ ਦਾ ਕੰਮ: "ਸੀਟੀਆਰ/ਟੀਆਰਆਰ/ਟੀਐਫਆਰ ਟੀਟੀਆਰ/ਸਮੇਤ ਟ੍ਰੈਕ ਦਾ ਕੰਮ, ਜਿਸ ਵਿਚ ਟ੍ਰੈਕ ਨੂੰ ਉਪਰ ਚੁਕਣਾ, ਸਕ੍ਰੀਨਿੰਗ, ਟ੍ਰੈਕ ਦੀ ਡਿਸਟ੍ਰੇਸਿੰਗ, ਟੈਂਪਿੰਗ ਮਸ਼ੀਨ/ ਬੈਲਾਸਟ ਸਕ੍ਰੀਨਿੰਗ ਰੇਗੁਲੇਟਿੰਗ/ ਮਸ਼ੀਨ ਜਿਹੀ ਟ੍ਰੈਕ ਰਖਰਖਾਅ ਮਸ਼ੀਨ ਦੇ ਲਈ ਪੂਰਵ ਅਤੇ ਬਾਅਦ ਦੇ ਕੰਮ ਅਤੇ ਟੀ-28 ਦੁਆਰਾ ਟੀਟੀਆਰ ਸ਼ਾਮਲ ਹੈ। | | | |

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜ਼ੀ version ਦਾ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜਨਹੀ ਮਾਨਯ ਹੋਣਗੇ।

1756/23

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

# ਮੁੱਖ ਮੰਤਰੀ ਦੀ ਆਮਦ ਮੌਕੇ ਠੇਕਾ ਮੁਲਾਜ਼ਮਾਂ ਨੇ ਕੀਤਾ ਰੋਸ ਪ੍ਰਦਰਸ਼ਨ



**ਖਰੜ (ਹਰਨਾਮ ਸਿੰਘ ਡੱਲਾ)** ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ (ਪੰਜਾਬ) ਦੇ ਬੈਨਰ ਹੇਠ ਵੱਖ-ਵੱਖ ਸਰਕਾਰੀ ਵਿਭਾਗਾਂ ਦੇ ਆਊਟਸੋਰਸਡ ਅਤੇ ਇਨਲਿਸਟਮੈਂਟ ਠੇਕਾ ਮੁਲਾਜ਼ਮਾਂ ਨੇ ਵਿਭਾਗਾਂ ਵਿੱਚ ਪੱਕਾ ਨਾ ਕਰਨ ਦੇ ਵਿਰੋਧ ਵਜੋਂ ਸ਼ਹਿਰ ਵਿੱਚ ਮੁੱਖ ਮੰਤਰੀ ਦੀ ਆਮਦ ਮੌਕੇ ਕੀਤਾ ਜਬਰਦਸਤ ਰੋਸ ਪ੍ਰਦਰਸ਼ਨ ਕੀਤਾ। ਜਿਉਂ ਹੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸ਼ਹਿਰ ਵਿੱਚ ਸਥਿਤ ਹਸਪਤਾਲ ਨੂੰ ਅਪਗ੍ਰੇਡ ਕਰਨ ਦਾ ਉਦਘਾਟਨ ਕਰਨ ਆ ਰਹੇ ਹਨ ਤਾਂ ਠੇਕਾ ਮੁਲਾਜ਼ਮਾਂ ਨੇ ਮੁੱਖ ਮੰਤਰੀ ਨੂੰ ਮਿਲਕੇ ਆਪਣਾ ਦੁੱਖੜਾ ਸੁਣਾਉਣਾ ਚਾਹਿਆ ਪਰ ਹਮੇਸ਼ਾ ਦੀ ਤਰਾਂ ਪੁਲਸ ਪ੍ਰਸ਼ਾਸਨ ਨੇ ਠੇਕਾ ਮੁਲਾਜ਼ਮਾਂ ਨਾਲ ਖਿੱਚ-ਧੂਹ ਕਰਕੇ ਠੇਕਾ ਮੁਲਾਜ਼ਮ ਆਗੂਆਂ ਨੂੰ ਮੁੱਖ ਮੰਤਰੀ ਨਾਲ ਮਿਲਾਉਣ ਲਈ ਹਸਪਤਾਲ ਕੰਪਲੈਕਸ ਵਿੱਚ ਲਿਜਾਇਆ ਗਿਆ ਪਰ ਮੁੱਖ ਮੰਤਰੀ ਹਮੇਸ਼ਾ ਦੀ ਤਰ੍ਹਾਂ ਠੇਕਾ ਮੁਲਾਜ਼ਮਾਂ ਨਾਲ ਬਿਨਾਂ ਗੱਲਬਾਤ ਕੀਤੇ ਹੀ ਨਿਕਲ ਗਏ। ਠੇਕਾ ਮੁਲਾਜ਼ਮਾਂ ਨੇ ਰੋਸ ਵਜੋਂ ਪੰਜਾਬ ਸਰਕਾਰ ਖਿਲਾਫ਼ ਜਬਰਦਸਤ ਨਾਅਰੇਬਾਜ਼ੀ ਕੀਤੀ। ਇਸ ਸਮੇਂ ਹਾਜ਼ਰ ਮੋਰਚੇ ਦੇ ਸੂਬਾਈ ਆਗੂਆਂ ਸਿਮਰਨਜੀਤ ਸਿੰਘ ਨੀਲੋਂ, ਇੰਦਰਪ੍ਰੀਤ ਸਿੰਘ, ਜੰਗ ਸਿੰਘ, ਹਰਪ੍ਰੀਤ ਸਿੰਘ, ਮੱਖਣ ਸਿੰਘ ਅਤੇ ਮੇਜਰ ਸਿੰਘ ਆਦਿ ਨੇ ਕਿਹਾ ਕਿ ਆਪ ਸਰਕਾਰ ਵੀ ਪਹਿਲੀਆਂ ਸਰਕਾਰਾਂ ਦੀ ਤਰ੍ਹਾਂ ਆਊਟਸੋਰਸਡ ਅਤੇ ਇਨਲਿਸਟਮੈਂਟ ਠੇਕਾ ਮੁਲਾਜ਼ਮਾਂ ਨਾਲ ਬੇਈਮਾਨੀ ਵਾਲੇ ਵਤੀਰੇ ਨੂੰ ਜਾਰੀ ਰੱਖ ਰਹੀ ਹੈ। ਇਸ ਸਮੇਂ ਹਾਜ਼ਰ ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਸਮੂਹ ਸਰਕਾਰੀ ਵਿਭਾਗਾਂ ਵਿੱਚ ਪਿਛਲੇ ਲੰਬੇ ਸਮੇਂ ਤੋਂ ਸੇਵਾਵਾਂ ਦੇ ਰਹੇ ਸਮੂਹ ਆਊਟਸੋਰਸਡ ਅਤੇ ਇਨਲਿਸਟਮੈਂਟ ਠੇਕਾ ਮੁਲਾਜ਼ਮਾਂ ਨੂੰ ਪਹਿਲ ਅਤੇ ਤਜ਼ਰਬੇ ਦੇ ਆਧਾਰ 'ਤੇ ਵਿਭਾਗਾਂ ਵਿੱਚ ਮਰਜ ਕਰਕੇ ਰੈਗੂਲਰ ਕੀਤਾ ਜਾਵੇ। ਆਗੂਆਂ ਨੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜਦ ਤੱਕ ਆਊਟਸੋਰਸਡ ਅਤੇ ਇਨਲਿਸਟਮੈਂਟ ਠੇਕਾ ਮੁਲਾਜ਼ਮਾਂ ਨੂੰ ਵਿਭਾਗਾਂ ਵਿੱਚ ਰੈਗੂਲਰ ਨਹੀਂ ਕੀਤਾ ਜਾਂਦਾ ਤਦ ਤੱਕ ਸਮੁੱਚੇ ਪੰਜਾਬ ਵਿੱਚ ਮੁੱਖ ਮੰਤਰੀ ਪੰਜਾਬ ਦਾ ਕਾਲੀਆਂ ਝੰਡੀਆਂ ਨਾਲ ਵਿਰੋਧ ਪ੍ਰਦਰਸ਼ਨ ਜਾਰੀ ਰੱਖਣਗੇ।

## ਪੰਜਾਬ ਲੋਕ ਸੇਵਾ ਕਮਿਸ਼ਨ ਦੇ ਚੇਅਰਮੈਨ ਦੀ ਆਸਾਮੀ ਭਰਨ ਸੰਬੰਧੀ ਅਰਜ਼ੀਆਂ ਦੀ ਮੰਗ

**ਚੰਡੀਗੜ੍ਹ, (ਗੁਰਜੀਤ ਬਿੱਲਾ)** ਪੰਜਾਬ ਸਰਕਾਰ ਪ੍ਰਸੋਨਲ ਵਿਭਾਗ ਦੇ ਬੁਲਾਰੇ ਵੱਲੋਂ ਦੱਸਿਆ ਗਿਆ ਹੈ ਕਿ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੇ ਚੇਅਰਮੈਨ ਦੀ ਆਸਾਮੀ ਲਈ ਨਿਰਵਿਘਨ ਇਮਾਨਦਾਰੀ, ਉੱਚ ਯੋਗਤਾ ਅਤੇ ਪ੍ਰਸਾਸਨਿਕ ਤਜਰਬਾ ਰੱਖਣ ਵਾਲੇ ਉੱਘੇ ਵਿਅਕਤੀ ਅਪਲਾਈ ਕਰ ਸਕਦੇ ਹਨ। ਇਸ ਆਸਾਮੀ ਲਈ ਅਪਲਾਈ ਕਰਨ ਦੀ ਆਖਰੀ ਮਿਤੀ 21 ਜੂਨ 2023 ਹੈ। ਇਸ ਸੰਬੰਧੀ ਹੋਰ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਮੁੱਖ ਸਕੱਤਰ ਦੀ ਅਗਵਾਈ ਵਾਲੀ ਇੱਕ ਸਰਚ ਕਮੇਟੀ ਦਾ ਗਠਨ ਕੀਤਾ ਗਿਆ ਹੈ ਜੋ ਕਿ ਪ੍ਰਾਪਤ ਹੋਈਆ ਅਰਜ਼ੀਆ 'ਚੋਂ ਨਾਵਾਂ ਨੂੰ ਸ਼ਾਰਟਲਿਸਟ ਕਰਨ ਉਪਰੰਤ ਪੰਜਾਬ ਦੇ ਮੁੱਖ ਮੰਤਰੀ ਦੀ ਪ੍ਰਧਾਨਗੀ ਵਾਲੀ ਉੱਚ ਅਧਿਕਾਰ ਪ੍ਰਾਪਤ ਕਮੇਟੀ ਵੱਲੋਂ ਵਿਚਾਰ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਬਿਨੈਕਾਰ ਵਿਰੁੱਧ ਕੋਈ ਸਿਵਲ, ਫੌਜਦਾਰੀ, ਪ੍ਰਸਾਸਨਿਕ ਜਾਂ ਕੋਈ ਹੋਰ ਕਾਰਵਾਈ ਲੰਬਿਤ ਨਹੀਂ ਹੋਣੀ ਚਾਹੀਦੀ, ਉਸ ਕੋਲ ਭਾਰਤ ਸਰਕਾਰ ਜਾਂ ਰਾਜ ਸਰਕਾਰ ਅਧੀਨ ਕੰਮ ਕਰਨ ਦਾ ਘੱਟੋ-ਘੱਟ 10 ਸਾਲ ਦਾ ਤਜ਼ਰਬਾ ਹੋਵੇ ਅਤੇ ਬਿਨੈਕਾਰ ਦੀ ਉਮਰ ਅਰਜ਼ੀ ਭਰਨ ਦੀ ਆਖਰੀ ਮਿਤੀ ਤੱਕ 62 ਸਾਲ ਤੋਂ ਘੱਟ ਹੋਣੀ ਚਾਹੀਦੀ ਹੈ। ਇਸ ਅਸਾਮੀ ਲਈ ਅਪਲਾਈ ਕਰਨ ਵਾਲੇ ਉਮੀਦਵਾਰ ਆਪਣੀਆਂ ਅਰਜ਼ੀਆਂ, ਸਕੱਤਰ ਪ੍ਰਸੋਨਲ, ਪੰਜਾਬ ਸਰਕਾਰ (ਪੀਪੀ-3 ਸਾਖਾ), ਕਮਰਾ ਨੰਬਰ 14, 6 ਵੀਂ ਮੰਜ਼ਲ, ਦੇ ਦਫਤਰ ਪੰਜਾਬ ਸਿਵਲ ਸਕੱਤਰੇਤ, ਸੈਕਟਰ 1, ਚੰਡੀਗੜ੍ਹ ਵਿਖੇ 21 ਜੂਨ 2023 ਤੱਕ ਭੇਜ ਸਕਦੇ ਹਨ।

## ਭਗਤ ਕਬੀਰ ਦਾ ਜਨਮ ਦਿਹਾੜਾ ਸ਼ਰਧਾ ਨਾਲ ਮਨਾਇਆ



**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)** ਪੰਜਾਬ ਕਲਾ ਮੰਚ ਸ੍ਰੀ ਚਮਕੌਰ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਸ਼੍ਰੋਮਣੀ ਭਗਤ, ਭਗਤ ਕਬੀਰ ਜੀ ਦਾ ਜਨਮ ਦਿਹਾੜਾ ਗੁਰਦੁਆਰਾ ਗੜ੍ਹੀ ਸਾਹਿਬ ਵਿਖੇ ਬੜੀ ਸ਼ਰਧਾ ਭਾਵਨਾ ਅਤੇ ਧੂਮ ਧਾਮ ਨਾਲ ਮਨਾਇਆ ਗਿਆ। ਇਸ ਮੌਕੇ ਭਾਈ ਮਨਸਿਮਰਨ ਸਿੰਘ ਅਤੇ ਅਵਤਾਰ ਸਿੰਘ ਦੇ ਜੱਥੇ ਵੱਲੋਂ ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ॥ ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ॥ ਸ਼ਬਦ ਗਾਇਨ ਕੀਤਾ ਗਿਆ।

ਡਾਕਟਰ ਰਾਜਪਾਲ ਸਿੰਘ ਚੌਧਰੀ ਨੇ ਦੱਸਿਆ ਕਿ ਇਹ ਵੱਡਾ ਉਪਰਾਲਾ ਪੰਜਾਬ ਕਲਾ ਮੰਚ ਦੇ ਪ੍ਰਧਾਨ ਕੁਲਦਿਰਜੀਤ ਸਿੰਘ ਬੱਬਰ, ਸਵਰਨ ਸਿੰਘ ਸੈਣੀ ਜਰਨਲ ਸਕੱਤਰ ਅਤੇ ਉਨ੍ਹਾਂ ਦੀ ਪੂਰੀ ਟੀਮ ਦੇ ਸਹਿਯੋਗ ਅਤੇ ਉਪਰਾਲੇ ਸਦਕਾ ਹੀ ਸੰਭਵ ਹੋ ਸਕਿਆ ਹੈ ਡਾ. ਸਾਹਿਬ ਨੇ ਸੰਗਤਾਂ ਨਾਲ ਵਿਚਾਰ ਸਾਂਝੇ ਕਰਦੇ ਹੋਏ ਭਗਤ ਕਬੀਰ ਜੀ ਦੇ 625ਵੇਂ ਜਨਮ ਦਿਹਾੜੇ ਦੀ ਲੱਖ ਲੱਖ ਵਧਾਈ ਦਿੱਤੀ ਜੋ ਕੇ ਗੁਰਦੁਆਰਾ ਗੜ੍ਹੀ ਸਾਹਿਬ ਵਿਖੇ ਪਹਿਲੀ ਵਾਰ ਮਨਾਇਆ ਗਿਆ ਹੈ ਅਤੇ ਉਹਨਾਂ ਦੇ ਉਪਦੇਸ਼ ਅਤੇ ਗੁਰਬਾਣੀ ਬਾਰੇ ਸੰਗਤਾਂ ਨੂੰ ਜਾਣਕਾਰੀ ਦਿੱਤੀ ਉਨ੍ਹਾਂ ਕਿਹਾ ਕੇ ਜਿਸ ਤਰ੍ਹਾਂ ਅਸੀਂ ਆਪਣੇ ਗੁਰੂ ਸਾਹਿਬਾਨਾਂ ਦੇ ਗੁਰਪੁਰਬ ਮਨਾਉਦੇ ਹਾਂ ਉਸੇ ਤਰ੍ਹਾਂ ਹੀ ਸਾਨੂੰ ਭਗਤਾਂ ਦੇ ਜਨਮ ਦਿਹਾੜੇ ਵੀ ਮਨਾਉਣੇ ਚਾਹੀਦੇ ਹਨ ਤਾਂ ਕਿ ਸੰਗਤਾਂ ਨੂੰ ਗੁਰਬਾਣੀ ਅਤੇ ਸਿੱਖ ਇਤਿਹਾਸ ਨਾਲ ਵੱਧ ਤੋਂ ਵੱਧ ਜੋੜਿਆ ਜਾ ਸਕੇ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ ਭਗਤ ਕਬੀਰ ਦੇ ਅਗਲੇ ਵਰ੍ਹੇ ਜਨਮ ਦਿਹਾੜੇ ਉਨ੍ਹਾਂ ਦੇ ਜੀਵਨ ਕਾਲ ਬਾਰੇ ਬੱਚਿਆਂ ਦੇ ਅਤੇ ਸੰਗਤ ਦੇ ਪ੍ਰਸਨ ਉੱਤਰੀ ਮੁਕਾਬਲੇ ਕਰਵਾਏ ਜਾਣਗੇ। ਇਸ ਮੌਕੇ ਗੁਰਦੁਆਰਾ ਕਤਲਗੜ੍ਹ ਸਾਹਿਬ ਦੇ ਮੈਨੇਜਰ ਭਾਈ ਨੱਥਾ ਸਿੰਘ, ਹੈਡ ਗ੍ਰੰਥੀ ਭਾਈ ਗੁਰਜੀਤ ਸਿੰਘ, ਗ੍ਰੰਥੀ ਚਰਨਜੀਤ ਸਿੰਘ, ਗਿਆਨ ਸਿੰਘ, ਮਨਮੋਹਨ ਸਿੰਘ, ਬਲਜੀਤ ਸਿੰਘ, ਅਜੈਬ ਸਿੰਘ ਸਾਬਕਾ ਸੂਬੇਦਾਰ, ਤਰਲੋਤਨ ਸਿੰਘ, ਜਰਨੈਲ ਸਿੰਘ ਮਨਮੋਹਨ ਸਿੰਘ, ਕਾਲਾ ਅਵਤਾਰ ਸਿੰਘ ਭੋਜੇ ਮਾਜਰਾ ਤੋਂ ਇਲਾਵਾ ਸੰਗਤ ਹਾਜ਼ਰ ਸੀ।

## ਬਾਬਾ ਫਾਜਿਲ ਸ਼ਾਹ ਦਾ ਮੇਲਾ ਅਮਿੱਟ ਯਾਦਾਂ ਛੱਡਦਾ ਸਮਾਪਤ



**ਮੇਹਲੀ (ਗੁਰਨਾਮ):**—ਇੱਥੋਂ ਥੋੜ੍ਹੀ ਦੂਰ ਮਿਲਟਰੀ ਫਾਰਮ ਬੀੜ ਸਾਂਗਰ ਵੱਲ ਵਿਖੇ ਪੀਰ ਬਾਬਾ ਫਾਜਿਲ ਸ਼ਾਹ ਜੀ ਦੇ ਦਰਬਾਰ ਤੋਂ ਸੰਗਤਾਂ ਦੇ ਸਹਿਯੋਗ ਨਾਲ ਚਾਦਰ ਦੀ ਰਸਮ ਤੋਂ ਬਾਅਦ ਮੇਲਾ ਅਮਿੱਟ ਯਾਦਾਂ ਛੱਡਦਾ ਹੋਇਆ ਸਮਾਪਤ ਹੋ ਗਿਆ। ਇਸ ਮੌਕੇ ਜਸਪਾਲ ਸੰਧੂ, ਰਾਜਪ੍ਰੀਤ ਬੈਂਸ, ਲੱਕੀ ਬੈਂਸ, ਬਲਵਿੰਦਰ ਬਿੱਲਾ, ਬਲਜੀਤ ਜੱਸੀ, ਪੰਮਾ ਕੁਲਥਮ ਤੋਂ ਅਲਾਵਾ ਹੋਰ ਵੀ ਕਲਾਕਾਰਾਂ ਨੇ ਧਾਰਮਿਕ ਗੀਤ ਗਾ ਕੇ ਦਰਬਾਰ ਵਿੱਚ ਹਾਜਰੀ ਲਗਵਾਈ। ਪ੍ਰੇਮ ਸਿੰਘ ਤੇ ਸੰਤੋਖ ਸਿੰਘ ਪ੍ਰਧਾਨ ਨੇ ਸੰਗਤਾਂ ਨੂੰ ਮੇਲੇ ਦੀਆਂ ਵਧਾਈਆਂ ਦਿੱਤੀਆਂ। ਗੁਰੂ ਜੀ ਦਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਕਸ਼ਮੀਰਾ ਸਿੰਘ ਅਧਿਕਾਰਿਤ ਸਰਪੰਚ, ਪ੍ਰਕਾਸ਼ ਰਾਮ, ਪ੍ਰੇਮ ਸਿੰਘ ਚੱਕ ਮੰਡੇਰ, ਗੁਰਨਾਮ ਸਿੰਘ, ਗੁਰਨਿੰਦਰ ਸਿੰਘ, ਬਲਿਹਾਰ ਸਿੰਘ, ਹਰਬੰਸ ਲਾਲ, ਚਮਨ ਲਾਲ, ਗੁਰਬਚਨਾ, ਸਾਬਕਾ ਸਰਪੰਚ ਗੁਰਦਿਆਲ ਸਿੰਘ ਹਾਜਰ ਸਨ।

## ਠੰਢੇ ਮਿੱਠੇ ਜਲ ਦੀ ਛਬੀਲ ਲਗਾਈ



**ਅੱਡਾ ਸਰਾਂ (ਜਸਵੀਰ ਕਾਜਲ)**-ਪਿੰਡ ਕੰਧਾਲਾ ਜੱਟਾਂ ਦੇ ਗੁਰਦੁਆਰਾ ਬਾਬਾ ਬਿਸ਼ਨ ਵਿਖੇ ਪ੍ਰਬੰਧਕ ਕਮੇਟੀ ਅਤੇ ਨਗਰ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਘੱਲੂਘਾਰਾ ਦੇ ਸੰਬੰਧ ਵਿੱਚ ਸਰਬੱਤ ਦੇ ਭਲੇ ਅਰਦਾਸ ਕਰਨ ਉਪਰੰਤ ਠੰਢੇ ਮਿੱਠੇ ਜਲ ਦੀ ਛਬੀਲ ਲਗਾਈ ਗਈ। ਇਸ ਮੌਕੇ ਦਵਿੰਦਰ ਸਿੰਘ ਬਿੱਲੂ, ਸੁਰਿੰਦਰ, ਕਸ਼ਮੀਰ ਸਿੰਘ, ਗੋਲਡੀ, ਅਜੀਤ ਸਿੰਘ, ਰਣਜੀਤ ਸਿੰਘ, ਭੁਪਿੰਦਰ ਸਿੰਘ,ਤੇਜੀ ਗੁਰਮਿੰਦਰ ਸਿੰਘ, ਗੋਬਿੰਦ ਸਿੰਘ, ਮਨਦੀਪ ਸਿੰਘ ਆਦਿ ਹਾਜਰ ਸਨ। ਲ ਪ੍ਰੋ. ਡਾ. ਪੂਜਾ ਪਰਾਸ਼ਰ ਨੇ ਸਮਾਗਮ ਦੇ ਸਫਲਤਾਪੂਰਵਕ ਆਯੋਜਨ ਲਈ ਕੰਪਿਊਟਰ ਸਾਇੰਸ ਵਿਭਾਗ ਦੇ ਯਤਨਾਂ ਦੀ ਸ਼ਲਾਘਾ ਕੀਤੀ।

# ਸ਼ਮਸ਼ਾਨਘਾਟ ਨੇੜੇ ਕੂੜਾ ਡੰਪ ਨੂੰ ਖਤਮ ਕਰਕੇ ਪਾਰਕ ਬਣਾਉਣ ਦੇ ਦਿੱਤੇ ਆਦੇਸ਼ : ਰਾਜਾ



**ਟਾਂਡਾ ਉੜਮੁੜ, ( ਜਸਵਿੰਦਰ ਸੰਧੂ, ਉਂਕਾਰ ਸਿੰਘ )**-ਟਾਂਡਾ ਤੇ ਦਸਮੇਸ਼ ਨਗਰ ਦੇ ਸਮਸ਼ਾਨਘਾਟ ਨੇੜੇ ਨਗਰ ਕੌਂਸਲ ਟਾਂਡਾ ਵੱਲੋਂ ਕੂੜਾ ਕਰਕਟ ਦੇ ਬਣਾਏ ਗਏ ਡੰਪ ਕਾਰਨ ਸਮਸ਼ਾਨਘਾਟ ਵਿਖੇ ਮ੍ਰਿਤਕ ਦਾ ਦਾਹ ਸੰਸਕਾਰ ਕਰਨ ਵਾਲੇ ਲੋਕਾਂ ਅਤੇ ਟਾਂਡਾ ਨਿਵਾਸੀਆਂ ਨੂੰ ਇਸ ਡੰਪ ਤੋਂ ਉੱਠਣ ਵਾਲੀ ਬਦਬੂ ਕਾਰਨ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਇਸ ਜਗ੍ਹਾ ਤੋਂ ਕੂੜਾ ਕਰਕਟ ਦੇ ਡੰਪ ਨੂੰ ਖਤਮ ਕਰਨ ਲਈ ਨੰਬਰਦਾਰ ਜਗਜੀਵਨ ਜੱਗੀ ਦੀ ਅਗਵਾਈ 'ਚ ਇਲਾਕਾ ਨਿਵਾਸੀਆਂ ਨੇ ਪ੍ਰਸ਼ਾਸਨ ਨੂੰ ਕਈ ਵਾਰ ਅਪੀਲ ਕੀਤੀ ਸੀ ਜਿਸ ਨੂੰ ਮੁੱਖ ਰੱਖਦੇ ਹੋਏ ਹਲਕਾ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ ਅਤੇ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਮੈਡਮ ਕੋਮਲ ਮਿੱਤਲ ਇਸ ਜਗ੍ਹਾ ਦਾ ਮੁਆਇਨਾ ਕਰਨ ਲਈ ਮੌਕੇ ਪਹੁੰਚੇ। ਇਸ ਮੌਕੇ ਉਨ੍ਹਾਂ ਨਾਲ ਐਸ ਡੀ ਐਮ ਦਸੂਹਾ ਓਜਸਵੀ, ਤਹਿਸੀਲਦਾਰ ਪ੍ਰਵੀਨ ਛਿੱਬਰ, ਨਗਰ ਕੌਂਸਲ ਅਧਿਕਾਰੀ ਮਦਨ ਸਿੰਘ, ਐਸ.ਐਚ.ਓ ਟਾਂਡਾ ਓਂਕਾਰ ਸਿੰਘ ਬਰਾੜ, ਕੇਸਵ ਸਿੰਘ ਸੈਣੀ, ਅਤਵਾਰ ਸਿੰਘ ਪਲਾਚੱਕ, ਗੁਰਦੀਪ ਸਿੰਘ ਹੈਪੀ, ਸੰਜੀਵ ਕੁਮਾਰ ਅਤੇ ਰਾਜੇਸ ਕੁਮਾਰ ਹਾਜਰ ਸਨ।

ਵਿਧਾਇਕ ਜਸਵੀਰ ਸਿੰਘ ਰਾਜਾ ਅਤੇ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਕੋਮਲ ਮਿੱਤਲ ਨੂੰ ਇਸ ਕੂੜਾ ਕਰਕਟ ਡੰਪ ਤੋਂ ਇਲਾਕਾ ਨਿਵਾਸੀਆਂ ਨੂੰ ਹੋ ਰਹੀਆਂ ਪ੍ਰੇਸ਼ਾਨੀਆਂ ਸੰਬੰਧੀ ਜਾਣਕਾਰੀ ਦਿੰਦੇ ਹੋਏ ਨੰਬਰਦਾਰ ਜਗਜੀਵਨ ਜੱਗੀ ਨੇ ਕਿਹਾ ਕੇ ਸਮਸ਼ਾਨਘਾਟ ਨੇੜੇ ਬਣਾਏ ਗਏ ਕੂੜੇ ਕਰਕਟ ਦੇ ਇਸ ਡੰਪ ਤੋਂ ਬਹੁਤ ਜ਼ਿਆਦਾ ਬਦਬੂ ਉੱਠਣ ਕਾਰਨ ਲੋਕਾਂ ਦਾ ਸਾਹ ਘੁੱਟਦਾ ਹੈ।

ਉਨ੍ਹਾਂ ਮੰਗ ਕੀਤੀ ਕਿ ਇਸ ਜਗ੍ਹਾ ਕੂੜਾ ਡੰਪ ਨੂੰ ਖਤਮ ਕਰਕੇ ਖੂਬਸੂਰਤ ਪਾਰਕ ਬਣਾਇਆ ਜਾਵੇ। ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ ਅਤੇ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਲੋਕਾਂ ਦੀਆਂ ਮੁਸ਼ਕਲਾਂ ਨੂੰ ਮੁੱਖ ਰੱਖਦੇ ਹੋਏ ਨਗਰ ਕੌਂਸਲ ਅਧਿਕਾਰੀ ਮਦਨ ਸਿੰਘ ਨੂੰ ਇਸ ਜਗ੍ਹਾ ਦੀ ਸਾਫ ਸਫਾਈ ਕਰਕੇ ਪਾਰਕ ਬਣਾਉਣ ਦੇ ਆਦੇਸ ਜਾਰੀ ਕਰ ਦਿੱਤੇ ਜਿਸ ਤੇ ਅਮਲ ਕਰਦੇ ਹੋਏ ਨਗਰ ਕੌਂਸਲ ਅਧਿਕਾਰੀ ਮਦਨ ਸਿੰਘ ਨੇ ਮੌਕੇ ਹੀ ਸਾਫ ਸਫਾਈ ਦਾ ਕੰਮ ਸ਼ੁਰੂ ਕਰਵਾ ਦਿੱਤਾ ਅਤੇ ਜਲਦ ਹੀ ਇਕ ਖੂਬਸੂਰਤ ਪਾਰਕ ਬਣਾ ਕੇ ਲੋਕਾਂ ਹਵਾਲੇ ਕਰਨ ਦਾ ਭਰੋਸਾ ਦਿੱਤਾ। ਇਸ ਮੌਕੇ ਤੇ ਐਸ.ਆਈ ਅਜੈ ਸੈਣੀ, ਏ.ਐਮ.ਈ ਕੁਲਦੀਪ ਸਿੰਘ ਘੁਮਣ, ਐਸ.ਓ ਗੁਰਵਿੰਦਰ ਸਿੰਘ, ਗਿਨੀ ਅਰੋੜਾ, ਰਛਪਾਲ ਸਿੰਘ, ਆਕਾਸ਼ ਮਰਵਾਹਾ, ਵਿਨੋਦ ਭੱਟੀ, ਵਿਸਾਲ ਅਤੇ ਹੋਰ ਹਾਜ਼ਰ ਸਨ।

## ਭੁੱਲਰ ਨੇ 134 ਮੁਲਾਜ਼ਮਾਂ ਨੂੰ ਸੌਂਪੇ ਨਿਯੁਕਤੀ ਪੱਤਰ

**ਚੰਡੀਗੜ੍ਹ, (ਗੁਰਜੀਤ ਬਿੱਲਾ)** - ਪੰਜਾਬ ਦੇ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਵਿਭਾਗ ਵਿੱਚ ਨਵੇਂ ਭਰਤੀ ਕੀਤੇ ਗਏ 134 ਮੁਲਾਜ਼ਮਾਂ ਨੂੰ ਨਿਯੁਕਤੀ ਪੱਤਰ ਸੌਂਪੇ। ਇੱਥੇ ਪੰਜਾਬ ਭਵਨ ਵਿਖੇ ਸਮਾਗਮ ਦੌਰਾਨ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਨਵ-ਨਿਯੁਕਤ ਮੁਲਾਜ਼ਮਾਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਨੂੰ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਕੰਮ ਕਰਨ ਲਈ ਪ੍ਰੇਰਿਆ। ਉਨ੍ਹਾਂ ਕਿਹਾ ਕਿ ਪੰਜਾਬ ਸਟੇਟ ਰੂਰਲ ਲਾਇਵਲੀਹੁਡਜ਼ ਮਿਸ਼ਨ (ਪੀ.ਐਸ.ਆਰ.ਐਲ.ਐਮ) ਤਹਿਤ ਗ਼ਰੀਬ ਦਿਹਾਤੀ ਔਰਤਾਂ ਲਈ ਰੁਜ਼ਗਾਰ ਦੇ ਮੌਕੇ ਉਪਲਬਧ ਕਰਵਾਏ ਜਾਂਦੇ ਹਨ ਅਤੇ ਪੀ.ਐਸ.ਆਰ.ਐਲ.ਐਮ. ਸਕੀਮ ਨੂੰ ਪਿੰਡ ਪੱਧਰ 'ਤੇ ਸੁਚੱਜੇ ਢੰਗ ਨਾਲ ਲਾਗੂ ਕਰਨ ਅਤੇ ਲੋੜਵੰਦ ਔਰਤਾਂ ਨੂੰ ਜਾਗਰੂਕ ਕਰਨ ਲਈ ਇਨ੍ਹਾਂ ਕਰਮਚਾਰੀਆਂ ਦਾ ਵਿਸ਼ੇਸ ਯੋਗਦਾਨ ਹੁੰਦਾ ਹੈ, ਇਸ ਲਈ ਉਹ ਆਪਣੀ ਡਿਊਟੀ ਮਿਸ਼ਨਰੀ ਭਾਵਨਾ ਨਾਲ ਨਿਭਾਉਣ। ਵਿਭਾਗ 'ਚ 8 ਕਲਰਕਾਂ ਤੋਂ ਇਲਾਵਾ ਪੰਜਾਬ ਸਟੇਟ ਰੂਰਲ ਲਾਇਵਲੀਹੁਡਜ ਮਿਸਨ ਅਧੀਨ ਰੱਖੇ ਗਏ 126 ਮੁਲਾਜ਼ਮਾਂ ਵਿੱਚ 8 ਜ਼ਿਲ੍ਹਾ ਪ੍ਰੋਗਰਾਮ ਮੈਨੇਜਰ, 9 ਜ਼ਿਲ੍ਹਾ ਐਮ ਆਈ ਐਸ ਮੈਨੇਜਰ, 48 ਬਲਾਕ ਪ੍ਰੋਗਰਾਮ ਮੈਨੇਜਰ, 20 ਬਲਾਕ ਪ੍ਰੋਗਰਾਮ ਮੈਨੇਜਰ (ਲਾਇਵਲੀਹੁਡਜ), 2 ਬਲਾਕ ਪ੍ਰੋਗਰਾਮ ਮੈਨੇਜਰ (ਐਸ.ਵੀ.ਈ.ਪੀ/ਐਨ.ਐਫ਼), 32 ਕਲੱਸਟਰ ਕੋਆਰਡੀਨੇਟਰ ਅਤੇ ਸਟੇਟ ਪੱਧਰ 'ਤੇ 3 ਯੰਗ ਪ੍ਰੋਫੈਸ਼ਨਲ, 2 ਆਫਿਸ ਅਸਿਸਟੈਂਟ, 1 ਅਕਾਊਂਟ ਅਸਿਸਟੈਂਟ ਅਤੇ 1 ਐਮ.ਆਈ.ਐਸ ਅਸਿਸਟੈਂਟ ਸ਼ਾਮਲ ਹਨ। ਸਮਾਗਮ ਦੌਰਾਨ ਸੰਯੁਕਤ ਵਿਕਾਸ ਕਮਿਸਨਰ ਅਮਿਤ ਕੁਮਾਰ, ਡਾਇਰੈਕਟਰ ਸ੍ਰੀ ਗੁਰਪ੍ਰੀਤ ਸਿੰਘ ਖਹਿਰਾ, ਵਧੀਕ ਡਾਇਰੈਕਟਰ ਸੰਜੀਵ ਗਰਗ, ਵਧੀਕ ਮੁੱਖ ਕਾਰਜਕਾਰੀ ਅਫਸਰ ਸ੍ਰੀ ਐਸ.ਪੀ. ਆਂਗਰਾ ਅਤੇ ਹੋਰ ਅਧਿਕਾਰੀ ਹਾਜ਼ਰ ਸਨ।

## ਸੜਕ ਜਲਦੀ ਬਣੇਗੀ : ਅਮਰੀਕ ਸਿੰਘ

**ਫਿਲੌਰ (ਨਿਰਮਲ)** ਇੱਥੇ ਪਿੰਡ ਥਲਾ ਨੂੰ ਪੰਜਾਬ ਸਰਕਾਰ ਵੱਲੋਂ ਪਿੰਡ 'ਚ ਪੱਕੀ ਸੜਕ ਬਣਾਉਣ ਲਈ ਗ੍ਰਾਂਟ ਦਿੱਤੀ ਗਈ ਸੀ। ਪਿੰਡ ਵਾਸੀਆਂ ਅਤੇ ਸਾਬਕਾ ਪੰਚ ਮਲਕੀਤ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਚਾਇਤ ਨੇ ਜੋ ਸੜਕ ਦਾ ਕੰਮ ਸ਼ੁਰੂ ਕੀਤਾ ਸੀ ਉਹ ਅੱਧ ਵਿਚਕਾਰ ਹੀ ਛੱਡ ਦਿੱਤਾ ਗਿਆ ਹੈ। ਸਰਕਾਰ ਵੱਲੋਂ ਗ੍ਰਾਂਟਾਂ ਲੈਣ ਦੇ ਬਾਵਜੂਦ ਵੀ ਪੰਚਾਇਤ ਸੜਕ ਦਾ ਕੰਮ ਪੂਰਾ ਨਹੀਂ ਕਰ ਰਹੀ। ਇਸ ਸੰਬੰਧ 'ਚ ਜਦੋਂ ਸਰਪੰਚ ਅਮਰੀਕ ਸਿੰਘ ਨਾਲ ਗੱਲ ਕੀਤੀ ਤਾਂ ਉਨ੍ਹਾਂ ਨੇ ਕਿਹਾ ਕਿ ਲੇਬਰ ਦੀ ਕਮੀ ਕਰਕੇ ਕੰਮ ਥੋੜ੍ਹੀ ਦੇਰ ਵਾਸਤੇ ਰੋਕਣਾ ਪਿਆ, ਪਰ ਜਲਦੀ ਹੀ ਲੇਬਰ ਦਾ ਪ੍ਰਬੰਧ ਕਰਕੇ ਰੁਕਿਆ ਕੰਮ ਜਲਦ ਸ਼ੁਰੂ ਕਰਵਾ ਦਿੱਤਾ ਜਾਵੇਗਾ ਤਾਂ ਜੋ ਲੋਕਾਂ ਨੂੰ ਕੋਈ ਆਉਣ ਜਾਣ ਵਾਸਤੇ ਮੁਸ਼ਕਲ ਨਾ ਆਵੇ।

## ਸਿਹਤ ਵਿਭਾਗ ਵੱਲੋਂ ਖਾਣ-ਪੀਣ ਵਾਲੇ ਸਮਾਨ ਦੀਆਂ ਰੇਹੜੀਆਂ ਦੀ ਅਚਨਚੇਤ ਚੈਕਿੰਗ



**ਜਲੰਧਰ, (ਸ਼ੈਲੀ ਐਲਬਰਟ)**-ਸਟ੍ਰੀਟ ਫੂਡ ਸਟਾਲਾਂ 'ਤੇ ਸਵੱਛ ਭੋਜਨ ਦੀ ਉਪਲਬਧਤਾ ਨੂੰ ਯਕੀਨੀ ਬਣਾਉਣ ਲਈ ਸਿਹਤ ਵਿਭਾਗ ਵੱਲੋਂ ਬੁੱਧਵਾਰ ਨੂੰ ਖਾਣ-ਪੀਣ ਵਾਲੇ ਸਮਾਨ ਦੀਆਂ ਰੇਹੜੀਆਂ ਦੀ ਅਚਨਚੇਤ ਚੈਕਿੰਗ ਕੀਤੀ ਗਈ ਅਤੇ ਤਿਆਰ ਭੋਜਨ ਦੇ ਦੋ ਸੈਂਪਲ ਲਏ ਗਏ। ਜ਼ਿਲ੍ਹਾ ਸਿਹਤ ਅਫਸਰ ਡਾ. ਰੀਮਾ ਜੰਮੂ ਨੇ ਦੱਸਿਆ ਕਿ ਸਥਾਨਕ ਡੀ.ਸੀ.ਕੰਪਲੈਕਸ ਨੇੜੇ ਖਾਣ-ਪੀਣ ਵਾਲੇ ਪਦਾਰਥਾਂ ਦੀਆਂ ਵੱਖ-ਵੱਖ ਰੇਹੜੀਆਂ ਦੀ ਚੈਕਿੰਗ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਕੁਝ ਰੇਹੜੀਆਂ 'ਤੇ ਸਾਫ-ਸਫਾਈ ਸਹੀ ਨਹੀਂ ਸੀ ਅਤੇ ਇਸ ਸਬੰਧ ਵਿੱਚ ਸੁਧਾਰ ਕਰਨ ਲਈ ਨੋਟਿਸ ਜਾਰੀ ਕੀਤੇ ਗਏ ਹਨ। ਭੋਜਨ ਦੀ ਗੁਣਵੱਤਾ ਦੀ ਜਾਂਚ ਕਰਨ ਲਈ ਸਿਹਤ ਟੀਮਾਂ ਵੱਲੋਂ ਤਿਆਰ ਭੋਜਨ ਦੇ ਰੈਂਡਮ ਢੰਗ ਨਾਲ ਦੋ ਸੈਂਪਲ ਲਏ ਗਏ ਹਨ, ਜੋ ਕਿ ਸਟੇਟ ਫੂਡ ਲੈਬੋਰੇਟਰੀ ਖਰੜ ਵਿਖੇ ਭੇਜੇ ਗਏ ਹਨ। ਲੈਬੋਰੇਟਰੀ ਦੀ ਰਿਪੋਰਟ ਅਨੁਸਾਰ ਹੀ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

## ਫੁੱਟਬਾਲ ਤੇ ਅਥਲੈਟਿਕਸ ਦੀ ਸਿਖਲਾਈ ਸਬੰਧੀ ਸਮਰ ਕੈਂਪ ਦਾ ਆਗਾਜ਼



**ਮਾਹਿਲਪੁਰ, (ਸਫਰੀ)**-ਇੱਥੋਂ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਵਿੱਚ ਵੱਖ ਵੱਖ ਉਮਰ ਵਰਗ ਦੇ ਖਿਡਾਰੀ ਵਿਦਿਆਰਥੀਆਂ ਨੂੰ ਫੁੱਟਬਾਲ ਅਤੇ ਅਥਲੈਟਿਕਸ ਦੀ ਸਿਖਲਾਈ ਸਬੰਧੀ 7 ਜੂਨ ਤੋਂ 21 ਜੂਨ ਤੱਕ ਲਗਾਏ ਜਾ ਰਹੇ ਸਮਰ ਕੈਂਪ ਦਾ ਆਗਾਜ਼ ਹੋ ਗਿਆ। ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਕੈਂਪ ਦੇ ਪਹਿਲੇ ਦਿਨ ਪੁੱਜੇ ਵਿਦਿਆਰਥੀਆਂ ਦਾ ਸਵਾਗਤ ਕੀਤਾ ਅਤੇ ਉਨ੍ਹਾਂ ਨੂੰ ਮਿਹਨਤ, ਲਗਨ ਅਤੇ ਖੇਡ ਭਾਵਨਾ ਨਾਲ ਖੇਡਣ ਦੀ ਪ੍ਰੇਰਨਾ ਦਿੱਤੀ। ਇਸ ਮੌਕੇ ਸਰੀਰਕ ਸਿੱਖਿਆ ਵਿਭਾਗ ਦੇ ਮੁੱਖੀ ਡਾ ਰਾਜ ਕੁਮਾਰ, ਫੁੱਟਬਾਲ ਕੋਚ ਜਸਵੀਰ ਸਿੰਘ ਭਾਰਟਾ ਅਤੇ ਫੁੱਟਬਾਲ ਕੋਚ ਹਰਿੰਦਰ ਸਨੀ ਨੇ ਦੱਸਿਆ ਕਿ ਇਸ ਸਮਰ ਕੈਂਪ ਵਿੱਚ ਅੰਡਰ-10, ਅੰਡਰ-14 ਅਤੇ ਅੰਡਰ-17 ਉਮਰ ਵਰਗ ਦੇ ਖਿਡਾਰੀ ਵਿਦਿਆਰਥੀਆਂ ਨੂੰ ਫੁੱਟਬਾਲ ਅਤੇ ਅਥਲੈਟਿਸ ਦੇ ਮੁਕਾਬਲਿਆਂ ਦੀ ਸਿਖਲਾਈ ਦਿੱਤੀ ਜਾਵੇਗੀ ਅਤੇ ਇਹ ਕੈਂਪ 21 ਜੂਨ ਨੂੰ ਸਮਾਪਤ ਹੋਵੇਗਾ। ਇਸ ਮੌਕੇ ਸਰੀਰਕ ਸਿੱਖਿਆ ਵਿਭਾਗ ਤੋਂ ਪ੍ਰੋ ਪ੍ਰਿਯਾ ਅਤੇ ਪ੍ਰੋ ਅਨੂ ਦੀਪ ਸਮੇਤ ਕੈਂਪ ਦੇ ਵਿਦਿਆਰਥੀ ਹਾਜ਼ਰ ਸਨ।

# ਜੀ ਆਰ ਡੀ ਨਰਸਿੰਗ ਕਾਲਜ ਵਿਖੇ ਵਿਸ਼ਵ ਵਾਤਾਵਰਣ ਦਿਵਸ ਮਨਾਇਆ




**ਟਾਂਡਾ ਉੜਮੁੜ, (ਉਂਕਾਰ ਸਿੰਘ ,ਜਸਵਿੰਦਰ ਸੰਧੂ )** ਸ੍ਰੀ ਗੁਰੂ ਰਾਮਦਾਸ ਜੀ ਸੇਵਾ-ਸਿਮਰਨ ਸੁਸਾਇਟੀ ਵੱਲੋਂ ਚਲਾਏ ਜਾ ਰਹੇ ਜੀ.ਆਰ.ਡੀ ਇੰਸਟੀਚਿਊਟ ਆਫ ਨਰਸਿੰਗ ਕਾਲਜ ਟਾਂਡਾ ਵਿਖੇ ਵਾਤਾਵਰਨ ਦੀ ਸੇਵਾ-ਸੰਭਾਲ ਦੇ ਮੱਦੇਨਜਰ ਵਿਸ਼ਵ ਵਾਤਾਵਰਣ ਦਿਵਸ ਮਨਾਇਆ ਗਿਆ ।

ਜੀ.ਆਰ.ਡੀ ਸਿੱਖਿਆ ਸੰਸਥਾਵਾਂ ਦੇ ਚੇਅਰਪਰਸਨ ਪ੍ਰਦੀਪ ਕੌਰ, ਮੈਨੇਜਿੰਗ ਡਾਇਰੈਕਟਰ ਬਿਕਰਮ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਮੈਨੇਜਰ ਸਰਬਜੀਤ ਸਿੰਘ ਮੋਮੀ ਤੇ ਪ੍ਰਿੰਸੀਪਲ ਰੇਨੂ ਬਾਲਾ ਦੀ ਅਗਵਾਈ ਵਿੱਚ ਹੋਏ ਸਮਾਗਮ ਦੌਰਾਨ ਵੱਖ-ਵੱਖ ਮਾਹਿਰਾਂ ਨੇ ਵਾਤਾਵਰਣ ਦਿਵਸ ਦੀ ਮਹੱਤਤਾ ਤੋਂ ਜਾਣੂ ਕਰਵਾਇਆ। ਇਸ ਮੌਕੇ ਪ੍ਰਿੰਸੀਪਲ ਰੇਨੂ ਬਾਲਾ ਨੇ ਦੱਸਿਆ ਕੀ ਜੇਕਰ ਅਸੀਂ ਸਮਾਂ ਰਹਿੰਦਿਆਂ ਵਾਤਾਵਰਨ ਦੀ ਸੇਵਾ-ਸੰਭਾਲ ਵਾਸਤੇ ਜਾਗਰੂਕ ਨਾ ਹੋਏ ਤਾਂ ਆਉਣ ਵਾਲਾ ਸਮਾਂ ਸਾਡੇ ਲਈ ਬਹੁਤ ਹੀ ਮੁਸ਼ਕਿਲਾਂ ਭਰਿਆ ਹੋਵੇਗਾ ਕਿਉਂਕਿ ਲਗਾਤਾਰ ਵੱਧ ਰਹੇ ਪ੍ਰਦੂਸਣ ਦੇ ਕਾਰਨ ਅੱਜ ਅਨੇਕਾਂ ਹੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਇਸ ਸਮੱਸਿਆ ਬਾਰੇ ਵੱਡੀ ਚੁਣੌਤੀ ਪੇਸ਼ ਕਰਨਗੀਆਂ ਇਸ ਲਈ ਸਾਨੂੰ ਆਪਣੇ ਵਾਤਾਵਰਣ ਦਾ ਖਿਆਲ ਰੱਖਦੇ ਹੋਏ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ। ਵਾਤਾਵਰਣ ਦਿਵਸ ਸਬੰਧੀ ਨਰਸਿੰਗ ਿਅ ਵਿਦਿਆਰਥੀਆਂ ਦੇ ਚਾਰਟ ਮੇਕਿੰਗ ਮੁਕਾਬਲੇ ਵੀ ਕਰਵਾਏ ਗਏ। ਇਸ ਮੌਕੇ ਦਲਜਿੰਦਰ ਕੌਰ ,ਰੇਨੂੰ ਸ਼ਰਮਾ, ਮਨਦੀਪ ਕੌਰ, ਗਗਨਦੀਪ ਕੌਰ, ਮਨਪ੍ਰੀਤ ਕੌਰ, ਸਿਮਰਨ ਕੌਰ, ਕਸ਼ਮੀਰ ਕੌਰ, ਜਸਲੀਨ ਕੌਰ, ਰਾਜਵੀਰ ਕੌਰ, ਸੀਮਾ ਜਾਜਾ, ਮੈਡਮ ਪਿੰਕੀ, ਰਜਨੀ ਸੈਣੀ, ਮੈਡਮ ਪਾਇਲ, ਤੇਜਿੰਦਰ ਕੌਰ, ਬਲਜੀਤ ਕੌਰ ,ਸਿਮਰਨਜੀਤ ਕੌਰ, ਮਨਜੀਤ ਕੌਰ, ਰਜਿੰਦਰ ਕੌਰ, ਨਵਪ੍ਰੀਤ ਕੌਰ, ਹਰਦੀਪ ਕੌਰ, ਰਾਜਵਿੰਦਰ ਕੌਰ ਆਦਿ ਵੀ ਮੌਜੂਦ ਸਨ।

# ਮਮਤਾ ਦਿਵਸ ਮਨਾਇਆ



**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)** ਡਾ.ਗੋਬਿੰਦ ਟੰਡਨ ਸੀਨੀਅਰ ਮੈਡੀਕਲ ਅਫਸਰ ਸੀ.ਐਚ.ਸੀ ਚਮਕੌਰ ਸਾਹਿਬ ਦੀ ਅਗਵਾਈ ਹੇਠ ਸੈਕਟਰ ਬਜ਼ੀਦਪੁਰ ਅਧੀਨ ਵੱਖ-ਵੱਖ ਸਿਹਤ ਤੇ ਤੰਦਰੁਸਤੀ ਕੇਂਦਰਾਂ ਅਧੀਨ ਮਮਤਾ ਦਿਵਸ ਮਨਾਇਆ ਗਿਆ। ਇਸ ਮੌਕੇ ਰੂਬੀ ਸੀ ਐਚ ਓ ਨੇ ਕਿਹਾ ਕਿ ਹਫਤੇ ਦੇ ਹਰੇਕ ਬੁੱਧਵਾਰ ਨੂੰ ਮਮਤਾ ਦਿਵਸ ਮਨਾਇਆ ਜਾਂਦਾ ਹੈ। ਮਮਤਾ ਦਿਵਸ ਦਾ ਮੁੱਖ ਮੰਤਵ ਬੱਚਿਆਂ ਨੂੰ ਮਾਰੂ ਰੋਗਾਂ ਪੋਲੀਓ, ਕਾਲੀ ਖਾਂਸੀ, ਟੀ.ਬੀ, ਨਮੂਨੀਆ, ਖਸਰਾ, ਰੁਬੇਲਾ, ਅੰਧਰਾਤਾ, ਹੈਪੇਟਾਈਟਸ ਬੀ, ਦਿਮਾਗੀ ਬੁਖਾਰ, ਗਲਘੋਟੂ ਅਤੇ ਟੈਟਨਸ ਤੋਂ ਬਚਾਅ ਦੇ ਟੀਕੇ ਲਗਾਉਣਾ ਹੈ ਅਤੇ ਗਰਭਵਤੀ ਮਹਿਲਾਂਵਾ ਨੂੰ ਸੰਤੁਲਿਤ ਖੁਰਾਕ ਸਬੰਧੀ ਜਾਗਰੂਕ ਕਰਨਾ ਹੈ। ਇਸ ਮੌਕੇ ਤਰਨਵੀਰ ਕੌਰ ਏ.ਐਨ.ਐਮ ਨੇ ਕਿਹਾ ਕਿ ਗਰਭਵਤੀ ਮਹਿਲਾਂਵਾ ਆਪਣੇ ਗਰਭ 'ਚ ਪਲ ਰਹੇ ਬੱਚੇ ਅਤੇ ਆਪਣੀ ਸਿਹਤ ਦਾ ਪੂਰਾ ਖਿਆਲ ਰੱਖਣ ਤੇ ਆਪਣੀ ਡਾਈਟ 'ਚ ਹਰੀਆਂ ਸਬਜ਼ੀਆਂ ਅਤੇ ਫਲਾਂ ਦਾ ਇਸਤੇਮਾਲ ਕਰਨ ਤਾਂ ਜੋ ਜੱਚਾ-ਬੱਚਾ ਦੋਵੇਂ ਤੰਦਰੁਸਤ ਰਹਿਣ ਅਤੇ ਸਰੀਰ ਵਿੱਚ ਖੂਨ ਦੀ ਕਮੀ ਨਾ ਹੋਵੇ। ਉਨ੍ਹਾਂ ਕਿਹਾ ਕਿ ਅੱਜ ਦੇ ਯੁੱਗ ਵਿੱਚ ਕੁੜੀਆਂ ਮੁੰਡਿਆਂ ਤੋਂ ਕਿਸੀ ਵੀ ਖੇਤਰ ਵਿੱਚ ਪਿੱਛੇ ਨਹੀਂ ਹੈ, ਇਸ ਲਈ ਜੇਕਰ ਕੋਈ ਵੀ ਔਰਤ ਜਾ ਵਿਅਕਤੀ ਭਰੂਣ ਹੱਤਿਆ ਜਿਹਾ ਅਪਰਾਧ ਕਰਦਾ ਹੈ ਤਾਂ ਕਾਨੂੰਨ ਅਨੁਸਾਰ ਅਪਰਾਧੀ ਨੂੰ ਸਜਾ ਤੇ ਜੁਰਮਾਨਾ ਹੋ ਸਕਦਾ ਹੈ। ਪਰਿਵਾਰ ਭਲਾਈ ਦੇ ਸਾਧਨਾ ਵਿੱਚ ਪੀ.ਪੀ.ਆਈ.ਯੂ.ਸੀ.ਡੀ, ਨਿਰੋਧ, ਕਾਪਰਟੀ, ਅੰਤਰਾ ਟੀਕਾ ਅਤੇ ਛਾਇਆ ਗੋਲੀਆਂ ਦਾ ਇਸਤੇਮਾਲ ਕੀਤਾ ਜਾ ਸਕਦਾ ਹੈ।ਨਵਜੰਮੇ ਬੱਚਿਆਂ ਨੂੰ ਘੱਟੋ ਘੱਟ 6 ਮਹੀਨੇ ਤੱਕ ਮਾਂ ਦਾ ਹੀ ਦੁੱਧ ਪਿਲਾਇਆ ਜਾਵੇ। ਮਾਂ ਦੇ ਦੁੱਧ ਵਿੱਚ ਪੋਸ਼ਟਿਕ ਤੱਤ ਮੌਜੂਦ ਹੁੰਦੇ ਹਨ ਜੋ ਬੱਚੇ ਨੂੰ ਰੋਗਾਂ ਨਾਲ ਲੜਨ ਦੀ ਤਾਕਤ ਦਿੰਦੇ ਹਨ। ਇਸ ਮੌਕੇ ਸਮੂਹ ਏ.ਐਨ.ਐਮ,ਸਮੂਹ ਸੀ.ਐਚ.ਓ ਅਤੇ ਆਸ਼ਾ ਵਰਕਰਜ਼ ਹਾਰਰ ਸਨ।

## ਹਨੂਮਤ ਸਕੂਲ ਨੇ ਹੋਣਹਾਰ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦਿੱਤੀ

**ਗੁਰਾਇਆ (ਬਿੰਦਰ ਸੁੰਮਨ):** ਸ਼੍ਰੀ ਹਨੂਮਤ ਇੰਟਰਨੈਸ਼ਨਲ ਪਬਲਿਕ ਸਕੂਲ ਗੁਰਾਇਆ ਦੇ ਸੰਸਥਾਪਕ ਸੱਤਿਆ ਪ੍ਰਕਾਸ਼ ਗੁਪਤਾ ਦਾ ਸੁਪਨਾ ਸੀ ਕਿ ਬੱਚਿਆਂ ਲਈ ਇੱਕ ਵਧੀਆ ਵਿੱਦਿਅਕ ਸੰਸਥਾ ਸਥਾਪਿਤ ਕੀਤੀ ਜਾਵੇ ਤਾਂ ਜੋ ਉਹ ਪੜ੍ਹ ਕੇ ਚੰਗੇ ਇਨਸਾਨ ਬਣ ਸਕਣ। ਸ਼੍ਰੀ ਹਨੂਮਤ ਇੰਟਰਨੈਸ਼ਨਲ ਪਬਲਿਕ ਸਕੂਲ ਹਰ ਸਾਲ ਬੋਰਡ ਪ੍ਰੀਖਿਆਵਾਂ ਵਿੱਚ 100% ਨਤੀਜਾ ਪ੍ਰਦਾਨ ਕਰ ਰਿਹਾ ਹੈ। ਇਸ ਸਾਲ ਵਿਦਿਆਰਥੀਆਂ ਨੇ 10ਵੀਂ ਜਮਾਤ ਦੀ ਬੋਰਡ ਪ੍ਰੀਖਿਆ ਵਿੱਚ ਬਹੁਤ ਵਧੀਆ ਅੰਕ ਪ੍ਰਾਪਤ ਕੀਤੇ ਹਨ। ਸਕੂਲ ਮੈਨੇਜਮੈਂਟ ਕਮੇਟੀ ਗਿਰੀਸ਼ ਗੁਪਤਾ ਅਤੇ ਨਰੇਸ਼ ਗੁਪਤਾ ਨੇ ਸੱਤਿਆ ਪ੍ਰਕਾਸ਼ ਗੁਪਤਾ ਸਕਾਲਰਸ਼ਿਪ ਸਕੀਮ ਤਹਿਤ ਸਕੂਲ ਦੇ ਚੋਟੀ ਦੇ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਵੰਡੀ । ਸਕੂਲ ਵਿੱਚ ਹਰੇਕ ਟਾਪਰ ਨੂੰ ਲਗਭਗ 23280/- ਰੁਪਏ ਦੇ ਚੈੱਕ ਦਿੱਤੇ ਗਏ। ਪ੍ਰਿੰਸੀਪਲ ਆਰਤੀ ਸੋਬਤੀ ਨੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਵਧਾਈ ਦਿੱਤੀ।

## ਸ਼ਹੀਦ ਜਗਤਾਰ ਸਿੰਘ ਸਾਊਪੁਰ ਦੀ 14ਵੀਂ ਬਰਸੀ ਸ਼ਰਧਾਪੂਰਵਕ ਮਨਾਈ



**ਨੂਰਪੁਰਬੇਦੀ, (ਸੁਰਜੀਤ ਸਿੰਘ ਕਾਹਲੋਂ)** - ਕੁਪਵਾੜਾ ਵਿਖੇ 6-6-2009 ਨੂੰ ਭਾਰਤੀ ਫੌਜ ਦੇ ਜਵਾਨ ਜਗਤਾਰ ਸਿੰਘ ਵਾਸੀ ਸਾਊਪੁਰ ਦੇਸ਼ ਤੇ ਕੌਮ ਦੀ ਰੱਖਿਆ ਕਰਦੇ ਹੋਏ ਅੱਤਵਾਦੀਆਂ ਨਾਲ ਲੋਹਾ ਲੈਂਦਿਆਂ ਸ਼ਹਾਦਤ ਦਾ ਜਾਮ ਪੀ ਗਿਆ ਸੀ। ਉਸ ਦੀ ਯਾਦ ਵਿਚ ਉਨਾਂ ਦੇ ਪਰਵਾਰ ਵਲੋਂ ਸ਼ਰਧਾਪੂਰਵਕ 14ਵੀਂ ਬਰਸੀ ਮਨਾਈ ਗਈ।

ਪਹਿਲਾਂ ਸਹਿਜ ਪਾਠ ਦੇ ਭੋਗ ਪਾਏ ਗਏ, ਉਪਰੰਤ ਸ਼ਹੀਦ ਦੇ ਪਿਤਾ ਹੰਸ ਰਾਜ ਨੇ ਕਿਹਾ ਕਿ ਮੈਨੂੰ ਆਪਣੇ ਪੁੱਤਰ ਜਗਤਾਰ ਸਿੰਘ ਦੀ ਸ਼ਹੀਦੀ ਉਤੇ ਮਾਣ ਹੈ। ਹਲਕਾ ਵਿਧਾਇਕ ਦਿਨੇਸ਼ ਚੱਢਾ ਨੇ ਕਿਹਾ ਕਿ ਅਸੀਂ ਸ਼ਹੀਦ ਪਰਵਾਰਾਂ ਲਈ ਆਪਣੀ ਬਣਦੀ ਜਿੰਮੇਵਾਰੀ ਨਿਭਾਉਣ ਦਾ ਫਰਜ ਅਦਾ ਕਰਦੇ ਰਹਾਂਗੇ। ਉਨਾਂ ਸ਼ਹੀਦ ਜਗਤਾਰ ਸਿੰਘ ਸਾਊਪੁਰ ਤੇ ਸ਼ਹੀਦ ਗੁਰਪ੍ਰੀਤ ਸਿੰਘ ਸਾਊਪੁਰ (ਬੜੀਵਾਲ) ਦੀ ਯਾਦ ਵਿੱਚ ਖੇਡ ਸਟੇਡੀਅਮ ਬਣਾਉਣ ਦਾ ਵੀ ਐਲਾਨ ਕੀਤਾ। ਸਭਿਆਚਾਰ ਮੰਚ ਪੰਜਾਬ ਦੇ ਪ੍ਰਧਾਨ ਗਾਇਕ ਬੱਲ ਸਾਊਪੁਰੀਆ ਨੇ ਵੀ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ। ਇਸ ਮੌਕੇ ਸਰਪੰਚ ਅਮਰਜੀਤ ਸਿੰਘ, ਜਸਵਿੰਦਰ ਸਿੰਘ, ਹਰਮੇਸ਼ ਸਿੰਘ, ਨਿਰਮਲ ਸਿੰਘ ਸਮੇਤ ਵੱਡੀ ਗਿਣਤੀ 'ਚ ਪਿੰਡਾਂ ਦੇ ਪੰਚ ਸਰਪੰਚ ਤੇ ਲੋਕ ਹਾਜਰ ਸਨ।

## ਨਸ਼ੀਲੀਆ ਗੋਲੀਆਂ ਸਮੇਤ ਕਾਬੂ

**ਫਿਲੌਰ (ਨਿਰਮਲ)**- ਡੀ ਐਸ ਪੀ ਫਿਲੌਰ ਜਗਦੀਸ਼ ਰਾਜ ਅਤੇ ਥਾਣਾ ਮੁਖੀ ਫਿਲੌਰ ਇੰਸਪੈਕਟਰ ਹਰਜਿੰਦਰ ਸਿੰਘ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਬ ਇੰਸਪੈਕਟਰ ਪਰਮਜੀਤ ਸਿੰਘ ਵੱਲੋਂ ਰਾਜ ਪਾਲ ਪੁੱਤਰ ਰਾਮ ਸਿੰਘ ਵਾਸੀ ਮੁੱਹਲਾ ਸੰਤੋਖਪੁਰ ਥਾਣਾ ਫਿਲੌਰ ਨੂੰ ਗ੍ਰਿਫਤਾਰ ਕਰਕੇ ਇਸ ਪਾਸੋਂ 190 ਨਸ਼ੀਲੀਆ ਗੋਲੀਆਂ ਬਰਾਮਦ ਕਰਕੇ ਮੁਕੱਦਮਾ ਨੰਬਰ 148 ਜੁਰਮ 22-61- 85 ਐਨ ਡੀ ਪੀ ਐਸ ਐਕਟ ਤਹਿਤ ਥਾਣਾ ਫਿਲੌਰ ਵਿਖੇ ਦਰਜ ਕੀਤਾ ਗਿਆ। ਮੁਢਲੀ ਪੁੱਛਗਿੱਛ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਇਹ ਲੁਕ ਛਿਪ ਕੇ ਕਾਫੀ ਸਮੇਂ ਤੋਂ ਫਿਲੌਰ ਸ਼ਹਿਰ 'ਚ ਨਸ਼ਾ ਵੇਚਣ ਦਾ ਕਾਰੋਬਾਰ ਕਰ ਰਿਹਾ ਸੀ। ਇਸ ਦਾ ਪੁਲਸ ਰਿਮਾਂਡ ਹਾਸਲ ਕਰਕੇ ਹੋਰ ਪੁੱਛਗਿੱਛ ਕੀਤੀ ਜਾ ਰਹੀ ਹੈ।



## ਸੂਬੇ ਦੇ 29 ਹਜ਼ਾਰ ਤੋਂ ਵੱਧ ਨੌਜਵਾਨਾਂ ਨੂੰ ਦਿੱਤਾ ਰੋਜ਼ਗਾਰ: ਬ੍ਰਮ ਸ਼ੰਕਰ ਜਿੰਪਾ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਸੂਬੇ ਦੇ ਨੌਜਵਾਨਾਂ ਨੂੰ ਉਨ੍ਹਾਂ ਦੀ ਯੋਗਤਾ ਅਨੁਸਾਰ ਰੋਜ਼ਗਾਰ ਮੁਹੱਈਆ ਕਰਵਾਉਣਾ ਪੰਜਾਬ ਸਰਕਾਰ ਦੀ ਮੁੱਖ ਤਰਜੀਹ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਬਣਨ ਤੋਂ ਬਾਅਦ ਸਭ ਤੋਂ ਪਹਿਲਾਂ ਨੌਜਵਾਨਾਂ ਨੂੰ ਰੋਜ਼ਗਾਰ ਦੇਣ ਦਾ ਫੈਸਲਾ ਕੀਤਾ ਗਿਆ ਸੀ, ਜਿਸ ਦੇ ਨਤੀਜੇ ਵਜੋਂ ਪੰਜਾਬ ਸਰਕਾਰ ਨੇ ਇਕ ਸਾਲ ਵਿਚ 29 ਹਜ਼ਾਰ ਤੋਂ ਵੱਧ ਨੌਜਵਾਨਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਇਆ ਹੈ। ਉਹ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵਿਖੇ ਲਗਾਏ ਗਏ ਰੋਜ਼ਗਾਰ ਮੇਲੇ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਨਾਲ ਮੇਅਰ ਸੁਰਿੰਦਰ ਕੁਮਾਰ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਬਲਰਾਜ ਸਿੰਘ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ ਅਤੇ ਜ਼ਿਲ੍ਹਾ ਰੋਜ਼ਗਾਰ ਅਫ਼ਸਰ ਗੁਰਮੇਲ ਸਿੰਘ ਵੀ ਹਾਜ਼ਰ ਸਨ। ਮੰਤਰੀ ਨੇ ਦੱਸਿਆ ਕਿ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵੱਲੋਂ ਲਗਾਏ ਗਏ ਰੋਜ਼ਗਾਰ ਮੇਲੇ ਵਿੱਚ 350 ਤੋਂ ਵੱਧ ਨੌਜਵਾਨਾਂ ਨੇ ਭਾਗ ਲਿਆ ਅਤੇ ਵੱਖ-ਵੱਖ ਕੰਪਨੀਆਂ ਅਤੇ ਸੰਸਥਾਵਾਂ ਵੱਲੋਂ 150 ਨੌਜਵਾਨਾਂ ਨੂੰ ਸ਼ਾਰਟਲਿਸਟ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪ੍ਰਸਿੱਧ ਕੰਪਨੀਆਂ ਸੋਨਾਲੀਕਾ, ਕਵਾਂਟਮ ਪੇਪਰ ਮਿੱਲ, ਰਿਲਾਇੰਸ ਇੰਡਸਟਰੀਜ਼ ਲਿਮਟਿਡ, ਵਰਧਮਾਨ ਯਾਰਨਜ਼ ਐਂਡ ਥਰੈਡਜ਼ ਲਿਮਟਿਡ, ਹੁਸ਼ਿਆਰਪੁਰ ਆਟੋਮੋਬਾਈਲ, ਏ.ਬੀ. ਸ਼ੂਗਰ ਲਿਮਟਿਡ, ਸੈਂਚੁਰੀ ਪਲਾਈਵੁੱਡ, ਪ੍ਰੀਤਿਕਾ ਇੰਜਨੀਅਰਿੰਗ ਕੰਪੋਨੈਂਟਸ ਲਿਮਟਿਡ, ਕਰੋਮਾ ਟਾਟਾ ਇੰਟਰਪ੍ਰਾਈਜਿਜ਼ ਅਤੇ ਹੋਰ ਕੰਪਨੀਆਂ ਨੇ ਭਾਗ ਲਿਆ। ਇਸ ਦੌਰਾਨ ਉਨ੍ਹਾਂ ਵੱਖ-ਵੱਖ ਸੰਸਥਾਵਾਂ ਵੱਲੋਂ ਚੁਣੇ ਗਏ ਨੌਜਵਾਨਾਂ ਨੂੰ ਆਫਰ ਲੈਟਰ ਦਿੱਤੇ ਅਤੇ ਉਨ੍ਹਾਂ ਨਾਲ ਗੱਲਬਾਤ ਵੀ ਕੀਤੀ। ਉਨ੍ਹਾਂ ਕਿਹਾ ਕਿ ਅਜਿਹੇ ਰੋਜ਼ਗਾਰ ਮੇਲੇ ਭਵਿੱਖ ਵਿੱਚ ਵੀ ਜਾਰੀ ਰਹਿਣਗੇ। ਇਸ ਦੌਰਾਨ ਉਨ੍ਹਾਂ ਆਈ.ਟੀ.ਆਈ ਹੁਸ਼ਿਆਰਪੁਰ ਵਿਖੇ ਬੂਟੇ ਵੀ ਲਗਾਏ। ਇਸ ਮੌਕੇ ਪਲੇਸਮੈਂਟ ਅਫ਼ਸਰ ਰਾਕੇਸ਼ ਕੁਮਾਰ, ਕਰੀਅਰ ਕਾਊਂਸਲਰ ਅਦਿੱਤਿਆ ਰਾਣਾ, ਮਹਿੰਦਰ ਰਾਣਾ ਤੋਂ ਇਲਾਵਾ ਕੌਂਸਲਰ ਵਿਜੇ ਅਗਰਵਾਲ, ਪ੍ਰਦੀਪ ਕੁਮਾਰ, ਸਤਵੰਤ ਸਿੰਘ ਸਿਆਣ, ਬਲਵਿੰਦਰ ਕਤਨਾ, ਐਡਵੋਕੇਟ ਅਮਰਜੋਤ ਸੈਣੀ ਅਤੇ ਹੋਰ ਪਤਵੰਤੇ ਵੀ ਹਾਜ਼ਰ ਸਨ।

## 210 ਗ੍ਰਾਮ ਨਸ਼ੀਲੇ ਪਦਾਰਥ ਸਮੇਤ ਗ੍ਰਿਫਤਾਰ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਸਰਤਾਜ ਸਿੰਘ ਚਾਹਲ ਸੀਨੀਅਰ ਪੁਲਸ ਕਪਤਾਨ ਹੁਸ਼ਿਆਰਪੁਰ ਅਤੇ ਸਰਬਜੀਤ ਸਿੰਘ ਬਾਹੀਆ ਜ਼ਿਲ੍ਹਾ ਐਸ.ਪੀ.ਇੰਨਵੈਸਟੀਗੇਸ਼ਨ ਹੁਸ਼ਿਆਰਪੁਰ ਦੇ ਦਿਸ਼ਾ ਨਿਰਦੇਸ਼ਾ ਅਤੇ ਪਲਵਿੰਦਰ ਸਿੰਘ ਪੀ ਪੀ ਐਸ ਉਪ ਪੁਲਸ ਕਪਤਾਨ (ਸਿਟੀ) ਹੁਸ਼ਿਆਰਪੁਰ ਦੀ ਯੋਗ ਰਹਿਨੁਮਾਈ ਅਤੇ ਦਿਸ਼ਾ ਨਿਰਦੇਸ਼ਾ ਮੁਤਾਬਕ ਇੰਸ: ਕਰਨੈਲ ਸਿੰਘ ਮੁੱਖ ਅਫਸਰ ਥਾਣਾ ਮਾਡਲ ਟਾਊਨ ਹੁਸ਼ਿਆਰਪੁਰ ਦੀ ਨਿਗਰਾਨੀ ਹੇਠ ਦੋਰਾਨੇ ਗਸ਼ਤ ਏ ਐਸ ਆਈ ਗੁਰਦੀਪ ਸਿੰਘ ਸਮੇਤ ਸਾਥੀ ਕਰਮਚਾਰੀਆਂ ਦੇ ਟੀ ਪੁਆਂਇਟ ਭਗਤ ਨਗਰ ਤੇ ਮੌਜੂਦ ਸੀ ਤਾਂ ਸਾਹਮਣੇ ਤੋਂ ਇੱਕ ਲੜਕਾ ਪੈਦਲ ਆਉਂਦਾ ਦਿਖਾਈ ਦਿੱਤਾ ਜੋ ਕਿ ਪੁਲਸ ਪਾਰਟੀ ਨੂੰ ਦੇਖ ਕੇ ਘਬਰਾ ਕੇ ਪਿੱਛੇ ਨੂੰ ਮੁੜਨ ਲੱਗਾ ਤਾਂ ਏ ਐਸ ਆਈ ਗੁਰਦੀਪ ਸਿੰਘ ਨੇ ਸਾਥੀ ਕਰਮਚਾਰੀਆਂ ਦੀ ਮਦਦ ਨਾਲ ਕਾਬੂ ਕਰਕੇ ਉਸ ਦਾ ਨਾਂਅ ਪਤਾ ਪੁੱਛਿਆ। ਜਿਸ ਨੇ ਆਪਣਾ ਨਾਂਅ ਹਰਜਿੰਦਰ ਸਿੰਘ ਉਰਫ ਬੱਬਲ ਪੁੱਤਰ ਹਰਭਜਨ ਸਿੰਘ ਵਾਸੀ ਨੇੜੇ ਜੈ ਕਿਸਾਨ ਕੋਲਡ ਸਟੋਰ ਸਹਿਬਜ਼ਾਦਾ ਅਜੀਤ ਸਿੰਘ ਨਗਰ ਥਾਣਾ ਮਾਡਲ ਟਾਊਨ ਹੁਸ਼ਿਆਰਪੁਰ ਦੱਸਿਆ। ਜਿਸ ਦੀ ਚੈਕਿੰਗ ਕਰਨ 'ਤੇ ਉਸ ਕੋਲੋਂ 210 ਗ੍ਰਾਮ ਨਸ਼ੀਲਾ ਪਦਾਰਥ ਬ੍ਰਾਮਦ ਹੋਇਆ। ਜਿਸ 'ਤੇ ਦੋਸ਼ੀ ਖਿਲਾਫ ਥਾਣਾ ਮਾਡਲ ਟਾਊਨ ਹੁਸ਼ਿਆਰਪੁਰ ਵਿਖੇ ਮੁਕੱਦਮਾ ਦਰਜ ਕੀਤਾ ਗਿਆ। ਉਨ੍ਹਾ ਦੱਸਿਆ ਕਿ ਉਕਤ ਹਰਜਿੰਦਰ ਸਿੰਘ ਉਰਫ ਬੱਬਲ ਪਾਸੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਉਕਤ ਵਿਅਕਤੀ ਦੀ ਪੁੱਛਗਿੱਛ ਕੀਤੀ ਜਾ ਰਹੀ ਹੈ ਕਿ ਇਸ ਨਸ਼ੀਲਾ ਪਦਾਰਥ ਕਿੱਥੋਂ ਖ੍ਰੀਦ ਕੇ ਲਿਆਉਂਦਾ ਹੈ ਅਤੇ ਅੱਗੇ ਕਿਸ ਕਿਸ ਨੂੰ ਵੇਚਦਾ ਹੈ।

## ਮਸਜਿਦਾਂ ਤੇ ਮਦਰੱਸਿਆਂ ਨੂੰ 14.25 ਲੱਖ ਰੁਪਏ ਦੇ ਵਿਕਾਸ ਫੰਡ ਕੀਤੇ ਜਾਰੀ : ਐੱਮ ਐੱਫ ਫਾਰੂਕੀ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਪੰਜਾਬ ਭਰ ਵਿੱਚ ਮਸਜਿਦਾਂ ਅਤੇ ਮਦਰੱਸਿਆਂ ਦੀ ਬਿਹਤਰੀ ਦੇ ਨਾਲ-ਨਾਲ ਕਬਰਿਸਤਾਨਾਂ ਨੂੰ ਰਿਜ਼ਰਵ ਕਰਨਾ ਅਤੇ ਉਨ੍ਹਾਂ ਦੀਆਂ ਚਾਰਦੀਵਾਰੀਆਂ ਨੂੰ ਯਕੀਨੀ ਬਣਾਉਣ ਲਈ ਪੰਜਾਬ ਵਕਫ਼ ਬੋਰਡ ਵੱਡੇ ਪੱਧਰ 'ਤੇ ਕੰਮ ਕਰ ਰਿਹਾ ਹੈ। ਇਸ ਤੋਂ ਇਲਾਵਾ ਸਕੂਲੀ ਸਿੱਖਿਆ ਅਤੇ ਸਿਹਤ ਪ੍ਰਣਾਲੀ ਨੂੰ ਅਪਗ੍ਰੇਡ ਕਰਨ ਲਈ ਪੰਜਾਬ ਭਰ ਵਿੱਚ ਵੱਡੇ ਪੱਧਰ 'ਤੇ ਕੰਮ ਚੱਲ ਰਿਹਾ ਹੈ। ਇਸ ਮੁਹਿੰਮ ਤਹਿਤ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਪਿਛਲੇ ਪੰਜ ਮਹੀਨਿਆਂ ਵਿੱਚ ਲੱਖਾਂ ਰੁਪਏ ਦੇ ਫੰਡ ਜਾਰੀ ਕੀਤੇ ਜਾ ਚੁੱਕੇ ਹਨ। ਇਹ ਜਾਣਕਾਰੀ ਦਿੰਦਿਆਂ ਏ.ਡੀ.ਜੀ.ਪੀ-ਕਮ-ਪ੍ਰਸ਼ਾਸਕ ਪੰਜਾਬ ਵਕਫ਼ ਬੋਰਡ ਐਮ.ਐਫ.ਫਾਰੂਕੀ ਨੇ ਕਿਹਾ ਕਿ ਮੁਸਲਿਮ ਭਾਈਚਾਰੇ ਦੀਆਂ ਜਾਇਜ਼ ਮੰਗਾਂ ਦੀ ਪੂਰਤੀ ਲਈ ਲਗਾਤਾਰ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਹੁਸ਼ਿਆਰਪੁਰ ਵਿੱਚ ਮਸਜਿਦਾਂ ਅਤੇ ਮਦਰੱਸਿਆਂ ਨੂੰ 14.25 ਲੱਖ ਰੁਪਏ ਦੇ ਵਿਕਾਸ ਫੰਡ ਜਾਰੀ ਕੀਤੇ ਗਏ ਹਨ, ਜਿਨ੍ਹਾਂ ਵਿੱਚ ਲਾਹੌਰੀਆ ਮੁਹੱਲਾ ਵਿੱਚ ਮਦਰੱਸਾ ਗੋਸੀਆ ਰਿਜ਼ਵੀਆ, ਤਹਿਸੀਲ ਮੁਕੇਰੀਆ ਵਿੱਚ ਮਸਜਿਦ ਰਹਿਮਾਨੀਆ, ਤਹਿਸੀਲ ਗੜ੍ਹਸ਼ੰਕਰ ਵਿੱਚ ਮਸਜਿਦ, ਪਿੰਡ ਮਾਣਕ ਢੇਰੀ ਵਿੱਚ ਜਾਮਾ ਮਦਨੀ ਮਸਜਿਦ, ਪਿੰਡ ਭੋਰਾ ਵਿੱਚ ਮਦੀਨਾ ਮਸਜਿਦ, ਫੌਜੀ ਕਾਲੋਨੀ ਵਿੱਚ ਮਦੀਨਾ ਮਸਜਿਦ, ਪਿੰਡ ਕਾਲਜ਼ਾ ਵਿੱਚ ਨੂਰਾਨੀ ਮਸਜਿਦ, ਪਿੰਡ ਕਲਿਆਣਪੁਰ ਵਿੱਚ ਮਦਰੱਸਾ ਰਜ਼ਾ-ਏ-ਮੁਸਤਫਾ, ਪਿੰਡ ਰਾਏਪੁਰ ਵਿੱਚ ਮਦੀਨਾ ਮਸਜਿਦ ਅਤੇ ਪਿੰਡ ਡੇਹਰੀਵਾਲ ਵਿੱਚ ਮਦੀਨਾ ਮਸਜਿਦ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਦਸੂਹਾ ਵਿੱਚ ਦੋ ਨਵੀਆਂ ਮਸਜਿਦਾਂ ਲਈ 6-6 ਹਜ਼ਾਰ ਰੁਪਏ ਜਾਰੀ ਕੀਤੇ ਗਏ ਹਨ। ਇਸ ਵਾਰ ਹੁਸ਼ਿਆਰਪੁਰ ਸਰਕਲ ਦਫ਼ਤਰ ਵੱਲੋਂ 2.52 ਕਰੋੜ ਰੁਪਏ ਦਾ ਮਾਲੀਆ ਇਕੱਠਾ ਕੀਤਾ ਗਿਆ ਸੀ ਅਤੇ ਹੁਣ ਇਸ ਵਿੱਚ ਹੋਰ ਸੁਧਾਰ ਕਰਨ ਲਈ ਸਮੂਹ ਕਰਮਚਾਰੀ ਸਖ਼ਤ ਮਿਹਨਤ ਕਰ ਰਹੇ ਹਨ।

## ਲਹਿੰਬਰ ਸਿੰਘ ਫਰੀਦ ਨਹੀਂ ਰਹੇ



**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ)**-ਸ਼੍ਰੋਮਣੀ ਅਕਾਲੀ ਦਲ ਦੇ ਆਗੂ, ਗੁਰੂਦੁਆਰਾ ਸਿੰਘ ਸਭਾ ਦੇ ਪ੍ਰਧਾਨ ਸਰਦਾਰ ਲਹਿੰਬਰ ਸਿੰਘ ਫਰੀਦ ਦਾ 80 ਸਾਲ ਦੀ ਉਮਰ 'ਚ ਦਿਹਾਂਤ ਹੋ ਗਿਆ। ਲਹਿੰਬਰ ਸਿੰਘ ਪਿਛਲੇ 2 ਸਾਲ ਤੋਂ ਬਿਮਾਰ ਚੱਲ ਰਹੇ ਸਨ ਉਨ੍ਹਾਂ ਨੇ ਆਖਰੀ ਸਾਹ ਆਪਣੇ ਘਰ ਵਿਖੇ ਲਏ ਉਨ੍ਹਾਂ ਦਾ ਅੰਤਿਮ ਸਸਕਾਰ ਪਿੰਡ ਸੁੰਨੜ ਕਲਾ ਦੀ ਸਮਸ਼ਾਨ ਘਾਟ 'ਚ ਕਰ ਦਿੱਤਾ ਗਿਆ। ਇਸ ਮੌਕੇ ਪਰਵਾਰਕ ਮੈਂਬਰਾਂ ਤੋਂ ਇਲਾਵਾ ਹੋਰ ਸੱਜਣ ਮਿੱਤਰ ਵੀ ਮੌਜੂਦ ਸਨ।

ਉਨ੍ਹਾਂ ਦੀ ਮੌਤ ਨਾਲ ਜਿੱਥੇ ਪੂਰੇ ਇਲਾਕੇ ਵਿਚ ਸੋਗ ਦੀ ਲਹਿਰ ਹੈ, ਉਥੇ ਬਹੁਤ ਸਾਰੇ ਸਿਆਸੀ ਤੇ ਸਮਾਜੀ ਆਗੂਆਂ ਵੱਲੋਂ ਡੂੰਘੇ ਦੁਖ ਦਾ ਪ੍ਰਗਟਾਵਾ ਕੀਤਾ ਹੈ।

ਉਨ੍ਹਾਂ ਦੀ ਅੰਤਿਮ ਅਰਦਾਸ ਗੁਰਦੁਆਰਾ ਸਿੰਘ ਸਭਾ ਪਿੰਡ ਸੁੰਨੜ ਕਲਾ ਵਿਖੇ, 12 ਜੂਨ ਦਿਨ ਸੋਮਵਾਰ ਨੂੰ 12 ਤੋਂ ਬਾਅਦ ਦੁਪਹਿਰ 1 ਵਜੇ ਤੱਕ ਹੋਵੇਗੀ।

# ਸਰਕਾਰੀ ਕਾਲਜ ਵਿਖੇ ਆਯੋਜਿਤ ਕੀਤਾ ਰੁਜ਼ਗਾਰ ਮੇਲਾ




**ਐੱਸ ਏ ਐੱਸ ਨਗਰ (ਗੁਰਜੀਤ ਬਿੱਲਾ)** ਜ਼ਿਲ੍ਹਾ ਰੁਜ਼ਗਾਰ ਅਤੇ ਕਾਰੋਬਾਰ ਬਿਊਰੋ-ਕਮ-ਮਾਡਲ ਕੈਰੀਅਰ ਸੈਂਟਰ, ਐਸ ਏ ਐਸ ਨਗਰ ਵਲੋਂ ਪੀ ਐਸ ਡੀ ਐਮ, ਐਸ ਏ ਐਸ ਨਗਰ ਅਤੇ ਸ਼ਹੀਦ ਮੇਜਰ ਹਰਮਿੰਦਰਪਾਲ ਸਿੰਘ (ਸ਼ੌਰਿਆ ਚੱਕਰ) ਸਰਕਾਰੀ ਕਾਲਜ, ਫੇਜ਼-6, ਐਸ ਏ ਐਸ ਨਗਰ ਨਾਲ ਮਿਲ ਕੇ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਤੇ ਸਿਖਲਾਈ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਜਿਲ੍ਹੇ ਦੇ ਬੇਰੁਜਗਾਰ ਨੌਜਵਾਨਾਂ ਨੂੰ ਰੁਜ਼ਗਾਰ ਦੇ ਅਵਸਰ ਮੁਹੱਈਆ ਕਰਵਾਉਣ ਲਈ ਸ਼ਹੀਦ ਮੇਜਰ ਹਰਮਿੰਦਰਪਾਲ ਸਿੰਘ (ਸ਼ੌਰਿਆ ਚੱਕਰ) ਸਰਕਾਰੀ ਕਾਲਜ, ਫੇਜ਼-6, ਐਸ.ਏ.ਐਸ. ਨਗਰ ਵਿਖੇ ਮੈਗਾ ਰੁਜ਼ਗਾਰ ਮੇਲੇ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ 38 ਨਿਯੋਜਕਾਂ ਵੱਲੋਂ ਭਾਗ ਲਿਆ ਗਿਆ। ਜਿਸ ਵਿੱਚ ਮੁੱਖ ਤੌਰ ਤੇ ਨਿੱਕ ਬੇਕਰਜ਼, ਏਅਰਟੈਲ, ਨਾਹਰ ਸਪੀਨਿੰਗ ਮਿਲਜ਼, ਉਸ਼ਾ ਯਾਰਨ, ਕੁਨੈਕਟ, ਟੈਲੀਪਰਫੋਰਮੈਂਸ, ਗਲੋਬ ਆਟੋਮੋਬਾਇਲਜ਼, ਡੀਟੀਨਸ ਟੈਕਨਾਲੋਜੀ ਪ੍ਰਾ: ਲਿਮ:, ਸੂਰਿਆ ਕੰਸਟਰਕਸਨ, ਭਾਰਤ ਪੇਅ, ਪੇਟੀਐਮ, ਐਲੀਨਾ ਆਟੋਮੋਬਾਇਲਜ਼, ਪੀ.ਐਂਡ ਐਮ. ਕਰੇਸੰਜ, ਜੁਬਲੀ ਗਰੁੱਪ, ਸਿੰਘ ਇੰਜੀ: ਆਦਿ ਵਲੋਂ ਭਾਗ ਲਿਆ ਗਿਆ। ਇਸ ਰੁਜ਼ਗਾਰ ਮੇਲੇ ਵਿੱਚ ਪ੍ਰਾਰਥੀਆਂ ਲਈ ਆਈ.ਟੀ.ਸੈਕਟਰ ਨਾਲ ਸਬੰਧਿਤ ਜਿਵੇਂ ਪੀ.ਐਚ.ਪੀ. ਡਿਵੈਲਪਰ, ਕੰਪਿਊਟਰ ਆਪਰੇਸ਼ਨ ਅਫਸਰ, ਡਿਪਲੋਮਾ/ਡਿਗਰੀ (ਸਿਵਲ ਇੰਜੀ:), ਟੈਕਸਟਾਈਲ, ਡਾਟਾ ਐਂਟਰੀ ਓਪਰੇਟਰ, ਅਕਾਊਂਟਸ ਮੈਨੇਜਰ, ਕਸਟਮਰ ਰਿਲੇਸ਼ਨਸ਼ਿਪ ਅਫਸਰ, ਐਗਜੈਗਟਿਵ ਅਫਸਰ, ਕਸਟਮਰ ਕੇਅਰ ਐਗਜੈਗਟਿਵ, ਸੀ.ਐਨ.ਸੀ.ਓਪਰੇਟਰ, ਟਰਨਰ, ਫਿਟਰ, ਇਲੈਕਟ੍ਰੀਸੀਅਨ, ਸੀ.ਐਨ.ਸੀ./ਵੀ.ਐਮ.ਸੀ. ਓਪਰੇਟਰ, ਸਰਵਿਸ ਇੰਜੀਨੀਅਰ, ਸਿਲਾਈ ਕਢਾਈ ਨਾਲ ਸਬੰਧਿਤ ਆਦਿ ਸੈਕਟਰਾਂ ਵਿੱਚ ਆਸਾਮੀਆਂ ਉਪਲਬੱਧ ਕਰਵਾਈਆਂ ਗਈਆਂ। ਜਿਸ ਵਿੱਚ ਮੈਟ੍ਰਿਕ, ਬਾਰਵੀਂ, ਆਈ.ਟੀ.ਆਈ./ਡਿਪਲੋਮਾ, ਗ੍ਰੈਜੂਏਟ ਅਤੇ ਪੋਸਟ ਗ੍ਰੈਜੂਏਟ ਪਾਸ ਪ੍ਰਾਰਥੀਆਂ ਵਲੋਂ ਭਾਗ ਲਿਆ ਗਿਆ। ਇਸ ਰੁਜ਼ਗਾਰ ਮੇਲੇ ਵਿੱਚ ਕੁੱਲ 1000 ਦੇ ਕਰੀਬ ਪ੍ਰਾਰਥੀਆਂ ਨੇ ਭਾਗ ਲਿਆ ਜਿਨ੍ਹਾਂ ਦੀ ਮੌਕੇ 'ਤੇ ਮੌਜੂਦ ਨਿਯੋਜਕਾਂ ਕੋਲ ਇੰਟਰਵਿਊ ਕਰਵਾਈ ਗਈ। ਇਸ ਵਿੱਚ ਕੁੱਲ 185 ਪ੍ਰਾਰਥੀਆਂ ਦੀ ਮੌਕੇ 'ਤੇ ਚੋਣ ਕੀਤੀ ਗਈ ਅਤੇ 657 ਪ੍ਰਾਰਥੀਆਂ ਦੀ ਦੂਜੇ ਰਾਊਂਡ ਲਈ ਸਿਲੈਕਸ਼ਨ ਕੀਤੀ ਗਈ।

## ਸੱਭਿਆਚਾਰਕ ਮੇਲਿਆਂ ਦੀ ਲੜੀ ਸ਼ਲਾਘਾਯੋਗ ਫੈਸਲਾ : ਡਾ. ਜੌਨ



**ਸ਼ਾਹਕੋਟ (ਗਿਆਨ ਸੈਦਪੁਰੀ)** ਹਲਕਾ ਸ਼ਾਹਕੋਟ ਤੋਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਡਾ. ਵਿਲੀਅਮ ਜੌਨ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸੱਭਿਆਚਾਰਕ ਮੇਲਿਆਂ ਦੀ ਲੜੀ ਸ਼ੁਰੂ ਕਰਵਾਉਣ ਦੇ ਫੈਸਲੇ ਦੀ ਸ਼ਲਾਘਾ ਕੀਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਆਪਣੇ ਅਮੀਰ ਸੱਭਿਆਚਾਰ ਲਈ ਜਾਣਿਆ ਜਾਂਦਾ ਹੈ। ਸੱਭਿਆਚਾਰਕ ਮੇਲਿਆਂ ਰਾਹੀ ਲੋਕ ਇੱਕ ਦੂਸਰੇ ਦੇ ਨੇੜੇ ਆਉਂਦੇ ਹਨ। ਇਹ ਮੇਲੇ ਜ਼ਿੰਦਗੀ ਵਿੱਚ ਖੁਸ਼ੀਆਂ ਖੇੜੇ ਵੰਡਦੇ ਹਨ। ਡਾ. ਜੌਨ ਨੇ ਕਿਸਾਨਾਂ ਦੀ ਬਿਹਤਰੀ ਲਈ ਸਰਕਾਰ ਵੱਲੋਂ ਕੀਤੇ ਜਾ ਰਹੇ ਕੰਮਾਂ ਦੀ ਗੱਲ ਕਰਦਿਆਂ ਕਿਹਾ ਕਿ ਕਿਸਾਨਾਂ ਦਾ ਵੀ ਫਰਜ਼ ਬਣਦਾ ਹੈ ਕਿ ਉਹ ਪੰਜਾਬ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਕੀਤੇ ਜਾ ਰਹੇ ਉਪਰਾਲਿਆਂ ਵਿੱਚ ਸਹਿਯੋਗ ਦੇਣ।

## ਸਲੇਮਪੁਰ ਵਿਖੇ ਸਾਲਾਨਾ ਫੁੱਟਬਾਲ ਟੂਰਨਾਮੈਂਟ ਆਰੰਭ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਸਲੇਮਪੁਰ ਵਿਖੇ 50 ਕਿੱਲੋਂ ਤੋਂ ਘੱਟ ਭਾਰ ਦੀਆਂ ਟੀਮਾਂ ਦਾ ਫੁੱਟਬਾਲ ਟੂਰਨਾਮੈਂਟ ਪਿੰਡ ਗ੍ਰਾਮ ਪੰਚਾਇਤ ਸਲੇਮਪੁਰ ਵੱਲੋਂ ਸ਼ੁਰੂ ਕਰਵਾਇਆ ਗਿਆ। ਇਸ 'ਚ 32 ਟੀਮਾਂ ਨੇ ਐਂਟਰੀ ਕਰਾਈ ਹੈ। ਇਸ ਸ਼ੁਭ ਮੌਕੇ ਟੂਰਨਾਮੈਂਟ ਦੀ ਉਦਘਟਨੀ ਰਸਮ ਜਸਵੀਰ ਸਿੰਘ ਜੱਲੋਵਾਲ ਜ਼ਿਲ੍ਹਾ ਪ੍ਰਧਾਨ ਕਿਸਾਨ ਵਿੰਗ ਵੱਲੋਂ ਕੀਤੀ ਗਈ। ਜਗਦੀਸ਼ ਕੌਰ ਸਰਪੰਚ ਸਲੇਮਪੁਰ, ਕੁਲਵਿੰਦਰ ਕੌਰ ਪੰਚ, ਪਰਮਜੀਤ ਕੌਰ ਪੰਚ, ਪਰਵਿੰਦਰ ਕੁਮਾਰ, ਮਹਿੰਦਰ ਸਿੰਘ ਸਾਬਕਾ ਸਰਪੰਚ ਅਤੇ ਪ੍ਰਧਾਨ ਗ੍ਰਾਮ ਸੁਧਾਰ ਕਮੇਟੀ ਅਤੇ ਹੋਰ ਬਹੁਤ ਸਾਰੇ ਪਤਵੰਤੇ ਸੱਜਣਾ ਨੇ ਇਸ ਮੌਕੇ ਆਪਣੀ ਹਾਜ਼ਰੀ ਲਾਈ। ਜਸਵੀਰ ਸਿੰਘ ਜੱਲੋਵਾਲ ਨੇ ਪਿੰਡ ਦੇ ਨੌਜਵਾਨਾਂ ਨੂੰ ਖੇਡਾਂ ਨਾਲ ਜੁੜਨ ਲਈ ਪ੍ਰੇਰਿਆ ਅਤੇ ਨਗਰ ਪੰਚਾਇਤ ਦੀ ਭਰਭੂਰ ਸ਼ਲਾਘਾ ਕੀਤੀ।

# ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਮੁੱਖ ਮੰਤਰੀ ਦੀ ਕੋਠੀ ਮੂਹਰੇ ਧਰਨਾ

**ਜਲੰਧਰ,(ਰਾਜੇਸ਼ ਥਾਪਾ, ਕੇਸਰ )**-ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਦੇ ਸੱਦੇ 'ਤੇ ਪੰਜਾਬ ਭਰ 'ਚੋਂ ਵਿਸ਼ਾਲ ਕਾਫ਼ਲਿਆਂ ਦੇ ਰੂਪ ਵਿਚ ਸੰਗਰੂਰ ਪੁੱਜੇ ਹਜ਼ਾਰਾਂ ਪੇਂਡੂ ਅਤੇ ਖੇਤ ਮਜ਼ਦੂਰਾਂ, ਜਿਨ੍ਹਾਂ ਵਿਚ ਭਾਰੀ ਗਿਣਤੀ ਇਸਤਰੀਆਂ ਵੀ ਸ਼ਾਮਿਲ ਸਨ, ਨੇ ਸੂਬੇ ਦੀ ਭਗਵੰਤ ਮਾਨ ਸਰਕਾਰ ਤੋਂ ਬੇਜ਼ਮੀਨੇ-ਸਾਧਨਹੀਨ ਪੇਂਡੂ ਮਜ਼ਦੂਰ ਵਰਗ ਦੀਆਂ ਅਹਿਮ ਅਤੇ ਹੱਕੀ ਮੰਗਾਂ ਦੀ ਲਗਾਤਾਰ ਕੀਤੀ ਜਾ ਰਹੀ ਅਣਦੇਖੀ ਵਿਰੁੱਧ ਮੁੱਖ ਮੰਤਰੀ ਦੀ ਸੰਗਰੂਰ ਵਿਚਲੀ ਕੋਠੀ ਅੱਗੇ ਵਿਸ਼ਾਲ ਧਰਨਾ ਦਿੱਤਾ। ਇਸ ਮੌਕੇ ਸਾਂਝੇ ਮਜ਼ਦੂਰ ਮੋਰਚੇ ਦੇ ਆਗੂਆਂ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਆਗੂ ਹਰਮੇਸ਼ ਮਾਲੜੀ, ਦਿਹਾਤੀ ਮਜ਼ਦੂਰ ਸਭਾ ਦੇ ਸੂਬਾ ਪ੍ਰਧਾਨ ਦਰਸ਼ਨ ਨਾਹਰ, ਪੰਜਾਬ ਖੇਤ ਮਜ਼ਦੂਰ ਸਭਾ ਦੇ ਕਰਿਸ਼ਨ ਚੌਹਾਨ, ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਸਕੱਤਰ ਬਿੱਕਰ ਸਿੰਘ ਹਥੋਆ, ਮਜ਼ਦੂਰ ਮੁਕਤੀ ਮੋਰਚਾ ਦੇ ਪ੍ਰਧਾਨ ਭਗਵੰਤ ਸਿੰਘ ਸਮਾਓ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਜਨਰਲ ਸਕੱਤਰ ਲਖਬੀਰ ਲੌਂਗੋਵਾਲ, ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ ਨੇ ਐਲਾਨ ਕੀਤਾ ਕਿ ਜੇਕਰ ਅਜੇ ਵੀ ਸਰਕਾਰ ਨਾ ਜਾਗੀ ਤਾਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਦੀਆਂ ਆਮ ਨੀਤੀਆਂ ਅਤੇ ਪਿੰਡਾਂ ਦੇ ਗਰੀਬ ਕਿਰਤੀਆਂ ਪ੍ਰਤੀ ਦੋਖੀ ਪਹੁੰਚ ਪੱਖੋਂ ਪਿਛਲੀਆਂ ਸਰਕਾਰਾਂ ਨਾਲੋਂ ਉਕਾ ਹੀ ਕੋਈ ਫ਼ਰਕ ਨਹੀਂ ਹੈ ਅਤੇ ਇਹ ਸਰਕਾਰ ਵੀ ਬੇਜ਼ਮੀਨੇ ਮਜ਼ਦੂਰਾਂ ਦੀ ਪੁੱਜ ਕੇ ਵਿਰੋਧੀ ਸਾਬਤ ਹੋਈ ਹੈ। ਮੋਰਚੇ ਦੇ ਆਗੂਆਂ ਗੁਰਨਾਮ ਸਿੰਘ ਦਾਉਦ,





ਹਰਭਗਵਾਨ ਮੂਨਕ, ਕਸ਼ਮੀਰ ਘੁੱਗਸ਼ੋਰ, ਹਰਵਿੰਦਰ ਸੇਮਾ, ਨਾਨਕ ਚੰਦ ਲੰਬੀ, ਬਲਵਿੰਦਰ ਝਲੂਰ, ਮੱਖਣ ਸਿੰਘ ਰਾਮਗੜ੍ਹ, ਬਲਦੇਵ ਨੂਰਪੁਰੀ, ਧਰਮਵੀਰ ਹਰੀਗੜ੍ਹ, ਅੰਗਰੇਜ਼ ਸਿੰਘ ਗੋਰਾਮੱਤਾ ਨੇ ਕਿਹਾ ਕਿ 5 ਅਪ੍ਰੈਲ ਨੂੰ ਖਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ, ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਰੀਵਾਲ ਅਤੇ ਕੈਬਨਿਟ ਮੰਤਰੀ ਅਮਨ ਅਰੋੜਾ 'ਤੇ ਅਧਾਰਤ ਕੈਬਨਿਟ ਸਬ ਕਮੇਟੀ ਵੱਲੋਂ ਮਜ਼ਦੂਰ ਜਥੇਬੰਦੀਆਂ ਨਾਲ ਚੰਡੀਗੜ੍ਹ ਵਿਖੇ ਹੋਈ ਮੀਟਿੰਗ ਦੌਰਾਨ ਪ੍ਰਵਾਨ ਕੀਤੀਆਂ ਗਈਆਂ ਮੰਗਾਂ ਉਪਰ ਵੀ ਅਮਲ ਨਹੀਂ ਕੀਤਾ ਗਿਆ ਅਤੇ ਨਾ ਹੀ ਮੀਟਿੰਗ ਦੀ ਲਿਖਤੀ ਕਾਰਵਾਈ ਦੀ ਕਾਪੀ ਸਾਂਝੇ ਮਜ਼ਦੂਰ ਮੋਰਚੇ ਦੇ ਆਗੂਆਂ ਨੂੰ ਮੁਹੱਈਆ ਕਰਵਾਈ ਗਈ ਹੈ। ਉਨ੍ਹਾਂ ਨੇ ਕਿਹਾ ਕਿ ਮੌਜੂਦਾ ਸੂਬਾ ਸਰਕਾਰ ਜਦੋਂ ਵੀ ਸੱਤਾ ਵਿਚ ਆਈ ਹੈ ਉਸ ਵਕਤ ਤੋਂ ਅੱਜ ਤੱਕ ਉਸਦੇ ਮੂੰਹ 'ਚੋਂ ਮਜ਼ਦੂਰ ਸ਼ਬਦ ਸੁਣਨ ਤੱਕ ਨੂੰ ਵੀ ਨਹੀਂ ਮਿਲਿਆ, ਮਸਲੇ ਹੱਲ ਕਰਨੇ ਤਾਂ ਦੂਰ ਦੀ ਗੱਲ ਰਹੀ। ਇਸ ਮੌਕੇ ਪਿੰਡ ਖੇੜੀਭੀਮਾ, ਪਟਿਆਲਾ ਅਤੇ ਪਿੰਡ ਨਮੋਲ, ਸੰਗਰੂਰ ਵਿਖੇ ਦਲਿਤ ਮਜ਼ਦੂਰਾਂ ਦੀ ਘੜੰਮ ਚੌਧਰੀਆਂ ਵੱਲੋਂ ਕੁੱਟਮਾਰ ਕਰਨ ਦੀ ਨਿਖੇਧੀ ਕਰਦੇ ਹੋਏ ਐਸਸੀ/ਐਸਟੀ ਐਕਟ ਤਹਿਤ ਪਰਚਾ ਦਰਜ ਕਰਨ, ਪਿੰਡ ਖੋਖਰ ਸ਼੍ਰੀ ਮੁਕਤਸਰ ਸਾਹਿਬ ਵਿਖੇ ਲੋੜਵੰਦ ਮਜ਼ਦੂਰਾਂ ਦਾ ਰਿਹਾਇਸ਼ੀ ਪਲਾਟਾਂ 'ਤੇ ਦਲਿਤਾਂ ਦੇ ਰਾਖਵੇਂ ਤੀਜੇ ਹਿੱਸੇ ਦਾ ਹੱਕ ਮਾਰਨ ਲਈ ਨਿਯਮਾਂ ਦੇ ਉਲਟ ਗੁਰਦੁਆਰਾ ਸਾਹਿਬ ਵਿਖੇ ਡੰਮੀ ਬੋਲੀ ਕਰਨ ਦੀ ਨਿੰਦਾ ਕਰਦਿਆਂ ਫਰਜ਼ੀ ਬੋਲੀ ਰੱਦ ਕਰਨ ਦੀ ਮੰਗ ਕੀਤੀ। ਡਾਕਟਰ ਨਵਸ਼ਰਨ ਕੌਰ ਸਮੇਤ ਲੋਕ ਕਾਰਕੁੰਨਾਂ ਅਤੇ ਬੁੱਧੀਜੀਵੀਆਂ ਨੂੰ ਈਡੀ ਵਰਗੀਆਂ ਏਜੰਸੀਆਂ ਵੱਲੋਂ ਤੰਗ ਪ੍ਰੇਸ਼ਾਨ ਕਰਨ ਅਤੇ ਪਹਿਲਵਾਨ ਧੀਆਂ ਨੂੰ ਤਾਨਾਸ਼ਾਹੀ ਹਕੂਮਤ ਵੱਲੋਂ ਨਿਆਂ ਨਾ ਦੇਣ ਦੀ ਨਿੰਦਾ ਕਰਦਿਆਂ ਬੁੱਧੀਜੀਵੀਆਂ ਨੂੰ ਤੰਗ ਪ੍ਰੇਸ਼ਾਨ ਕਰਨਾ ਬੰਦ ਕਰਨ, ਬ੍ਰਿਜ਼ਭੂਸ਼ਨ ਸ਼ਰਨ ਸਿੰਘ ਨੂੰ ਗ੍ਰਿਫ਼ਤਾਰ ਕਰਨ, ਲੋਕ ਪੱਖੀ ਬੁੱਧੀਜੀਵੀਆਂ ਤੇ ਕਾਰਕੁੰਨਾਂ ਨੂੰ ਫੌਰੀ ਰਿਹਾਅ ਕਰਨ ਦੀ ਮੰਗ ਵੀ ਕੀਤੀ ਗਈ।

## ਨਵਜੋਤ ਸਾਹਿਤ ਸੰਸਥਾ ਔੜ ਵੱਲੋਂ ਛਿਮਾਹੀ ਦੇ ਸਾਹਿਤਕ ਸਮਾਗਮਾਂ ਦਾ ਐਲਾਨ



**ਨਵਾਂ ਸ਼ਹਿਰ, ( ਕੁਲਵਿੰਦਰ ਸਿੰਘ ਦੁਰਗਾਪੁਰੀਆ )** ਨਵਜੋਤ ਸਾਹਿਤ ਸੰਸਥਾ (ਰਜਿ.) ਔੜ ਦੀ ਮੀਟਿੰਗ ਗੁਰੂ ਨਾਨਕ ਨਗਰ ਕਲੋਨੀ, ਨਵਾਂ ਸ਼ਹਿਰ ਵਿਖੇ ਕੀਤੀ ਗਈ। ਮੀਟਿੰਗ 'ਚ ਹਾਜ਼ਰ ਮੈਂਬਰਾਂ ਨੇ ਲੋਕਾਂ ਨੂੰ ਸਮਾਜਿਕ ਰੌਸ਼ਨੀ ਲਈ ਨਵਜੋਤ ਦੇ ਸਾਹਿਤਕ ਕਾਫ਼ਲੇ 'ਚ ਸ਼ਾਮਲ ਹੋਣ ਦਾ ਸੱਦਾ ਦਿੱਤਾ। ਮੀਟਿੰਗ ਦੀ ਪ੍ਰਧਾਨਗੀ ਸੰਸਥਾ ਦੇ ਪ੍ਰਧਾਨ ਮੈਡਮ ਰਜਨੀ ਸ਼ਰਮਾ ਨੇ ਕੀਤੀ। ਉਹਨਾਂ ਸੰਸਥਾ ਵਲੋਂ 'ਮਹਿਲਾ ਸਸ਼ਕਤੀਕਰਨ' ਨੂੰ ਸਮਰਪਿਤ ਇਸ ਵਰ੍ਹੇ 'ਚ ਹੁਣ ਤੱਕ ਦੇ ਸਮਾਗਮਾਂ ਦੀ ਸਫ਼ਲਤਾ ਲਈ ਸਮੂਹ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਅਗਲੀ ਛਿਮਾਹੀ ਦੇ ਛੇ ਸਮਾਗਮਾਂ ਦਾ ਐਲਾਨ ਕੀਤਾ। ਸੰਸਥਾ ਵਲੋਂ ਉਲੀਕੇ ਗਏ ਇਹਨਾਂ ਸਮਾਗਮਾਂ ਤਹਿਤ ਇਸ ਮਹੀਨੇ ਨਵਜੋਤ ਸਾਹਿਤ ਸੰਸਥਾ ਔੜ ਦੇ ਦਫ਼ਤਰ ਤੋਂ ਰੌਸ਼ਨ ਕਲਾ ਕੇਂਦਰ ਗੱਜ਼ਰ ਤੱਕ ਸਾਹਿਤਕ ਯਾਤਰਾ ਕੱਢੀ ਜਾਵੇਗੀ, ਤੀਆਂ ਨੂੰ ਸਮਰਪਿਤ ਪਿੰਡ ਕਾਹਮਾ ਵਿੱਚ ਪੰਜਾਬੀ ਵਿਰਸੇ ਦਾ ਪਿੜ ਸਜਾਇਆ ਜਾਵੇਗਾ ਅਤੇ ਅਧਿਆਪਕ ਦਿਵਸ ਮੌਕੇ ਮਹਿਲਾ ਅਧਿਆਪਕਾਂ ਦਾ ਸਨਮਾਨ। ਇਵੇਂ ਵਿਦਿਆਰਥਣਾਂ ਦਾ 'ਕਵਿਤਾ ਉਚਾਰਨ ਮੁਕਾਬਲਾ' ਕਰਵਾਇਆ ਜਾਵੇਗਾ ਅਤੇ ਕਵਿੱਤਰੀ ਦਰਬਾਰ 'ਚ ਪੰਜਾਬ ਦੇ ਨਾਮਵਰ ਮਹਿਲਾ ਹਸਤਾਖ਼ਰ ਆਪਣੀਆਂ ਰਚਨਾਵਾਂ ਦੀ ਸਾਂਝ ਪਾਉਣਗੇ। ਇਸ ਦੇ ਨਾਲ ਹੀ ਦਸੰਬਰ ਮਹੀਨੇ ਸੰਸਥਾ ਦੇ ਸਲਾਨਾ ਸਮਾਗਮ ਵਿੱਚ ਵੱਖ ਵੱਖ ਖੇਤਰਾਂ 'ਚ ਨਾਮਣਾ ਖੱਟਣ ਵਾਲੀਆਂ ਮਹਿਲਾਵਾਂ ਦਾ ਸਨਮਾਨ ਕੀਤਾ ਜਾਵੇਗਾ। ਸੰਸਥਾ ਦੇ ਸਕੱਤਰ ਮੈਡਮ ਅਮਰਜੀਤ ਜਿੰਦ ਵਲੋਂ ਸਾਂਝੇ ਕੀਤੇ ਇਹਨਾਂ ਸਮਾਗਮਾਂ 'ਤੇ ਹਾਜ਼ਰੀਨ ਨੇ ਸਹਿਮਤੀ ਪ੍ਰਗਟਾਉਂਦਿਆਂ ਇਹਨਾਂ ਦੀ ਸਫ਼ਲਤਾ ਲਈ ਹਿੱਸੇ ਆਉਂਦੇ ਫ਼ਰਜ ਨਿਭਾਉਣ ਲਈ ਭਰਪੂਰ ਹਾਮੀਂ ਭਰੀ। ਸੰਸਥਾ ਦੇ ਨੁਮਾਇੰਦੇ ਕਮਲਜੀਤ ਕਮਲ, ਸਤਪਾਲ ਸਾਹਲੋਂ, ਸੁਰਜੀਤ ਮਜਾਰੀ, ਦਵਿੰਦਰ ਬੇਗਮਪੁਰੀ, ਚਮਨ ਮੱਲਪੁਰੀ, ਦੇਸ ਰਾਜ ਬਾਲੀ ਆਦਿ ਨੇ ਸਮਾਗਮਾਂ ਸਬੰਧੀ ਆਪੋ ਆਪਣੇ ਸੁਝਾਅ ਵੀ ਦਿੱਤੇ ਅਤੇ ਸੰਸਥਾ ਦੇ ਆਰਥਿਕ ਸਹਿਯੋਗ ਲਈ ਢੁੱਕਵੀਂ ਵਿਊਂਤਬੰਦੀ ਕਰਨ ਦੀ ਲੋੜ 'ਤੇ ਵੀ ਜ਼ੋਰ ਦਿੱਤਾ। ਹਾਜ਼ਰ ਮੈਂਬਰਾਂ ਨੇ ਆਪਣੀਆਂ ਰਚਨਾਵਾਂ ਦੀ ਸਾਂਝ ਵੀ ਪਾਈ।

## ਈ ਟੀ ਓ ਵੱਲੋਂ ਜਲੰਧਰ-ਆਦਮਪੁਰ-ਹੁਸ਼ਿਆਰਪੁਰ ਸੜਕ ਦੇ ਚੱਲ ਰਹੇ ਕਾਰਜ ਦਾ ਜਾਇਜ਼ਾ

**ਜਲੰਧਰ (ਸੁਰਿੰਦਰ ਕੁਮਾਰ)** ਪੰਜਾਬ ਦੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ.ਟੀ ਨੇ ਜਲੰਧਰ-ਆਦਮਪੁਰ-ਹੁਸ਼ਿਆਰਪੁਰ ਸੜਕ ਦੇ ਚੱਲ ਰਹੇ ਕਾਰਜ ਦਾ ਨਿਰੀਖਣ ਕਰਦਿਆਂ ਅਧਿਕਾਰੀਆਂ ਨੂੰ ਕੰਮ ਦੀ ਰਫਤਾਰ 'ਚ ਤੇਜੀ ਲਿਆਉਣ ਦੀਆਂ ਹਦਾਇਤਾਂ ਦਿੱਤੀਆਂ ਤਾਂ ਜੋ ਲੋਕਾਂ ਨੂੰ ਜਲਦ ਤੋਂ ਜਲਦ ਇਹ ਸਹੂਲਤ ਮਿਲ ਸਕੇ। ਅਧਿਕਾਰੀਆਂ ਸਮੇਤ ਸੜਕ ਦਾ ਦੌਰਾ ਕਰਦਿਆਂ ਲੋਕ ਨਿਰਮਾਣ ਮੰਤਰੀ ਨੇ ਕਿਹਾ ਕਿ ਲੋਕਾਂ ਨੂੰ ਰਾਹਤ ਦੇਣ ਦੇ ਮਕਸਦ ਨਾਲ 13.74 ਕਰੋੜ ਰੁਪਏ ਦੀ ਲਾਗਤ ਵਾਲੇ ਇਸ ਪ੍ਰਾਜੈਕਟ ਦਾ ਕੰਮ ਪਿਛਲੇ ਮਹੀਨੇ ਸ਼ੁਰੂ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਇਸ ਸੜਕ ਦੇ ਬਣਨ ਨਾਲ ਜਲੰਧਰ ਸਹਿਰ ਤੋਂ ਹੁਸਆਿਰਪੁਰ ਜਾਣ ਵਾਲੇ ਲੋਕਾਂ ਦੇ ਨਾਲ-ਨਾਲ ਮਾਤਾ ਚਿੰਤਪੁਰਨੀ ਦੇ ਪਵਿੱਤਰ ਅਸਥਾਨ ਦੇ ਦਰਸ਼ਨ ਲਈ ਜਾਣ ਵਾਲਿਆਂ ਅਤੇ ਹੋਰ ਥਾਵਾਂ 'ਤੇ ਜਾਣ ਵਾਲੇ ਰਾਹਗੀਰਾਂ ਨੂੰ ਬਹੁਤ ਵੱਡੀ ਸਹੂਲਤ ਮਿਲੇਗੀ। ਮੰਤਰੀ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੰਦਿਆਂ ਕਿਹਾ ਕਿ ਗੁਣਵੱਤਾ ਅਤੇ ਮਿਆਰ ਦਾ ਪੂਰਾ ਧਿਆਨ ਰੱਖਦੇ ਹੋਏ ਇਸ ਪ੍ਰਾਜੈਕਟ ਨੂੰ ਸਮਾਂਬੱਧ ਢੰਗ ਨਾਲ ਮੁਕੰਮਲ ਕਰਨ ਵਿੱਚ ਕੋਈ ਕਸਰ ਬਾਕੀ ਨਾ ਛੱਡੀ ਜਾਵੇ ਤਾਂ ਜੋ ਇਸ ਸੜਕ 'ਤੇ ਲੋਕਾਂ ਦੀ ਆਵਾਜਾਈ ਨੂੰ ਜਲਦ ਤੋਂ ਜਲਦ ਆਸਾਨ ਬਣਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਅਗਲੇ ਮਹੀਨੇ ਮਾਤਾ ਚਿੰਤਪੁਰਨੀ ਅਤੇ ਜਵਾਲਾ ਜੀ ਵਿਖੇ ਲੱਗਣ ਵਾਲੇ ਮੇਲਿਆਂ ਵਿੱਚ ਵੱਡੀ ਗਿਣਤੀ ਸ਼ਰਧਾਲੂ ਇਥੋਂ ਹੋ ਕੇ ਜਾਂਦੇ ਹਨ, ਜਿਸ ਦੇ ਮੱਦੇਨਜ਼ਰ ਇਸ ਸੜਕ ਦੇ ਕੰਮ ਨੂੰ ਜਲਦ ਤੋਂ ਜਲਦ ਨੇਪਰੇ ਚਾੜ੍ਹਨ ਨੂੰ ਯਕੀਨੀ ਬਣਾਇਆ ਜਾਵੇ ਤਾਂ ਜੋ ਸ਼ਰਧਾਲੂਆਂ ਨੂੰ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।

## ਬੀ ਡੀ ਪੀ ਉ ਦਫ਼ਤਰ 'ਚ ਬਾਂਦਰਾਂ ਦੀ ਦਹਿਸ਼ਤ

**ਫਿਲੌਰ (ਨਿਰਮਲ)** - ਸਥਾਨਕ ਬੀਡੀਪੀਓ ਦਫਤਰ ਵਿਖੇ ਬਾਂਦਰਾਂ ਦੀ ਦਹਿਸ਼ਤ ਵੱਧਦੀ ਜਾ ਰਹੀ ਹੈ। ਇਹ ਕਦੀ ਦਫਤਰ ਦੀ ਛੱਤ ਤੇ ਕਦੀ ਗੇਟ ਉਪਰ ਆ ਬੈਠਦੇ ਹਨ। ਦਫਤਰ ਆਉਣ- ਜਾਣ ਵਾਲੇ ਲੋਕਾਂ ਦੇ ਦਿਲਾਂ ਵਿੱਚ ਡਰ ਬੈਠਾ ਹੈ ਕਿਉਂਕਿ ਇਨ੍ਹਾਂ ਬਾਂਦਰਾਂ ਨੇ ਕਈ ਵਾਰ ਰਾਹਗੀਰਾਂ 'ਤੇ ਹਮਲਾ ਕੀਤਾ ਹੈ। ਇਸ ਦਫ਼ਤਰ ਆਉਣ ਵਾਲੇ ਲੋਕ ਹੁਣ ਖੌਫਜਦਾ ਹਨ ਤੇ ਉਹ ਦਿਨ ਦੂਰ ਨਹੀਂ ਜਦੋਂ ਲੋਕ ਇਥੇ ਆਉਣਾ ਬੰਦ ਕਰ ਦੇਣਗੇ। ਸਰਕਾਰ ਤੋਂ ਮੰਗ ਹੈ ਕਿ ਇਨ੍ਹਾਂ ਬਾਦਰਾਂ ਨੂੰ ਜੰਗਲ ਵਿਚ ਛੱਡਿਆ ਜਾਵੇ ਤਾਂ ਜੋ ਲੋਕ ਆਰਾਮ ਨਾਲ ਦਫਤਰ ਜਾ ਕੇ ਆਪਣੇ ਕੰਮ ਕਰਾ ਸਕਣ।

## ਏਕਮ ਪਬਲਿਕ ਸਕੂਲ 'ਚ ਸਮਰ ਕੈਂਪ ਦਾ ਸ਼ਾਨਦਾਰ ਉਦਘਾਟਨ

**ਮਹਿਤਪੁਰ (ਰਾਜਾ)** ਏਕਮ ਪਬਲਿਕ ਸਕੂਲ ਮਹਿਤਪੁਰ ਵਿਖੇ ਸਕੂਲ ਡਾਇਰੈਕਟਰ ਨਿਰਮਲ ਸਿੰਘ ਥਿੰਦ ਅਤੇ ਪ੍ਰਿੰਸੀਪਲ ਅਮਨਦੀਪ ਕੌਰ ਦੀ ਨਿਗਰਾਨੀ ਹੇਠ ਸਮਰ ਕੈਂਪ ਆਯੋਜਤ ਕੀਤਾ ਗਿਆ। ਕੈਂਪ ਵਿੱਚ ਫਸਟ ਕਲਾਸ ਤੋਂ ਲੈ ਕੇ ਅੱਠਵੀਂ ਤੱਕ ਦੇ 350 ਵਿਦਿਆਰਥੀਆਂ ਨੇ ਹਿੱਸਾ ਲਿਆ। ਬੱਚਿਆਂ ਨੂੰ ਯੋਗਾ,ਆਰੋਬਿਕਸ,ਆਰਟ ਐਂਡ ਕਰਾਫਟ,ਡਾਂਸ ਭੰਗੜਾ ਅਤੇ ਜੁੰਬਾ ਆਦਿ ਐਕਟੀਵਿਟੀ ਕਰਵਾਈਆਂ ਗਈਆਂ। ਬੱਚਿਆਂ ਨੂੰ ਸਪੈਸ਼ਲ ਰਿਫਰੈਸਮੈਂਟ ਵੀ ਦਿੱਤੀ । ਬੱਚਿਆਂ ਵੱਲੋਂ ਹਰ ਐਕਟੀਵਿਟੀ ਦਾ ਭਰਪੂਰ ਆਨੰਦ ਮਾਣਿਆਂ ਗਿਆ। ਕੈਂਪ ਵਿਚ ਨੌਵੀਂ ਤੋਂ ਬਾਰਵੀਂ ਜਮਾਤ ਦੇ ਅਧਿਆਪਕਾਂ ਨੇ ਵੀ ਸ਼ਿਰਕਤ ਕੀਤੀ। ਇਸ ਮੌਕੇ ਸਕੂਲ ਮੈਨੇਜਮੈਂਟ ਤੋਂ ਦਲਜੀਤ ਸਿੰਘ, ਵਾਈਸ ਪ੍ਰਿੰਸੀਪਲ ਦਲਜੀਤ ਕੌਰ, ਵਾਈਸ ਪ੍ਰਿੰਸੀਪਲ ਸਮੀਕਸ਼ਾ ਸ਼ਰਮਾ,ਬਲਾਕ ਸੁਪਰਵਾਈਜਰ ਦਵਿੰਦਰ ਨਾਹਰ, ਅੰਕਿਤਾ ਮਿਸ਼ਰਾ, ਰਾਜਵਿੰਦਰ ਕੌਰ, ਯੋਗਾ ਅਤੇ ਆਰੋਬਿਕਸ ਇੰਚਾਰਜ ਪਰਮਿੰਦਰ ਸਿੰਘ, ਅਤੇ ਸੰਦੀਪ ਅਲੀ, ਕੁਲਦੀਪ ਸਿੰਘ, ਬਲਜੀਤ ਕੌਰ, ਗਗਨਪ੍ਰੀਤ, ਅਵਰੀਤ ਆਰਟ ਐਂਡ ਕਰਾਫਟ ਇੰਚਾਰਜ ਅਮਨਦੀਪ ਕੌਰ,ਆਰਤੀ ਤਿਵਾੜੀ, ਊਸ਼ਾ, ਗੀਤਾ, ਸੁਨੀਤਾ,ਡਾਂਸ ਅਤੇ ਭੰਗੜਾ ਇੰਚਾਰਜ ਨਵਜੋਤ, ਪ੍ਰਦੀਪ, ਤਮੰਨਾ, ਸੁਨਿਧੀ,ਆਸ਼ਾ, ਸਰੋਜ, ਚੰਚਲ ਰਾਣੀ, ਅਮ੍ਰਿਤਪਾਲ ਕੌਰ, ਮਾਈਕਲ ਅਤੇ ਦਲੀਪ ਕੁਮਾਰ ਹਾਜਰ ਸਨ।

## ਗਲਤ ਸਰਟੀਫਿਕੇਟ ਬਣਾ ਕੇ ਲਾਭ ਲੈਣ ਵਾਲਿਆਂ 'ਤੇ ਸਖਤ ਕਾਰਵਾਈ ਕਰੇ ਸਰਕਾਰ : ਪੱਲੀ ਝਿੱਕੀ

**ਬਹਿਰਾਮ (ਅਵਤਾਰ ਕਲੇਰ)** ਐਸ ਸੀ ਬੀ ਸੀ ਅਧਿਆਪਕ ਯੂਨੀਅਨ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਜਰੂਰੀ ਮੀਟਿੰਗ ਬੰਗਾ ਵਿੱਚ ਪ੍ਰਧਾਨ ਰਾਮ ਕ੍ਰਿਸ਼ਨ ਪੱਲੀ ਝਿੱਕੀ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਪੰਜਾਬ ਵਿੱਚ ਕੁਝ ਆਮ ਵਰਗ ਦੇ ਲੋਕਾਂ ਵਲੋਂ ਐਸ ਸੀ ਸਰਟੀਫਿਕੇਟ ਬਣਾ ਕੇ ਨੌਕਰੀਆਂ ਪ੍ਰਾਪਤ ਕਰਨ ਦੀ ਘੋਰ ਨਿੰਦਾ ਕੀਤੀ ਗਈ। ਪੱਲੀ ਝਿੱਕੀ ਨੇ ਕਿਹਾ ਕਿ ਸ਼ਾਤਰ ਲੋਕਾਂ ਨੇ ਐਸ ਸੀ ਵਰਗ ਦੇ ਲੋਕਾਂ ਦਾ ਹੱਕ ਮਾਰਿਆ ਹੈ ਇਨ੍ਹਾਂ 'ਤੇ ਕਾਨੂੰਨ ਅਨੁਸਾਰ ਕਾਰਵਾਈ ਹੋਣੀ ਚਾਹੀਦੀ ਹੈ। ਇਸ ਮੌਕੇ ਮੀਟਿੰਗ ਨੂੰ ਸੁਰਜੀਤ ਸੈਂਪਲੇ, ਸਤਪਾਲ ਰਟੈਂਡਾ, ਪਰਮਿੰਦਰ ਭੰਗਲ ਨੇ ਵੀ ਸੰਬੋਧਨ ਕਰਦਿਆਂ ਕਿਹਾ ਕਿ ਇਸ ਸੰਬੰਧੀ ਜਲਦੀ ਹੀ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ ਕਾਰਵਾਈ ਸੰਬੰਧੀ ਮੰਗ ਪੱਤਰ ਦਿੱਤਾ ਜਾਵੇਗਾ। ਇਸ ਮੌਕੇ ਸਰਬ ਸੰਮਤੀ ਨਾਲ ਇਹ ਫੈਸਲਾ ਲਿਆ ਗਿਆ ਕਿ ਚੰਡੀਗੜ੍ਹ ਵਿੱਚ ਦਿੱਤੇ ਜਾ ਰਹੇ ਧਰਨੇ ਵਿੱਚ ਵਧ ਚੜ੍ਹ ਕੇ ਸ਼ਮੂਲੀਅਤ ਕੀਤੀ ਜਾਵੇ। ਇਸ ਮੌਕੇ ਬਲਿਹਾਰ ਚੰਦ, ਦੇਸ ਰਾਜ ਨੌਰਦ, ਗੁਰਦਿਆਲ ਮਾਨ, ਮੱਖਣ ਬਖਲੌਰ, ਅਮਰ ਕਟਾਰੀਆ, ਵਿਪਨ ਕੁਮਾਰ ਬੰਗਾ, ਲੈਕ ਮਨਜਿੰਦਰ ਸਿੰਘ, ਸਤਵੀਰ ਸਿੰਘ, ਰਮੇਸ਼ ਕੁਮਾਰ ਪੀਟੀਆਈ, ਸੋਮਨਾਥ, ਨਿਤਨ ਮੁਕੰਦਪੁਰ, ਟੋਡਰ ਮੱਲ, ਅਮਰਜੀਤ ਸਿੰਘ, ਨਿਰਮਲ ਬੇਗੋਵਾਲ, ਅਮਰੀਕ ਸਿੰਘ ਆਦਿ ਹਾਜ਼ਰ ਸਨ।

## ਜੀ ਟੀ ਯੂ ਬਲਾਕ ਕੋਟ ਫਤੂਹੀ ਦੀ ਹੋਈ ਅਹਿਮ ਮੀਟਿੰਗ

**ਮੇਹਟੀਆਣਾ( ਜਗਤਾਰ ਸਿੰਘ ਭੂੰਗਰਨੀ)** -ਪੁਰਾਣੀ ਪੈਂਨਸ਼ਨ ਬਹਾਲੀ ਸੰਘਰਸ਼ ਕਮੇਟੀ ਅਤੇ ਗੌਰਮਿੰਟ ਟੀਚਰ ਯੂਨੀਅਨ ਬਲਾਕ ਕੋਟ ਫਤੂਹੀ ਦੀ ਬਲਾਕ ਪ੍ਰਧਾਨ ਨਰਿੰਦਰ ਅਜਨੋਹਾ ਅਤੇ ਜਨਰਲ ਸਕੱਤਰ ਉਂਕਾਰ ਸਿੰਘ ਦੀ ਸਰਪ੍ਰਸਤੀ ਹੇਠ ਮੀਟਿੰਗ ਹੋਈ। ਮੀਟਿੰਗ ਵਿੱਚ ਪੰਜਾਬ ਦੀ 'ਆਪ' ਸਰਕਾਰ ਵਲੋਂ ਮੁਲਾਜਮਾਂ ਦੀ ਲੰਬੇ ਸਮੇਂ ਤੋਂ ਲਟਕਦੀ ਮੰਗ ਪੁਰਾਣੀ ਪੈਂਨਸ਼ਨ ਬਹਾਲੀ ਨੂੰ ਲੈ ਕੇ ਵਿਚਾਰ ਵਟਾਂਦਰਾ ਕੀਤਾ ਗਿਆ। ਆਗੂਆਂ ਨੇ ਕਿਹਾ ਕਿ ਲਗਭਗ ਨੌਂ ਮਹੀਨੇ ਬੀਤਣ ਦੇ ਬਾਵਜੂਦ ਅਧੂਰੇ ਪੁਰਾਣੀ ਪੈਂਨਸ਼ਨ ਬਹਾਲੀ ਦੇ ਨੋਟੀਫਿਕੇਸ਼ਨ ਨੂੰ ਅਮਲੀ ਜਾਮਾ ਸਰਕਾਰ ਵਲੋਂ ਨਹੀਂ ਪਹਿਨਾਇਆ ਗਿਆ। ਕਦੇ ਸਰਕਾਰ ਵਲੋਂ ਸਮਾਂ ਮੰਗਿਆ ਜਾ ਰਿਹਾ ਹੈ, ਕਦੇ ਕਮੇਟੀਆਂ-ਸਬ ਕਮੇਟੀਆਂ ਬਣਾਈਆਂ ਜਾ ਰਹੀਆਂ ਹਨ ਅਤੇ ਹੁਣ ਜਿਨ੍ਹਾਂ ਸੂਬਿਆਂ ਵਿੱਚ ਪੁਰਾਣੀ ਪੈਨਸ਼ਨ ਸਕੀਮ ਨੂੰ ਲਾਗੂ ਕਰ ਦਿੱਤਾ ਹੈ, ਉਹਨਾਂ ਸੂਬਿਆਂ ਦਾ ਦੌਰਾ ਕਰਕੇ ਮੁਲਾਜਮਾਂ ਦੀ ਇਸ ਮੰਗ ਪ੍ਰਤੀ ਟਾਲਮਟੋਲ ਦੀ ਨੀਤੀ ਅਪਣਾਈ ਹੋਈ ਹੈ , ਜਿਸਨੂੰ ਮੁਲਾਜਮ ਬਰਦਾਸ਼ਤ ਨਹੀਂ ਕਰਨਗੇ। ਸਗਲੀ ਰਾਮ ਅਤੇ ਰਜਿੰਦਰ ਕੁਮਾਰ ਵਲੋਂ ਕਿਹਾ ਗਿਆ ਕਿ ਜੇਕਰ ਸਰਕਾਰ ਜਲਦੀ ਪੁਰਾਣੀ ਪੈਂਨਸ਼ਨ ਬਹਾਲ ਨਹੀਂ ਕਰਦੀ ਤਾਂ ਮੁਲਾਜਮ ਸਰਕਾਰ ਵਿਰੁੱਧ ਸੰਘਰਸ਼ ਕਰਨ ਲਈ ਮਜਬੂਰ ਹੋਣਗੇ। ਇਸ ਮੌਕੇ ਸਰਕਾਰ ਵਿਰੁੱਧ ਜੰਮ ਕੇ ਨਾਅਰੇਬਾਜੀ ਕੀਤੀ ਗਈ। ਮੀਟਿੰਗ ਵਿੱਚ ਮਹਿੰਦਰ ਪਾਲ, ਬਖਤਾਵਰ ਸਿੰਘ, ਸੰਦੀਪ ਕੁਮਾਰ, ਪ੍ਰਿਤਪਾਲ ਸਿੰਘ, ਅਸ਼ੋਕ ਕੁਮਾਰ, ਸੰਜੀਵ ਕੁਮਾਰ ਅਤੇ ਕਈ ਹੋਰ ਐਨ.ਪੀ.ਐਸ ਪੀੜਤ ਮੁਲਾਜਮ ਹਾਜਰ ਸਨ।

## ਬਾਬਾ ਜਵਾਲਾ ਸਿੰਘ ਯਾਦਗਾਰੀ ਪੁਰਸਕਾਰ ਮਨਜੀਤ ਔਲਖ ਨੂੰ ਭਲਕੇ

**ਜਲੰਧਰ: (ਕੇਸਰ)**-ਆਸਟ੍ਰੇਲੀਆ ਦੀ ਸਿਰਮੌਰ ਸਾਹਿਤਕ ਸੰਸਥਾ ਇੰਡੋਜ਼ ਪੰਜਾਬੀ ਸਾਹਿਤ ਅਕੈਡਮੀ ਆਫ਼ ਆਸਟ੍ਰੇਲੀਆ ਦੇ ਸਹਿਯੋਗ ਨਾਲ ਸਾਹਿਤ ਕਲਾ ਕੇਂਦਰ ਜਲੰਧਰ ਵੱਲੋਂ ਦਿੱਤਾ ਜਾਣ ਵਾਲਾ ਗ਼ਦਰੀ ਬਾਬਾ ਜਵਾਲਾ ਸਿੰਘ ਠੱਠੀਆਂ ਯਾਦਗਾਰੀ ਪੁਰਸਕਾਰ ਇਸ ਵਾਰ ਉੱਘੀ ਰੰਗਮੰਚੀ ਹਸਤੀ ਮਨਜੀਤ ਕੌਰ ਔਲਖ ਨੂੰ ਦਿੱਤਾ ਜਾਵੇਗਾ। ਕਲਾ ਕੇਂਦਰ ਦੇ ਪ੍ਰਧਾਨ ਪ੍ਰੋ. ਗੋਪਾਲ ਸਿੰਘ ਬੁੱਟਰ ਅਨੁਸਾਰ ਇਹ 7ਵਾਂ ਬਾਬਾ ਜਵਾਲਾ ਸਿੰਘ ਪੁਰਸਕਾਰ 10 ਜੂਨ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਸਵੇਰੇ 10:30 ਵਜੇ ਕਰਵਾਏ ਜਾ ਰਹੇ ਸਮਾਗਮ ਵਿੱਚ ਦਿੱਤਾ ਜਾਵੇਗਾ। ਇਸ ਵਿੱਚ ਸਨਮਾਨਿਤ ਸਖ਼ਸ਼ੀਅਤ ਨੂੰ ਇੱਕ ਯਾਦਗਾਰੀ ਚਿੰਨ੍ਹ, ਦੁਸ਼ਾਲਾ ਅਤੇ 21000 ਰੁਪਏ ਦੀ ਰਾਸ਼ੀ ਨਕਦ ਦਿੱਤੀ ਜਾਵੇਗੀ। ਸਮਾਗਮ ਵਿੱਚ ਉੱਘੇ ਚਿੰਤਕ ਡਾ. ਪਿਆਰੇ ਲਾਲ ਗਰਗ ਬਤੌਰ ਮੁੱਖ ਮਹਿਮਾਨ ਸ਼ਿਰਕਤ ਕਰਨਗੇ। ਉਨ੍ਹਾਂ ਦੇ ਨਾਲ ਪ੍ਰਧਾਨਗੀ ਮੰਡਲ ਵਿੱਚ ਉੱਘੇ ਲੇਖਕ ਕੁਲਦੀਪ ਸਿੰਘ ਬੇਦੀ, ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ, ਲਾਇਲਪੁਰ ਖਾਲਸਾ ਕਾਲਜ ਜਲੰਧਰ ਦੇ ਪ੍ਰਿੰਸੀਪਲ ਜਸਰੀਨ ਕੌਰ ਅਤੇ ਦੂਰਦਰਸ਼ਨ ਕੇਂਦਰ ਜਲੰਧਰ ਦੇ ਸਾਬਕਾ ਅਧਿਕਾਰੀ ਡਾ. ਹਰਜੀਤ ਸਿੰਘ ਮੰਚ ਉਤੇ ਸੁਸ਼ੋਭਿਤ ਹੋਣਗੇ। ਕੇਂਦਰ ਦੇ ਸਰਪ੍ਰਸਤ ਇੰਜ. ਸੀਤਲ ਸਿੰਘ ਸੰਘਾ, ਮੀਤ ਪ੍ਰਧਾਨ ਮਨੋਹਰ ਖਹਿਰਾ ਅਤੇ ਜਨਰਲ ਸਕੱਤਰ ਨਰਿੰਦਰਪਾਲ ਸਿੰਘ ਕੰਗ ਆਏ ਸਾਹਿਤ ਪ੍ਰੇਮੀਆਂ ਦਾ ਸਵਾਗਤ ਅਤੇ ਧੰਨਵਾਦ ਕਰਨ ਦੀ ਜ਼ਿੰਮੇਵਾਰੀ ਨਿਭਾਉਣਗੇ। ਸਨਮਾਨਿਤ ਸਖ਼ਸ਼ੀਅਤ ਦੇ ਕਲਾਤਮਕ ਯੋਗਦਾਨ ਬਾਰੇ ਅਮੋਲਕ ਸਿੰਘ ਆਪਣੇ ਵਿਚਾਰ ਪ੍ਰਸਤੁਤ ਕਰਨਗੇ। ਸਮਾਗਮ ਦੇ ਅਖੀਰ ਵਿੱਚ ਹਾਜ਼ਰ ਕਵੀ ਆਪਣਾ ਕਲਾਮ ਪ੍ਰਸਤੁਤ ਕਰਨਗੇ।

## ਜ਼ਿਲ੍ਹਾ ਪੱਧਰੀ ਧਰਨੇ ਦੀ ਲਾਮਬੰਦੀ ਲਈ ਅਬਾਦਕਾਰਾਂ ਕਿਸਾਨਾਂ ਕੀਤੀ ਮੀਟਿੰਗ

**ਨੂਰਪੁਰਬੇਦੀ, (ਸੁਰਜੀਤ ਸਿੰਘ ਕਾਹਲੋਂ)**- ਪੰਜਾਬ ਸਰਕਾਰ ਵੱਲੋਂ ਪੰਚਾਇਤੀ ਜ਼ਮੀਨਾਂ ਤੋਂ ਕਬਜ਼ਾ ਛੱਡਣ ਦੇ ਦਿੱਤੇ ਗਏ ਹੁਕਮ ਤੋਂ ਬਾਅਦ ਆਬਾਦਕਾਰਾਂ ਕਿਸਾਨਾਂ ਵੱਲੋਂ ਇਸ ਫੈਸਲੇ ਦੇ ਵਿਰੋਧ 'ਚ ਹੋਰ ਜਥੇਬੰਦੀਆਂ ਦੇ ਸਹਿਯੋਗ ਨਾਲ ਨਿਰੰਤਰ ਆਪਣਾ ਸੰਘਰਸ਼ ਹੋਰ ਤੇਜ਼ ਕੀਤਾ ਜਾ ਰਿਹਾ ਹੈ।

ਇਲਾਕਾ ਆਬਾਦਕਾਰ ਸੰਘਰਸ਼ ਕਮੇਟੀ ਵੱਲੋਂ 9 ਜੂਨ ਨੂੰ ਰੂਪਨਗਰ ਵਿਖੇ ਦਿੱਤੇ ਜਾ ਰਹੇ ਜ਼ਿਲ੍ਹਾ ਪੱਧਰੀ ਧਰਨੇ ਨੂੰ ਲੈ ਕੇ ਕਿਸਾਨਾਂ ਅਤੇ ਆਬਾਦਕਾਰਾਂ ਨੂੰ ਲਾਮਬੱਧ ਕਰਨ ਲਈ ਪਿੰਡਾਂ 'ਚ ਮੀਟਿੰਗਾਂ ਦਾ ਸਿਲਸਿਲਾ ਰੋਜਾਨਾ ਜਾਰੀ ਹੈ, ਜਿਸ ਤਹਿਤ ਸੰਘਰਸ਼ ਕਮੇਟੀ ਦੇ ਮੈਂਬਰਾਂ ਨੇ ਪ੍ਰਧਾਨ ਦਲਜੀਤ ਸਿੰਘ ਰਾਏਪੁਰ ਦੀ ਅਗਵਾਈ ਹੇਠ ਪਿੰਡ ਮੁੰਨੇ ਵਿਖੇ ਆਬਾਦਕਾਰ ਕਿਸਾਨਾਂ ਨਾਲ ਭਰਵੀਂ ਮੀਟਿੰਗ ਕੀਤੀ। ਰਾਏਪੁਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਦਹਾਕਿਆਂ ਤੋਂ ਕਾਬਜ਼ ਕਿਸਾਨਾਂ ਤੋਂ ਜ਼ਮੀਨਾਂ ਦੇ ਹੱਕ ਖੋਹਣੇ ਤਾਨਾਸ਼ਾਹੀ ਫੈਸਲਾ ਹੈ। ਜਿਸ ਨਾਲ ਹਜ਼ਾਰਾਂ ਆਬਾਦਕਾਰਾਂ ਕਿਸਾਨਾਂ ਦਾ ਰੋਜ਼ੀ-ਰੋਟੀ ਦਾ ਸਾਧਨ ਖੁੱਸ ਜਾਣ ਕਾਰਨ ਚੁੱਲ੍ਹੇ ਠੰਡੇ ਹੋ ਜਾਣਗੇ।

ਉਨ੍ਹਾਂ ਨੇ ਕਿਹਾ ਕਿ ਸਰਕਾਰ ਇਸ ਨਾਦਰਸ਼ਾਹੀ ਫੁਰਮਾਨ ਨੂੰ ਵਾਪਸ ਲੈ ਕੇ ਅਬਾਦਕਾਰ ਕਿਸਾਨਾਂ ਦੇ ਹੱਕ 'ਚ ਕੋਈ ਵਧੀਆ ਪਾਲਿਸੀ ਬਣਾ ਕੇ ਉਨ੍ਹਾਂ ਨੂੰ ਮਾਲਕੀ ਹੱਕ ਦੇਵੇ, ਕਿਉਂਕਿ ਕਿਸਾਨਾਂ ਦੇ ਬਜ਼ੁਰਗਾਂ ਨੇ ਹੱਡ ਭੰਨਵੀਂ ਖੂਨ ਪਸੀਨੇ ਦੀ ਸਖਤ ਮਿਹਨਤ ਕਰਕੇ ਬੰਜਰ ਜ਼ਮੀਨਾਂ ਨੂੰ ਆਬਾਦ ਕੀਤਾ ਹੈ। ਸੰਘਰਸ਼ ਕਮੇਟੀ ਦੇ ਆਗੂਆਂ ਨੇ ਕਿਹਾ ਕਿ ਹੋਰਨਾਂ ਪਿੰਡਾਂ 'ਚ ਪਹੁੰਚ ਕੇ ਵੀ ਕਿਸਾਨਾਂ ਨੂੰ ਸਰਕਾਰ ਦੇ ਉਕਤ ਫੈਸਲੇ ਦੇ ਵਿਰੋਧ ਅਤੇ 9 ਜੂਨ ਨੂੰ ਰੂਪਨਗਰ ਵਿਖੇ ਦਿੱਤੇ ਜਾਣ ਵਾਲੇ ਧਰਨੇ ਪ੍ਰਤੀ ਲਾਮਬੱਧ ਕੀਤਾ ਜਾ ਰਿਹਾ ਹੈ। ਇਸ ਮੌਕੇ 'ਤੇ ਮਾਸਟਰ ਮਹਿੰਦਰ ਸਿੰਘ ਬਲਜਿੰਦਰ ਸਿੰਘ ਲਾਡੀ, ਗੁਰਨਾਮ ਸਿੰਘ, ਭਾਗ ਸਿੰਘ ਤੇ ਬਲਵੀਰ ਸਿੰਘ ਦੋਵੇਂ ਸਾਬਕਾ ਸਰਪੰਚ, ਪਾਲਾ ਸਿੰਘ ਹਰਸਿਮਰਨ ਸਿੰਘ ਆਦਿ ਹਾਜਰ ਸਨ।

## ਜਿੰਪਾ ਨੇ ਛਾਉਣੀ ਕਲਾਂ 'ਚ 24 ਲੱਖ ਰੁਪਏ ਦੀ ਲਾਗਤ ਨਾਲ ਵਿਕਾਸ ਕਾਰਜਾਂ ਦੀ ਕਰਵਾਈ ਸ਼ੁਰੂਆਤ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਪਿੰਡਾਂ ਦੇ ਬੁਨਿਆਦੀ ਢਾਂਚੇ ਦੇ ਵਿਕਾਸ ਦੇ ਨਾਲ-ਨਾਲ ਇਥੋਂ ਦੇ ਨੌਜਵਾਨਾਂ ਨੂੰ ਖੇਡਾਂ ਪ੍ਰਤੀ ਉਤਸ਼ਾਹਿਤ ਕਰਨਾ ਪੰਜਾਬ ਸਰਕਾਰ ਦਾ ਮੁੱਖ ਉਦੇਸ਼ ਹੈ । ਉਨ੍ਹਾ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦਾ ਵਿਜ਼ਨ ਹੈ ਕਿ ਪੰਜਾਬ ਦੇ ਨੌਜਵਾਨ ਖੇਡਾਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈ ਕੇ ਪੂਰੀ ਦੁਨੀਆ ਵਿੱਚ ਪੰਜਾਬ ਦਾ ਨਾਂਅ ਰੋਸ਼ਨ ਕਰਨ। ਉਹ ਪਿੰਡ ਛਾਉਣੀ ਕਲਾਂ ਵਿੱਚ ਕਰੀਬ 24 ਲੱਖ ਰੁਪਏ ਦੀ ਲਾਗਤ ਨਾਲ ਹੋਣ ਵਾਲੇ ਵਿਕਾਸ ਕਾਰਜਾਂ ਦੀ ਸ਼ੁਰੂਆਤ ਦੌਰਾਨ ਪਿੰਡ ਵਾਸੀਆਂ ਨੂੰ ਸੰਬੋਧਨ ਕਰ ਰਹੇ ਸਨ। ਕੈਬਨਿਟ ਮੰਤਰੀ ਨੇ ਕਿਹਾ ਕਿ ਇਸ ਰਾਸ਼ੀ ਵਿਚੋਂ 2.01 ਲੱਖ ਰੁਪਏ ਪੀਣ ਵਾਲੇ ਪਾਣੀ, 5.43 ਲੱਖ ਰੁਪਏ ਗਲੀਆਂ ਨਾਲੀਆਂ, 2.76 ਲੱਖ ਰੁਪਏ ਗੰਦੇ ਪਾਣੀ ਦੀ ਨਿਕਾਸੀ, 12 ਲੱਖ ਰੁਪਏ ਫੁੱਟਬਾਲ ਗਰਾਊਂਡ ਲਈ ਅਤੇ 1.68 ਲੱਖ ਰੁਪਏ ਲਾਈਟਾਂ 'ਤੇ ਖਰਚ ਕੀਤੇ ਜਾਣਗੇ। ਉਨ੍ਹਾ ਕਿਹਾ ਕਿ ਫੁੱਟਬਾਲ ਗਰਾਊਂਡ ਦੀ ਚਾਰਦੀਵਾਰੀ ਵੀ ਜਲਦ ਕਰਵਾ ਦਿੱਤੀ ਜਾਵੇਗੀ। ਉਨ੍ਹਾ ਕਿਹਾ ਕਿ ਨੌਜਵਾਨਾਂ ਨੂੰ ਖੇਡਾਂ ਵਿੱਚ ਅੱਗੇ ਵਧਾਉਣ ਲਈ ਪੰਜਾਬ ਸਰਕਾਰ ਵਲੋਂ ਕੋਈ ਕਮੀ ਨਹੀਂ ਛੱਡੀ ਜਾਵੇਗੀ। ਇਸ ਮੌਕੇ ਉਨ੍ਹਾਂ ਪਿੰਡ ਦੇ ਨੌਜਵਾਨਾਂ ਨੂੰ ਸਪੋਰਟਸ ਸ਼ੂਜ਼ ਵੀ ਭੇਟ ਕੀਤੇ ਗਏ। ਇਸ ਮੌਕੇ ਹੁਸ਼ਿਆਰਪੁਰ ਸੈਂਟਰਲ ਕੋਆਪ੍ਰੇਟਿਵ ਬੈਂਕ ਦੇ ਚੇਅਰਮੈਨ ਵਿਕਰਮ ਸ਼ਰਮਾ, ਐਕਸੀਅਨ ਸਿਮਰਨਜੀਤ ਸਿੰਘ, ਡੀ.ਡੀ. ਪੀ.ਓ ਸੁਖਵਿੰਦਰ ਸਿੰਘ, ਸਰਪੰਚ ਦਵਿੰਦਰ ਕੌਰ ਚੌਹਾਨ, ਬਿੱਟੂ ਸ਼ਰਮਾ, ਅਸ਼ੋਕ ਪਹਿਲਵਾਨ ਤੋਂ ਇਲਾਵਾ ਹੋਰ ਪਤਵੰਤੇ ਵੀ ਮੌਜੂਦ ਸਨ।

## ਕੰਗ ਨੇ ਲੋੜਵੰਦਾਂ ਨੂੰ ਰਾਸ਼ਨ ਵੰਡ ਕੇ ਮਨਾਇਆ ਜਨਮ ਦਿਨ

**ਫਗਵਾੜਾ (ਡਾ. ਰਮਨ, ਜਗਵਿੰਦਰ ਢੱਡਾ)** ਐਂਟੀ ਕੁਰੱਪਸ਼ਨ ਫਾਊਂਡੇਸ਼ਨ ਆਫ ਇੰਡੀਆ ਦੇ ਸਟੇਟ ਡਾਇਰੈਕਟਰ ਅਤੇ ਲਾਇਨਜ਼ ਇੰਟਰਨੈਸ਼ਨਲ 321-ਡੀ ਦੇ ਜ਼ਿਲ੍ਹਾ ਚੇਅਰਪਰਸਨ (ਸਾਈਟ ਫਸਟ) ਲਾਇਨ ਗੁਰਦੀਪ ਸਿੰਘ ਕੰਗ ਨੇ ਹਮੇਸ਼ਾ ਦੀ ਤਰ੍ਹਾਂ ਇਸ ਵਾਰ ਵੀ ਆਪਣਾ ਜਨਮ ਦਿਨ ਸਮਾਜ ਸੇਵਾ ਨੂੰ ਸਮਰਪਿਤ ਕਰਕੇ ਮਨਾਇਆ। ਉਨ੍ਹਾਂ ਸਥਾਨਕ ਜੋਸ਼ੀਆਂ ਮੁਹੱਲਾ ਸਥਿਤ ਸ਼ਿਵ ਸ਼ਕਤੀ ਮਾਤਾ ਮੰਦਰ ਵਿਖੇ ਵੀਹ ਲੋੜਵੰਦ ਪਰਵਾਰਾਂ ਨੂੰ ਰਾਸ਼ਨ ਵੰਡਿਆ। ਰਾਸ਼ਨ ਦੀ ਵੰਡ ਕਰਨ ਦਾ ਉਦਘਾਟਨ ਵਿਸ਼ੇਸ਼ ਤੌਰ 'ਤੇ ਪਹੁੰਚੇ ਥਾਣਾ ਸਦਰ ਦੇ ਇੰਚਾਰਜ ਅਮਨਦੀਪ ਨਾਹਰ ਅਤੇ ਮੰਦਿਰ ਕਮੇਟੀ ਦੀ ਪ੍ਰਧਾਨ ਚੰਚਲ ਸੇਠ ਨੇ ਸਾਂਝੇ ਤੌਰ 'ਤੇ ਕੀਤਾ। ਉਨ੍ਹਾਂ ਗੁਰਦੀਪ ਸਿੰਘ ਕੰਗ ਨੂੰ ਜਨਮ ਦਿਨ ਦੀਆਂ ਮੁਬਾਰਕਾਂ ਦਿੰਦਿਆਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਆਪਣੀਆਂ ਖੁਸ਼ੀਆਂ ਸਾਂਝੀਆਂ ਕਰਨੀਆਂ ਚਾਹੀਦੀਆਂ ਹਨ। ਇਸ ਤਰ੍ਹਾਂ ਕਰਨ ਨਾਲ ਜਿੱਥੇ ਲੋੜਵੰਦਾਂ ਦੀ ਮੱਦਦ ਹੁੰਦੀ ਹੈ, ਉੱਥੇ ਹੀ ਖੁਸ਼ੀ ਦਾ ਮੌਕਾ ਪੁੰਨ ਪ੍ਰਾਪਤੀ ਦਾ ਸਾਧਨ ਵੀ ਬਣਦਾ ਹੈ। ਗੁਰਦੀਪ ਸਿੰਘ ਕੰਗ ਨੇ ਦੱਸਿਆ ਕਿ ਉਹ ਹਰ ਸਾਲ ਇਸ ਤਰ੍ਹਾਂ ਸਮਾਜ ਸੇਵਾ ਕਰਕੇ ਆਪਣਾ ਜਨਮ ਦਿਨ ਮਨਾਉਂਦੇ ਹਨ। ਸਟੇਜ ਦਾ ਸੰਚਾਲਨ ਲਾਇਨ ਸੁਸ਼ੀਲ ਸ਼ਰਮਾ ਨੇ ਕੀਤਾ। ਗੁਰਦੀਪ ਸਿੰਘ ਕੰਗ ਨੂੰ ਵਧਾਈ ਦੇਣ ਵਾਲਿਆਂ ਵਿੱਚ ਅਧਿਆਪਕ ਆਗੂ ਵਰਿੰਦਰ ਸਿੰਘ ਕੰਬੋਜ, ਪੰਜਾਬ ਪ੍ਰਦੇਸ਼ ਧਾਰਮਿਕ ਕਮੇਟੀ ਦੇ ਪ੍ਰਧਾਨ ਮਨੀਸ਼ ਕਨੌਜੀਆ, ਮੰਦਿਰ ਕਮੇਟੀ ਦੀ ਮੀਤ ਪ੍ਰਧਾਨ ਮੀਨਾ ਗੁਪਤਾ, ਅਤੁਲ ਜੈਨ ਤੋਂ ਇਲਾਵਾ ਲਾਇਨਜ਼ ਕਲੱਬ ਫਗਵਾੜਾ ਸਿਟੀ ਦੇ ਪ੍ਰਧਾਨ ਸੁਨੀਲ ਢੀਂਗਰਾ, ਆਸ਼ੂ ਮਾਰਕੰਡਾ, ਸੰਜੀਵ ਲਾਂਬਾ, ਜੁਗਲ ਬਵੇਜਾ, ਆਸ਼ੂ ਕਰਵਲ, ਵਿਪਨ ਕੁਮਾਰ, ਜਸਬੀਰ ਮਾਹੀ, ਵਿਜੇ ਅਰੋੜਾ, ਮਨੂ ਬੰਗਾ, ਬਿੱਟੂ ਭਮਰਾ, ਸਤਪਾਲ ਕੋਛੜ, ਰਾਜਕੁਮਾਰ ਬਸਰਾ, ਵਿਪਨ ਠਾਕੁਰ, ਪੰਕਜ ਜੁਨੇਜਾ, ਧਰਮਪਾਲ ਨਿਸ਼ਚਲ, ਵਿਸ਼ਾਲ ਜੁਨੇਜਾ, ਅਜੇ ਕੁਮਾਰ, ਵਿਨੇ ਕੁਮਾਰ ਬਿੱਟੂ, ਸੰਜੀਵ ਸੂਰੀ, ਸੰਜੇ ਤ੍ਰੀਹਨ ਆਦਿ ਸ਼ਾਮਲ ਸਨ।



## 'ਜਾਲ੍ਹੀ ਅਨੁਸੂਚਿਤ ਜਾਤੀ ਸਰਟੀਫਿਕੇਟ ਮਾਮਲੇ ਦੀ ਸੀ ਬੀ ਆਈ ਜਾਂਚ ਹੋਵੇ'

**ਹੁਸ਼ਿਆਰਪੁਰ, (ਓ ਪੀ ਰਾਣਾ, ਬਲਬੀਰ ਸੈਣੀ )** 'ਆਦਿ ਧਰਮ ਗੁਰੂ' ਸੰਤ ਸਰਵਣ ਦਾਸ ਲੁਧਿਆਣਾ, ਸੰਤ ਸਤਵਿੰਦਰ



ਹੀਰਾ ਕੌਮੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.) ਭਾਰਤ, ਸੰਤ ਸੁਰਿੰਦਰ ਦਾਸ ਪ੍ਰਧਾਨ ਸ੍ਰੀ ਚਰਨਛੋਹ ਗੰਗਾ ਖੁਰਾਲਗੜ੍ਹ ਸਾਹਿਬ ਨੇ ਕਿਹਾ ਕਿ ਅਨੁਸੂਚਿਤ ਜਾਤੀ ਦੇ ਜਾਅਲੀ ਸਰਟੀਫਿਕੇਟ ਮਾਮਲਾ ਬਹੁਤ ਹੀ ਗੰਭੀਰ ਮਾਮਲਾ ਹੈ, ਜਿਸ ਨਾਲ ਪੰਜਾਬ ਹੀ ਨਹੀਂ ਦੇਸ਼ਾਂ, ਵਿਦੇਸ਼ਾਂ 'ਚ ਰਹਿ ਰਹੇ ਅਨੁਸੂਚਿਤ ਜਾਤੀ ਭਾਈਚਾਰੇ ਨਾਲ ਵੱਡਾ ਧੋਖਾ ਹੋਇਆ ਹੈ। ਉੱਚ ਜਾਤੀ ਧਨਾਢ ਲੋਕਾਂ ਵੱਲੋਂ ਜਾਅਲੀ ਜਾਤੀ ਸਰਟੀਫਿਕੇਟ ਬਣਾਕੇ ਅਨੁਸੂਚਿਤ ਜਾਤੀ ਗਰੀਬ ਲੋਕਾਂ ਦੇ ਸੰਵਿਧਾਨਕ ਹੱਕਾਂ 'ਤੇ ਡਾਕਾ ਮਾਰਿਆ ਹੈ, ਜਿਸ ਨਾਲ ਸਮਾਜ ਦੇ ਲੱਖਾਂ ਲੋਕ ਨੌਕਰੀਆਂ, ਰੁਜ਼ਗਾਰ ਤੋਂ ਵਾਂਝੇ ਰਹਿ ਗਏ ਹਨ, ਇਸੇ ਕਰਕੇ ਆਦਿ ਵਾਸੀ ਸਮਾਜ ਵਿਚ ਗਰੀਬੀ, ਬੇਰੁਜਗਾਰੀ 'ਚ ਅਥਾਂਹ ਵਾਧਾ ਹੋਇਆ ਹੈ। ਉਨ੍ਹਾ ਕਿਹਾ ਇਸ ਮਾਮਲੇ ਦੀ ਸੀ ਬੀ ਆਈ ਜਾਂਚ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਜਾਅਲੀ ਅਨੁਸੂਚਿਤ ਜਾਤੀ ਸਰਟੀਫਿਕੇਟ ਬਣਵਾ ਕੇ ਸਰਕਾਰੀ ਨੌਕਰੀਆਂ ਪ੍ਰਾਪਤ ਕਰਕੇ ਸੇਵਾ ਮੁਕਤ ਹੋਏ ਜਾਂ ਵੱਡੀਆਂ ਪੋਸਟਾਂ ਉਤੇ ਅੱਜ ਵੀ ਕੰਮ ਕਰ ਰਹੇ ਲੋਕਾਂ ਖਿਲਾਫ ਤੁਰੰਤ ਸਖਤ ਕਾਰਵਾਈ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਆਦਿ ਧਰਮ ਸੰਤ ਸਮਾਜ, ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.)ਭਾਰਤ ਰਿਜ਼ਰਵੇਸ਼ਨ ਚੋਰ ਫੜੋ ਪੱਕਾ ਮੋਰਚਾ ਮੋਹਾਲੀ ਅਤੇ ਜਾਅਲੀ ਜਾਤੀ ਸਰਟੀਫਿਕੇਟ ਬਣਾਉਣ ਵਾਲਿਆਂ ਵਿਰੁੱਧ ਸੰਘਰਸ਼ ਕਰਨ ਵਾਲੀਆਂ ਜਥੇਬੰਦੀਆਂ ਨੂੰ ਪੂਰਾ ਸਮਰਥਨ ਦੇਣਗੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੀ ਜਾਅਲੀ ਸਰਟੀਫਿਕੇਟਾਂ ਤੇ ਨੌਕਰੀਆਂ ਕਰਨ ਵਾਲਿਆਂ ਖਿਲਾਫ਼ ਸਖਤ ਕਾਰਵਾਈ ਕਰੇ। ਇਸ ਸੰਬੰਧੀ ਉਨ੍ਹਾਂ ਕਿਹਾ ਕਿ ਜਾਅਲੀ ਅਨੁਸੂਚਿਤ ਜਾਤੀ ਸਰਟੀਫਿਕੇਟ ਬਣਵਾ ਕੇ ਸਰਕਾਰੀ ਨੌਕਰੀਆਂ ਪ੍ਰਾਪਤ ਕਰਨ ਵਾਲਿਆਂ ਤੋਂ ਨੌਕਰੀ ਦੌਰਾਨ ਪ੍ਰਾਪਤ ਕੀਤੀ ਸਾਰੀ ਤਨਖਾਹ ਅਤੇ ਬਣਾਈਆਂ ਜਾਇਦਾਦਾਂ ਵੀ ਕੁਰਕ ਕੀਤੀਆਂ ਜਾਣ ਅਤੇ ਐਸ ਸੀ ਸਰਟੀਫਿਕੇਟ ਤਸਦੀਕ ਕਰਨ ਵਾਲੇ ਸਰਪੰਚਾਂ, ਲੰਬੜਦਾਰਾਂ ਤੇ ਹੋਰ ਲੋਕਾਂ ਖਿਲਾਫ ਬਣਦੀ ਕਾਰਵਾਈ ਕਰਕੇ ਜੇਲਾਂ ਵਿਚ ਡੱਕਿਆ ਜਾਵੇ।

## ਜਲ ਸ਼ਕਤੀ ਅਭਿਆਨ ਦੀ ਪ੍ਰਗਤੀ ਦਾ ਜਾਇਜਾ ਲੈਣ ਲਈ ਦਿਨੇਸ਼ ਕੁਮਾਰ ਵੱਲੋਂ ਦੌਰਾ

**ਜਲੰਧਰ (ਸੁਰਿੰਦਰ ਕੁਮਾਰ)** ਜਲੰਧਰ ਜਿਲ੍ਹੇ ਦੇ ਆਪਣੇ ਤਿੰਨ ਦਿਨਾਂ ਦੌਰੇ ਦੇ ਦੂਜੇ ਦਿਨ ਜਲ ਸਕਤੀ ਅਭਿਆਨ ਦੀ ਕੇਂਦਰੀ ਟੀਮ ਵੱਲੋਂ ਮੰਗਲਵਾਰ ਨੂੰ ਫਿਲੌਰ ਸਬ ਡਵੀਜਨ ਵਿਖੇ ਕਈ ਥਾਵਾਂ ਦਾ ਦੌਰਾ ਕਰਕੇ ਜਲੰਧਰ ਪ੍ਰਸ਼ਾਸਨ ਵੱਲੋਂ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਕੀਤੀਆਂ ਪਹਿਲਕਦਮੀਆਂ ਦੀ ਪ੍ਰਗਤੀ ਦਾ ਜਾਇਜਾ ਲਿਆ ਗਿਆ। ਕੇਂਦਰੀ ਜੁਆਇੰਟ ਸਕੱਤਰ, ਦਿਨੇਸ਼ ਕੁਮਾਰ, ਆਈ ਏ ਐਸ, ਜੋ ਕਿ ਜਲ ਸ਼ਕਤੀ ਅਭਿਆਨ ਤਹਿਤ ਜ਼ਿਲ੍ਹਾ ਜਲੰਧਰ ਲਈ ਕੇਂਦਰੀ ਨੋਡਲ ਅਫਸਰ ਵੀ ਹਨ ਨੇ ਜ਼ਿਲ੍ਹੇ 'ਚ ਵੱਧ ਤੋਂ ਵੱਧ ਰੇਨ ਵਾਟਰ ਹਾਰਵੈਸਟਿੰਗ ਸਿਸਟਮਜ਼ ਦੀ ਲੋੜ 'ਤੇ ਜੋਰ ਦਿੱਤਾ ਤਾਂ ਜੋ ਧਰਤੀ ਹੇਠਲੇ ਪਾਣੀ ਨੂੰ ਰੀਚਾਰਜ਼ ਕਰਨ ਲਈ ਭਾਰੀ ਮਾਤਰਾ 'ਚ ਬਰਸਾਤੀ ਪਾਣੀ ਦੀ ਵਰਤੋਂ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ ਜਿਲ੍ਹੇ ਭਰ 'ਚ ਰੇਨ ਵਾਟਰ ਹਾਰਵੈਸਟਿੰਗ ਸਿਸਟਮ ਸਥਾਪਤ ਕਰਨ ਲਈ ਲੋਕਾਂ ਨੂੰ ਜਾਗਰੂਕ ਕਰਨ ਲਈ ਸਬੰਧਤ ਵਿਭਾਗਾਂ ਵੱਲੋਂ ਜਾਗਰੂਕਤਾ ਮੁਹਿੰਮ ਚਲਾਈ ਜਾਣੀ ਚਾਹੀਦੀ ਹੈ। ਵਧੀਕ ਡਿਪਟੀ ਕਮਿਸ਼ਨਰ ਵਰਿੰਦਰਪਾਲ ਸਿੰਘ ਬਾਜਵਾ, ਸੈਂਟਰਲ ਗਰਾਊਂਡ ਵਾਟਰ ਬੋਰਡ ਦੇ ਵਿਗਿਆਨੀ ਕੇ ਪੀ ਸਿੰਘ ਸਮੇਤ ਕੇਂਦਰੀ ਨੋਡਲ ਅਫਸਰ ਨੇ ਪ੍ਰਤਾਬਪੁਰਾ, ਰੁੜਕਾਂ ਕਲਾਂ, ਦੁਸਾਂਝ ਕਲਾਂ ਸਮੇਤ ਕਈ ਥਾਵਾਂ ਦਾ ਦੌਰਾ ਕੀਤਾ। ਇਨ੍ਹਾਂ ਪ੍ਰਾਜੈਕਟਾਂ 'ਚ ਪ੍ਰਤਾਬਪੁਰਾ ਅਤੇ ਰੁੜਕਾਂ ਕਲਾਂ ਵਿਖੇ ਸਾਂਝਾ ਜਲ ਤਾਲਾਬ, ਲਿਫਟ ਸਿੰਚਾਈ, ਥਾਪਰ ਮਾਡਲ ਛੱਪੜ, ਜਲ ਸਕਤੀ ਕੇਂਦਰ ਅਤੇ ਰੁੜਕਾਂ ਕਲਾਂ ਵਿੱਚ ਰੇਨ ਵਾਟਰ ਹਾਰਵੈਸਟਿੰਗ ਸਿਸਟਮ ਸਾਮਲ ਹਨ।

## ਹਰਜਿੰਦਰ ਸਿੰਘ ਮੱਲ੍ਹੀ 'ਗਲੋਬਲ ਪ੍ਰੈਸਟੀਜ਼ ਅਵਾਰਡ ਫਾਰ ਐਜੂਕੇਸ਼ਨਲ ਲੀਡਰਸ਼ਿਪ' ਨਾਲ ਸਨਮਾਨਿਤ



**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)** ਗਲੋਬਲ ਪ੍ਰੈਸਟੀਜ਼ ਅਵਾਰਡ ਫਾਰ ਐਜੂਕੇਸ਼ਨਲ ਲੀਡਰਸ਼ਿਪ ਜੋ ਕਿ 'ਆਪਣਾ ਪੰਜਾਬ ਫਾਊਂਡੇਸ਼ਨ' ਤੇ ਐਨ. ਆਈ. ਡੀ. ਫਾਊਂਡੇਸ਼ਨ ਵੱਲੋਂ 4 ਜੂਨ 2023 ਨੂੰ ਦੁੱਬਈ ਵਿਖੇ ਕਰਵਾਇਆ ਗਿਆ ਸੀ, ਜਿਸ 'ਚ ਗ੍ਰੀਨਵੇਜ ਸਕੂਲ ਰੁੜਕੀ ਹੀਰਾਂ ਦੇ ਮਨੇਜਿੰਗ ਡਾਇਰੈਕਟਰ ਹਰਜਿੰਦਰ ਸਿੰਘ ਮੱਲ੍ਹੀ ਨੂੰ ਸਿੱਖਿਆ ਦੇ ਖੇਤਰ ਵਿੱਚ ਬੇਹਤਰੀਨ ਯੋਗਦਾਨ ਪਾਉਣ ਕਰਕੇ 'ਗਲੋਬਲ ਪ੍ਰੈਸਟੀਜ਼ ਅਵਾਰਡ ਫਾਰ ਐਜੂਕੇਸ਼ਨਲ ਲੀਡਰਸ਼ਿਪ' ਦਿੱਤਾ ਗਿਆ। ਇਹ ਗ੍ਰੀਨਵੇਜ ਸਕੂਲ ਵੱਲੋਂ ਇਲਾਕੇ ਵਿੱਚ ਦਿੱਤੀਆਂ ਜਾਣ ਵਾਲੀਆਂ ਬੇਹਤਰੀਨ ਸਿੱਖਿਆ ਗਤੀਵਿਧੀਆਂ ਦਾ ਨਤੀਜਾ ਹੈ। ਇਸ ਮੌਕੇ ਚੇਅਰਮੈਨ ਗੁਰਮੁੱਖ ਸਿੰਘ ਮੱਲ੍ਹੀ, ਪ੍ਰਿੰਸੀਪਲ ਮੁਕੇਸ਼ ਕੁਮਾਰ ਅਗਰਵਾਲ ਸਮੂਹ ਸਟਾਫ ਮੈਂਬਰ ਸੰਦੀਪ ਕੌਰ, ਬਲਤੇਜ ਸਿੰਘ, ਰੀਨੂੰ, ਕਰਨ, ਦੀਪਕ, ਹਰਪ੍ਰੀਤ, ਮੋਨਿਕਾ, ਚਰਨਜੀਤ, ਨੈਨਸੀ, ਸਿਮਰਨ, ਕੋਮਲ, ਨੀਲਮ, ਸੁਨੀਤਾ, ਮਨਦੀਪ, ਸੁਮਨਦੀਪ, ਨਵਜੋਤ, ਕਮਲਪ੍ਰੀਤ, ਰਜਨੀ, ਜਸਵਿੰਦਰ, ਆਸਾ ਤੇ ਸਮੂਹ ਸਟਾਫ ਮੈਂਬਰ ਨੇ ਇਸ ਉਪਲੱਬਧੀ 'ਤੇ ਸ਼ੁਭਕਾਮਨਾਵਾਂ ਦਿੱਤੀਆਂ।

## ਟਰੱਕ ਦੀ ਫੇਟ ਨਾਲ ਭਰਾ ਦੀ ਮੌਤ, ਭੈਣ ਜ਼ਖ਼ਮੀ



**ਭਲਾਣ (ਹਰਭਜਨ ਢਿੱਲੋਂ)**- ਬੀਤੇ ਦਿਨੀਂ ਟਰੱਕ ਦੀ ਫੇਟ ਵੱਜਣ ਨਾਲ ਭਰਾ ਦੀ ਮੌਤ ਹੋ ਗਈ ਅਤੇ ਭੈਣ ਗੰਭੀਰ ਜ਼ਖ਼ਮੀ ਹੋ ਗਈ।

ਦੋਨੋਂ ਭੈਣ ਭਰਾ ਧਾਰਮਿਕ ਸਮਾਗਮ ਤੋਂ ਰਾਤ ਦੇ ਸਮੇਂ ਆ ਰਹੇ ਸਨ ਕਿ ਨੰਗਲ-ਕਲਵਾਂ ਮੇਨ ਸੜਕ ਤਰਫ ਮਜਾਰਾ ਬਾਪੂ ਕੁੰਭ ਦਾਸ ਦੇ ਡੇਰੇ 'ਤੇ ਨੰਗਲ ਦੀ ਤਰਫ ਤੋਂ ਆ ਰਹੇ ਟਰੱਕ ਨੇ ਉਨ੍ਹਾਂ ਨੂੰ ਫੇਟ ਮਾਰ ਦਿੱਤੀ, ਜਿਸ ਕਾਰਨ ਬਲਰਾਮ ਪੁੱਤਰ ਸ਼ਾਮ ਲਾਲ ਦੀ ਮੌਤ ਹੋ ਗਈ ਅਤੇ ਉਸ ਦੀ ਭੈਣ ਗੰਭੀਰ ਜਖਮੀ ਹੋ ਗਈ ਜਿਸ ਨੂੰ ਸਿੰਘਪੁਰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਦੱਸਣਯੋਗ ਹੈ ਕਿ ਨੰਗਲ ਸੱਤਲੁਜ ਦਰਿਆ ਦਰਿਆ ਓਥੇ ਫਲਾਈਓਵਰ ਦਾ ਕੰਮ ਅਧੂਰਾ ਹੋਣ ਕਰ ਕੇ ਪੁਲ ਚਾਲੂ ਨਹੀਂ ਹੋ ਸਕਿਆ। ਗੱਡੀਆਂ ਦੇ ਰੂਟ ਬਦਲੀ ਹੋਣ ਕਰਕੇ ਓਵਰ ਸਪੀਡ ਗੱਡੀਆਂ ਚੱਲ ਰਹੀਆਂ ਹਨ। ਜਿਸ ਨਾਲ ਨਿੱਤ ਹਾਦਸੇ ਵਾਪਰ ਰਹੇ ਹਨ। ਹੁਣ ਤੱਕ ਦਰਜਨ ਦੇ ਕਰੀਬ ਲੋਕ ਮੌਤ ਦੇ ਮੂੰਹ ਵਿਚ ਜਾ ਚੁੱਕੇ ਹਨ ਅਤੇ ਕਈ ਦਰਜਨ ਲੋਕ ਜਖਮੀ ਵੀ ਹੋਏ ਹਨ। ਲੋਕਾਂ ਨੇ ਰੋਸ ਵਜੋਂ ਗੋਹਲਣੀ ਸੜਕ ਉੱਤੇ ਧਰਨਾ ਲਾ ਕੇ ਜਾਮ ਲਾ ਦਿੱਤਾ। ਮੌਕੇ ਤੇ ਪੁਲਸ ਅਤੇ ਸਿਵਲ ਪ੍ਰਸ਼ਾਸਨ ਵੀ ਪੁੱਜਾ। ਪਿੰਡ ਵਾਸੀਆਂ ਨੇ ਤਹਿਸੀਲਦਾਰ ਨੂੰ ਮੰਗ ਪੱਤਰ ਦਿੱਤਾ ਤੇ ਧਰਨਾ ਚੁੱਕਿਆ। ਲੋਕਾਂ ਨੇ ਪ੍ਰਸ਼ਾਸਨ ਨੂੰ ਕਿਹਾ ਕਿ ਓਵਰ ਸਪੀਡ ਵਾਲੇ ਵਹੀਕਲਾਂ ਦੇ ਚਲਾਨ ਕੱਟੇ ਜਾਣ, ਸਪੀਡ ਬਰੇਕਰ ਬਣਾਏ ਜਾਣ, ਬੋਰਡ ਉੱਤੇ ਸਪੀਡ ਲਿਖੀ ਜਾਵੇ ਅਤੇ ਰੇਡੀਅਮ ਵਾਲੇ ਰਿਫਲੈਕਟਰ ਲਾਏ ਜਾਣ ਤਾਂ ਕਿ ਦੁਰਘਟਨਾਵਾਂ ਨਾ ਹੋਣ।

## ਖੇਤੀਬਾੜੀ ਵਿਭਾਗ ਨੇ ਡੱਲਾ ਵਿਖੇ ਝੋਨੇ ਦੀ ਸਿੱਧੀ ਬਿਜਾਈ ਕਰਵਾਈ

**ਚਮਕੌਰ ਸਾਹਿਬ,(ਨਵਾਂ ਜ਼ਮਾਨਾ ਸਰਵਿਸ)**- ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਮੁੱਖ ਖੇਤੀਬਾੜੀ ਅਫ਼ਸਰ ਡਾ ਗੁਰਮੇਲ ਸਿੰਘ ਦੀ ਅਗਵਾਈ ਹੇਠ ਖੇਤੀਬਾੜੀ ਵਿਕਾਸ ਅਫਸਰ ਡਾ. ਗੁਰਕ੍ਰਿਪਾਲ ਸਿੰਘ ਬਾਲਾ ਦੀ ਦੇਖ ਰੇਖ ਹੇਠ ਨਜਦੀਕੀ ਪਿੰਡ ਡੱਲਾ ਦੇ ਅਗਾਂਹ ਵਧੂ ਕਿਸਾਨ ਦਰਸ਼ਣ ਸਿੰਘ ਦੀ ਅੱਠ ਏਕੜ ਜਮੀਨ ਵਿੱਚ ਝੋਨੇ ਦੀ ਸਿੱਧੀ ਬਿਜਾਈ ਕੀਤੀ ਗਈ । ਗੁਰਕ੍ਰਿਪਾਲ ਸਿੰਘ ਨੇ ਦੱਸਿਆ ਕਿ ਝੋਨੇ ਦੀ ਸਿੱਧੀ ਬਿਜਾਈ ਕਰਨ ਨਾਲ ਪਾਣੀ, ਪੈਸਾ ਅਤੇ ਸਮੇਂ ਦੀ ਬੱਚਤ ਹੁੰਦੀ ਹੈ ਅਤੇ ਝਾੜ ਵੀ ਕੱਦੂ ਵਿਧੀ ਨਾਲ ਤਿਆਰ ਕੀਤੇ ਝੋਨੇ ਦੇ ਬਰਾਬਰ ਆਉਂਦਾ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਸਿੱਧੀ ਬਿਜਾਈ ਕਰਨ ਵਾਲੇ ਕਿਸਾਨਾਂ ਨੂੰ ਪੰਜਾਬ ਸਰਕਾਰ ਵੱਲੋਂ ਪੰਦਰਾਂ ਸੌ ਰੁਪਏ ਪ੍ਰਤੀ ਏਕੜ ਸਹਾਇਤਾ ਕੀਤੀ ਜਾਂਦੀ ਹੈ। ਡਾ. ਬਾਲਾ ਨੇ ਝੋਨੇ ਦੀ ਸਿੱਧੀ ਬਿਜਾਈ ਲਈ ਖੇਤੀਬਾੜੀ ਯੂਨੀਵਰਸਿਟੀ ਦੇ ਮਾਹਿਰਾਂ ਵੱਲੋਂ ਸ਼ਿਫਾਰਸ਼ ਕੀਤੀਆਂ ਕਿਸਮਾਂ,ਨਦੀਨ ਨਾਸ਼ਕ ਦਵਾਈਆਂ, ਖਾਦਾਂ ਅਤੇ ਕੀੜੇ ਮਾਰ ਦਵਾਈਆਂ ਬਾਰੇ ਵੀ ਕਿਸਾਨਾਂ ਨੂੰ ਵਿਸਥਾਰ ਸਹਿਤ ਜਾਣਕਾਰੀ ਦਿੱਤੀ।

## ਲੱਖਾਂ ਦੀ ਠੱਗੀ ਮਾਰਨ 'ਤੇ ਧੋਖੇਬਾਜ਼ ਏਜੰਟ ਖਿਲਾਫ ਮਾਮਲਾ ਦਰਜ

**ਨੂਰਪੁਰਬੇਦੀ, (ਸੁਰਜੀਤ ਸਿੰਘ ਕਾਹਲੋਂ)**-ਇਕ ਵਿਅਕਤੀ ਦੇ 2 ਲੜਕਿਆਂ ਅਤੇ ਜਵਾਈ ਨੂੰ ਵਿਦੇਸ਼ ਭੇਜਣ ਸਬੰਧੀ ਲੱਖਾਂ ਦੀ ਠੱਗੀ ਮਾਰਨ ਦੇ ਦੋਸ਼ ਹੇਠ ਨੂਰਪੁਰਬੇਦੀ ਪੁਲਸ ਨੇ ਇਕ ਧੋਖੇਬਾਜ਼ ਏਜੰਟ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਮੇਜਰ ਸਿੰਘ ਪੁੱਤਰ ਅਵਤਾਰ ਸਿੰਘ ਨਿਵਾਸੀ ਅਸਮਾਨਪੁਰ ਨੇ ਦੱਸਿਆ ਕਿ ਸਾਲ 2017 'ਚ ਉਸਦੀ ਮੁਲਾਕਾਤ ਅਵਤਾਰ ਸਿੰਘ ਨਿਵਾਸੀ ਬੀਣੇਵਾਲ ਨੇ ਜੋਗਿੰਦਰ ਕੁਮਾਰ ਨਾਲ ਕਰਵਾਈ ਸੀ ਜੋ ਏਜੰਟੀ ਦਾ ਕੰਮ ਕਰਦਾ ਸੀ। ਉਸ ਨਾਲ ਆਪਣੇ 2 ਲੜਕਿਆਂ ਅਤੇ ਜਵਾਈ ਮਨਦੀਪ ਸਿੰਘ ਨਿਵਾਸੀ ਵਾੜੀਆਂ ਨੂੰ ਆਸਟ੍ਰੇਲੀਆ ਭੇਜਣ ਸਬੰਧੀ ਗੱਲ ਕੀਤੀ। ਜਿਸ 'ਤੇ ਉਸਨੇ ਆਖਿਆ ਕਿ ਪ੍ਰਤੀ ਵਿਅਕਤੀ ਵਰਕ ਪਰਮਿਟ ਲਈ 6 ਲੱਖ ਰੁਪਏ ਲੱਗਣਗੇ। ਉਸ ਤੋਂ ਬਾਅਦ ਅਵਤਾਰ ਸਿੰਘ ਦੇ ਬੀਣੇਵਾਲ ਘਰ ਵਿਖੇ ਉਸਨੇ ਜੋਗਿੰਦਰ ਕੁਮਾਰ ਨੂੰ ਮਿਲ ਕੇ ਆਪਣੇ ਦੋਵੇਂ ਲੜਕਿਆਂ ਦੀ ਕਰੀਬ 4 ਲੱਖ 20 ਹਜ਼ਾਰ ਜਦਕਿ ਜਵਾਈ ਮਨਦੀਪ ਸਿੰਘ ਦੀ ਤਰਫ਼ੋਂ 2 ਲੱਖ 10 ਹਜ਼ਾਰ ਸਹਿਤ ਕੁੱਲ 6 ਲੱਖ 30 ਹਜ਼ਾਰ ਰੁਪਏ ਦੀ ਰਕਮ ਦਿੱਤੀ। ਜਿਸ ਤੋਂ ਬਾਅਦ ਜੋਗਿੰਦਰ ਕੁਮਾਰ ਨੇ 6 ਮਹੀਨੇ 'ਚ ਕੰਮ ਹੋਣ ਦਾ ਭਰੋਸਾ ਦਿੱਤਾ। ਉਸ ਤੋਂ ਬਾਅਦ ਬੱਚਿਆਂ ਦੇ ਵਰਕ ਪਰਮਿਟ ਸਬੰਧੀ ਪੁੱਛਣ 'ਤੇ ਜੋਗਿੰਦਰ ਕੁਮਾਰ ਲਾਰੇ ਲਗਾਉਂਦਾ ਰਿਹਾ। ਉਸਨੇ ਦੱਸਿਆ ਕਿ ਕਰੀਬ 2 ਸਾਲ ਪਹਿਲਾਂ ਜੋਗਿੰਦਰ ਕੁਮਾਰ ਨੇ ਅਵਤਾਰ ਸਿੰਘ ਦੇ ਖਾਤੇ 'ਚੋਂ ਉਸਦੇ ਖਾਤੇ 'ਚ 50 ਹਜ਼ਾਰ ਰੁਪਏ ਜਦਕਿ 6 ਮਹੀਨੇ ਬਾਅਦ ਉਸਨੇ ਆਪਣੇ ਖਾਤੇ 'ਚੋਂ 50 ਹਜ਼ਾਰ ਰੁਪਏ ਉਸਨੂੰ ਹੋਰ ਟਰਾਂਸਫਰ ਕੀਤੇ। ਜਦਕਿ ਉਸਦੇ ਜਵਾਈ ਨੂੰ ਜੋਗਿੰਦਰ ਕੁਮਾਰ ਵੱਲੋਂ 1 ਲੱਖ 20 ਹਜ਼ਾਰ ਰੁਪਏ ਵਾਪਸ ਕੀਤੇ ਗਏ। ਸ਼ਿਕਾਇਤਕਰਤਾ ਨੇ ਦੱਸਿਆ ਕਿ ਜੋਗਿੰਦਰ ਕੁਮਾਰ ਪਾਸ ਮੇਰੇ ਲੜਕਿਆਂ ਦੇ ਪਰਮਿਟ ਲਈ ਦਿੱਤੇ 3 ਲੱਖ 20 ਹਜ਼ਾਰ ਰੁਪਏ ਜਦਕਿ ਜਵਾਈ ਦੇ 90 ਹਜ਼ਾਰ ਰੁਪਏ ਸਹਿਤ ਕੁੱਲ 4 ਲੱਖ 10 ਹਜ਼ਾਰ ਰੁਪਏ ਬਕਾਇਆ ਰਹਿੰਦੇ ਹਨ। ਉਸਨੇ ਕਿਹਾ ਕਿ ਏਜੰਟ ਜੋਗਿੰਦਰ ਕੁਮਾਰ ਨੇ ਉਸਦੇ ਲੜਕਿਆਂ ਤੇ ਜਵਾਈ ਨੂੰ ਵਿਦੇਸ਼ ਨਾ ਭੇਜ ਕੇ ਅਤੇ ਪੈਸੇ ਵਾਪਿਸ ਨਾ ਕਰਕੇ ਲੱਖਾਂ ਦੀ ਠੱਗੀ ਮਾਰੀ ਹੈ। ਉਪ ਕਪਤਾਨ ਪੁਲਸ ਸਬ-ਡਵੀਜ਼ਨ ਰੂਪਨਗਰ ਦੀ ਪੜਤਾਲ ਉਪਰੰਤ ਸਥਾਨਕ ਪੁਲਸ ਨੇ ਕਥਿਤ ਦੋਸ਼ੀ ਜੋਗਿੰਦਰ ਕੁਮਾਰ ਪੁੱਤਰ ਲਛਮਣ ਦਾਸ ਨਿਵਾਸੀ ਮਕਾਨ ਨੰਬਰ 549, ਵਾਰਡ ਨੰਬਰ 5, ਕਾਈਨੌਰ ਰੋਡ ਮੋਰਿੰਡਾ ਸਾਹਮਣੇ ਸ਼ੂਗਰ ਮਿੱਲ ਖਿਲਾਫ 406, 420 ਆਈ.ਪੀ.ਸੀ. ਅਤੇ 24 ਇੰਮੀਗ੍ਰੇਸ਼ਨ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ।

## ਜਨਤਕ ਸ਼ਿਕਾਇਤ ਨਿਵਾਰਨ ਕੈਂਪ 'ਚ ਲੋਕਾਂ ਦੀਆਂ ਸ਼ਿਕਾਇਤਾਂ ਦਾ ਕੀਤਾ ਨਿਪਟਾਰਾ : ਰਾਜਾ



**ਟਾਂਡਾ ਉੜਮੁੜ , ( ਜਸਵਿੰਦਰ ਸੰਧੂ, ਉਂਕਾਰ ਸਿੰਘ ਟਾਂਡਾ )**-ਮਾਨ ਸਰਕਾਰ ਵੱਲੋਂ ਲੋਕਾਂ ਨਾਲ ਕੀਤੇ ਗਏ ਵਾਅਦਿਆਂ ਨੂੰ ਪੂਰਾ ਕਰਨ ਅਤੇ ਆਮ ਜਨਤਾ ਨੂੰ ਦਰਪੇਸ਼ ਆ ਰਹੀਆਂ ਮੁਸ਼ਕਲਾਂ ਤੋਂ ਰਾਹਤ ਦਿਵਾਉਣ ਤੋਂ ਇਲਾਵਾ ਹਲਕਾ ਟਾਂਡਾ ਦੇ ਵਿਕਾਸ ਕਾਰਜਾਂ ਨੂੰ ਨੇਪਰੇ ਚਾੜਨ ਲਈ ਵੱਖ-ਵੱਖ ਪਿੰਡਾਂ 'ਚ ਚਲਾਈ ਗਈ ਮੁਹਿੰਮ ਤਹਿਤ ਬੇਟ ਏਰੀਆ ਇੰਚਾਰਜ ਰਾਜਿੰਦਰ ਸਿੰਘ ਮਾਰਸਲ ਦੀ ਅਗਵਾਈ ਅਤੇ ਜਸਵੰਤ ਸਿੰਘ ਬਿੱਟੂ ਜਲਾਲਪੁਰ ਤੇ ਲਖਵਿੰਦਰ ਸਿੰਘ ਸੇਠੀ ਦੀ ਦੇਖ-ਰੇਖ ਹੇਠ ਪਿੰਡ ਜਲਾਲਪੁਰ ਵਿਖੇ ਜਨਤਕ ਸ਼ਿਕਾਇਤ ਨਿਵਾਰਨ ਕੈਂਪ ਦਾ ਆਯੋਜਨ ਕੀਤਾ ਗਿਆ, ਜਿਸਦਾ ਉਦਘਾਟਨ ਹਲਕਾ ਟਾਂਡਾ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ, ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਮੈਡਮ ਕੋਮਲ ਮਿੱਤਲ ਅਤੇ ਐਸ.ਪੀ ਹੁਸ਼ਿਆਰਪੁਰ ਮੈਡਮ ਨਵਨੀਤ ਕੌਰ ਗਿੱਲ ਨੇ ਕੀਤਾ। ਇਸ ਮੌਕੇ ਤੇ ਉਨ੍ਹਾਂ ਨਾਲ ਐਸ.ਡੀ.ਐਮ ਦਸੂਹਾ ਓਜਸਵੀ, ਡੀ.ਐਸ.ਪੀ ਟਾਂਡਾ ਕੁਲਵੰਤ ਸਿੰਘ, ਐਸ.ਐਚ.ਓ ਟਾਂਡਾ ਓਂਕਾਰ ਸਿੰਘ ਬਰਾੜ, ਤਸੀਲਦਾਰ ਟਾਂਡਾ ਪ੍ਰਵੀਨ ਛਿੱਬਰ, ਸੁਪਰੀਟੈਂਡੇਟ ਸੰਜੀਵ ਕੁਮਾਰ, ਰਜੇਸ਼ ਕੁਮਾਰ ਅਤੇ ਵੱਖ-ਵੱਖ ਵਿਭਾਗਾਂ ਦੇ ਸੰਬੰਧਿਤ ਅਧਿਕਾਰੀਆਂ ਤੋਂ ਇਲਾਵਾ ਆਪ ਬਲਾਕ ਪ੍ਰਧਾਨ ਕੇਸ਼ਵ ਸਿੰਘ ਸੈਣੀ, ਅਤਵਾਰ ਸਿੰਘ ਪਲਾਚੱਕ, ਆਪ ਪ੍ਰੈੱਸ ਸਕੱਤਰ ਸੁਖਵਿੰਦਰ ਸਿੰਘ ਅਰੋੜਾ, ਗੁਰਦੀਪ ਸਿੰਘ ਹੈਪੀ, ਸਰਬਜੀਤ ਸਿੰਘ ਵਿੱਕੀ ਤੇ ਸਰਪੰਚ ਰਣਬੀਰ ਸਿੰਘ ਹਾਜਰ ਸਨ।

ਜਨਤਕ ਸ਼ਿਕਾਇਤ ਨਿਵਾਰਨ ਕੈਂਪ 'ਚ ਸ਼ਾਮਲ ਜਲਾਲਪੁਰ ਨਾਲ ਲਗਦੇ ਲਾਗਲੇ ਪਿੰਡਾਂ ਤੋਂ ਆਏ ਲੋਕਾਂ ਦੀਆਂ ਸ਼ਿਕਾਇਤਾਂ ਸੁਣ ਕੇ ਵਿਧਾਇਕ ਜਸਵੀਰ ਸਿੰਘ ਰਾਜਾ ਨੇ ਉਨ੍ਹਾਂ ਦਾ ਮੌਕੇ ਤੇ ਹੀ ਨਿਪਟਾਰਾ ਕਰ ਦਿੱਤਾ ਅਤੇ ਬਾਕੀ ਰਹਿੰਦੀਆਂ ਸ਼ਿਕਾਇਤਾਂ ਦਾ ਜਲਦ ਹੱਲ ਕਰਨ ਲਈ ਸੰਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਨੇ ਚੋਣਾਂ ਤੋਂ ਪਹਿਲਾਂ ਪੰਜਾਬ ਦੇ ਲੋਕਾਂ ਨਾਲ ਜਿਹੜੇ ਵਾਅਦੇ ਕੀਤੇ ਸਨ ਉਨ੍ਹਾਂ ਨੂੰ ਨੇਪੜੇ ਚਾੜ੍ਹਨ ਲਈ ਪਿੰਡਾਂ ਦੇ ਲੋਕਾਂ ਦੇ ਮਸਲੇ ਪਿੰਡਾਂ 'ਚ ਹੀ ਹਲ ਕੀਤੇ ਜਾ ਰਹੇ ਹਨ ਅਤੇ ਜਲਦ ਹੀ ਲੋਕਾਂ ਦੇ ਕੰਮ ਕਾਜ ਉਨ੍ਹਾਂ ਦੇ ਪਿੰਡਾਂ ਵਿੱਚ ਹੀ ਕਰਵਾਏ ਜਾਣਗੇ। ਉਨ੍ਹਾਂ ਲੋਕਾਂ ਨੂੰ ਭਰੋਸਾ ਦਿੰਦੇ ਹੋਏ ਕਿਹਾ ਕਿ ਲੋਕ ਮੇਰੇ ਕੋਲ ਆਪਣੀਆਂ ਹਰ ਤਰ੍ਹਾਂ ਦੀਆਂ ਮੁਸ਼ਕਲਾਂ ਲੈ ਕੇ ਆਉਣ ਮੈਂ ਉਨ੍ਹਾਂ ਦੀਆਂ ਔਕੜਾਂ ਨੂੰ ਦੂਰ ਕਰਨ ਦੇ ਹਰ ਸੰਭਵ ਯਤਨ ਕਰਾਂਗਾ। ਇਸ ਮੌਕੇ ਤੇ ਡਿਪਟੀ ਕਮਿਸਨਰ ਹੁਸ਼ਿਆਰਪੁਰ ਮੈਡਮ ਕੋਮਲ ਮਿੱਤਲ ਨੇ ਕਿਹਾ ਕਿ ਜੇਕਰ ਕਿਸੇ ਵੀ ਵਿਅਕਤੀ ਨੂੰ ਸਰਕਾਰੀ ਦਫਤਰਾਂ ਵਿਚ ਕੰਮ-ਕਾਜ ਕਰਵਾਉਣ ਸਮੇਂ ਕੋਈ ਦਿੱਕਤ ਆਉਂਦੀ ਹੈ ਤਾਂ ਉਹ ਮੇਰੇ ਨਾਲ ਸਿਧਾ ਸੰਪਰਕ ਕਰ ਸਕਦੇ ਹਨ। ਡੀ.ਐਸ.ਪੀ ਟਾਂਡਾ ਕੁਲਵੰਤ ਸਿੰਘ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਨਸੇ ਨੂੰ ਰੋਕਣ ਲਈ ਨਸੇ ਦੇ ਸੌਦਾਗਰਾਂ ਬਾਰੇ ਕੋਈ ਵੀ ਜਾਣਕਾਰੀ ਜੇਕਰ ਤੁਹਾਨੂੰ ਮਿਲਦੀ ਹੈ ਤਾਂ ਉਹ ਪੁਲੀਸ ਨਾਲ ਸਾਂਝੀ ਜਰੂਰ ਕਰੋ ਅਤੇ ਜਾਣਕਾਰੀ ਦੇਣ ਵਾਲੇ ਦਾ ਨਾਮ ਗੁਪਤ ਰੱਖਿਆ ਜਾਵੇਗਾ।

## ਕਿਸਾਨ ਮਜਦੂਰ ਸੰਘਰਸ਼ ਕਮੇਟੀ 'ਚ ਪਾਵਰ ਕਾਮ ਦੇ ਢੰਡੋਵਾਲ ,ਲੋਹੀਆਂ ਤੇ ਮੱਲੀਆਂ ਦਫਤਰਾਂ ਵਿਖੇ ਧਰਨੇ

**ਸ਼ਾਹਕੋਟ (ਗਿਆਨ ਸੈਦਪੁਰੀ)**- ਵੀਰਵਾਰ ਨੂੰ ਕਿਸਾਨ ਮਜਦੂਰ ਸੰਘਰਸ਼ ਕਮੇਟੀ ਜ਼ਿਲ੍ਹਾ ਜਲੰਧਰ ਵੱਲੋਂ ਪਾਵਰ ਕਾਮ ਦੇ ਦਫਤਰਾਂ 'ਤੇ ਧਰਨੇ ਦਿੱਤੇ ਗਏ। ਜਿਨ੍ਹਾਂ ਵਿੱਚ ਕ੍ਰਮਵਾਰ ਗੁਰਮੇਲ ਸਿੰਘ ਰੇੜਵਾਂ ਅਤੇ ਨਿਰਮਲ ਸਿੰਘ ਢੰਡੋਵਾਲ ਦੀ ਅਗਵਾਈ ਵਿਚ ਢੰਡੋਵਾਲ ਵਿਖੇ ,ਸਲਵਿੰਦਰ ਸਿੰਘ ਜਾਣੀਆਂ ਅਤੇ ਸਤਨਾਮ ਸਿੰਘ ਰਾਈਵਾਲ ਦੀ ਅਗਵਾਈ ਵਿੱਚ ਲੋਹੀਆਂ ਵਿਖੇ ਅਤੇ ਰਣਜੀਤ ਸਿੰਘ ਬੱਲ ਨੌਂ ਅਤੇ ਜਿੰਦਰ ਸਿੰਘ ਈਦਾ ਦੀ ਅਗਵਾਈ ਵਿੱਚ ਮੱਲੀਆਂ ਵਿਖੇ ਧਰਨੇ ਦਿੱਤੇ ਗਏ । ਜਥੇਬੰਦੀ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਸਭਰਾ ਖਾਸ ਤੌਰ 'ਤੇ ਪੁੱਜੇ । ਸੰਬੋਧਨ ਕਰਦੇ ਹੋਏ ਬੁਲਾਰਿਆਂ ਨੇ ਕਿਹਾ ਕਿ ਸਰਕਾਰ ਇਕ ਇਕ ਕਰਕੇ ਸਾਰੇ ਹੀ ਸਰਕਾਰੀ ਅਦਾਰਿਆਂ ਨੂੰ ਪ੍ਰਾਈਵੇਟ ਹੱਥਾਂ ਵਿੱਚ ਦਿੰਦੀ ਜਾ ਰਹੀ ਹੈ। ਕਿਸੇ ਵੀ ਸਰਕਾਰੀ ਅਦਾਰੇ ਦੇ ਹਾਲਾਤ ਚੰਗੇ ਨਹੀਂ ਹਨ। ਪੰਜਾਬ ਸਰਕਾਰ ਵੱਲੋਂ ਲੋਕਾਂ ਦੇ ਘਰਾਂ ਵਿੱਚ ਚਿੱਪ ਵਾਲੇ ਮੀਟਰ ਲਗਾਉਣ ਦਾ ਫੈਸਲਾ ਰੱਦ ਕੀਤਾ ਜਾਵੇ, ਬਿਜਲੀ ਐਕਟ 2003 ਅਤੇ ਬਿਜਲੀ ਵੰਡ ਸੋਧ ਕਨੂੰਨ 2022 ਤੁਰੰਤ ਰੱਦ ਕੀਤਾ ਜਾਵੇ, ਸਰਕਾਰ ਬਿਨਾਂ ਸ਼ਰਤ ਹਰੇਕ ਖਪਤਕਾਰ ਨੂੰ 300 ਯੂਨਿਟ ਪ੍ਰਤੀ ਮਹੀਨਾ ਬਿੱਲ ਮੁਆਫੀ ਦੇਵੇ ਅਤੇ ਉਸ ਕੋਲੋਂ ਵਾਧੂ ਬਿਜਲੀ ਖਪਤ ਦਾ ਹੀ ਬਿੱਲ ਲਿਆ ਜਾਵੇ, ਖੇਤੀ ਮੋਟਰਾਂ ਨੂੰ ਬਿਜਲੀ ਦੀ ਸਿਲਾਈ 16 ਘੰਟੇ ਦਿੱਤੀ ਜਾਵੇ ਅਤੇ ਝੋਨੇ ਦੀ ਲਵਾਈ ਲਈ 10 ਜੂਨ ਤੋਂ ਸ਼ੁਰੂ ਕੀਤੀ ਜਾਵੇ, ਪਾਵਰਕਾਮ ਵਿੱਚ ਠੇਕੇਦਾਰੀ ਸਿਸਟਮ ਬੰਦ ਕਰਕੇ ਹਜ਼ਾਰਾਂ ਖਾਲੀ ਪਈਆਂ ਅਸਾਮੀਆਂ ਭਰੀਆਂ ਜਾਣ, ਓਵਰਲੋਡ ਟਰਾਂਸਫਰ ਨੂੰ ਤੁਰੰਤ ਡੀ ਲੋਡ ਕੀਤਾ ਜਾਵੇ ਅਤੇ ਖਸਤਾ ਹੋ ਚੁੱਕੇ ਸਾਜੋ ਸਾਮਾਨ ਨੂੰ ਬਦਲਿਆ ਜਾਵੇ, ਵੀ ਡੀ ਐਮ ਸਕੀਮ ਤੁਰੰਤ ਲਾਗੂ ਕੀਤੀ ਜਾਵੇ ਅਤੇ ਲੋਡ ਵਧਾਉਣ ਵਾਸਤੇ ਸਿਰਫ 200 ਰੁਪਏ ਹੀ ਸਰਵਿਸ ਫੀਸ ਲਈ ਜਾਵੇ, ਬਿਜਲੀ ਸ਼ਾਰਟ ਸਰਕਟ ਨਾਲ ਕਣਕ ਦੇ ਨਾੜ ਨੂੰ ਅੱਗ ਲੱਗਣ ਦੀ ਸੂਰਤ ਵਿੱਚ 59 ਹਜ਼ਾਰ ਮੁਆਵਜਾ ਦਿੱਤਾ ਜਾਵੇ ਆਦਿ ਮਸਲਿਆਂ 'ਤੇ ਚਰਚਾ ਕੀਤੀ ਗਈ । ਇਸ ਤੋਂ ਇਲਾਵਾ ਜਥੇਬੰਦੀ ਵੱਲੋਂ ਹਰਿਆਣਾ ਸਰਕਾਰ ਦੁਆਰਾ ਕਿਸਾਨਾਂ ਮਜਦੂਰਾਂ ਤੇ ਲਾਠੀਚਾਰਜ ਕਰਨ ਅਤੇ ਜੇਲ੍ਹਾਂ 'ਚ ਡੱਕਣ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ। ਫਸਲਾਂ ਦੀ ਕੀਮਤ ਵਿੱਚ ਕੀਤਾ ਨਿਗੂਣਾ ਵਾਧਾ ਕਿਸਾਨ ਮਜਦੂਰ ਨਾਲ ਇਕ ਘਿਨਾਉਣਾ ਮਜਾਕ ਹੈ। ਇਸ ਤੋਂ ਬਾਅਦ ਕੇਂਦਰ ਸਰਕਾਰ ਅਤੇ ਖੱਟੜ ਸਰਕਾਰ ਦੇ ਪੁਤਲੇ ਵੀ ਫੂਕੇ ਗਏ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜਲੰਧਰ ਜ਼ਿਲ੍ਹਾ ਦੇ ਚਾਰਾ ਜੋਨਾਂ ਤੋਂ ਸੈਂਕੜਿਆਂ ਦੀ ਗਿਣਤੀ ਵਿੱਚ ਕਿਸਾਨ ,ਮਜਦੂਰ ,ਬੀਬੀਆਂ ,ਬੱਚੇ ਅਤੇ ਬਜੁਰਗ ਹਾਜਰ ਸਨ।



### ਮਾਮਲਾ 2 ਪਿੰਡਾਂ 'ਚ ਬਰਸਾਤੀ ਪਾਣੀ ਦੀ ਨਿਕਾਸੀ ਦੇ ਵਿਵਾਦ ਦਾ

# ਵਿਧਾਇਕ ਗੋਇਲ ਨੇ ਅਧਿਕਾਰੀਆਂ ਨਾਲ ਬੈਠਕ ਕਰਕੇ ਵਿਵਾਦ ਸੁਲਝਾਇਆ



ਵਿਧਾਇਕ ਗੋਇਲ ਪਿੰਡਾਂ ਦੇ ਕਿਸਾਨਾਂ ਨਾਲ ਗੱਲਬਾਤ ਸਮੇਂ ਜਾਂਦੇ (ਸੱਜੇ) ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਕਰਦੇ ਹੋਏ।

**ਲਹਿਰਾਗਾਗਾ (ਰਾਕੇਸ਼ ਕੁਮਾਰ ਗੁਪਤਾ)**

ਹਲਕਾ ਲਹਿਰਾਂ ਦੇ ਪਿੰਡ ਰਾਏ ਧਰਾਣਾ ਤੇ ਜਲੂਰ ਦੇ ਲੋਕਾਂ ਵਿਚਕਾਰ ਮੀਂਹ ਦੇ ਪਾਣੀ ਦੀ ਨਿਕਾਸੀ ਨੂੰ ਲੈ ਕੇ ਲੰਬੇ ਸਮੇਂ ਤੋਂ ਚੱਲ ਰਿਹਾ ਵਿਵਾਦ ਵਿਧਾਇਕ ਐਡਵੋਕੇਟ ਬਰਿੰਦਰ ਗੋਇਲ ਦੇ ਯਤਨਾਂ ਸਦਕਾ ਹੱਲ ਹੋ ਗਿਆ। ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਹੇਠ ਤੇ ਵਿਧਾਇਕ ਗੋਇਲ ਨੇ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਆਪਣੇ ਦਫਤਰ ਵਿੱਚ ਨਹਿਰੀ ਤੇ ਡਰੇਨੇਜ ਵਿਭਾਗ ਦੇ ਅਧਿਕਾਰੀਆਂ ਨਾਲ ਵਿਸ਼ੇਸ਼ ਬੈਠਕ ਕਰਨ ਉਪਰੰਤ ਅਧਿਕਾਰੀਆਂ ਨੂੰ ਨਾਲ ਲੈ ਕੇ ਪਿੰਡ ਰਾਏ ਧਰਾਣਾ ਤੇ ਜਲੂਰ ਦਾ ਦੌਰਾ ਕਰਦਿਆਂ ਦੋਹਾਂ ਪਿੰਡਾਂ ਦੇ ਪਤਵੰਤੇ ਵਿਅਕਤੀਆਂ ਤੇ ਕਿਸਾਨਾਂ ਨਾਲ ਮਸਲੇ ਦੇ ਹੱਲ ਲਈ ਵਿਚਾਰ ਵਟਾਂਦਰਾ ਕੀਤਾ ਅਤੇ ਦੋਹਾਂ ਪਿੰਡਾਂ ਦੇ ਪਤਵੰਤੇ ਸੱਜਣ ਤੇ ਕਿਸਾਨਾਂ ਦੇ ਸੁਝਾਅ ਲਏ ਗਏ। ਉਪਰੰਤ ਵਿਧਾਇਕ ਗੋਇਲ ਵੱਲੋਂ ਵਿਭਾਗਾਂ ਦੇ ਅਧਿਕਾਰੀਆਂ ਦੇ ਨਾਲ ਡਰੇਨਾਂ, ਰਜਬਾਹੇ ਤੇ ਨਹਿਰਾਂ ਦਾ ਜਾਇਜ਼ਾ ਲੈਂਦਿਆਂ ਦੋਵਾਂ ਪਿੰਡਾਂ ਦੇ ਵਿਅਕਤੀਆਂ ਦੀ ਸਹਿਮਤੀ ਨਾਲ ਪਿੰਡ ਰਾਏ ਧਰਾਣਾ ਤੋਂ ਜਲੂਰ ਤੱਕ ਕਰੀਬ 80 ਲੱਖ ਰੁਪਏ ਦੀ ਲਾਗਤ ਨਾਲ 5 ਕਿਲੋਮੀਟਰ ਅੰਡਰਗਰਾਊਂਡ ਪਾਈਪ ਲਾਈਨ ਪਵਾ ਕੇ ਮੀਂਹ ਦੇ ਪਾਣੀ ਦੀ ਨਿਕਾਸੀ ਦੇ ਮਸਲੇ ਸਬੰਧੀ ਸਮਝੌਤਾ ਕਰਵਾਇਆ ਗਿਆ। ਦੋਵੇਂ ਪਿੰਡਾਂ ਦੀ ਸਹਿਮਤੀ ਉਪਰੰਤ ਵਿਧਾਇਕ ਗੋਇਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ 'ਤੇ ਉਕਤ ਮਾਮਲੇ ਦੇ ਹੱਲ ਲਈ ਉਨ੍ਹਾਂ ਵੱਲੋਂ ਪਿਛਲੇ ਸਮੇਂ ਦੋਵਾਂ ਪਿੰਡਾਂ ਦੇ ਮੋਹਤਬਰ ਵਿਅਕਤੀਆਂ ਤੇ ਕਿਸਾਨਾਂ ਨਾਲ ਮਸਲੇ ਦੇ ਹੱਲ ਲਈ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਡਰੇਨੇਜ ਤੇ ਨਹਿਰੀ ਵਿਭਾਗ ਦੇ ਅਧਿਕਾਰੀਆਂ ਨੂੰ ਲੈ ਕੇ ਦੋਵੇਂ ਪਿੰਡਾਂ ਦੇ ਵਿਅਕਤੀਆਂ ਤੇ ਕਿਸਾਨਾਂ ਦੀ ਸਹਿਮਤੀ ਨਾਲ ਫੈਸਲਾ ਕਰਵਾਇਆ ਗਿਆ।

ਇਸ ਮੌਕੇ ਵਿਧਾਇਕ ਗੋਇਲ ਨੇ ਅਧਿਕਾਰੀਆਂ ਨੂੰ ਨਿਰਦੇਸ਼ ਵੀ ਦਿੱਤੇ ਕਿ ਬਰਸਾਤ ਸ਼ੁਰੂ ਹੋਣ ਤੋਂ ਪਹਿਲਾਂ ਪਹਿਲਾਂ ਕੰਮ ਸ਼ੁਰੂ ਕਰਵਾ ਕੇ ਮਸਲੇ ਦਾ ਠੋਸ ਹੱਲ ਕੀਤਾ ਜਾਵੇ, ਤਾਂ ਜੋ ਲੋਕ ਕਿਸੇ ਵੀ ਤਰ੍ਹਾਂ ਦੇ ਲੜਾਈ-ਝਗੜੇ ਤੋਂ ਬਚ ਸਕਣ। ਵਿਧਾਇਕ ਗੋਇਲ ਨੇ ਕਿਹਾ ਕਿ ਅਕਾਲੀ-ਭਾਜਪਾ ਤੇ ਕਾਂਗਰਸ ਜਿਹੀਆਂ ਫਿਰਕਾਪ੍ਰਸਤ ਪਾਰਟੀਆਂ 'ਪਾੜੋ ਤੇ ਰਾਜ ਕਰੋ' ਦੀ ਨੀਤੀ 'ਤੇ ਚੱਲ ਕੇ ਲੋਕਾਂ ਨੂੰ ਆਪਸ ਵਿੱਚ ਲੜਾਉਂਦੀਆਂ ਰਹੀਆਂ, ਪਰ ਹੁਣ ਸੂਬੇ ਅੰਦਰ ਲੋਕਾਂ ਦੀ ਆਪਣੀ ਸਰਕਾਰ ਬਣ ਚੁੱਕੀ ਹੈ, ਕਿਸਾਨਾਂ ਦੀਆਂ ਸਮੱਸਿਆਵਾਂ ਨੂੰ ਲੈ ਕੇ ਸਰਕਾਰ ਪੂਰੀ ਤਰ੍ਹਾਂ ਗੰਭੀਰ ਹੈ ਤੇ ਵੱਖ-ਵੱਖ ਵਿਭਾਗਾਂ ਨਾਲ ਸਬੰਧਤ ਮਾਮਲਿਆਂ ਨੂੰ ਅਧਿਕਾਰੀ ਪਿੰਡਾਂ ਵਿੱਚ ਪਹੁੰਚ ਕੇ ਹੱਲ ਕਰਨਗੇ। ਵਿਧਾਇਕ ਗੋਇਲ ਨੇ ਦੱਸਿਆ ਕਿ ਹਲਕੇ ਦੇ ਲੱਗਭੱਗ 35 ਪਿੰਡਾਂ ਨੂੰ ਸੀਚੇਵਾਲ ਸਕੀਮ ਦੇ ਅਧੀਨ ਲਿਆਂਦਾ ਜਾ ਚੁੱਕਾ ਹੈ, ਇਸ ਦੇ ਤਹਿਤ ਪਿੰਡਾਂ ਦੇ ਗੰਦੇ ਪਾਣੀ ਨੂੰ ਟਰੀਟਮੈਂਟ ਪਲਾਂਟ ਰਾਹੀਂ ਵਰਤੋਂ ਵਿੱਚ ਲਿਆਂਦਾ ਜਾਵੇਗਾ। ਇਸ ਮੌਕੇ ਨਹਿਰੀ ਵਿਭਾਗ ਦੇ ਸਾਬਕਾ ਐਕਸੀਅਨ ਨਰਿੰਦਰ ਗੋਇਲ, ਓ ਐੱਸ ਡੀ ਰਕੇਸ਼ ਕੁਮਾਰ ਗੁਪਤਾ ਵਿੱਕੀ, ਨਹਿਰੀ ਵਿਭਾਗ ਦੇ ਐਕਸੀਅਨ ਕਮਲਜੀਤ ਸਿੰਘ, ਡਰੇਨੇਜ ਵਿਭਾਗ ਦੇ ਐਕਸੀਅਨ, ਐੱਸ ਡੀ ਓ ਤੋਂ ਇਲਾਵਾ ਸੀਨੀਅਰ ਆਗੂ ਦੀਪਕ ਜੈਨ, ਅਗਰਵਾਲ ਸਭਾ ਦੇ ਪ੍ਰਧਾਨ ਸਿਸਪਾਲ ਗਰਗ, ਮੇਘ ਰਾਜ ਬਾਂਸਲ ਅਤੇ ਦੋਹਾਂ ਪਿੰਡਾਂ ਦੇ ਪਾਰਟੀ ਆਗੂ ਤੇ ਵਲੰਟੀਅਰ ਵੀ ਹਾਜ਼ਰ ਸਨ।

## ਸਤੌਜ 'ਚ ਨਹਿਰੀ ਪਾਣੀ ਲਈ ਜ਼ਮੀਨਦੋਜ਼ ਪਾਈਪਾਂ ਪਾਉਣ ਦਾ ਕੰਮ ਸ਼ੁਰੂ

### *ਮੁੱਖ ਮੰਤਰੀ ਦੀ ਮਾਤਾ ਨੇ ਟੱਕ ਲਗਾ ਕਰਵਾਈ ਸ਼ੁਰੂਆਤ*



**ਚੀਮਾਂ ਮੰਡੀ (ਰਵਿੰਦਰ ਚੀਮਾ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਮਾਤਾ ਹਰਪਾਲ ਕੌਰ ਨੇ ਜੱਦੀ ਪਿੰਡ ਸਤੌਜ ਦੇ ਕਿਸਾਨਾਂ ਲਈ ਨਹਿਰੀ ਪਾਣੀ ਦੀ ਸਹੂਲਤ ਲਈ ਜ਼ਮੀਨਦੋਜ ਪਾਈਪਾਂ ਪਾਉਣ ਦੇ ਕੰਮ ਦੀ ਟੱਕ ਲਗਾ ਕੇ ਸ਼ੁਰੂਆਤ ਕਰਵਾਈ। ਜਾਣਕਾਰੀ ਸਾਂਝੀ ਕਰਦਿਆਂ ਪੰਜਾਬ ਜਲ ਸਰੋਤ ਪ੍ਰਬੰਧਨ ਦੇ ਐੱਸ ਡੀ ਓ ਹਰਮਨਿੰਦਰ ਸਿੰਘ ਨੇ ਦੱਸਿਆ ਕਿ ਇਸ ਪ੍ਰੋਜੈਕਟ ਤਹਿਤ ਪਿੰਡ ਸਤੌਜ ਦੀ 1281 ਏਕੜ ਜ਼ਮੀਨ ਨੂੰ ਫਾਇਦਾ ਹੋਵੇਗਾ ਤੇ ਪਾਈਪ ਲਾਈਨ ਦੀ ਲੰਬਾਈ 21 ਕਿਲੋਮੀਟਰ ਹੈ। ਉਨ੍ਹਾ ਕਿਹਾ ਕਿ ਕਿਸਾਨਾਂ ਦੇ ਸਹਿਯੋਗ ਨਾਲ ਇਸ ਕਾਰਜ ਨੂੰ ਜਲਦੀ ਨੇਪਰੇ ਚਾੜ੍ਹਿਆ ਜਾਵੇਗਾ। ਇਸ ਮੌਕੇ ਮਹਿਕਮੇ ਦੇ ਜੇ ਈ ਅਰਸ਼ਦੀਪ ਸਿੰਘ, ਆਪ ਆਗੂ ਗੁਰਜੀਤ ਸਿੰਘ ਨੰਬਰਦਾਰ ਲਖਵੀਰ ਸਿੰਘ, ਜਸਵੀਰ ਸਿੰਘ, ਹਰਵਿੰਦਰ ਸਿੰਘ, ਗੁਰਤੇਜ ਸਿੰਘ, ਸਰਪੰਚ ਚਰਨਾ ਸਿੰਘ, ਗੁਲਾਬ ਸਿੰਘ, ਕਰਮਜੀਤ ਸਿੰਘ, ਸਨਦੀਪ ਸਿੰਘ, ਗੁਰਨੈਬ ਸਿੰਘ, ਗੁਰਪ੍ਰੀਤ ਸਿੰਘ, ਜਗਸੀਰ ਸਿੰਘ, ਰਾਜੂ ਸਿੰਘ, ਨਿੱਕੂ ਸਿੰਘ, ਕਾਲਾ ਸਿੰਘ, ਸਤਗੁਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਿਸਾਨ ਮੌਜੂਦ ਸਨ।

## ਦਲਿਤ ਵਰਗ ਨੂੰ ਦਰਕਿਨਾਰ ਕਰਕੇ ਪੰਜਾਬ ਦਾ ਭਲਾ ਨਹੀਂ ਕੀਤਾ ਜਾ ਸਕਦਾ : ਚੌਹਾਨ



ਰੈਲੀ ਨੂੰ ਜਾਣ ਸਮੇਂ ਰਵਾਨਾ ਹੁੰਦੇ ਵਰਕਰ।

**ਭੀਖੀ (ਧਰਮਵੀਰ ਸ਼ਰਮਾ)**-ਪੰਜਾਬ ਦੀਆਂ 8 ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਦਲਿਤਾਂ ਤੇ ਮਜ਼ਦੂਰਾਂ ਦੀਆਂ ਹੱਕੀ ਤੇ ਜਾਇਜ਼ ਮੰਗਾਂ ਨੂੰ ਲੈ ਕੇ ਲਗਾਤਾਰ ਸੰਘਰਸ਼ ਕੀਤਾ ਜਾ ਰਿਹਾ ਹੈ, ਪ੍ਰੰਤੂ ਸੂਬੇ ਦੀ ਮਾਨ ਸਰਕਾਰ 34 ਪ੍ਰਤੀਸ਼ਤ ਦਲਿਤ ਅਤੇ ਮਜ਼ਦੂਰ ਲੋਕਾਂ ਨੂੰ ਅਣਗੌਲਿਆ ਕਰਕੇ ਵਿਕਾਸ ਦੀਆਂ ਟਾਹਰਾਂ ਮਾਰ ਰਹੀ ਹੈ। ਜਦੋਂ ਕਿ ਦਲਿਤਾਂ ਨੂੰ ਦਰਕਿਨਾਰ ਕਰਕੇ ਪੰਜਾਬ ਦਾ ਭਲਾ ਨਹੀਂ ਕੀਤਾ ਜਾ ਸਕਦਾ। ਇਹ ਪ੍ਰਗਟਾਵਾ ਪੰਜਾਬ ਖੇਤ ਮਜ਼ਦੂਰ ਸਭਾ ਦੇ ਸੂਬਾ ਮੀਤ ਪ੍ਰਧਾਨ ਕ੍ਰਿਸ਼ਨ ਚੌਹਾਨ ਨੇ ਮਜ਼ਦੂਰ ਜਥੇਬੰਦੀਆਂ ਦੀ ਸੰਗਰੂਰ ਰੈਲੀ ਮੌਕੇ ਰਵਾਨਾ ਹੁੰਦਿਆਂ ਸਾਥੀਆਂ ਨੂੰ ਸੰਬੋਧਨ ਕਰਦਿਆਂ ਕੀਤਾ। ਆਗੂ ਨੇ ਪੰਜਾਬ ਦੇ ਮਜ਼ਦੂਰਾਂ ਅਤੇ ਦਲਿਤਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਘੱਟੋ ਘੱਟ ਦਿਹਾੜੀ 700 ਰੁਪਏ ਪ੍ਰਤੀ ਦਿਨ, ਨਰੇਗਾ ਕਾਨੂੰਨ ਤਹਿਤ ਪਤੀ ਪਤਨੀ ਨੂੰ 200 ਦਿਨ ਕੰਮ ਲਾਜ਼ਮੀ ਦੇਣ, ਹਰ ਲੋੜਵੰਦ ਨੂੰ ਪੰਜ ਪੰਜ ਮਰਲੇ ਦੇ ਪਲਾਟ ਅਤੇ ਮਕਾਨ ਉਸਾਰੀ ਲਈ ਗਰਾਂਟ ਦੇਣ, ਦਲਿਤਾਂ ਮਜ਼ਦੂਰਾਂ ਦੇ ਸਮੁੱਚੇ ਕਰਜ਼ੇ ਸਮੇਤ ਔਰਤਾਂ ਦੇ ਮਾਈਕਰੋ ਫਾਈਨਾਂਸ ਕੰਪਨੀਆ ਦੇ ਕਰਜ਼ੇ ਮੁਆਫ ਕੀਤੇ ਜਾਣ। ਉਨ੍ਹਾਂ ਨਰਮਾ ਚੁਗਾਈ ਦੇ ਮੁਆਵਜ਼ੇ ਦੀ ਮੰਗ ਕਰਦਿਆਂ ਕਿਹਾ ਕਿ ਸਰਕਾਰ ਨੇ ਨਾਮਾਤਰ ਮੁਆਵਜ਼ਾ ਪਾਇਆ ਗਿਆ ਹੈ ਜਦੋਂ ਕਿ ਵੱਡੀ ਗਿਣਤੀ ਵਿੱਚ ਗਰੀਬ ਲੋਕ ਫਾਕੇ ਕੱਟਣ ਲਈ ਮਜਬੂਰ ਹਨ। ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਕੇਵਲ ਸਿੰਘ ਸਮਾਉਂ ਅਤੇ ਸਕੱਤਰ ਸੀਤਾ ਰਾਮ ਗੋਬਿੰਦਪੁਰਾ ਨੇ ਕਿਹਾ ਕਿ ਮਸਲੇ ਹੱਲ ਹੋਣ ਤੱਕ ਸੰਘਰਸ਼ ਜਾਰੀ ਰੱਖਿਆ ਜਾਵੇਗਾ। ਉਨ੍ਹਾ ਮਾਨ ਸਰਕਾਰ ਤੋਂ ਮੰਗ ਕੀਤੀ ਕਿ ਗੋਬਿੰਦਪੁਰਾ ਦੇ ਪੀੜਤ ਲੋਕਾਂ ਨੂੰ ਉਜਾੜਾ ਭੱਤਾ ਅਤੇ ਨੌਕਰੀ ਦਿੱਤੀ ਜਾਵੇ ਅਤੇ ਲੋਕਾਂ ਦੀ ਐਕਵਾਇਰ ਕੀਤੀ ਗਈ ਜ਼ਮੀਨ ਤੇ ਪ੍ਰਜੈਕਟ ਲਾ ਕੇ ਲੋਕਾਂ ਨੂੰ ਪਹਿਲ ਦੇ ਅਧਾਰ 'ਤੇ ਰੁਜ਼ਗਾਰ ਮੁਹੱਈਆ ਕੀਤਾ ਜਾਵੇ। ਇਸ ਮੌਕੇ ਹਰਪ੍ਰੀਤ ਮਾਨਸਾ, ਸੁਖਦੇਵ ਮਾਨਸਾ, ਗੁਰਪਿਆਰ ਫੱਤਾ, ਗੁਰਦੇਵ ਦਲੇਲ ਸਿੰਘ ਵਾਲਾ, ਮੋਤੀ ਬਾਬਾ ਭੈਣੀ ਬਾਘਾ, ਸਤਨਾਮ ਸਿੰਘ, ਜੱਗਾ ਸਿੰਘ ਬਾਜੇਵਾਲਾ ਆਦਿ ਹਾਜ਼ਰ ਸਨ।

## ਕਾਤਰਾਂ

### ਨਿਰਵੈਰ ਸਿੰਧੀ ਨੇ ਕੈਬਨਿਟ ਮੰਤਰੀ ਬਲਕਾਰ ਸਿੰਘ ਨੂੰ ਦਿੱਤੀਆਂ ਵਧਾਈਆਂ



**ਮਮਦੋਟ (ਹਰਪਾਲ ਸਿੰਘ ਸੋਢੀ)**-ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਪਿਛਲੇ ਦਿਨੀਂ ਕੈਬਨਿਟ ਦਾ ਵਿਸਥਾਰ ਕੀਤਾ ਗਿਆ, ਜਿਸ ਵਿੱਚ ਕਰਤਾਰਪੁਰ ਸਾਹਿਬ ਤੋਂ ਐੱਮ ਐੱਲ ਏ ਬਲਕਾਰ ਸਿੰਘ ਨੂੰ ਲੋਕਲ ਬਾਡੀ ਮਿਨਿਸਟਰ ਨਿਯੁਕਤ ਕੀਤਾ ਗਿਆ, ਜਿਨ੍ਹਾਂ ਨੂੰ ਅੱਜ ਲੋਕ ਸਭਾ ਫਿਰੋਜ਼ਪੁਰ ਤੋਂ ਸੀਨੀਅਰ ਆਗੂ ਤੇ ਜ਼ਿਲ੍ਹਾ ਫਿਰੋਜ਼ਪੁਰ ਤੋਂ ਮੀਡੀਆ ਇੰਚਾਰਜ ਨਿਰਵੈਰ ਸਿੰਘ ਸਿੰਧੀ ਨੇ ਪੰਜਾਬ ਸੈਕਟਰੀਏਟ ਚੰਡੀਗੜ੍ਹ ਵਿਖੇ ਉਨ੍ਹਾ ਦੇ ਦਫਤਰ ਵਿੱਚ ਪਹੁੰਚ ਕੇ ਨਵੀਂ ਮਿਲੀ ਜ਼ਿੰਮੇਵਾਰੀ ਦੀਆਂ ਵਧਾਈਆਂ ਦਿੱਤੀਆਂ। ਇਸ ਮੌਕੇ ਉਨ੍ਹਾ ਨਾਲ ਅਵਤਾਰ ਸਿੰਘ ਖਹਿਰਾ, ਹਰਜਿੰਦਰ ਸਿੰਘ ਸਿੰਧੀ, ਉਪਿੰਦਰ ਸਿੰਘ ਐੱਮ ਸੀ ਮਮਦੋਟ ਆਦਿ ਹਾਜ਼ਰ ਸਨ।

### ਵਿਜੈ ਸ਼ਰਮਾ ਨੂੰ ਭਾਜਪਾ ਨੇ ਇੰਚਾਰਜ ਥਾਪਿਆ



**ਬਾਘਾ ਪੁਰਾਣਾ (ਮਨੀ ਸਿਗਲਾ)**-ਭਾਰਤੀਆ ਜੰਤਾ ਪਾਰਟੀ ਵੱਲੋਂ ਪਿੰਡਾਂ ਵਿੱਚ ਆਪਣਾ ਅਧਾਰ ਮਜ਼ਬੂਤ ਕਰਨ ਲਈ ਚਲਾਈ ਗਈ ਮੁਹਿੰਮ ਤਾਹਿਤ ਬਾਘਾ ਪੁਰਾਣਾ ਦੇ ਕੌਂਸਲਰ ਰਹੇ ਵਿਜੈ ਸ਼ਰਮਾ ਨੂੰ ਲੋਕ ਸਭਾ ਹਲਕਾ ਫਰੀਦਕੋਟ ਦਾ ਇੰਚਾਰਜ ਨਿਯੁਕਤ ਕੀਤਾ ਗਿਆ ਹੈ। ਵਿਜੈ ਸ਼ਰਮਾ ਨੂੰ ਪਿਛਲੇ ਮਹੀਨੇ ਹੀ ਪੰਜਾਬ ਭਾਜਪਾ ਦਾ ਮੈਂਬਰ ਨਿਯੁਕਤ ਕੀਤਾ ਗਿਆ ਸੀ। ਵਿਜੈ ਸ਼ਰਮਾ ਕੌਂਸਲਰ ਤੋਂ ਬਾਅਦ ਜ਼ਿਲ੍ਹਾ ਪ੍ਰਧਾਨ, ਪੰਜਾਬ ਭਾਜਪਾ ਦਾ ਸਟੇਟ ਮੈਂਬਰ ਨਿਯੁਕਤ ਕੀਤਾ ਗਿਆ ਸੀ ਤੇ ਹੁਣ ਲੋਕ ਸਭਾ ਹਲਕਾ ਦੇ ਇੰਚਾਰਜ ਬਣੇ ਹਨ। ਇਸ ਨਿਯੁਕਤੀ ਨੂੰ ਲੈ ਕੇ ਸ੍ਰੀ ਰਾਮ ਉਤਸਵ ਕਮੇਟੀ ਦੇ ਪ੍ਰਧਾਨ ਬੌਬੀ ਗਰਗ, ਆਰ.ਐੱਸ.ਐੱਸ. ਦੇ ਆਗੂ ਚਤੁਰਭੁਜ ਜਿੰਦਲ, ਸ਼ਿਵ ਮੰਦਰ ਪ੍ਰਬੰਧਕ ਕਮੇਟੀ ਦੇ ਆਗੂ ਸੰਜੀਵ ਕੁਮਾਰ ਠੰਡੂ, ਰੈਡੀਮੇਡ ਕੱਪੜਾ ਯੂਨੀਅਨ ਦੇ ਆਗੂ ਨਵਤੇਜ ਕੁਮਾਰ ਰੌਤੇ ਵਾਲੇ, ਨਰੇਸ਼ ਜੈਦਕਾ, ਰੌਸ਼ਨ ਲਾਲ ਰੋਸ਼ੀ, ਰਾਮ ਬਾਂਸਲ, ਅਸ਼ਵਨੀ ਸ਼ਰਮਾ, ਵੀਰ ਚੰਦ ਲੂਥਰਾ, ਮਿੰਟੂ ਇੰਸਾਂ ਤੇ ਦੀਪਕ ਭੱਲਾ ਆਦਿ ਆਗੂਆਂ ਨੇ ਇਸ ਨਿਯੁਕਤੀ 'ਤੇ ਖੁਸ਼ੀ ਦਾ ਇਜ਼ਹਾਰ ਕੀਤਾ।

### ਆਪਣੀ ਕਮੀ ਦੇਖੋ, ਦੂਜੇ ਦਾ ਸ਼ੀਸ਼ਾ ਬਣਨ ਦੀ ਲੋੜ ਨਹੀਂ : ਡਾ. ਦਾਮਿਨੀ



**ਜੈਤੋ (ਸਤੀਸ਼ ਕੁਮਾਰ ਭੀਰੀ)**-ਜੀਵਨ ਬਹੁਤ ਹੀ ਸੁੰਦਰ ਹੈ, ਇਸ ਨੂੰ ਹੋਰ ਬਿਹਤਰ ਬਣਾਓ, ਮਨ ਇਹੋ ਜਿਹਾ ਰੱਖੋ ਕਿ ਕਿਸੇ ਨੂੰ ਬੁਰਾ ਨਾ ਲੱਗੇ। ਦਿਲ ਐਸਾ ਰੱਖੋ ਕਿ ਕਿਸੇ ਨੂੰ ਦੁਖੀ ਨਾ ਕਰੇ, ਸਪਰਸ਼ ਐਸਾ ਰੱਖੋ ਕਿ ਕਿਸੇ ਨੂੰ ਦਰਦ ਨਾ ਹੋਵੇ ਤੇ ਰਿਸ਼ਤਾ ਐਸਾ ਰੱਖੋ ਕਿ ਉਸ ਦਾ ਅੰਤ ਨਾ ਹੋਵੇ। ਇਸ ਬਾਣੀ ਨਾਲ ਡਾ. ਬੀ ਕੇ ਦਾਮਿਨੀ ਨੇ ਵੱਖ ਵੱਖ ਰਾਜਾਂ ਤੋਂ ਮਾਊਂਟ ਆਬੂ ਈਸ਼ਵਰੀਆ ਵਿਸ਼ਵਵਿਦਿਆਲਿਆ ਵਿਖੇ ਪਹੁੰਚੇ ਸਰੋਤਿਆਂ ਨੂੰ ਮੰਤਰਮੁਗਧ ਕੀਤਾ। ਬੀ ਕੇ ਦਾਮਿਨੀ ਨੇ ਕਿਹਾ ਕਿ ਜੇਕਰ ਸਾਰੇ ਦਿਨ ਵਿੱਚ ਕੋਈ ਪੰਜ ਮਿੰਟ ਲਈ ਸਾਨੂੰ ਪ੍ਰੇਸ਼ਾਨ ਕਰਦਾ ਹੈ ਤਾਂ ਸਾਨੂੰ ਪੂਰਾ ਦਿਨ ਵਿਅਰਥ ਨਹੀਂ ਕਰਨਾ ਚਾਹੀਦਾ, ਜਿਵੇਂ ਕਿ ਜੇਕਰ ਸਾਡੇ ਕੋਲ ਮੌਜੂਦ 100 ਰੁਪਏ ਵਿੱਚੋਂ ਪੰਜ ਰੁਪਏ ਚੋਰੀ ਹੋ ਜਾਣ ਤਾਂ ਅਸੀਂ ਬਾਕੀ ਰੁਪਏ ਨਹੀਂ ਸੁੱਟਦੇ। ਉਨ੍ਹਾ ਕਿਹਾ ਕਿ ਉਸ ਪੰਜ ਮਿੰਟ ਦੀ ਬੋਲਚਾਲ ਲਈ ਅਸੀਂ ਪੂਰਾ ਦਿਨ ਖਰਾਬ ਕਰ ਦਿੰਦੇ ਹਾਂ, ਆਪਣੇ ਸਮੇਂ ਰੂਪੀ ਅਨਮੋਲ ਧਨ ਨੂੰ ਵਿਅਰਥ ਕਰ ਦਿੰਦੇ ਹਾਂ, ਤੁਸੀਂ ਅੱਜ ਤੋਂ ਸੰਕਲਪ ਲਓ ਕਿ ਕਿਸੇ ਵੀ ਗੱਲ ਦੀ ਵਜ੍ਹਾ ਨਾਲ ਆਪਣੇ ਦਿਨ ਨੂੰ ਵਿਅਰਥ ਨਹੀਂ ਕਰਾਂਗੇ। ਅੰਤ ਵਿੱਚ ਡਾ. ਬੀ ਕੇ ਦਾਮਿਨੀ ਨੇ ਕਿਹਾ ਕਿ ਸਾਨੂੰ ਫੁਰਸਤ ਵਿੱਚ ਆਪਣੀਆਂ ਕਮੀਆਂ ਨੂੰ ਦੇਖਣਾ ਚਾਹੀਦਾ ਹੈ, ਜਿਸ ਨਾਲ ਦੂਜਿਆਂ ਦਾ ਸ਼ੀਸ਼ਾ ਬਣਨ ਦੀ ਖਵਾਹਿਸ਼ ਖਤਮ ਹੋ ਜਾਵੇਗੀ।

### ਜ਼ਿਲ੍ਹਾ ਪੱਧਰੀ ਪਲੇਸਮੈਂਟ ਡਰਾਈਵ 'ਚ 300 ਨੌਜਵਾਨਾਂ ਦਿੱਤੀ ਇੰਟਰਵਿਊ

ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਪੰਜਾਬ ਸਰਕਾਰ ਵੱਲੋਂ ਬੇਰੋਜ਼ਗਾਰੀ ਦੇ ਖਾਤਮੇ ਲਈ ਚਲਾਈ ਜਾ ਰਹੀ ਮੁਹਿੰਮ ਤਹਿਤ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਬੱਚਤ ਭਵਨ ਵਿਖੇ ਜ਼ਿਲ੍ਹਾ ਪੱਧਰੀ ਪਲੇਸਮੈਂਟ ਡਰਾਈਵ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ 300 ਨੌਜਵਾਨਾਂ ਨੇ ਇੰਟਰਵਿਊ ਦਿੱਤੀ। ਇਸ ਪਲੇਸਮੈਂਟ ਕੈਂਪ ਵਿੱਚ ਸਹਾਇਕ ਕਮਿਸ਼ਨਰ (ਜਨਰਲ) ਸ਼੍ਰੀ ਅਭਿਸ਼ੇਕ ਸ਼ਰਮਾ ਨੇ ਨੌਜਵਾਨਾਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਰੋਜ਼ਗਾਰ ਹਾਸਲ ਕਰਨ ਲਈ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਨਾਲ ਸੰਪਰਕ 'ਚ ਰਹਿਣ ਲਈ ਪ੍ਰੇਰਿਤ ਕੀਤਾ। ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਰੋਜ਼ਗਾਰ ਅਫਸਰ ਸ਼੍ਰੀਮਤੀ ਰੁਪਿੰਦਰ ਕੌਰ ਨੇ ਦੱਸਿਆ ਕਿ ਇਸ ਪਲੇਸਮੈਂਟ ਡਰਾਈਵ 'ਚ ਵੱਖ-ਵੱਖ ਨਾਮੀ ਪ੍ਰਾਈਵੇਟ ਕੰਪਨੀਆਂ ਜਿਵੇਂ ਕਿ ਆਈ.ਸੀ.ਆਈ.ਸੀ.ਆਈ. ਬੈਂਕ, ਐਕਸਿਸ ਬੈਂਕ, ਐੱਚ.ਡੀ.ਐੱਫ.ਸੀ. ਲਾਇਫ, ਐੱਸ.ਬੀ.ਆਈ. ਲਾਇਫ, ਫਲਿੱਪਕਾਰਟ ਤੇ ਅਜ਼ਾਇਲ ਹਰਬਲ ਲਾਈਫ ਆਦਿ ਨੇ ਭਾਗ ਲਿਆ। ਇਨ੍ਹਾਂ ਨਾਮੀ ਕੰਪਨੀਆਂ ਦੇ ਨੁਮਾਇੰਦਿਆਂ ਵੱਲੋਂ ਦਸਵੀਂ, ਬਾਰਵੀਂ, ਆਈ.ਟੀ.ਆਈ. ਤੇ ਗਰੈਜੂਏਸ਼ਨ ਪਾਸ 300 ਉਮੀਦਵਾਰਾਂ ਨਾਲ ਇੰਟਰਵਿਊ ਕੀਤੀ।

# ਮਲੂਕਾ ਨੇ ਮੀਟਿੰਗ 'ਚ ਹਰਿਆਊ ਤੇ ਲਾਲਵਾ ਦੀਆਂ ਪਵਾਈਆਂ ਜੱਫੀਆਂ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਵਿਧਾਨ ਸਭਾ ਹਲਕਾ ਸ਼ੁਤਰਾਣਾ ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ ਹੇਠਲੇ ਪੱਧਰ ਉੱਤੇ ਮਜ਼ਬੂਤ ਕਰਨ ਤੇ ਨਵਾਂ ਹਲਕਾ ਇੰਚਾਰਜ ਲਗਾਏ ਜਾਣ ਲਈ ਵਰਕਰਾਂ ਨਾਲ ਵਿਚਾਰ ਵਟਾਂਦਰਾ ਕਰਨ ਦੇ ਮਕਸਦ ਨਾਲ ਮੀਟਿੰਗ ਗੁਰਦੁਆਰਾ ਨਾਨਕ ਪ੍ਰਕਾਸ ਸਾਹਿਬ ਵਿਖੇ ਕੀਤੀ ਗਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸਵਰਗੀ ਨਿਰਮਲ ਸਿੰਘ ਹਰਿਆਊ ਦੇ ਭਤੀਜੇ ਜਗਮੀਤ ਸਿੰਘ ਹਰਿਆਊ ਤੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਮਹਿੰਦਰ ਸਿੰਘ ਲਾਲਵਾ ਦੀ ਅਗਵਾਈ ਵਿੱਚ ਹੋਈ ਮੀਟਿੰਗ ਦੌਰਾਨ ਅਬਜ਼ਰਵਰ ਤੇ ਸਾਬਕਾ ਕੈਬਨਿਟ ਮੰਤਰੀ ਸਿਕੰਦਰ ਸਿੰਘ ਮਲੂਕਾ ਅਤੇ ਸਾਬਕਾ ਕੈਬਨਿਟ ਮੰਤਰੀ ਤੇ ਜ਼ਿਲ੍ਹਾ ਪ੍ਰਧਾਨ ਸੁਰਜੀਤ ਸਿੰਘ ਰੱਖੜਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਕੇ ਵਰਕਰਾਂ ਦੀਆਂ ਮੁਸ਼ਕਲਾਂ ਸੁਣੀਆਂ। ਮੀਟਿੰਗ ਦੌਰਾਨ ਹਲਕਾ ਸ਼ੁਤਰਾਣਾ ਅੰਦਰ ਅਕਾਲੀ ਦਲ ਵਿੱਚ ਆਪਸੀ ਫੁੱਟ ਉੱਭਰ ਕੇ ਸਾਹਮਣੇ ਆਈ। ਇਸ ਦੌਰਾਨ ਅਬਜ਼ਰਵਰ ਸਿਕੰਦਰ ਸਿੰਘ ਮਲੂਕਾ ਨੇ ਮੀਟਿੰਗ ਨੂੰ ਸੰਬੋਧਨ ਕਰਨ ਮਗਰੋਂ ਅਕਾਲੀ ਦਲ ਦੇ ਦੋ ਧੜਿਆਂ ਦੀ ਅਗਵਾਈ ਕਰ ਯੂਥ ਆਗੂ ਜਗਮੀਤ ਸਿੰਘ ਹਰਿਆਊ ਤੇ ਜ਼ਿਲ੍ਹਾ ਯੋਜਨਾ ਬੋਰਡ ਦੇ ਸਾਬਕਾ ਚੇਅਰਮੈਨ ਮਹਿੰਦਰ ਸਿੰਘ ਲਾਲਵਾ ਦੀ ਆਪਸ ਵਿੱਚ ਜੱਫੀ ਪੁਆ ਕੇ ਏਕੇ ਦਾ ਅਹਿਸਾਸ ਕਰਵਾਇਆ। ਇਸ ਦੌਰਾਨ ਜ਼ਿਆਦਾਤਰ ਵਰਕਰਾਂ ਨੇ ਹਲਕੇ ਵਿੱਚੋਂ ਹੀ ਇੰਚਾਰਜ ਲਾਉਣ ਦੀ ਮੰਗ ਕੀਤੀ। ਅਬਜ਼ਰਵਰ ਤੇ ਸਾਬਕਾ ਕੈਬਨਿਟ ਮੰਤਰੀ ਸਿਕੰਦਰ ਸਿੰਘ ਮਲੂਕਾ ਨੇ ਕਿਹਾ ਕਿ ਪਾਰਟੀ ਵੱਲੋਂ ਹਰ ਫੈਸਲਾ ਵਰਕਰਾਂ ਦੀਆਂ ਭਾਵਨਾਵਾਂ ਨੂੰ ਮੁੱਖ ਰੱਖ ਕੇ ਕੀਤਾ ਜਾਵੇਗਾ। ਉਨ੍ਹਾ ਕਿਹਾ ਕਿ ਹਲਕੇ ਦੇ ਆਗੂ ਆਪਣੀ ਸਲਾਹ ਨਾਲ, ਜਿਸ ਵੀ ਵਿਅਕਤੀ ਦਾ ਨਾਮ ਹਾਈ ਕਮਾਂਡ ਨੂੰ ਭੇਜਣਗੇ, ਪਾਰਟੀ ਹਾਈਕਮਾਂਡ ਉਸੇ ਉੱਤੇ ਮੋਹਰ ਲਗਾ ਦੇਵੇਗੀ। ਇੱਕ ਤੋਂ ਵੱਧ ਉਮੀਦਵਾਰ ਹੋਣ ਦੀ ਸੂਰਤ ਵਿੱਚ ਮੈਰਿਟ ਦੇ ਆਧਾਰ 'ਤੇ ਫੈਸਲਾ ਲਿਆ ਜਾਵੇਗਾ। ਜੇਕਰ ਕਿਸੇ ਤਰ੍ਹਾਂ ਦੀ ਕੋਈ ਦਿੱਕਤ ਦਾ ਸਾਹਮਣਾ ਕਰਨਾ ਪੈਂਦਾ ਹੈ ਪਾਰਟੀ ਹਾਈ ਕਮਾਂਡ ਸਾਰੇ ਪੱਖਾਂ ਤੋਂ ਵਿਚਾਰ ਵਟਾਂਦਰੇ ਉਪਰੰਤ ਫੈਸਲਾ ਲਵੇਗੀ। ਉਨ੍ਹਾ ਕਿਹਾ ਕਿ ਆਉਣ ਵਾਲੀਆਂ ਲੋਕ ਸਭਾ ਚੋਣਾਂ ਤੇ ਹਲਕੇ ਦੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਮੁੱਖ ਰੱਖਦਿਆਂ ਛੇਤੀ ਹੀ ਹਲਕਾ ਇੰਚਾਰਜ ਲਗਾਇਆ ਜਾਵੇਗਾ। ਉਨ੍ਹਾ ਕਿਹਾ ਕਿ ਆਪ ਦੇ ਦਾਅਵਿਆ ਤੇ ਲਾਰਿਆਂ ਦੀ ਪੋਟਲੀ ਖੁੱਲ੍ਹ ਚੁੱਕੀ ਹੈ। ਸੂਬਾ ਸਰਕਾਰ ਵੱਲੋਂ ਲੋਕਾਂ ਨਾਲ ਪੰਜਾਬ ਦੇ ਵਿਕਾਸ ਦੇ ਕੀਤੇ ਦਾਅਵੇ ਹਵਾ ਹੋ ਗਏ ਹਨ। ਪੰਜਾਬ ਵਿੱਚ ਅਮਨ ਕਾਨੂੰਨ ਦੀ ਸਥਿਤੀ ਲਗਾਤਾਰ ਵਿਗੜ ਰਹੀ ਹੈ। ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਸੰਘਰਸ਼ਾਂ ਵਿੱਚੋਂ ਨਿਕਲੀ ਪਾਰਟੀ ਹੈ ਤੇ ਇਹ ਇੱਕ ਅੱਧੇ ਵਿਅਕਤੀ ਦੇ ਜਾਣ ਨਾਲ ਖਤਮ ਹੋਣ ਵਾਲੀ ਪਾਰਟੀ ਨਹੀਂ। ਉਨ੍ਹਾ ਕਿਹਾ ਕਿ ਕਾਂਗਰਸ ਭਾਜਪਾ ਤੇ ਆਮ ਆਦਮੀ ਪਾਰਟੀ ਦਿੱਲੀ ਦੇ ਇਸ਼ਾਰਿਆਂ ਉੱਤੇ ਚੱਲਣ ਵਾਲੀਆਂ ਪਾਰਟੀਆਂ ਹਨ, ਜਦੋਂਕਿ ਅਕਾਲੀ ਦਲ ਪੰਜਾਬ ਤੇ ਪੰਜਾਬੀਅਤ ਦੇ ਮੁਦਈ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਐੱਸਜੀਪੀਸੀ ਮੈਂਬਰ ਸਤਿੰਦਰ ਸਿੰਘ ਟੌਹੜਾ, ਸੁਖਵਿੰਦਰ ਸਿੰਘ ਬਰਾਸ ਗੋਬਿੰਦ ਸਿੰਘ ਵਿਰਦੀ, ਗੁਰਦੀਪ ਸਿੰਘ ਖਾਂਗ, ਸਾਬਕਾ ਚੇਅਰਮੈਨ ਗੁਰਬਚਨ ਸਿੰਘ ਮੌਲਵੀਵਾਲਾ, ਡਾਕਟਰ ਬਹਾਦਰ ਸਿੰਘ ਘੱਗਾ, ਰਣਜੀਤ ਸਿੰਘ ਸਾਹੀ, ਲਖਵਿੰਦਰ ਮੌਲਵੀਵਾਲਾ, ਨਿਧਾਨ ਸਿੰਘ ਜੈਖਰ, ਜਰਨੈਲ ਸਿੰਘ ਸਧਾਰਨਪੁਰ, ਕਾਰਜ ਸਿੰਘ ਬਕਰਾਹਾ, ਗੱਜਣ ਸਿੰਘ ਹਰਿਆਊ, ਯਾਦਵਿੰਦਰ ਸਿੰਘ ਨਿਆਲ, ਮਖਤਿਆਰ ਸਿੰਘ ਪੱਪੀ, ਫਤਿਹ ਸਿੰਘ ਬੁਜਰਕ, ਬਚਿੱਤਰ ਸਿੰਘ ਠੇਕੇਦਾਰ, ਰਣਧੀਰ ਮਵੀ, ਅਜੈਬ ਸਿੰਘ ਮੱਲੀ ਸਰਬਜੀਤ ਸਿੰਘ ਕਕਰਾਲਾ ਸੁਰਜੀਤ ਸਿੰਘ ਮਾਹਲ ਤੇ ਬਸਪਾ ਆਗੂ ਸਤਵੀਰ ਸਿੰਘ ਨਾਈਵਾਲਾ ਆਦਿ ਹਾਜ਼ਰ ਸਨ।

### ■ ਸ਼ੁਤਰਾਣਾ 'ਚ ਨਵਾਂ ਹਲਕਾ ਇੰਚਾਰਜ ਲਗਾਉਣ ਦੀ ਮੰਗ ਉੱਭਰੀ



## ਚਿੱਟੇ ਸਮੇਤ ਦੋ ਕਾਬੂ, ਇੱਕ ਫਰਾਰ



**ਭੀਖੀ (ਧਰਮਵੀਰ ਸ਼ਰਮਾ)**

ਐਸਐਸਪੀ ਡਾ. ਨਾਨਕ ਸਿੰਘ ਅਤੇ ਡੀਐਸਪੀ ਸੰਜੀਵ ਗੋਇਲ ਦੀ ਅਗਵਾਈ ਹੇਠ ਪੁਲਸ ਨੇ 2 ਵਿਅਕਤੀਆਂ ਨੂੰ ਚਿੱਟੇ (ਹੈਰੋਇਨ) ਸਮੇਤ ਕਾਬੂ ਕਰ ਲਿਆ, ਜਦੋਂ ਕਿ ਇੱਕ ਨਾਮਜ਼ਦ ਮਹਿਲਾ ਹਾਲੇ ਪੁਲਿਸ ਗ੍ਰਿਫਤ ਤੋਂ ਬਾਹਰ ਹੈ। ਐਸਐਚਓ ਭੀਖੀ ਇੰਸਪੈਕਟਰ ਰੁਪਿੰਦਰ ਕੌਰ ਸਿੱਧੂ ਨੇ ਦੱਸਿਆ ਕਿ ਸਹਾਇਕ ਥਾਣੇਦਾਰ ਨਛੱਤਰ ਸਿੰਘ ਨੇ ਅਨਾਜ ਮੰਡੀ ਵਿੱਚੋਂ ਦੋ ਵਿਅਕਤੀ ਸ਼ਿੰਦਰ ਸਿੰਘ ਪੁੱਤਰ ਬੁੱਧਰਾਮ ਵਾਸੀ ਮਲੌਦ ਹਾਲ ਅਬਾਦ ਭੀਖੀ ਅਤੇ ਟਿੰਕੂ ਰਾਮ ਪੁੱਤਰ ਕਾਲਾ ਰਾਮ ਵਾਸੀ ਭੀਖੀ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਪਾਸੋਂ 03 ਗ੍ਰਾਮ ਚਿੱਟਾ (ਹੈਰੋਇਨ) ਬਰਾਮਦ ਕੀਤਾ ਹੈ। ਉਨ੍ਹਾਂ ਦੱਸਿਆ ਕਿ ਉਕਤ ਵਿਅਕਤੀਆਂ ਦੀ ਪੁੱਛਗਿੱਛ 'ਤੇ ਇਸ ਕੇਸ ਵਿੱਚ ਕਰਮਜੀਤ ਕੌਰ ਪਤਨੀ ਸ਼ਿੰਦਰ ਸਿੰਘ ਵਾਸੀ ਮਲੌਦ ਹਾਲ ਅਬਾਦ ਭੀਖੀ ਨੂੰ ਨਾਮਜ਼ਦ ਕੀਤਾ ਗਿਆ ਹੈ, ਜੋ ਪੁਲਸ ਗ੍ਰਿਫਤ ਤੋਂ ਬਾਹਰ ਹੈ। ਉਨ੍ਹਾਂ ਦੱਸਿਆ ਕਿ ਭੀਖੀ ਪੁਲਸ ਨੇ ਉਕਤ ਲੋਕਾਂ ਦੇ ਖਿਲਾਫ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਫਰਾਰ ਮਹਿਲਾ ਨੂੰ ਵੀ ਜਲਦੀ ਗ੍ਰਿਫਤਾਰ ਕਰ ਲਿਆ ਜਾਵੇਗਾ।

ਐਸਐਚਓ ਨੇ ਕਿਹਾ ਕਿ ਨਸ਼ਾ ਤਸਕਰਾਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ।

## ਸਰਕਾਰੀ ਸਕੂਲ ਵਿਖੇ ਹਾਕੀ ਤੇ ਕਬੱਡੀ ਨੈਸ਼ਨਲ ਸਟਾਈਲ ਕੈਂਪ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲਹਿਰਾ ਮੁਹੱਬਤ ਵਿਖੇ ਛੇਵੀਂ ਤੋਂ ਦਸਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਦਾ ਹਾਕੀ ਤੇ ਕਬੱਡੀ ਨੈਸ਼ਨਲ ਸਟਾਈਲ ਕੈਂਪ 17 ਜੂਨ ਤੱਕ ਲਗਾਇਆ ਜਾ ਰਿਹਾ ਹੈ। ਕੈਂਪ ਵਿੱਚ ਹਾਕੀ ਲੜਕੇ ਤੇ ਲੜਕੀਆਂ ਅੰਡਰ-14 ਤੇ ਕਬੱਡੀ ਨੈਸ਼ਨਲ ਸਟਾਈਲ ਲੜਕੇ ਤੇ ਲੜਕੀਆਂ ਅੰਡਰ-14 ਤੇ 17 ਨੂੰ ਸਿਖਲਾਈ ਦੇਣ ਦਾ ਪ੍ਰਬੰਧ ਕੀਤਾ ਗਿਆ ਹੈ। ਕੈਂਪ ਦੌਰਾਨ ਖਿਡਾਰੀਆਂ ਨੂੰ ਖੁਰਾਕ ਵਜੋਂ ਦੁੱਧ ਤੇ ਅੰਡੇ ਦਿੱਤੇ ਜਾਂਦੇ ਹਨ। ਕੈਂਪ ਦੌਰਾਨ ਲੋੜੀਂਦੇ ਪ੍ਰਬੰਧਾਂ ਲਈ ਸਕੂਲ ਦੇ ਅਧਿਆਪਕ ਕੁਲਦੀਪ ਕੁਮਾਰ 'ਵੋਕੇਸ਼ਨਲ ਟੀਚਰ', ਜਗਮੋਹਨ ਸਿੰਘ 'ਡੀ.ਪੀ.ਈ' ਤੇ ਗੁਰਪ੍ਰੀਤ ਸਿੰਘ 'ਕੰਪਿਊਟਰ ਅਧਿਆਪਕ' ਸੇਵਾ ਨਿਭਾਅ ਰਹੇ ਹਨ।

## 1965 ਤੇ 71 ਦੀ ਜੰਗ ਲੜਨ ਵਾਲੇ ਫੌਜੀ ਕਰਤਾਰ ਸਿੰਘ ਦਾ ਦੇਹਾਂਤ



**ਫਾਜ਼ਿਲਕਾ (ਕ੍ਰਿਸ਼ਨ ਸਿੰਘ)**-ਪਿੰਡ ਨਵਾਂ ਸਲੇਮਸ਼ਾਹ ਨਿਵਾਸੀ ਤੇ ਕੁੱਲ ਹਿੰਦ ਕਿਸਾਨ ਸਭਾ ਦੇ ਤਹਿਸੀਲ ਪ੍ਰਧਾਨ ਕਾਮਰੇਡ ਹੁਸ਼ਿਆਰ ਸਿੰਘ ਦੇ ਪਿਤਾ ਕਰਤਾਰ ਸਿੰਘ ਪੁੱਤਰ ਪੰਜਾਬ ਸਿੰਘ (84) ਵਾਸੀ ਪਿੰਡ ਕਾਵਾਂ ਵਾਲੀ ਢਾਣੀ ਦੀ ਮੰਗਲਵਾਰ ਸਵੇਰੇ 7 ਵਜੇ ਦੇ ਕਰੀਬ ਮੌਤ ਹੋ ਗਈ, ਜਿਸ ਤੋਂ ਬਾਅਦ ਉਨ੍ਹਾਂ ਦਾ ਅੰਤਿਮ ਸੰਸਕਾਰ ਮੰਗਲਵਾਰ 4 ਵਜੇ ਪਿੰਡ ਕਾਵਾਂ ਵਾਲੀ ਢਾਣੀ ਵਿਖੇ ਉਨ੍ਹਾਂ ਦੇ ਖੇਤ 'ਚ ਕਰ ਦਿੱਤਾ ਗਿਆ। ਇਸ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਦੇ ਪੁੱਤਰ ਕਾਮਰੇਡ ਹੁਸ਼ਿਆਰ ਸਿੰਘ ਕੁੱਲ ਹਿੰਦ ਕਿਸਾਨ ਸਭਾ ਦੇ ਤਹਿਸੀਲ ਪ੍ਰਧਾਨ, ਕਾਲਾ ਸਿੰਘ ਡੇਰਾ ਸੈਕਟਰੀ, ਮਹਿੰਦਰ ਸਿੰਘ ਮੈਂਬਰ ਪੰਚਾਇਤ ਕਾਵਾਂ ਵਾਲੀ ਤੇ ਉਨ੍ਹਾ ਦੇ ਪਰਿਵਾਰ ਵਾਲਿਆਂ ਨੇ ਦੱਸਿਆ ਕਿ ਪਿਛਲੇ ਕੁੱਝ ਸਮੇਂ ਤੋਂ ਉਹ ਸਾਹ ਦੀ ਬੀਮਾਰੀ ਤੋਂ ਪੀੜਤ ਸਨ, ਜਿਸ ਦੇ ਚਲਦਿਆਂ ਮੰਗਲਵਾਰ ਸਵੇਰੇ 7 ਵਜੇ ਉਨ੍ਹਾਂ ਦਾ ਦੇਹਾਂਤ ਹੋ ਗਿਆ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਪਿਤਾ ਕਰਤਾਰ ਸਿੰਘ ਸਾਬਕਾ ਹੋਮ ਗਾਰਡ ਰਹਿ ਚੁੱਕੇ ਸਨ। ਉਨ੍ਹਾਂ ਨੇ 1965 ਤੇ 1971 ਦੀ ਜੰਗ ਵੀ ਲੜੀ ਸੀ ਅਤੇ ਦੁਸ਼ਮਣਾਂ ਦਾ ਡੱਟ ਕੇ ਮੁਕਾਬਲਾ ਕੀਤਾ ਸੀ। ਬਾਅਦ 'ਚ ਘਰੇਲੂ ਮਜਬੂਰੀਆਂ ਦੇ ਚਲਦਿਆਂ ਉਨ੍ਹਾਂ ਨੇ ਆਪਣੀ ਨੌਕਰੀ ਛੱਡ ਦਿੱਤੀ ਸੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦਾ ਜਨਮ 1937 ਵਿੱਚ ਹੋਇਆ ਸੀ ਤੇ ਇਸ ਸਮੇਂ ਉਨ੍ਹਾਂ ਦੀ ਉਮਰ ਕਰੀਬ 84 ਸਾਲ ਦੀ ਸੀ। ਉਨ੍ਹਾਂ ਦੇ ਪਰਿਵਾਰ 'ਚ ਇੱਕੋ ਇੱਕ ਉਹੀ ਇੰਨੀ ਉਮਰ ਦੇ ਬਜ਼ੁਰਗ ਸਨ, ਜੋ ਪੁੱਤਰਾਂ-ਧੀਆਂ, ਪੋਤਰਿਆਂ-ਪੋਤਰੀਆਂ ਤੇ ਦੋਹਤਿਆਂ-ਦੋਹਤੀਆਂ ਦੇ 28 ਪਰਿਵਾਰਕ ਮੈਂਬਰਾਂ ਦੇ ਭਰੇ ਪਰਿਵਾਰ ਨੂੰ ਸਦੀਵੀਂ ਵਿਛੋੜਾ ਦੇ ਗਏ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਦੇਹਾਂਤ ਤੋਂ ਬਾਅਦ ਉਹ ਆਪਣੀ ਧਰਮ ਪਤਨੀ ਕਰਤਾਰੋ ਬਾਈ ਦੇ ਸਿਰ ਸਾਰੇ ਪਰਿਵਾਰ ਦੀ ਜ਼ਿੰਮੇਵਾਰੀ ਛੱਡ ਕੇ ਚਲੇ ਗਏ ਹਨ।

## 4 ਰਿਫਿਊਜ਼ਲ ਤੋਂ ਬਾਅਦ ਵਿਦਿਆਰਥੀ ਦਾ ਲਵਾਇਆ ਕੈਨੇਡਾ ਸਟੱਡੀ ਵੀਜ਼ਾ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਬਹੁਤ ਹੀ ਥੋੜ੍ਹੇ ਸਮੇਂ ਵਿੱਚ ਆਈਲਟਸ ਦੀ ਦੁਨੀਆ ਵਿੱਚ ਆਪਣਾ ਨਾਂਅ ਬਣਾ ਰਹੀ 'ਦਿ ਇਮਿਗਰੇਸ਼ਨ ਪਲੈਨਰ', ਜੋ ਕਾਲੇ ਕੇ ਰੋਡ ਉੱਪਰ ਸਥਿਤ ਹੈ, ਨੇ ਵਿਦਿਆਰਥੀ ਦਿਲਪ੍ਰੀਤ ਸਿੰਘ ਵਾਸੀ ਗਾਜੇਆਣਾ ਤਹਿਸੀਲ ਨਿਹਾਲ ਸਿੰਘ ਵਾਲਾ ਦਾ 4 ਰਿਫਊਜ਼ਲ ਤੋਂ ਬਾਅਦ ਕੈਨੇਡਾ ਦਾ ਸਟੱਡੀ ਵੀਜ਼ਾ ਲਗਵਾਇਆ ਹੈ। ਵਿਦਿਆਰਥੀ ਦਿਲਪ੍ਰੀਤ ਸਿੰਘ ਨੇ ਸਟਾਫ਼ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਸਟਾਫ ਦੀ ਅਣਥੱਕ ਮਿਹਨਤ ਸਦਕਾ ਹੀ ਮੇਰਾ ਕੈਨੇਡਾ ਦਾ ਸਟੱਡੀ ਵੀਜ਼ਾ ਲੱਗਿਆ ਹੈ। ਐੱਮ ਡੀ ਯੋਗੇਸ਼ ਗੋਇਲ ਨੇ ਵਿਦਿਆਰਥੀ ਦੀਪਕ ਕੁਮਾਰ ਤੇ ਉਨ੍ਹਾਂ ਦੇ ਪਰਿਵਾਰ ਨੂੰ ਵਧਾਈ ਦਿੱਤੀ ਤੇ ਉਸ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

# ਸ਼ਹਿਰ ਦੀਆਂ ਸੜਕ 'ਤੇ ਹੋਏ ਨਜਾਇਜ਼ ਕਬਜ਼ੇ ਹਟਾਉਣ ਦੀ ਮੰਗ

### ■ ਰੈੱਡ ਕਰਾਸ ਸੁਸਾਇਟੀ ਵੱਲੋਂ ਸੜਕਾਂ 'ਤੇ ਨਜਾਇਜ਼ ਉਸਾਰੀ ਕਰਨ ਦੇ ਦੋਸ਼



**ਸ੍ਰੀ ਮੁਕਤਸਰ ਸਾਹਿਬ (ਪੂਜਾ, ਸ਼ਮਿੰਦਰਪਾਲ)**-ਸ੍ਰੀ ਮੁਕਤਸਰ ਸਾਹਿਬ ਦੀਆਂ ਸੜਕਾਂ 'ਤੇ ਅਣਅਧਿਕਾਰਕ ਉਸਾਰੀਆਂ ਤੇ ਨਜਾਇਜ਼ ਕਬਜ਼ੇ ਹੋਣ ਕਰਕੇ ਸੜਕਾਂ ਸੁੰਗੜਦੀਆਂ ਜਾ ਰਹੀਆਂ ਹਨ, ਨਗਰ ਪ੍ਰੀਸ਼ਦ ਦੇ ਰਿਕਾਰਡ ਅਨੁਸਾਰ ਕੋਟਕਪੂਰਾ ਚੌਕ ਤੋਂ ਮਲੋਟ ਰੋਡ ਦੀ ਤਿਕੋਣੀ ਤੱਕ ਸੜਕ ਦੀ ਚੌੜਾਈ ਖਸਰਾ ਨੰਬਰ 945 ਅਨੁਸਾਰ 53 ਫੁੱਟ ਦੀ ਬਜਾਏ 45 ਫੁੱਟ ਹੈ, ਰੈੱਡ ਕਰਾਸ ਵੱਲੋਂ ਸੜਕ ਦੀ ਜ਼ਮੀਨ 'ਤੇ ਦੁਕਾਨਾਂ ਬਣਾ ਕੇ ਕਿਰਾਏ 'ਤੇ ਦਿੱਤੀਆਂ ਹੋਈਆਂ ਹਨ। ਰੈੱਡ ਕਰਾਸ ਭਵਨ ਦੇ ਗੇਟ ਤੋਂ ਥਾਣਾ ਸਿਟੀ ਦੇ ਗੇਟ ਤੱਕ ਰੇਲਵੇ ਰੋਡ ਦੀ ਚੌੜਾਈ ਖਸਰਾ ਨੰਬਰ 1893 ਅਨੁਸਾਰ 53 ਫੁੱਟ ਦੀ ਬਜਾਏ 32 ਫੁੱਟ ਹੈ। ਇਸ ਦੇ ਨਾਲ ਲਗਦੇ ਟਾਂਗਾਂ ਸਟੈਂਡ ਦਾ ਖਸਰਾ ਨੰਬਰ 1014 ਦੇ ਨਾਲ ਲਗਦੇ ਰੋਡ, ਜਿਸ ਦਾ ਖਸਰਾ ਨੰਬਰ 1015 ਹੈ, ਸਰਕਾਰੀ ਜ਼ਮੀਨ 'ਤੇ ਲੋਕਾਂ ਨੇ ਨਜਾਇਜ਼ ਕਬਜ਼ਾ ਕਰਕੇ ਦੁਕਾਨਾਂ ਬਣਾਈਆਂ ਹਨ। ਇਨ੍ਹਾਂ ਦੁਕਾਨਾਂ ਦੇ ਪਿਛਲੇ ਪਾਸੇ ਤੇ ਡਾਕਖਾਨੇ ਦੇ ਨਾਲ ਲਗਦੇ ਪਾਸੇ ਜੋ ਜਗ੍ਹਾ ਵਿਹਲੀ ਪਈ ਸੀ, ਉਹ ਖਸਰਾ ਨੰਬਰ 1013 ਤੇ ਖਸਰਾ ਨੰਬਰ 1014 ਦੇ ਮੁਤਾਬਕ ਪ੍ਰਾਈਵੇਟ ਮਾਲਕਾਂ ਦੀ ਸੀ, ਜਿਸ 'ਤੇ ਰੈੱਡ ਕਰਾਸ ਨੇ ਧੱਕੇ ਨਾਲ ਨਜਾਇਜ਼ ਕਬਜ਼ਾ ਕੀਤਾ ਹੋਇਆ ਹੈ ਅਤੇ ਇਸ ਜਗ੍ਹਾ ਦੇ ਖਸਰਾ ਨੰਬਰ 1013 ਤੇ 1014 'ਤੇ ਕਬਜ਼ਾ ਕਰਕੇ ਮਾਰਕਿਟ ਦੀ ਉਸਾਰੀ ਕਰ ਦਿੱਤੀ ਹੈ। ਰੈੱਡ ਕਰਾਸ ਨੇ ਨਾ ਤਾਂ ਨਿਸ਼ਾਨਦੇਹੀ ਕਰਵਾਈ ਹੈ ਤੇ ਨਾ ਹੀ ਨਗਰ ਕੌਂਸਲ ਤੋਂ ਨਕਸ਼ਾ ਪਾਸ ਕਰਵਾਇਆ ਹੈ। ਇਹ ਜਗ੍ਹਾ ਰੈੱਡ ਕਰਾਸ ਮਾਲਕੀ ਤੋਂ ਬਾਹਰ ਹੈ। ਲੰਗਰ ਗੇਟ ਤੋਂ ਨਾਕਾ ਨੰ: 2 ਮੇਨ ਬਜ਼ਾਰ ਤੱਕ ਸੜਕ ਦੀ ਚੌੜਾਈ 35 ਫੁੱਟ ਤੋਂ ਘਟ ਕੇ 22 ਫੁੱਟ ਹੀ ਰਹਿ ਗਈ ਹੈ। ਗੁਰੂ ਨਾਨਕ ਮਾਰਕਿਟ ਦੀ ਜ਼ਮੀਨ ਖਸਰਾ ਨੰਬਰ 1870 ਤੇ 1871 ਅਨੁਸਾਰ 38-305 ਮਰਲੇ ਹੈ, ਪਰ ਇਸ ਜਗ੍ਹਾ ਦੀ ਰਜਿਸਟਰੀ 41.10 ਮਰਲੇ ਦੀ ਹੈ ਅਤੇ ਕੌਂਸਲ ਵੱਲੋਂ 42.88 ਮਰਲੇ ਦਾ ਨਕਸ਼ਾ ਪਾਸ ਕੀਤਾ ਗਿਆ ਹੈ। ਇਸ ਤਰ੍ਹਾਂ ਸੜਕ ਦੀ 16 ਫੁੱਟ ਜਗ੍ਹਾ ਰੋਕੀ ਗਈ ਹੈ। ਨਾਕਾ ਨੰ: 2 ਅੱਗੇ ਸੜਕ ਦੀ ਚੌੜਾਈ 50 ਫੁੱਟ, ਪ੍ਰੰਤੂ ਰੈੱਡ ਕਰਾਸ ਤੇ ਕੌਂਸਲ ਨੇ ਸੜਕ ਦੀ ਜ਼ਮੀਨ 'ਤੇ ਨਜਾਇਜ਼ ਕਬਜ਼ਾ ਕਰਕੇ ਦੁਕਾਨਾਂ ਬਣਾਈਆਂ ਹੋਈਆਂ, ਜਿਸ ਕਾਰਨ ਸੜਕ ਦੀ ਚੌੜਾਈ 40 ਫੁੱਟ ਰਹਿ ਗਈ। ਸੜਕ ਦੇ ਦੋਨਾਂ ਪਾਸੇ ਸਾਮਾਨ ਤੇ ਵਿਚਾਲੇ ਮੋਟਰਸਾਈਕਲਾਂ ਦੀ ਪਾਰਕਿੰਗ ਕਾਰਨ ਸ੍ਰੀ ਦਰਬਾਰ ਸਾਹਿਬ ਜਾਣ ਵਾਲੇ ਸ਼ਰਧਾਲੂਆਂ ਨੂੰ ਕੇਵਲ 5 ਫੁੱਟ ਰਸਤਾ ਬਚਦਾ ਹੈ। ਰਸਤੇ ਵਿੱਚ ਟ੍ਰਾਂਸਫਾਰਮਰ ਤੇ ਬਿਜਲੀ ਦੇ ਖੰਬੇ ਵੀ ਆਉਂਦੇ ਹਨ। ਮੇਘ ਰਾਜ ਭਵਨ ਦੇ ਪ੍ਰਬੰਧਕਾਂ ਨੇ ਮਿਤੀ 8-7-1997 ਨੂੰ ਖਸਰਾ ਨੰਬਰ 1289 ਅਨੁਸਾਰ 16800 ਵਰਗ ਖੇਤਰਫਲ 99 ਸਾਲ ਲਈ ਲੀਜ਼ 'ਤੇ ਸੀ, ਪਰ ਮੌਕੇ 'ਤੇ ਰੈੱਡ ਕਰਾਸ ਕੋਲ 17800 ਫੁੱਟ ਦਾ ਰਕਬਾ ਹੈ। ਇਹ ਧਰਮਸ਼ਾਲਾ 9 ਫੁੱਟ ਅੱਗੇ ਵਧ ਕੇ ਬਣੀ ਹੋਈ ਹੈ ਤੇ ਸੜਕ ਦੀ ਚੌੜਾਈ 47 ਫੁੱਟ ਦੀ ਬਜਾਏ 38 ਫੁੱਟ ਹੈ। ਯਾਦਵਿੰਦਰ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮੈਂ ਤੇ ਮਨੀਸ਼ ਕੁਮਾਰ ਗੁਪਤਾ, ਜਿੰਮੀ ਬਰਾੜ, ਗੁਰਿੰਦਰ ਸਿੰਘ ਬਾਵਾ ਤੇ ਗੁਰਸ਼ਰਨ ਸਿੰਘ ਬਰਾੜ ਸਾਰੇ ਕਾਊਂਸਲਰਾਂ ਨੇ ਮਿਤੀ 07-12-2022 ਨੂੰ ਪ੍ਰਮੁੱਖ ਸਕੱਤਰ ਸਥਾਨਕ ਸਰਕਾਰ ਪੰਜਾਬ, ਡਿਪਟੀ ਕਮਿਸ਼ਨਰ, ਐੱਸ.ਐੱਸ.ਪੀ. ਸ੍ਰੀ ਮੁਕਤਸਰ ਸਾਹਿਬ, ਪ੍ਰਧਾਨ ਤੇ ਕਾਰਜ ਸਾਧਕ ਅਫਸਰ ਨਗਰ ਕੌਂਸਲ ਸ੍ਰੀ ਮੁਕਤਸਰ ਸਾਹਿਬ ਅਤੇ ਸਕੱਤਰ ਰੈੱਡ ਕਰਾਸ ਜ਼ਿਲ੍ਹਾ ਰੈੱਡ ਕਰਾਸ ਸੋਸਾਇਟੀ ਸ੍ਰੀ ਮੁਕਤਸਰ ਸਾਹਿਬ ਨੂੰ ਨੋਟਿਸ ਦੇ ਕੇ ਮੰਗ ਕੀਤੀ ਸੀ ਕਿ ਨਜਾਇਜ਼ ਕਬਜ਼ੇ ਖਤਮ ਕੀਤੇ ਜਾਣ, ਜਿਸ 'ਤੇ ਨਗਰ ਕੌਂਸਲ ਨੇ ਕਾਰਵਾਈ ਕਰਦੇ ਹੋਏ ਮਤਾ ਨੰਬਰ:118 ਮਿਤੀ 23-12-2022 ਨਿਸ਼ਾਨਦੇਹੀ ਕਰਵਾ ਕੇ ਨਜਾਇਜ਼ ਕਬਜ਼ੇ ਖਤਮ ਕਰਨ ਲਈ ਮਤਾ ਪਾਸ ਕੀਤਾ, ਪ੍ਰੰਤੂ 5 ਮਹੀਨੇ ਬੀਤ ਜਾਣ ਦੇ ਬਾਵਜੂਦ ਪ੍ਰੀਸ਼ਦ ਤੇ ਪ੍ਰਸ਼ਾਸਨ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ। ਇਸ ਦੇ ਬਾਵਜੂਦ ਰੈੱਡ ਕਰਾਸ ਨੇ ਬਿਨਾਂ ਨਿਸ਼ਾਨਦੇਹੀ ਕਰਵਾਏ ਤੇ ਬਿਨਾਂ ਨਕਸ਼ਾ ਪਾਸ ਕਰਵਾਏ ਪ੍ਰਾਈਵੇਟ ਲੋਕਾਂ ਦੀ ਜ਼ਮੀਨ 'ਤੇ ਮਾਰਕਿਟ ਦੀ ਉਸਾਰੀ ਕਰ ਦਿੱਤੀ। ਯਾਦਵਿੰਦਰ ਸਿੰਘ ਨੇ ਜਿਲ੍ਹਾ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਨਿਸ਼ਾਨਦੇਹੀ ਕਰਵਾਈ ਜਾਵੇ ਤੇ ਨਜਾਇਜ਼ ਕਬਜ਼ੇ ਖਤਮ ਕੀਤੇ ਜਾਣ।

## ਕਿੰਡਰਗਾਰਟਨ ਸੀਨੀ. ਸੈਕੰ. ਸਕੂਲ ਵੱਲੋਂ ਸਮਰ ਕੈਂਪ



**ਮੱਖੂ (ਰਛਪਾਲ ਸਿੰਘ ਸੰਧੂ)**

ਕਿੰਡਰਗਾਰਟਨ ਸੀਨੀਅਰ ਸੈਕੰਡਰੀ ਸਕੂਲ ਮੱਖੂ ਵੱਲੋਂ ਚਾਰ ਰੋਜ਼ਾ ਸਮਰ ਕੈਂਪ ਦਾ ਆਯੋਜਨ ਕੀਤਾ ਗਿਆ। ਇਹ ਸਮਰ ਕੈਂਪ 5 ਜੂਨ ਤੋਂ 8 ਜੂਨ ਨੂੰ ਤੱਕ ਲਾਇਆ ਗਿਆ। ਇਸ ਕੈਂਪ ਵਿੱਚ ਵਿਦਿਆਰਥੀਆਂ ਨੂੰ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਗਈਆਂ। ਕਿੰਡਰਗਾਰਟਨ ਤੇ ਵੈੱਟਲੈਂਡ ਸਕੂਲ ਦੇ ਵਿਦਿਆਰਥੀਆਂ ਨੇ ਵੀ ਬਹੁਤ ਉਤਸ਼ਾਹ ਨਾਲ ਇਨ੍ਹਾਂ ਸਾਰੀਆਂ ਗਤੀਵਿਧੀਆਂ ਵਿੱਚ ਭਾਗ ਲਿਆ। ਸ੍ਰੀ ਸੋਨੂੰ, ਜੋ ਮੱਖੂ ਸ਼ਹਿਰ ਦੇ ਮੰਨੇ-ਪ੍ਰਮੰਨੇ ਯੋਗਾ ਗੁਰੂ ਹਨ, ਵੱਲੋਂ ਯੋਗਾ ਕਰਵਾਇਆ ਗਿਆ ਤੇ ਯੋਗਾ ਦੀ ਮਹੱਤਤਾ ਬਾਰੇ ਦੱਸਿਆ ਗਿਆ ਅਤੇ ਇਸ ਯੋਗਾ ਕੈਂਪ ਵਿੱਚ ਵੱਖ ਵੱਖ ਆਸਣ ਕਰਵਾਏ ਗਏ। ਯੋਗਾ ਤੋਂ ਬਾਅਦ ਵਿਦਿਆਰਥੀਆਂ ਨੂੰ ਡਾਂਸ ਦੀ ਸਿਖਲਾਈ ਵੀ ਦਿੱਤੀ ਗਈ। ਆਰਟ ਐਂਡ ਕਰਾਫਟ 'ਚ ਵਿਦਿਆਰਥੀਆਂ ਨੂੰ ਪੇਪਰ ਕਰਾਫਟ, ਰਫ ਪੇਂਟਿੰਗ ਤੇ ਪੇਪਰ ਕਰੱਛ, ਪੈਂਸਿਲ ਸੇਡਿੰਗ, ਵੈਜੀਟੇਬਲ ਪੇਂਟਿੰਗ ਤੇ ਸਟੋਨ ਪੇਂਟਿੰਗ ਦੀ ਸਿਖਲਾਈ ਵੀ ਦਿੱਤੀ ਗਈ। ਖੇਡਾਂ 'ਚ ਵਾਲੀਬਾਲ, ਬਾਸਕਿਟਬਾਲ, ਬੈਡਮਿੰਟਨ ਤੇ ਕ੍ਰਿਕਟ ਦਾ ਅਭਿਆਸ ਕਰਵਾਇਆ ਗਿਆ। ਬੱਚਿਆਂ ਦੇ ਮਨੋਰੰਜਨ ਲਈ ਫਨ ਗੇਮਜ਼ ਵੀ ਕਰਵਾਈਆਂ ਗਈਆਂ। ਅਧਿਆਪਕਾਂ ਨੇ ਵੀ ਇਸ ਸਮਰ ਕੈਂਪ ਵਿੱਚ ਬੜੇ ਉਤਸ਼ਾਹ ਨਾਲ ਯੋਗਦਾਨ ਦਿੱਤਾ। ਸਕੂਲ ਦੇ ਐੱਮ ਡੀ ਜਸਬੀਰ ਸਿੰਘ, ਸ੍ਰੀਮਤੀ ਪਰਮਿੰਦਰ ਕੌਰ, ਮੈਡਮ ਮਨੀਸ਼ਾ ਤੇ ਹਰਪ੍ਰੀਤ ਸਿੰਘ ਨੇ ਵੀ ਵਿਦਿਆਰਥੀਆਂ ਨਾਲ ਯੋਗਾ ਦਾ ਅਭਿਆਸ ਕੀਤਾ। ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਵੀਨਾ ਕਟਾਰੀਆ ਤੇ ਚੇਅਰਮੈਨ ਦਰਸ਼ਨ ਸਿੰਘ ਨੇ ਇਸ ਯੋਗਾ ਕੈਂਪ ਦੀ ਸ਼ਲਾਘਾ ਕੀਤੀ।

## ਪੰਜਾਬ 'ਚ ਆਈਡੀਆ ਲੈਬ ਦਾ ਸਥਾਪਤ ਹੋਣਾ ਮਾਲਵਾ ਵਾਸੀਆਂ ਲਈ ਮਾਣ ਵਾਲੀ ਗੱਲ : ਹਰਜੋਤ ਬੈਂਸ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਸੂਬੇ ਦੇ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਤੇ ਉਚੇਰੀ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਅੱਜ ਇੱਥੇ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐਮ ਆਰ ਐਸ ਪੀ ਟੀ ਯੂ) ਵਿਖੇ ਪੰਜਾਬ ਦੀ ਪਲੇਠੀ ਬੀ ਸੀ ਐਲ ਇੰਡਸਟ੍ਰੀਜ਼ ਲਿਮ. ਦੁਆਰਾ 56 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਕੀਤੀ ਗਈ ਬੀ ਸੀ ਐਲ ਏ ਆਈ ਸੀ ਟੀ ਈ ਆਈਡੀਆ ਲੈਬ ਦਾ ਆਨ-ਲਾਈਨ ਤੇ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਰੋੜੀ ਵਲੋਂ ਇੱਥੇ ਪਹੁੰਚ ਕੇ ਉਦਘਾਟਨ ਕੀਤਾ ਗਿਆ। ਆਲ ਇੰਡਿਆ ਕਾਊਂਸਲ ਫਾਰ ਟੈਕਨੀਕਲ ਐਜੂਕੇਸ਼ਨ ਵੱਲੋਂ ਬੀ ਸੀ ਐਲ ਇੰਡਸਟ੍ਰੀਜ਼ ਲਿਮ. ਦੇ ਸਹਿਯੋਗ ਨਾਲ ਤਿਆਰ ਕਰਵਾਈ ਗਈ ਇਸ ਲੈਬ ਦੇ ਉਦਘਾਟਨੀ ਸਮਾਰੋਹ ਮੌਕੇ ਬਠਿੰਡਾ (ਸ਼ਹਿਰੀ) ਵਿਧਾਇਕ ਜਗਰੂਪ ਸਿੰਘ ਗਿੱਲ, ਬੀ ਸੀ ਐਲ ਇੰਡਸਟ੍ਰੀਜ਼ ਲਿਮ. ਦੇ ਐਮ ਡੀ ਰਾਜਿੰਦਰ ਮਿੱਤਲ, ਚੇਅਰਮੈਨ ਪੰਜਾਬ ਮੀਡੀਅਮ ਇੰਡਸਟਰੀਜ਼ ਡਿਵੈਲਪਮੈਂਟ ਬੋਰਡ ਨੀਲ ਗਰਗ ਤੇ ਚੇਅਰਮੈਨ, ਜ਼ਿਲ੍ਹਾ ਯੋਜਨਾ ਕਮੇਟੀ ਅੰਮ੍ਰਿਤਲਾਲ ਅਗਰਵਾਲ ਤੋਂ ਇਲਾਵਾ ਹੋਰ ਪ੍ਰਮੁੱਖ ਸ਼ਖਸੀਅਤਾਂ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਇਸ ਮੌਕੇ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਪੰਜਾਬ ਤੇ ਉੱਤਰੀ ਭਾਰਤ ਦੇ ਵਿਦਿਆਰਥੀਆਂ ਲਈ ਬੀ ਸੀ ਐੱਲ-ਏ ਆਈ ਸੀ ਟੀ ਈ ਆਈਡੀਆ ਲੈਬ ਵਰਦਾਨ ਸਾਬਤ ਹੋਵੇਗੀ। ਆਈਡੀਆ ਲੈਬ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਸਾਇੰਸ, ਟੈਕਨਾਲੋਜੀ, ਗਣਿਤ ਅਤੇ ਇੰਜਨੀਅਰਿੰਗ ਦੇ ਖੇਤਰ ਵਿੱਚ ਇਨੋਵੇਟ ਅਤੇ ਐਕਸਲ ਕਰਨ ਦਾ ਮੌਕਾ ਦੇਣਾ ਹੈ ਤਾਂ ਜੋ ਉਹ ਵੱਖ-ਵੱਖ ਖੇਤਰਾਂ ਵਿੱਚ ਆਪਣੇ ਨਵੇਂ ਵਿਚਾਰ ਅਤੇ ਤਜਰਬਿਆਂ ਨੂੰ ਵਿਕਸਤ ਕਰ ਸਕਣ। ਉਨ੍ਹਾ ਕਿਹਾ ਕਿ ਪੰਜਾਬ ਵਿੱਚ ਅਜਿਹੀ ਪਹਿਲੀ ਲੈਬ ਦਾ ਹੋਣਾ ਪੂਰੇ ਪੰਜਾਬ ਅਤੇ ਮਾਲਵਾ ਖੇਤਰ ਲਈ ਮਾਣ ਵਾਲੀ ਗੱਲ ਹੈ। ਇਸ ਮੌਕੇ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਰੋੜੀ ਨੇ ਬੀ ਸੀ ਐਲ ਇੰਡਸਟ੍ਰੀਜ਼ ਲਿਮ. ਵੱਲੋਂ ਕੀਤੇ ਗਏ ਇਸ ਨਿਵੇਕਲੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਲੈਬ ਨੌਜਵਾਨਾਂ ਵੱਲੋਂ ਸੋਚੇ ਗਏ ਨਵੇਂ-ਨਵੇਂ ਆਈਡੀਅਜ਼ ਨੂੰ ਪੂਰੇ ਕਰਨ ਲਈ ਸਹਾਈ ਸਿੱਧ ਹੋਵੇਗੀ। ਉਨ੍ਹਾ ਇਸ ਯੂਨੀਵਰਸਿਟੀ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ।

## ਫੋਟੋਗ੍ਰਾਫਰ ਐਸੋਸੀਏਸ਼ਨ ਨੇ ਦੋ ਨਵੇਂ ਅਹੁਦੇਦਾਰ ਚੁਣੇ



**ਮਲੋਟ (ਗੁਰਮੀਤ ਸਿੰਘ ਮੱਕੜ)**

ਸਥਾਨਕ ਫੋਟੋਗ੍ਰਾਫਰ ਐਸੋਸੀਏਸ਼ਨ ਦੀ ਇੱਕ ਅਹਿਮ ਮੀਟਿੰਗ ਪ੍ਰਧਾਨ ਜੱਜ ਸ਼ਰਮਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਵੱਡੀ ਗਿਣਤੀ ਮੈਂਬਰਾਂ ਨੇ ਭਾਗ ਲਿਆ। ਇਸ ਮੌਕੇ ਪ੍ਰਧਾਨ ਨੇ ਜਥੇਬੰਦੀ ਵਿਚ ਵਾਧਾ ਕਰਦਿਆਂ ਗਗਨ ਬਾਵਾ ਨੂੰ ਜੁਆਇੰਟ ਸਕੱਤਰ ਅਤੇ ਬਿੱਟੂ ਔਲਖ ਨੂੰ ਸੀਨੀਅਰ ਵਾਈਸ ਪ੍ਰਧਾਨ ਥਾਪਿਆ। ਨਵੇਂ ਚੁਣੇ ਅਹੁਦੇਦਾਰਾਂ ਬਾਵਾ ਅਤੇ ਬਿੱਟੂ ਨੇ ਧੰਨਵਾਦ ਕਰਦਿਆਂ ਕਿਹਾ ਕਿ ਉਹ ਆਪਣੇ ਫੋਟੋਗ੍ਰਾਫਰ ਭਰਾਵਾਂ ਦਾ ਹਰ ਮੌਕੇ ਡਟਵਾਂ ਸਾਥ ਦੇਣਗੇ। ਪ੍ਰਧਾਨ ਜੱਜ ਸ਼ਰਮਾ ਨੇ ਕਿਹਾ ਕਿ ਨਵੇਂ ਯੁੱਗ ਵਿਚ ਨਵੀਆਂ ਤਕਨੀਕਾਂ ਨਾਲ ਹੁੰਦੀ ਫੋਟੋਗ੍ਰਾਫੀ ਵਿਚ ਚੁਣੌਤੀਆਂ ਵੀ ਬਹੁਤ ਹਨ, ਇਸ ਲਈ ਸਭ ਨੂੰ ਇਕਜੁੱਟ ਹੋ ਕੇ ਚੱਲਣ ਲਈ ਇਹ ਐਸੋਸੀਏਸ਼ਨ ਗਠਿਤ ਕੀਤੀ ਗਈ ਸੀ ਅਤੇ ਵਧਦੇ ਮੈਂਬਰਾਂ ਨਾਲ ਨਵੇਂ ਅਹੁਦੇਦਾਰਾਂ ਦੀ ਵੀ ਲੋੜ ਵਧ ਗਈ ਹੈ।

ਨਵੇਂ ਅਹੁਦੇਦਾਰਾਂ ਦਾ ਫੁੱਲਾਂ ਦੇ ਹਾਰ ਪਾ ਕੇ ਸਵਾਗਤ ਕੀਤਾ ਗਿਆ। ਇਸ ਮੌਕੇ ਕਿੰਦਾ ਸੱਚਦੇਵਾ, ਸੋਨੂੰ ਪਟਵਾਰੀ, ਗੁਰਮੀਤ ਸਿੰਘ ਢਿੱਲੋਂ, ਜੋਤੀ, ਬੱਬੂ ਅਤੇ ਲੱਖਾ ਆਦਿ ਹਾਜ਼ਰ ਸਨ।

## ਗਾਜ਼ੀਪੁਰ ਗਊਸ਼ਾਲਾ ਵਿਖੇ ਗਾਵਾਂ ਲਈ ਖੁਰਲੀਆਂ ਤੇ ਅਚਾਰ ਸਟੋਰ ਰੂਮ ਬਣਾਉਣ ਦੀ ਕੀਤੀ ਸ਼ੁਰੂਆਤ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**- ਸ਼ਹਿਰ ਦੀ ਉੱਘੀ ਸਮਾਜ ਸੇਵੀ ਸੰਸਥਾ ਸ਼ਿਵ ਸ਼ੰਕਰ ਯੂਥ ਸੇਵਾ ਦਲ ਵੱਲੋਂ ਦੁਰਗਾ ਰਾਮਾ ਡਰਾਮਾਟਿਕ ਕਲੱਬ ਦੇ ਸਹਿਯੋਗ ਨਾਲ ਗਾਜ਼ੀਪੁਰ ਗਊਸ਼ਾਲਾਂ ਦੇ ਸ਼ੈਡਾਂ 'ਚ ਗਾਵਾਂ ਲਈ ਖੁਰਲੀਆਂ ਦੀ ਘਾਟ ਨੂੰ ਦੇਖਦਿਆਂ ਖੁਰਲੀਆਂ ਬਣਾਉਣ ਦੀ ਸੇਵਾ ਆਰੰਭੀ ਗਈ ਹੈ। ਜਿਸ ਦਾ ਉਦਘਾਟਨ ਐਸ ਡੀ ਐਮ ਸਮਾਣਾ ਚਰਨਜੀਤ ਸਿੰਘ ਵੱਲੋਂ ਆਪਣੇ ਕਰ ਕਮਲਾਂ ਨਾਲ ਕੀਤਾ ਗਿਆ ਅਤੇ ਇਸ ਮੌਕੇ ਦੁਰਗਾ ਰਾਮਾ ਡਰਾਮਾਟਿਕ ਕਲੱਬ ਦੇ ਸਰਪ੍ਰਸਤ ਵੇਦ ਪ੍ਰਕਾਸ਼ ਕਾਂਸਲ, ਸ਼ਹਿਰ ਦੀ ਮਾਣਮੱਤੀ ਸ਼ਖਸੀਅਤ ਯਸ਼ਪਾਲ ਸਿੰਗਲਾ ਸਾਬਕਾ ਪ੍ਰਧਾਨ ਨਗਰ ਕੌਂਸਲ, ਸਮਾਜ ਸੇਵੀ ਪ੍ਰਦੀਪ ਗੋਇਲ ਮਿੰਕਾ ਅਤੇ ਸਨਾਤਨ ਧਰਮ ਮਹਾਂਵੀਰ ਦਲ ਸਮਾਣਾ ਦੀ ਟੀਮ ਸੈਕਟਰੀ ਰਜਤ ਗੋਇਲ, ਸੀਨੀਅਰ ਉੱਪ ਪ੍ਰਧਾਨ ਜਤਿੰਦਰ ਗਰਗ, ਦਲਪਤੀ ਗੌਰਵ ਗੌਰੀ ਅਤੇ ਇੰਚਾਰਜ ਅਮਿਤ ਜਿੰਦਲ ਆਦਿ ਵੱਲੋਂ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ ਗਈ।

ਇਸ ਮੌਕੇ ਐੱਸ ਡੀ ਐਮ ਚਰਨਜੀਤ ਸਿੰਘ ਨੇ ਇੱਥੇ ਸੇਵਾ ਕਰ ਰਹੀਆਂ ਸੰਸਥਾਵਾਂ ਅਤੇ ਗਊ ਸੇਵਕਾਂ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਦੱਸਿਆ ਕਿ ਗਊਸ਼ਾਲਾ 'ਚ ਗਾਵਾਂ ਲਈ ਤੂੜੀ, ਹਰੇ ਚਾਰੇ ਅਤੇ ਆਚਾਰ ਦੀ ਕੋਈ ਘਾਟ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਆਉਣ ਵਾਲੇ ਸਮੇਂ 'ਚ ਗਾਵਾਂ ਲਈ ਅਚਾਰ ਸਟੋਰ ਕਰਨੀ ਲਈ ਗਊਸ਼ਾਲਾ ਵਿਖੇ ਹੀ ਅਚਾਰ ਸਟੋਰ ਰੂਮ ਦੇ ਕਾਰਜ ਦੀ ਸ਼ੁਰੂਆਤ ਕਰਦਿਆਂ ਗਊਸ਼ਾਲਾ ਵਿਖੇ ਵੱਡਾ ਟੋਇਆ ਪੁੱਟਣ ਲਈ ਅੱਜ ਜੇ ਸੀ ਬੀ ਲਗਾਈ ਗਈ ਹੈ। ਇਸ ਮੌਕੇ ਸਨਾਤਨ ਧਰਮ ਮਹਾਂਵੀਰ ਦਲ ਵੱਲੋਂ ਰਮੇਸ਼ ਕੁਮਾਰ ਗਰ ਦੀ ਸਰਪ੍ਰਸਤੀ 'ਚ ਗਊਸ਼ਾਲਾ ਵਿਖੇ ਗਾਵਾਂ ਲਈ ਹਰੇ ਚਾਰੇ ਦੀ ਟਰਾਲੀ ਦੀ ਸੇਵਾ ਕੀਤੀ ਗਈ। ਇਸ ਮੌਕੇ ਯਸ਼ਪਾਲ ਸਿੰਗਲਾ ਨੇ ਸ਼ਿਵ ਸ਼ੰਕਰ ਯੂਥ ਸੇਵਾ ਦਲ ਅਤੇ ਸਮਾਣਾ ਬ੍ਰੈਕਿੰਗ ਟੀਮ ਦੇ ਕਰਤਾ ਧਰਤਾ ਹਰਜਿੰਦਰ ਸਿੰਘ ਜਵੰਦਾ ਸਮੇਤ ਸਮੂਹ ਗਊ ਸੇਵਕਾਂ ਦੀ ਸ਼ਲਾਘਾ ਕੀਤੀ ਜਿਨ੍ਹਾਂ ਵਲੋਂ ਗਊਸ਼ਾਲਾ ਵਿਖੇ ਨਿਰਸਵਾਰਥ ਗਊਆਂ ਦੀ ਸੇਵਾ ਸੰਭਾਲ ਕਰਵਾਈ ਜਾ ਰਹੀ ਹੈ। ਇਸ ਮੌਕੇ ਡਾ. ਜਗਪ੍ਰੀਤ ਸਿੰਘ, ਕਮਲ ਸ਼ਰਮਾ, ਦੀਵਾਨ ਥਰੇਜਾ, ਲਲਿਤ ਕੁਮਾਰ, ਮਨੋਜ ਸਾਗਰ ਅਤੇ ਮਨੀ ਆਦਿ ਵੀ ਮੌਜੂਦ ਰਹੇ।

CMYK

# ਨਾਟਕਾਂ ਰਾਹੀਂ ਨਰੇਗਾ ਕੰਮ ਦਾ ਘਪਲਾ ਜੱਗ ਜ਼ਾਹਰ ਕੀਤਾ ਜਾਵੇਗਾ : ਮਾੜੀਮੇਘਾ



ਭਿੱਖੀਵਿੰਡ-ਸੀ ਪੀ ਆਈ ਬਲਾਕ ਭਿੱਖੀਵਿੰਡ ਵੱਲੋਂ ਨਰੇਗਾ ਕਾਮਿਆਂ ਦੇ ਕੰਮ ਲੈਣ ਵਾਸਤੇ ਤੇ ਕੀਤੇ ਹੋਏ ਕੰਮ ਦੇ ਪੈਸੇ ਪਵਾਉਣ ਲਈ 14 ਜੂਨ ਨੂੰ ਭਿੱਖੀਵਿੰਡ ਬਲਾਕ ਵਿੱਚ ਨਾਟਕ ਮੇਲਾ ਦੇ ਪ੍ਰੋਗਰਾਮ ਕਰਨ ਤੋਂ ਬਾਅਦ ਭਿੱਖੀਵਿੰਡ ਚੌਕ ਜਾਮ ਕੀਤਾ ਜਾਵੇਗਾ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸੀ ਪੀ ਆਈ ਦੇ ਕੌਮੀ ਕੌਂਸਲ ਮੈਂਬਰ ਪਿਰਥੀਪਾਲ ਸਿੰਘ ਮਾੜੀਮੇਘਾ ਤੇ ਬਲਾਕ ਸਕੱਤਰ ਨਰਿੰਦਰ ਸਿੰਘ ਅਲਗੋਂ ਨੇ ਕੀਤਾ। ਬੜੀ ਹੈਰਾਨੀ ਹੈ ਕਿ ਪੈਸੇ ਪਾਉਣ ਦੀ ਥਾਂ ਸਾਂਡਪੁਰਾ ਦੇ ਨਰੇਗਾ ਕਾਮਿਆਂ ਦਾ ਕੰਮ ਬੰਦ ਕਰ ਦਿੱਤਾ ਗਿਆ। ਜਦੋਂ ਗਰਾਮ ਸੇਵਕ ਦਿਲਬਾਗ ਸਿੰਘ ਤੇ ਜੇ ਈ ਦਲਜੀਤ ਸਿੰਘ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਦਾ ਵੀ ਅੱਗੋਂ ਇਹ ਜਵਾਬ ਸੀ ਕਿ ਕੰਮ ਅਸੀਂ ਕਿੱਥੋਂ ਦੇ ਦੇਈਏ।

ਨਰੇਗਾ ਕੰਮ ਬਾਰੇ ਜੋ ਨੈਟ ਤੋਂ ਜਾਣਕਾਰੀ ਮਿਲੀ ਹੈ ਉਹ ਲੂੰ ਕੰਡੇ ਖੜ੍ਹੇ ਕਰਨ ਵਾਲੀ ਹੈ। ਭਿੱਖੀਵਿੰਡ ਬਲਾਕ ਵਿੱਚ ਲੱਗਭੱਗ ਕਰੋੜ ਦੀ ਘਪਲੇਬਾਜ਼ੀ ਹੋਈ ਹੈ। ਇਹ ਘਪਲੇ ਜੱਗ ਜ਼ਾਹਰ ਕਰਨ ਤੋਂ ਬਾਅਦ ਵੀ ਸਰਕਾਰ ਨੇ ਚੁੱਪ ਧਾਰੀ ਹੋਈ ਹੈ ਸਗੋਂ ਘਪਲੇਬਾਜ਼ੀ ਵਧਦੀ ਜਾ ਰਹੀ ਹੈ। ਮਾੜੀਮੇਘਾ ਦੇ ਨਰੇਗਾ ਕਾਮਿਆਂ ਨੇ ਲਗਾਤਾਰ 45 ਦਿਨ ਕੰਮ ਕੀਤਾ ਹੈ ਪਰ ਪੈਸਾ ਨਹੀਂ ਪਾਇਆ ਜਾ ਰਿਹਾ। ਇਨ੍ਹਾਂ ਪ੍ਰਸਥਿਤੀਆਂ ਵਿੱਚ ਭਿੱਖੀਵਿੰਡ ਬਲਾਕ ਵਿੱਚ ਚੰਡੀਗੜ੍ਹ ਤੇ ਪਟਿਆਲਾ ਦੀਆਂ ਨਾਟਕ ਤੇ ਭੰਡਾਂ ਦੀਆਂ ਟੀਮਾਂ ਆਪਣੀ ਕਲਾ ਰਾਹੀਂ ਸਰਕਾਰ ਦਾ ਪਰਦਾ ਫਾਸ਼ ਕਰਨਗੀਆਂ। ਇਸ ਮੌਕੇ ਟਹਿਲ ਸਿੰਘ ਲੱਧੂ ਤੇ ਬਲਦੇਵ ਰਾਜ ਭਿੱਖੀਵਿੰਡ ਵੀ ਹਾਜ਼ਰ ਸਨ।

# ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਥਾਪਨਾ ਦਿਵਸ ਮੌਕੇ ਗੁਰਮਤਿ ਸਮਾਗਮ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ) ਸਿੱਖ ਕੌਮ ਦੇ ਸਰਬਉੱਚ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਸਥਾਪਨਾ ਦਿਵਸ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਸੰਬੰਧ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਭਾਈ ਕਮਲਜੀਤ ਸਿੰਘ ਦੇ ਰਾਗੀ ਜਥੇ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਪਾਵਨ ਹੁਕਮਨਾਮਾ ਗਿਆਨੀ ਬਲਜੀਤ ਸਿੰਘ ਨੇ ਸਰਵਣ ਕਰਵਾਇਆ। ਇਸ ਮੌਕੇ ਸੰਬੋਧਨ ਦੌਰਾਨ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਥਾਪਨਾ ਦਿਵਸ ਦੀ ਸੰਗਤ ਨੂੰ ਵਧਾਈ ਦਿੰਦਿਆਂ ਕਿਹਾ ਕਿ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੁਆਰਾ ਸਥਾਪਤ ਇਹ ਉਹ ਤਖ਼ਤ ਹੈ, ਜਿਸ ਨੇ ਹਮੇਸ਼ਾ ਹੀ ਮਾਨਵਤਾ ਦੇ ਹੱਕਾਂ ਦੀ ਅਵਾਜ਼ ਨੂੰ ਬੁਲੰਦ ਕੀਤਾ ਹੈ।

ਉਨ੍ਹਾ ਕਿਹਾ ਕਿ ਇਤਿਹਾਸ ਅੰਦਰ ਅਜਿਹੀਆਂ ਕਈ ਘਟਨਾਵਾਂ ਮੌਜੂਦ ਹਨ, ਜਦੋਂ ਮਜ਼ਲੂਮ ਤੇ ਜ਼ਰੂਰਤਮੰਦ ਲੋਕਾਂ ਦੀ ਕਿਸੇ ਨੇ ਬਾਂਹ ਨਹੀਂ ਫੜੀ, ਤਾਂ ਉਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਸਹਾਰਾ ਦਿੱਤਾ। ਗਿਆਨੀ ਹਰਪ੍ਰੀਤ ਸਿੰਘ ਨੇ ਸੰਗਤਾਂ ਨੂੰ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਸਥਾਪਤ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਜੁੜਨ ਦੀ ਅਪੀਲ ਵੀ ਕੀਤੀ। ਇਸੇ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਰਾਗੀ ਸਿੰਘਾਂ ਵੱਲੋਂ ਤੰਤੀ ਸਾਜ਼ਾਂ ਨਾਲ ਗੁਰਬਾਣੀ ਕੀਰਤਨ ਕੀਤਾ ਗਿਆ। ਸਮਾਗਮ ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਗੁਰਮਿੰਦਰ ਸਿੰਘ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਗੁਰਮੁੱਖ ਸਿੰਘ, ਗਿਆਨੀ ਮਲਕੀਤ ਸਿੰਘ, ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ, ਵਧੀਕ ਸਕੱਤਰ ਕੁਲਵਿੰਦਰ ਸਿੰਘ ਰਮਦਾਸ, ਬਲਵਿੰਦਰ ਸਿੰਘ ਕਾਹਲਵਾਂ, ਬਿਜੈ ਸਿੰਘ, ਗੁਰਿੰਦਰ ਸਿੰਘ ਮਥਰੇਵਾਲ, ਗੁਰਮੀਤ ਸਿੰਘ ਬੁੱਟਰ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸਤਨਾਮ ਸਿੰਘ ਮਾਂਗਾਸਰਾਏ, ਮੀਤ ਸਕੱਤਰ ਗੁਰਦਿਆਲ ਸਿੰਘ, ਗੁਰਚਰਨ ਸਿੰਘ ਕੁਹਾਲਾ, ਪ੍ਰੋ. ਸੁਖਦੇਵ ਸਿੰਘ, ਸੁਪ੍ਰਿੰਟੈਂਡੈਂਟ ਮਲਕੀਤ ਸਿੰਘ ਬਹਿੜਵਾਲ, ਰਾਜਿੰਦਰ ਸਿੰਘ ਰੂਬੀ, ਮੀਡੀਆ ਇੰਚਾਰਜ ਹਰਭਜਨ ਸਿੰਘ ਵਕਤਾ, ਮੈਨੇਜਰ ਸੁਖਰਾਜ ਸਿੰਘ, ਬਘੇਲ ਸਿੰਘ, ਨਰਿੰਦਰ ਸਿੰਘ, ਵਧੀਕ ਮੈਨੇਜਰ ਨਿਸ਼ਾਨ ਸਿੰਘ, ਜਸਪਾਲ ਸਿੰਘ ਢੱਡੇ, ਗੁਰਤਿੰਦਰਪਾਲ ਸਿੰਘ ਅਤੇ ਸੰਗਤਾਂ ਮੌਜੂਦ ਸਨ।

# ਸਰਹੱਦ 'ਤੇ ਮੁੜ ਪਾਕਿਸਤਾਨੀ ਡਰੋਨ ਨੇ ਦਿੱਤੀ ਦਸਤਕ



ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)- ਭਾਰਤ ਖੇਤਰ ਦੀ ਸਰਹੱਦ 'ਤੇ ਆਏ ਦਿਨ ਗੁਆਂਢੀ ਦੇਸ਼ ਪਾਕਿਸਤਾਨ ਵੱਲੋਂ ਡਰੋਨ ਭੇਜਣ ਦੀਆਂ ਗਤੀਵਿਧੀਆਂ 'ਚ ਲਗਾਤਾਰ ਵਾਧਾ ਹੋਇਆ ਹੈ । ਜਿਸ ਦੇ ਚਲਦਿਆਂ ਬੀਤੀ ਰਾਤ ਇੱਕ ਵਾਰ ਫਿਰ ਭਾਰਤ ਸਰਹੱਦ 'ਚ ਪਾਕਿਸਤਾਨੀ ਡਰੋਨ ਨੇ ਦਸਤਕ ਦਿੱਤੀ ਹੈ । ਜਿਸ 'ਤੇ ਤੁਰੰਤ ਕਾਰਵਾਈ ਕਰਦਿਆਂ ਬੀ.ਐੱਸ.ਐੱਫ. ਤੇ ਥਾਣਾ ਖਾਲੜਾ ਦੀ ਪੁਲਸ ਵੱਲੋਂ ਚਲਾਏ ਗਏ ਸਾਂਝੇ ਤਲਾਸ਼ੀ ਅਭਿਆਨ ਦੌਰਾਨ 2.5 ਕਿਲੋ ਹੈਰੋਇਨ ਤੇ ਇੱਕ ਮੋਟਰਸਾਈਕਲ ਬਰਾਮਦ ਕਰਨ ਵਿੱਚ ਵੱਡੀ ਸਫਲਤਾ ਹਾਸਲ ਹੋਈ ਹੈ । ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸਬ ਡਵੀਜਨ ਭਿੱਖੀਵਿੰਡ ਦੇ ਡੀ.ਐੱਸ.ਪੀ ਪ੍ਰੀਤਇੰਦਰ ਸਿੰਘ ਨੇ ਦੱਸਿਆ ਕਿ ਤਰਨ ਤਾਰਨ ਜ਼ਿਲ੍ਹੇ ਅਧੀਨ ਆਉਂਦੀ ਭਾਰਤ-ਪਾਕਿਸਤਾਨ ਸਰਹੱਦ ਦੇ ਸੈਕਟਰ ਅਮਰਕੋਟ ਦੀ ਬੀ.ਓ.ਪੀ ਕਰਨੈਲ ਸਿੰਘ ਵਾਲਾ ਰਾਹੀਂ ਬੀਤੀ ਰਾਤ ਵਕਤ ਕਰੀਬ 9 ਵੱਜ ਕੇ 6 ਮਿੰਟ 'ਤੇ ਪਿੱਲਰ ਨੰਬਰ 138/ਐੱਮ ਰਾਹੀਂ ਭਾਰਤੀ ਸਰਹੱਦ 'ਚ ਪਾਕਿਸਤਾਨੀ ਡਰੋਨ ਦਾਖਲ ਹੋਣ ਦੀ ਅਵਾਜ਼ ਸੁਣਾਈ ਦਿੱਤੀ, ਜਿਸ ਉਪਰੰਤ ਸਰਹੱਦ ਉੱਪਰ ਤਾਇਨਾਤ ਬੀ.ਐੱਸ.ਐੱਫ. ਦੀ 103 ਬਟਾਲੀਅਨ ਨੇ ਤੁਰੰਤ ਥਾਣਾ ਖਾਲੜਾ ਦੀ ਪੁਲਸ ਨੂੰ ਸੂਚਿਤ ਕਰਦਿਆਂ ਇਲਾਕੇ ਨੂੰ ਸੀਲ ਕਰਕੇ ਜਦ ਤਲਾਸ਼ੀ ਅਭਿਆਨ ਚਲਾਇਆ ਗਿਆ ਤਾਂ ਇਸ ਦੌਰਾਨ 1 ਪੈਕਟ ਹੈਰੋਇਨ ਦਾ ਬਰਾਮਦ ਕੀਤਾ ਗਿਆ। ਜਿਸ ਦਾ ਵਜ਼ਨ ਢਾਈ ਕਿਲੋ ਹੋਇਆ । ਡੀ.ਐੱਸ.ਪੀ ਨੇ ਦੱਸਿਆ ਕਿ ਇਸ ਖੇਪ ਨੂੰ ਲੈਣ ਪੁੱਜਾ ਸ਼ੱਕੀ ਵਿਅਕਤੀ ਪੁਲਸ ਨੂੰ ਵੇਖ ਕੇ ਹਨੇਰੇ ਦਾ ਲਾਭ ਲੈਂਦੇ ਹੋਏ ਆਪਣਾ ਮੋਟਰਸਾਈਕਲ ਛੱਡ ਮੌਕੇ ਤੋਂ ਪਿੰਡ ਮਾੜੀ ਕੰਬੋਕੇ ਵੱਲ ਫਰਾਰ ਹੋ ਗਿਆ। ਉਨ੍ਹਾਂ ਦੱਸਿਆ ਕਿ ਉਕਤ ਮਾਮਲੇ ਸੰਬੰਧੀ ਥਾਣਾ ਖਾਲੜਾ ਵਿਖੇ ਪਰਚਾ ਦਰਜ ਕਰਕੇ ਬਰਾਮਦ ਮੋਟਰਸਾਈਕਲ ਦੀ ਮਦਦ ਨਾਲ ਮੁਲਜ਼ਮ ਦੀ ਭਾਲ ਸ਼ੁਰੂ ਕਰ ਦਿੱਤੀ ਗਈ ਹੈ। ਹੈਰੋਇਨ ਦੀ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੁੱਲ ਕੀਮਤ ਕਰੀਬ 12.5 ਕਰੋੜ ਰੁਪਏ ਦੱਸੀ ਜਾ ਰਹੀ ਹੈ ।

# ਸ੍ਰੀ ਗੁਰੂ ਅਰਜਨ ਦੇਵ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਵਿਖੇ ਮਨਾਇਆ ਵਿਸ਼ਵ ਵਾਤਾਵਰਣ ਦਿਵਸ



ਤਰਨ ਤਾਰਨ (ਸਾਗਰ ਦੀਪ ਸਿੰਘ ਅਰੋੜਾ)- ਅੱਜ ਸ੍ਰੀ ਗੁਰੂ ਅਰਜਨ ਦੇਵ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਪ੍ਰਿੰਸੀਪਲ ਰਵਿੰਦਰ ਕੌਰ ਆਹਲੂਵਾਲੀਆ ਦੀ ਅਗਵਾਈ ਹੇਠ ਸਕੂਲ ਵਿਖੇ ਵਿਸ਼ਵ ਵਾਤਾਵਰਣ ਦਿਵਸ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਮਿਸ਼ਨ ਲਾਈਫ ਦੇ ਇੰਚਾਰਜ ਸੁਖਜੀਤ ਕੁਮਾਰ, ਮਨਿੰਦਰ ਕੌਰ, ਤਜਿੰਦਰ ਸਿੰਘ, ਰਾਖੀ ਅਤੇ ਅਨੁਦੀਪ ਰੰਧਾਵਾ ਨੇ ਵਾਤਾਵਰਣ ਸੰਬੰਧੀ ਸ਼ਾਨਦਾਰ ਪ੍ਰੋਗਰਾਮ ਦਾ ਆਯੋਜਨ ਕੀਤਾ। ਸੁਖਜੀਤ ਕੁਮਾਰ, ਮਨਿੰਦਰ ਕੌਰ ਨੇ ਸਮੁੱਚੇ ਸਟਾਫ ਅਤੇ ਵਿਦਿਆਰਥੀਆਂ ਨੂੰ ਵਾਤਾਵਰਣ ਦੀ ਸੰਭਾਲ ਸੰਬੰਧੀ ਸਹੁੰ ਚੁਕਾਈ। ਇਸ ਮੌਕੇ ਪ੍ਰਿੰਸੀਪਲ ਰਵਿੰਦਰ ਕੌਰ ਆਹਲੂਵਾਲੀਆ ਨੇ ਸਾਰਿਆਂ ਨੂੰ ਆਪਣੇ ਵਾਤਾਵਰਣ ਨੂੰ ਸੰਭਾਲਣ ਅਤੇ ਪ੍ਰਦੂਸ਼ਣ ਦੇ ਰੋਕਥਾਮ ਦਾ ਸੱਦਾ ਦਿੱਤਾ। ਉਨ੍ਹਾ ਕਿਹਾ ਕਿ ਸਾਰੇ ਵਿਦਿਆਰਥੀ ਪਲਾਸਟਿਕ ਦੇ ਲਿਫਾਫਿਆਂ ਦਾ ਬਾਈਕਾਟ ਕਰਨ ਅਤੇ ਪਾਣੀ ਦੀ ਵੀ ਸੰਜਮ ਨਾਲ ਵਰਤੋਂ ਕਰਨ। ਉਨ੍ਹਾ ਨੇ ਕਿਹਾ ਕਿ ਸਕੂਲ ਵਿੱਚ ਪਿਛਲੇ ਤਿੰਨ ਸਾਲਾਂ ਤੋਂ ਪਲਾਸਟਿਕ ਦੀ ਵਰਤੋਂ 'ਤੇ ਰੋਕ ਲਗਾਈ ਹੋਈ ਹੈ ਅਤੇ ਉਨ੍ਹਾਂ ਦਾ ਸਕੂਲ ਪਾਲੀਥਿਨ ਫ੍ਰੀ ਜ਼ੋਨ ਹੈ।

# ਵਿਦੇਸ਼ਾਂ 'ਚ ਮਹਿਲਾਵਾਂ ਦਾ ਸ਼ੋਸ਼ਣ ਰੋਕਣ ਲਈ ਪੰਜਾਬ ਸਰਕਾਰ ਉਲੀਕੇਗੀ ਨੀਤੀ: ਡਾ. ਬਲਜੀਤ ਕੌਰ



ਅੰਮ੍ਰਿਤਸਰ (ਨਰਿੰਦਰਜੀਤ,ਜਸਬੀਰ ਪੱਟੀ)-ਪੰਜਾਬ ਦੀਆਂ ਮਹਿਲਾਵਾਂ ਨੂੰ ਵਿਦੇਸ਼ਾਂ ਵਿਚ ਭੇਜ ਕਿ ਉਨ੍ਹਾਂ ਨਾਲ ਹੋ ਰਹੇ ਸ਼ੋਸ਼ਣ ਨੂੰ ਸੂਬਾ ਸਰਕਾਰ ਵੱਲੋਂ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ। ਇਸ ਸੰਬੰਧੀ ਮਹਿਲਾਵਾਂ ਦੇ ਹੋ ਰਹੇ ਸ਼ੋਸ਼ਣ ਨੂੰ ਰੋਕਣ ਲਈ ਸੂਬਾ ਸਰਕਾਰ ਵੱਲੋਂ ਰਾਜ ਪੱਧਰੀ ਪਾਲਿਸੀ ਉਲੀਕਣ ਲਈ ਪੀੜਿਤਾਂ ਨਾਲ ਜਲੰਧਰ ਵਿਖੇ 11 ਜੂਨ ਨੂੰ ਸਮਾਜਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਮੰਤਰੀ ਡਾ.ਬਲਜੀਤ ਕੌਰ ਦੀ ਪ੍ਰਧਾਨਗੀ ਹੇਠ ਵਿਚਾਰ ਚਰਚਾ ਕੀਤੀ ਜਾ ਰਹੀ ਹੈ। ਵਧੇਰੇ ਜਾਣਕਾਰੀ ਦਿੰਦਿਆਂ ਸਮਾਜਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਮੰਤਰੀ ਡਾ.ਬਲਜੀਤ ਕੌਰ ਨੇ ਦੱਸਿਆ ਕਿ ਪੰਜਾਬ ਦੀਆਂ ਮਹਿਲਾਵਾਂ ਜੋ ਵਿਦੇਸ਼ਾਂ ਵਿਚ ਜਾਣ ਦੀਆਂ ਇੱਛੁਕ ਹਨ, ਉਥੇ ਵੱਸੀਆਂ ਹੋਈਆਂ ਹਨ ਜਾਂ ਵਾਪਸ ਆ ਚੁੱਕੀਆਂ ਹਨ, ਦੇ ਹੱਕਾਂ ਦੀ ਰਾਖੀ ਲਈ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਵਿਸ਼ੇਸ਼ ਤੌਰ 'ਤੇ ਧਿਆਨ ਦਿੱਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਕੁਝ ਏਜੰਟਾਂ ਵੱਲੋਂ ਸੂਬੇ ਦੀਆਂ ਮਹਿਲਾਵਾਂ ਨੂੰ ਵਿਦੇਸ਼ਾਂ ਵਿਚ ਗੈਰ ਕਾਨੂੰਨੀ ਢੰਗ ਨਾਲ ਭੇਜਣ ਦੇ ਮੰਤਵ ਨਾਲ ਨੌਕਰੀ ਦਾ ਝਾਂਸਾ ਦੇਣ ਅਤੇ ਗਲਤ ਬਿਆਨਬਾਜ਼ੀ ਕਰਕੇ ਉਨ੍ਹਾਂ ਨਾਲ ਕਈ ਤਰ੍ਹਾਂ ਦਾ ਸ਼ੋਸ਼ਣ ਕੀਤਾ ਜਾਂਦਾ ਹੈ। ਇਸ ਸਥਿਤੀ 'ਤੇ ਕਾਬੂ ਪਾਉਂਣ ਲਈ ਪੰਜਾਬ ਸਰਕਾਰ ਵੱਲੋਂ ਇਕ ਰਾਜ ਪੱਧਰੀ ਪਾਲਿਸੀ ਤਿਆਰ ਕਰਨ ਦਾ ਉਪਰਾਲਾ ਕੀਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਇਸ ਪਾਲਿਸੀ ਵਿਚ ਹਰ ਤਰ੍ਹਾਂ ਦਾ ਸ਼ੋਸ਼ਣ ਭੁਗਤ ਚੁੱਕੀਆਂ ਔਰਤਾਂ ਦੇ ਦੁਖਾਂਤ ਨੂੰ ਸੁਣਨ ਅਤੇ ਉਨ੍ਹਾਂ ਦੇ ਸੁਝਾਵਾਂ ਨੂੰ ਪਾਲਿਸੀ ਵਿਚ ਸ਼ਾਮਲ ਕਰਨ ਲਈ 11 ਜੂਨ ਨੂੰ ਡਿਪਟੀ ਕਮਿਸ਼ਨਰ, ਜਲੰਧਰ ਦੇ ਦਫਤਰ ਵਿਖੇ 11.00 ਤੋਂ 1.00 ਵਜੇ ਤੱਕ ਵਿਚਾਰ ਚਰਚਾ ਦਾ ਆਯੋਜਨ ਕੀਤਾ ਜਾ ਰਿਹਾ ਹੈ। ਮੰਤਰੀ ਨੇ ਵਿਆਖਿਆ ਕੀਤੀ ਕਿ ਮਹਿਲਾਵਾਂ ਦੇ ਸ਼ੋਸ਼ਣ ਸੰਬੰਧੀ ਘਟਨਾਵਾਂ ਖਾਸ ਤੌਰ ਤੇ ਅਮਰੀਕਾ, ਕਨੇਡਾ, ਆਸਟ੍ਰੇਲੀਆ, ਨਿਊਜ਼ੀਲੈਂਡ, ਮੱਧ ਪੂਰਬੀ ਦੇਸ਼ ਜਿਵੇਂ ਕੁਵੈਤ, ਦੁਬਈ, ਓਮਾਨ ਆਦਿ ਤੋਂ ਅਜਿਹੀਆਂ ਮੰਦਭਾਗੀ ਘਟਨਾਵਾਂ ਦੀ ਰਿਪੋਰਟ ਪ੍ਰਾਪਤ ਹੁੰਦੀ ਹੈ। ਉਨ੍ਹਾਂ ਕਿਹਾ ਕਿ ਅਜਿਹੇ ਮਾੜੇ ਵਤੀਰੇ ਨੂੰ ਸੂਬਾ ਸਰਕਾਰ ਵੱਲੋਂ ਗੰਭੀਰਤਾ ਨਾਲ ਲਿਆ ਗਿਆ ਹੈ। ਮੰਤਰੀ ਨੇ ਕਿਹਾ ਕਿ ਐਨ.ਆਰ.ਆਈ ਵਿਅਕਤੀਆਂ/ਏਜੰਟਾਂ/ਰਿਸ਼ਤੇਦਾਰਾਂ ਦੇ ਝਾਂਸੇ ਵਿੱਚ ਆ ਕੇ ਧੋਖਾ ਖਾ ਚੁੱਕੀਆਂ ਮਹਿਲਾਵਾਂ ਨੂੰ ਇਸ ਵਿਚਾਰ ਚਰਚਾ ਵਿਚ ਸ਼ਾਮਲ ਹੋਣ ਲਈ ਖੁੱਲ੍ਹਾ ਸੱਦਾ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਰਾਜ ਦੇ ਵੱਖ ਵੱਖ ਡਿਪਟੀ ਕਮਿਸ਼ਨਰਾਂ ਵੱਲੋਂ ਆਪਣੇ ਜ਼ਿਲ੍ਹਿਆਂ ਤੋਂ ਅਜਿਹੀਆਂ ਔਰਤਾਂ, ਜੋ ਵਿਦੇਸ਼ਾਂ ਵਿਚ ਸ਼ੋਸ਼ਣ ਦਾ ਸ਼ਿਕਾਰ ਹੋਈਆਂ ਹਨ, ਨੂੰ ਇਸ ਵਿਚਾਰ ਚਰਚਾ ਵਿਚ ਸ਼ਾਮਲ ਹੋਣ ਲਈ ਪੱਤਰ ਵੀ ਲਿਖਿਆ ਗਿਆ ਹੈ। ਵਧੇਰੇ ਜਾਣਕਾਰੀ ਲਈ ਫੋਨ ਨੰ: 0181-2253285, 70092-39158 ਅਤੇ ਸਖੀ ਵਨ ਸਟਾਪ ਸੈਂਟਰ, ਜਲੰਧਰ 90231-31010 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਪੰਜਾਬ ਰਾਇਟ ਟੂ ਬਿਜ਼ਨਸ ਐਕਟ ਅਧੀਨ ਜ਼ਿਲ੍ਹਾ ਤਰਨ ਤਾਰਨ ਦਾ ਦੂਜਾ "ਇੰਨ ਪ੍ਰਿੰਸੀਪਲ ਅਪਰੂਵਲ" ਸਰਟੀਫਿਕੇਟ ਜਾਰੀ



ਤਰਨ ਤਾਰਨ (ਪ੍ਰਿਤਪਾਲ ਸਿੰਘ)-ਪੰਜਾਬ ਸਰਕਾਰ ਵੱਲੋਂ ਉਦਯੋਗਾਂ ਨੂੰ ਰਾਹਤ ਦੇਣ ਲਈ ਅਨੇਕ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਇਨ੍ਹਾਂ ਉਪਰਾਲਿਆਂ ਦੇ ਤਹਿਤ ਅੱਜ ਡਿਪਟੀ ਕਮਿਸ਼ਨਰ ਤਰਨ ਤਾਰਨ ਸਦੀਪ ਰਿਸ਼ੀ ਨੇ ਪੰਜਾਬ ਰਾਇਟ ਟੂ ਬਿਜ਼ਨਸ ਐਕਟ ਅਧੀਨ ਜ਼ਿਲ੍ਹੇ ਦਾ ਦੂਸਰਾ "ਇੰਨ ਪ੍ਰਿੰਸੀਪਲ ਅਪਰੂਵਲ ਸਰਟੀਫਿਕੇਟ" ਸੁਖਜਿੰਦਰ ਸਿੰਘ ਪਾਰਟਨਰ ਬਾਬਾ ਭੀਮ ਨਾਥ ਐਗਰੋ ਫੂਡ, ਕੈਰੋਂ ਰੋਡ ਸਰਹਾਲੀ ਕਲਾਂ ਨੂੰ ਜਾਰੀ ਕੀਤਾ। ਇਸ ਮੀਟਿੰਗ ਵਿੱਚ ਡਿਪਟੀ ਕਮਿਸ਼ਨਰ ਸੰਦੀਪ ਰਿਸ਼ੀ ਤੋਂ ਇਲਾਵਾ ਸੁਰੇਸ਼ ਚੰਦਰ ਜਨਰਲ ਮੈਨੇਜਰ ਜ਼ਿਲ੍ਹਾ ਉਦਯੋਗ ਕੇਂਦਰ, ਤਰਨ ਤਾਰਨ, ਰਵਿੰਦਰ ਸਿੰਘ ਸੀਨੀਅਰ ਸਹਾਇਕ ਅਤੇ ਨੇਹਾ ਸ਼ਰਮਾ ਬੀ. ਐਫ. ਓ ਹਾਜ਼ਰ ਸਨ। ਇਸ ਮੌਕੇ ਡਿਪਟੀ ਕਮਿਸ਼ਨਰ ਸੰਦੀਪ ਰਿਸ਼ੀ ਨੇ ਐਕਟ ਦੀਆਂ ਵਿਸ਼ੇਸ਼ਤਾਵਾਂ ਉੱਤੇ ਚਾਨਣਾ ਪਾਉਂਦਿਆ ਦੱਸਿਆ ਕਿ ਰਾਜ ਅੰਦਰ ਉਦਯੋਗਿਕ ਨਿਵੇਸ਼ ਨੂੰ ਬੜ੍ਹਾਵਾ ਦੇਣ ਲਈ ਪੰਜਾਬ ਸਰਕਾਰ ਵੱਲੋਂ ਪੰਜਾਬ ਰਾਇਟ ਟੂ ਬਿਜ਼ਨਸ ਐਕਟ 2020 ਬਣਾਇਆ ਗਿਆ ਹੈ। ਉਨ੍ਹਾ ਦੱਸਿਆ ਕਿ ਉਪਰੋਕਤ ਇਕਾਈ ਨੂੰ ਜ਼ਿਲ੍ਹੇ ਅੰਦਰ ਰਾਇਸ ਸ਼ੈਲਰ ਲਗਾਉਣ ਲਈ ਇੰਨ-ਪ੍ਰਿੰਸੀਪਲ ਅਪਰੂਵਲ ਦਿੱਤੀ ਗਈ ਹੈ। ਉਨ੍ਹਾ ਇਹ ਵੀ ਦੱਸਿਆ ਕਿ ਪੰਜਾਬ ਸਰਕਾਰ ਦੁਆਰਾ ਬਣਾਏ ਰਾਇਟ ਟੂ ਬਿਜ਼ਨਸ ਐਕਟ 2020 ਦੇ ਤਹਿਤ ਜੋ ਨਵੀਆਂ ਉਦਯੋਗਿਕ ਇਕਾਈਆਂ ਜ਼ਿਲ੍ਹੇ ਦੇ ਅਪਰੂਵਡ ਇੰਡਸਟਰੀਅਲ ਏਰੀਆ ਤੋਂ ਬਾਹਰ ਆਪਣੀ ਇਕਾਈ ਸਥਾਪਤ ਕਰਨਗੀਆ, ਉਨ੍ਹਾਂ ਨੂੰ 15 ਦਿਨ ਦੇ ਅੰਦਰ-ਅੰਦਰ ਅਤੇ ਜੋ ਉਦਯੋਗ ਅਪਰੂਵਡ ਇੰਡਸਟਰੀਅਲ ਪਾਰਕ ਵਿੱਚ ਲੱਗਣਗੇ, ਉਨ੍ਹਾਂ ਨੂੰ 3 ਦਿਨਾਂ ਅੰਦਰ ਇੰਨ-ਪ੍ਰਿੰਸੀਪਲ ਅਪਰੂਵਲ ਦਿੱਤੀ ਜਾਵੇਗੀ। ਇੰਨ-ਪ੍ਰਿੰਸੀਪਲ ਅਪਰੂਵਲ ਜਾਰੀ ਹੋਣ ਉਪਰੰਤ ਇਕਾਈ ਨੂੰ ਤਿੰਨ ਸਾਲ ਛੇ ਮਹੀਨੇ ਦਾ ਸਮਾਂ ਇਕਾਈ ਲਈ ਜ਼ਰੂਰੀ ਕਲੀਅਰੈਂਸ ਲੈਣ ਲਈ ਮਿਲ ਜਾਂਦਾ ਹੈ।

# "ਰਾਹੀ ਈ-ਆਟੋ ਪ੍ਰੋਜੈਕਟ" ਹਰ ਹਾਲ 'ਚ ਲਾਗੂ ਕੀਤਾ ਜਾਵੇਗਾ : ਕਮਿਸ਼ਨਰ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸਰਕਾਰ ਈ-ਵਹੀਕਲ ਨੂੰ ਵੜ੍ਹਾਵਾ ਦੇਣ ਲਈ ਹਰ ਰੋਜ਼ ਨਵੀਆਂ ਪਾਲਿਸੀਆਂ ਲਿਆ ਰਹੀ ਹੈ ਜਿਸ ਨਾਲ ਲੋਕ ਡੀਜ਼ਲ ਅਤੇ ਪੈਟਰੋਲ ਵਹੀਕਲ ਦੀ ਥਾਂ ਇਲੈਕਟ੍ਰਿਕ ਵਹੀਕਲ ਦੀ ਵਰਤੋਂ ਕਰਨ ਜਿਸ ਵਾਸਤੇ ਸਰਕਾਰ ਵੱਲੋਂ ਕਈ ਰਿਆਇਤਾਂ ਦਿੱਤੀਆਂ ਜਾ ਰਹੀਆਂ ਹਨ ਅਤੇ ਨਵੀਂ ਪਾਲਿਸੀ ਅਧੀਨ ਸ਼ਹਿਰਾਂ ਵਿਚ ਈ-ਚਾਰਜਿੰਗ ਸਟੇਸ਼ਨ ਸਥਾਪਤ ਕਰਨ ਲਈ ਪ੍ਰੋਗਰਾਮ ਉਲੀਕੇ ਜਾ ਰਹੇ ਹਨ। ਇਸੇ ਤਰ੍ਹਾਂ ਸਰਕਾਰ ਵੱਲੋਂ ਪਾਇਲਟ ਪ੍ਰੋਜੈਕਟ ਅਧੀਨ ਅੰਮ੍ਰਿਤਸਰ ਸ਼ਹਿਰ ਨੂੰ ਚੁਣਿਆ ਗਿਆ ਸੀ ਜਿਸ ਵਿਚ ਅੰਮ੍ਰਿਤਸਰ ਸਮਾਰਟ ਸਿਟੀ ਲਿਮ ਅਧੀਨ "ਰਾਹੀ ਸਕੀਮ ਤਹਿਤ 15 ਸਾਲ ਪੁਰਾਣੇ ਡੀਜ਼ਲ ਆਟੋ ਨੂੰ ਬਦਲ ਕੇ "ਈ-ਆਟੋ" ਦੀ ਵਰਤੋਂ ਨੂੰ ਬੜ੍ਹਾਵਾ ਦਿੱਤਾ ਜਾ ਰਿਹਾ ਹੈ ਕਿਉਂ ਜੋ ਸ਼ਹਿਰ ਵਿਚ ਵਧ ਰਹੇ ਹਵਾ ਪ੍ਰਦੂਸ਼ਨ ਦੀ ਰੋਕਥਾਮ ਅਤੇ ਵਾਤਾਵਰਣ ਦੇ ਰੱਖ-ਰਖਾਵ ਲਈ ਇਹ ਈ-ਆਟੋ ਬਹੁਤ ਲਾਭਦਾਇਕ ਹਨ। ਸੀ.ਈ.ਓ. ਅੰਮ੍ਰਿਤਸਰ ਸਮਾਰਟ ਸਿਟੀ ਲਿਮੀ.-ਕਮ- ਕਮਿਸ਼ਨਰ, ਨਗਰ ਨਿਗਮ, ਅੰਮ੍ਰਿਤਸਰ ਸੰਦੀਪ ਰਿਸ਼ੀ ਨੇ ਦੱਸਿਆ ਕਿ "ਰਾਹੀ ਈ-ਆਟੋ ਪ੍ਰੋਜੈਕਟ ਹਰ ਹਾਲ ਵਿਚ ਲਾਗੂ ਕੀਤਾ ਜਾਵੇਗਾ ਅਤੇ ਨਿਗਮ ਹਦੂਦ ਅੰਦਰ 15 ਸਾਲ ਪੁਰਾਣੇ ਡੀਜ਼ਲ ਆਟੋ/ਅਣ-ਰਜਿਸਟਰਡ ਅਤੇ ਅਣ-ਅਧਿਕਾਰਤ ਈ-ਰਿਕਸ਼ਾ 'ਤੇ ਨਕੇਲ ਪਾਉਣ ਲਈ ਜ਼ਿਲ੍ਹਾ ਅਤੇ ਪੁਲਸ ਪ੍ਰਸ਼ਾਸਨ ਦੇ ਸਹਿਯੋਗ ਲਈ ਜਲਦ ਹੀ ਮੀਟਿੰਗ ਕੀਤੀ ਜਾਵੇਗੀ ਅਤੇ ਦੋਨਾਂ ਵਿਭਾਗਾਂ ਦੀ ਸੰਯੁਕਤ ਕਾਰਵਾਈ ਲਈ ਤਾਕੀਦ ਕੀਤੀ ਜਾਵੇਗੀ। ਉਨ੍ਹਾ ਕਿਹਾ ਕਿ ਇਸ ਸਮੇਂ ਸ਼ਹਿਰ ਵਿਚ ਟ੍ਰੈਫਿਕ ਦਿਨ-ਬ-ਦਿਨ ਵਧਦਾ ਜਾ ਰਿਹਾ ਹੈ ਜਿਸ ਦਾ ਪ੍ਰਮੁੱਖ ਕਾਰਨ ਅਣ-ਅਧਿਕਾਰਤ ਅਤੇ ਅਣ-ਰਜਿਸਟਰਡ ਬਿਨਾਂ ਨੰਬਰ ਪਲੇਟਾਂ ਦੇ ਚੱਲ ਰਹੇ ਈ-ਰਿਕਸ਼ਾ ਹਨ ਜੋ ਕਿ ਸ਼ਹਿਰ ਵਾਸੀਆਂ ਦੀ ਜਾਨ ਅਤੇ ਮਾਲ ਦੀ ਸੁਰੱਖਿਆ ਲਈ ਬਹੁਤ ਖਤਰਨਾਕ ਹਨ। ਕਮਿਸ਼ਨਰ ਰਿਸ਼ੀ ਨੇ ਅੰਮ੍ਰਿਤਸਰ ਸ਼ਹਿਰ ਦੇ ਵਧ ਰਹੇ ਟ੍ਰੈਫਿਕ ਨੂੰ ਕੰਟਰੋਲ ਕਰਨ ਲਈ ਜ਼ਿਲ੍ਹਾ ਪੁਲਸ ਪ੍ਰਸ਼ਾਸਨ ਦੀ ਭਰਪੂਰ ਸ਼ਲਾਘਾ ਕੀਤੀ ਪਰ ਉੱਥੇ ਹੀ ਉਨ੍ਹਾ ਕਿਹਾ ਕਿ ਜੇਕਰ ਜ਼ਿਲ੍ਹਾ ਅਤੇ ਪੁਲਸ ਪ੍ਰਸ਼ਾਸਨ ਮਿਲ ਕੇ ਸਾਂਝੀ ਕਾਰਵਾਈ ਰਾਹੀਂ ਇਹਨਾਂ ਅਣ-ਅਧਿਕਾਰਤ ਅਤੇ ਅਣ-ਰਜਿਸਟਰਡ ਬਿਨਾਂ ਨੰਬਰ ਪਲੇਟਾਂ ਦੇ ਚੱਲ ਰਹੇ ਈ-ਰਿਕਸ਼ਿਆਂ 'ਤੇ ਨਕੇਲ ਪਾਉਣ ਤਾਂ ਜਿੱਥੇ ਟ੍ਰੈਫਿਕ ਕੰਟਰੋਲ ਹੋਵੇਗਾ ਉੱਥੇ ਸ਼ਹਿਰ ਵਾਸੀਆਂ ਦੀ ਜਾਨ ਮਾਲ ਦੀ ਰੱਖਿਆ ਵੀ ਹੋਵੇਗੀ। 15 ਸਾਲ ਪੁਰਾਣੇ ਡੀਜ਼ਲ ਆਟੋ ਸੰਬੰਧੀ ਸਰਕਾਰ ਵੱਲੋਂ ਪਹਿਲਾਂ ਹੀ ਇਹਨਾਂ ਨੂੰ ਮੁਕੰਮਲ ਤੌਰ 'ਤੇ ਬੰਦ ਕਰਨ ਦੀਆਂ ਹਦਾਇਤਾਂ ਹਨ ਪਰ ਇਹਨਾਂ ਦੀ ਰੋਕਥਾਮ ਤਾਂ ਹੀ ਸੰਭਵ ਹੈ ਜੇਕਰ ਜ਼ਿਲ੍ਹਾ ਅਤੇ ਪੁਲਸ ਪ੍ਰਸ਼ਾਸਨ ਸਾਂਝੇ ਤੌਰ 'ਤੇ ਕਾਰਵਾਈਆਂ ਕਰਨ। ਕਮਿਸ਼ਨਰ ਰਿਸ਼ੀ ਨੇ ਕਿਹਾ ਕਿ ਉਹ ਜਲਦ ਹੀ ਮੀਟਿੰਗ ਕਰਨਗੇ ਅਤੇ ਉਚੇਚੀਆਂ ਕਾਰਵਾਈਆਂ ਅਮਲ ਵਿਚ ਲਿਆਂਦੀਆਂ ਜਾਣਗੀਆਂ।

ਕਮਿਸ਼ਨਰ ਰਿਸ਼ੀ ਨੇ ਡੀਜ਼ਲ ਆਟੋ ਚਾਲਕਾਂ ਅਤੇ ਈ-ਰਿਕਸ਼ਾ ਚਾਲਕਾਂ ਨੂੰ ਮੁੜ ਅਪੀਲ ਕੀਤੀ ਕਿ ਸਰਕਾਰ ਦੀਆਂ ਨੀਤੀਆਂ ਹਰ ਹਾਲ ਵਿਚ ਲਾਗੂ ਕੀਤੀਆਂ ਜਾਣੀਆਂ ਹਨ ਜਿਸ ਵਾਸਤੇ ਭਾਰੀ ਗਿਣਤੀ ਵਿਚ ਡੀਜ਼ਲ ਆਟੋ ਚਾਲਕਾਂ ਅਤੇ ਈ-ਰਿਕਸ਼ਾ ਚਾਲਕਾਂ ਵੱਲੋਂ ਰਜਿਸਟ੍ਰੇਸ਼ਨ ਕਰਵਾਉਣ ਲਈ ਉਤਸ਼ਾਹ ਦਿਖਾਇਆ ਜਾ ਰਿਹਾ ਹੈ ਅਤੇ ਸਮਾਂ ਰਹਿੰਦੇ ਜੇਕਰ "ਰਾਹੀ ਈ-ਆਟੋ" ਸਕੀਮ ਨੂੰ ਅਪਣਾਇਆ ਜਾਂਦਾ ਹੈ ਤਾਂ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸਬਸਿਡੀਆਂ ਅਤੇ ਲੋਕ ਭਲਾਈ ਸਕੀਮਾਂ ਦੇ ਲਾਭ ਲਏ ਜਾ ਸਕਦੇ ਹਨ, ਕਿਉਂਜੋ ਸਰਕਾਰ ਪ੍ਰਦੂਸ਼ਨ ਦੀ ਰੋਕਥਾਮ ਅਤੇ ਵਾਤਾਵਰਣ ਦੇ ਰੱਖ-ਰਖਾਵ ਲਈ "ਰਾਹੀ ਈ-ਆਟੋ ਸਕੀਮ" ਨੂੰ ਜ਼ਮੀਨੀ ਪੱਧਰ ਤੇ ਲਾਗੂ ਕਰਨ ਲਈ ਬਹੁਤ ਗੰਭੀਰ ਹੈ। ਇਸ ਲਈ ਈ-ਆਟੋ ਲਈ ਜਲਦ ਤੋਂ ਜਲਦ ਰਜਿਸਟ੍ਰੇਸ਼ਨ ਕਰਵਾ ਲਈ ਜਾਵੇ ਤਾਂ ਜੋ ਵਿਭਾਗਾਂ ਵੱਲੋਂ ਕੀਤੀਆਂ ਜਾਣ ਵਾਲੀਆਂ ਸਖ਼ਤ ਕਾਰਵਾਈਆਂ ਤੋਂ ਬਚਿਆ ਜਾ ਸਕੇ।

# ਈ ਟੀ ਓ ਨੇ ਜੰਡਿਆਲਾ ਗੁਰੂ ਹਲਕੇ ਦੀਆਂ ਤਿੰਨ ਸੜਕਾਂ ਚੌੜੀਆਂ ਕਰਨ ਦੀ ਕੀਤੀ ਸ਼ੁਰੂਆਤ



ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੇ ਅੰਮ੍ਰਿਤਸਰ ਜਲੰਧਰ ਜੀ.ਟੀ. ਰੋਡ (ਗੁਨੋਵਾਲ) ਤੋਂ ਜੰਡਿਆਲਾ ਵੈਰੋਵਾਲ ਸੜਕ ਅਤੇ ਮੱਲ੍ਹੀਆਂ ਤੋਂ ਜੰਡਿਆਲਾ ਵੈਰੋਵਾਲ ਰੋਡ ਵਾਇਆ ਤਾਰਾਗੜ੍ਹ ਨੂੰ 10 ਕਰੋੜ ਦੀ ਲਾਗਤ ਨਾਲ 10 ਫੁੱਟ ਤੋਂ 18 ਫੁੱਟ ਚੌੜਾ ਕਰਨ ਦਾ ਉਦਘਾਟਨ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕੀਤੇ ਐਲਾਨ ਤਹਿਤ ਲਿੰਕ ਸੜਕਾਂ ਨੂੰ ਚੌੜਾ ਕਰਨ ਦੀ ਇਹ ਸ਼ੁਰੂਆਤ ਹੈ। ਉਨਾਂ ਕਿਹਾ ਕਿ ਗੁਨੋਵਾਲ ਤੋਂ ਜੰਡਿਆਲਾ ਵੈਰੋਵਾਲ ਸੜਕ ਨੂੰ ਯੂ.ਬੀ.ਡੀ.ਸੀ. ਦੇ ਨਾਲ ਨਾਲ ਕਰੀਬ ਤਿੰਨ ਕਰੋੜ ਦੀ ਲਾਗਤ ਨਾਲ 10 ਫੁੱਟ ਤੋਂ 18 ਫੁੱਟ ਚੌੜਾ ਕੀਤਾ ਜਾਵੇਗਾ ਅਤੇ ਇਹ ਕੰਮ ਛੇ ਮਹੀਨਿਆਂ ਵਿੱਚ ਪੂਰਾ ਕਰਨ ਦਾ ਟੀਚਾ ਰੱਖਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਸੜਕ ਦੇ ਅਪਗ੍ਰੇਡ ਹੋਣ ਨਾਲ ਗੁਨੋਵਾਲ, ਜੰਡਿਆਲਾ, ਧੀਰੇ ਕੋਟ, ਤਾਰਾਗੜ੍ਹ, ਮੱਲ੍ਹੀਆਂ, ਧਾਰੜ, ਤਿੰਮੋਵਾਲ ਅਤੇ ਜਾਣੀਆਂ ਪਿੰਡਾਂ ਨੂੰ ਆਵਾਜਾਈ ਵਿੱਚ ਆਸਾਨੀ ਹੋਵੇਗੀ। ਉਨ੍ਹਾਂ ਦੱਸਿਆ ਕਿ ਗੁਨੋਵਾਲ ਪਿੰਡ ਨੇੜੇ ਸੜਕ ਦੇ ਨਾਲ ਨਾਲ ਰਿਟੇਨਿੰਗ ਵਾਲ ਅਤੇ ਡਰੇਨ ਵੀ ਬਣਾਈ ਜਾਵੇਗੀ। ਜਿਸ ਨਾਲ ਮੀਂਹ ਦਾ ਪਾਣੀ ਸੜਕ ਦੇ ਨਹੀਂ ਖੜ੍ਹੇਗਾ। ਲੋਕ ਨਿਰਮਾਣ ਮੰਤਰੀ ਨੇ ਦੱਸਿਆ ਕਿ ਇਸੇ ਤਰ੍ਹਾਂ ਸੂਬਾ ਸਰਕਾਰ ਵੱਲੋਂ ਨਬਾਰਡ-28 ਸਕੀਮ ਅਧੀਨ ਅੰਮ੍ਰਿਤਸਰ ਜਲੰਧਰ ਰੋਡ (ਮੱਲ੍ਹੀਆਂ) ਤੋਂ ਜੰਡਿਆਲਾ ਵੈਰੋਵਾਲ ਰੋਡ ਵਾਇਆ ਤਾਰਾਗੜ੍ਹ ਸੜਕ ਨੂੰ ਚੌੜਾ ਅਤੇ ਮਜ਼ਬੂਤ ਕਰਨ ਦਾ ਕੰਮ ਕੀਤਾ ਜਾਵੇਗਾ। ਇਸ ਸੜਕ ਦੀ ਲੰਬਾਈ 5.80 ਕਿਲੋਮੀਟਰ ਹੈ ਅਤੇ ਮੌਜੂਦਾ ਚੌੜਾਈ 10 ਫੁੱਟ ਹੈ, ਹੁਣ ਇਸ ਨੂੰ 10 ਫੁੱਟ ਤੋਂ 18 ਫੁੱਟ ਕੀਤਾ ਜਾਣਾ ਹੈ। ਉਨਾਂ ਦੱਸਿਆ ਕਿ ਇਸ ਕਾਰਜ ਲਈ ਟੈਂਡਰ ਪ੍ਰਕਿਰਿਆ ਮੁਕੰਮਲ ਹੋ ਚੁੱਕੀ ਹੈ ਅਤੇ ਇਹ ਕਾਰਜ 6 ਮਹੀਨਿਆਂ ਵਿੱਚ ਮੁਕੰਮਲ ਕਰਨ ਦਾ ਟੀਚਾ ਮਿੱਥਿਆ ਗਿਆ ਹੈ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਇਹ ਸੜਕ ਅੰਮ੍ਰਿਤਸਰ ਜਲੰਧਰ ਰੋਡ (ਮੱਲ੍ਹੀਆਂ) ਨੂੰ ਜੰਡਿਆਲਾ ਵੈਰੋਵਾਲ ਸੜਕ ਨਾਲ ਜੋੜਦੀ ਹੈ ਅਤੇ ਇਸ ਸੜਕ ਦੇ ਅਪਗ੍ਰੇਡ ਹੋਣ ਨਾਲ ਮੱਲ੍ਹੀਆਂ, ਤਾਰਾਗੜ੍ਹ, ਧਾਰੜ, ਜੰਡਿਆਲਾ, ਤਿੰਮੋਵਾਲ, ਬੱਲਿਆ ਮੰਜਪੁਰ, ਨਰਾਇਣਗੜ੍ਹ ਅਤੇ ਭੈਣੀ ਸਿੱਧਵਾਂ ਆਦਿ ਨੇੜਲੇ ਪਿੰਡਾਂ ਨੂੰ ਆਵਾਜਾਈ ਵਿਚ ਕਾਫੀ ਰਾਹਤ ਮਿਲੇਗੀ ਅਤੇ ਉਨ੍ਹਾਂ ਦੱਸਿਆ ਕਿ ਇਸ ਸੜਕ ਨੂੰ 18 ਫੁੱਟ ਚੌੜਾ ਕਰਕੇ ਪੂਰੀ ਸੜਕ ਉੱਤੇ ਬੀ.ਐਮ. ਅਤੇ ਪੀ.ਸੀ. ਪਾਈ ਜਾਵੇਗੀ। ਉਨਾਂ ਦੱਸਿਆ ਕਿ ਇਸ ਤੋਂ ਇਲਾਵਾ ਪਿੰਡ ਗੁਨੋਵਾਲ ਦੇ ਯੂ.ਬੀ.ਡੀ.ਸੀ. ਪੁਲ ਨੂੰ ਕਰੀਬ ਸਵਾ ਦੋ ਕਰੋੜ ਰੁਪਏ ਦੀ ਲਾਗਤ ਨਾਲ 23 ਫੁੱਟ ਚੌੜਾ ਬਣਾਇਆ ਜਾਵੇਗਾ। ਹਰਭਜਨ ਸਿੰਘ ਈ.ਟੀ.ਓ. ਨੇ ਅੱਗੇ ਦੱਸਿਆ ਕਿ ਇਸ ਸੜਕ ਉੱਤੇ ਪੈਂਦੇ ਪਿੰਡ ਤਾਰਾਗੜ੍ਹ ਦੇ ਵਾਸੀਆਂ ਦੀ ਮੰਗ ਅਨੁਸਾਰ ਪਿੰਡ ਨੇੜੇ ਸੜਕ ਦੇ ਨਾਲ ਰਿਟੇਨਿੰਗ ਵਾਲ ਬਣਾਈ ਜਾਵੇਗੀ ਤਾਂ ਜੋ ਛਪਣ ਵਾਲੀ ਥਾਂ ਤੇ ਸੜਕ ਨੂੰ ਨੁਕਸਾਨ ਨਾ ਪਹੁੰਚੇ।

# ਵਿਧਾਇਕ ਧੁੰਨ ਨੂੰ ਚੇਅਰਮੈਨ ਨਿਯੁਕਤ ਕਰਨਾ ਇਲਾਕੇ ਲਈ ਮਾਣ ਵਾਲੀ ਗੱਲ : ਖਾਲੜਾ



ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)- ਵਿਧਾਨ ਸਭਾ ਸਪੀਕਰ ਪੰਜਾਬ ਕੁਲਤਾਰ ਸਿੰਘ ਸੰਧਵਾਂ ਵੱਲੋਂ ਹਲਕਾ ਖੇਮਕਰਨ ਤੋਂ 'ਆਪ' ਵਿਧਾਇਕ ਸਰਵਨ ਸਿੰਘ ਧੁੰਨ ਨੂੰ ਖੇਤੀਬਾੜੀ ਸੰਬੰਧੀ ਗਤੀਵਿਧੀਆਂ ਕਮੇਟੀ ਦਾ ਚੇਅਰਮੈਨ ਨਿਯੁਕਤ ਕਰਨਾ ਹਲਕੇ ਲਈ ਮਾਣ ਵਾਲੀ ਗੱਲ ਹੈ। ਉਕਤ ਸ਼ਬਦਾਂ ਦਾ ਪ੍ਰਗਟਾਵਾ ਖਾਲੜਾ ਤੋਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਸੋਨੀ ਸੰਧੂ ਖਾਲੜਾ ਨੇ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਖੇਤੀ ਪ੍ਰਧਾਨ ਸੂਬਾ ਹੈ ਤੇ ਇੱਥੇ ਕਿਸਾਨੀ ਨਾਲ ਜੁੜੇ ਬਹੁਤ ਮਸਲੇ ਹਨ, ਜਿਨ੍ਹਾਂ ਨੂੰ ਹੱਲ ਕਰਨ 'ਚ ਸਰਵਨ ਸਿੰਘ ਧੁੰਨ ਅਹਿਮ ਰੋਲ ਅਦਾ ਕਰਨਗੇ। ਉਨ੍ਹਾਂ ਕਿਹਾ ਕਿ ਵਿਧਾਇਕ ਸਰਵਨ ਸਿੰਘ ਧੁੰਨ ਦੀ ਮਿਹਨਤ ਸਦਕਾ ਹਲਕਾ ਖੇਮਕਰਨ ਵਿੱਚ ਆਮ ਆਦਮੀ ਪਾਰਟੀ ਦਾ ਗ੍ਰਾਫ ਨਿਰੰਤਰ ਉੱਚਾ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ 'ਚ ਹਲਕੇ ਦਾ ਸਰਬਪੱਖੀ ਵਿਕਾਸ ਕਰਵਾ ਕੇ ਵਿਧਾਇਕ ਧੁੰਨ ਨਵੀਆਂ ਬੁਲੰਦੀਆਂ ਨੂੰ ਛੂਹਣਗੇ।

# ਨਿਸ਼ਾਨ ਸਾਹਿਬ ਦੀ ਬੇਅਦਬੀ ਬਰਦਾਸ਼ਤ ਨਹੀਂ ਕਰਾਂਗੇ: ਜੈਜੀ ਲਾਹੌਰੀਆ



ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ )-ਝੂਲਤੇ ਨਿਸ਼ਾਨ ਰਹੇ ਪੰਥ ਮਹਾਰਾਜ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਸ੍ਰੀ ਨਿਸ਼ਾਨ ਸਾਹਿਬ ਦੀ ਬੇਅਦਬੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਕਤ ਸ਼ਬਦਾਂ ਦਾ ਪ੍ਰਗਟਾਵਾ ਕਰਦੇ ਹੋਏ ਜਗਜੀਵਨ ਸਿੰਘ ਖਾਲਸਾ ਉਰਫ ਜੈਜੀ ਲਾਹੌਰੀਆ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਜੰਡਿਆਲਾ ਜੁਬਲੀ ਰੋਡ ਤੋਂ ਤਰਨ ਤਾਰਨ ਬਾਈਪਾਸ 'ਤੇ ਸਥਿਤ ਇਕ ਨਿਸ਼ਾਨ ਸਾਹਿਬ ਜੋ ਕਿ ਕਾਫੀ ਲੰਬੇ ਸਮੇਂ ਤੋਂ ਸਥਿਤ ਹੈ, ਦਾ ਚੋਲਾ ਕਾਫੀ ਪੁਰਾਣਾ ਅਤੇ ਗੰਦਾ ਹੋ ਚੁੱਕਿਆ ਸੀ ਅਤੇ ਨਸ਼ੇੜੀ ਵੀ ਰਾਤ ਨੂੰ ਇਸ ਦੇ ਥੱਲੇ ਨਸ਼ੇ ਦਾ ਸੇਵਨ ਕਰਦੇ ਸਨ, ਜਿਨ੍ਹਾਂ ਨੂੰ ਇਕ ਵਾਰ ਵਾਰਨਿੰਗ ਦੇ ਕੇ ਭਜਾ ਦਿੱਤਾ ਗਿਆ ਹੈ ਅਤੇ ਹੁਣ ਦੁਬਾਰਾ ਬਖਸ਼ੇ ਨਹੀਂ ਜਾਣਗੇ ।

ਦੱਸਣਯੋਗ ਹੈ ਕਿ ਇਥੇ ਹਰ ਮੱਸਿਆ 'ਤੇ ਕਾਫੀ ਲੰਬੇ ਸਮੇਂ ਤੋਂ ਲੰਗਰ ਵੀ ਲੱਗ ਰਿਹਾ ਹੈ ਅਤੇ ਪਾਣੀ ਪੀਣ ਲਈ ਲਗਾਈਆਂ ਗਈਆਂ ਟੂਟੀਆਂ ਦਾ ਰਾਤ ਨੂੰ ਨਸ਼ੇੜੀ ਸ਼ਰਾਬ ਪੀਣ ਲਈ ਵਰਤ ਰਹੇ ਸਨ । ਜੈਜੀ ਲਾਹੌਰੀਆ ਵੱਲੋਂ ਇਸ ਦੌਰਾਨ ਨਵਾਂ ਚੋਲਾ ਸਾਹਿਬ ਚੜ੍ਹਾਇਆ ਗਿਆ । ਇਸ ਮੌਕੇ ਹੋਰਨਾਂ ਤੋਂ ਇਲਾਵਾ ਬਾਬਾ ਦਰਸ਼ਨ ਸਿੰਘ, ਵਰਿੰਦਰ ਸਿੰਘ ਮਲਹੋਤਰਾ ਪ੍ਰਧਾਨ ਬਰਤਨ ਬਾਜ਼ਾਰ ਯੂਨੀਅਨ, ਨਰਿੰਦਰ ਸੂਰੀ, ਸਰਬਜੋਤ ਸਿੰਘ ਮਲਹੋਤਰਾ, ਸੁਰਜੀਤ ਸਿੰਘ, ਹਰਜੀਵਨ ਸਿੰਘ, ਮਨਜੀਤ ਸਿੰਘ, ਜਗਤਾਰ ਸਿੰਘ, ਲਾਲ ਸਿੰਘ, ਸੁਖਵਿੰਦਰ ਸਿੰਘ, ਸੰਨੀ ਆਦਿ ਮੌਜੂਦ ਸਨ ।

# ਝੋਨੇ, ਬਾਸਮਤੀ ਦੀ ਸਿੱਧੀ ਬਿਜਾਈ ਸੰਬੰਧੀ ਤਕਨੀਕੀ ਨੁਕਤੇ ਕੀਤੇ ਸਾਂਝੇ




ਪੱਟੀ (ਬਲਦੇਵ ਸਿੰਘ ਕਿਰਤੋਵਾਲ /ਸ਼ਮਸ਼ੇਰ ਸਿੰਘ ਯੋਧਾ) - ਖੇਤੀਬਾੜੀ ਵਿਭਾਗ ਬਲਾਕ ਪੱਟੀ ਵੱਲੋਂ ਲਗਾਤਾਰ ਪੱਟੀ ਇਲਾਕੇ ਦੇ ਆਲੇ ਦੁਆਲੇ ਕਿਸਾਨਾਂ ਨੂੰ ਖੇਤੀਬਾੜੀ ਦੀ ਨਵੀਂ ਤਕਨੀਕ ਸੰਦਾਂ ਸੰਬੰਧੀ ਜਾਗਰੂਕ ਕੀਤਾ ਜਾ ਰਿਹਾ ਹੈ। ਕਿਸਾਨਾਂ ਵੱਲੋਂ ਵੱਡੇ ਲਾਭ ਪ੍ਰਾਪਤ ਕੀਤੇ ਜਾ ਰਹੇ। ਫਸਲੀ ਵਿਭਿੰਨਤਾ 'ਤੇ ਲਗਾਤਾਰ ਜ਼ੋਰ ਦਿੱਤਾ ਜਾ ਰਿਹਾ ਹੈ। ਮੁੱਖ ਖੇਤੀਬਾੜੀ ਅਫਸਰ ਤਰਨ ਤਾਰਨ ਡਾ. ਹਰਪਾਲ ਸਿੰਘ ਪੰਨੂੰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਕਿਸਾਨਾਂ ਨੂੰ ਝੋਨੇ, ਬਾਸਮਤੀ ਦੀ ਸਿੱਧੀ ਬਿਜਾਈ ਅਤੇ ਫਸਲੀ ਰਹਿੰਦ- ਖੂੰਹਦ ਪ੍ਰਬੰਧਨ ਸੰਬੰਧੀ ਤਕਨੀਕੀ ਜਾਣਕਾਰੀ ਦੇਣ ਹਿੱਤ ਬਲਾਕ ਪੱਟੀ ਦੇ ਪਿੰਡ ਨਦੋਹਰ ਵਿਖੇ ਕਿਸਾਨ ਸਿਖਲਾਈ ਕੈਂਪ ਲਗਾਇਆ ਗਿਆ। ਇਸ ਮੌਕੇ ਡਾ. ਭੁਪਿੰਦਰ ਸਿੰਘ ਏ ਓ ਨੇ ਕਿਸਾਨਾਂ ਨੂੰ ਜਾਗਰੂਕ ਕੀਤਾ ਕਿ ਪਾਣੀ ਦਾ ਘਟ ਰਿਹਾ ਪੱਧਰ ਅਤੇ ਜ਼ਮੀਨ ਦੀ ਘਟ ਰਹੀ ਜੈਵਿਕ ਸ਼ਕਤੀ ਚਿੰਤਾ ਦਾ ਵਿਸ਼ਾ ਹੈ । ਇਸ ਨਾਲ ਨਾ ਸਿਰਫ ਝਾੜ ਘਟਦਾ ਹੈ ਸਗੋਂ ਖੇਤੀ ਖਰਚੇ ਵੀ ਵਧ ਜਾਂਦੇ ਹਨ। ਉਨ੍ਹਾ ਅਪੀਲ ਕੀਤੀ ਕਿ ਫਸਲਾਂ ਦੀ ਰਹਿੰਦ-ਖੂੰਹਦ ਨੂੰ ਖੇਤਾਂ ਵਿੱਚ ਹੀ ਰਲਾਇਆ ਜਾਵੇ ਅਤੇ ਨਾਲ ਦੀ ਨਾਲ ਝੋਨੇ ਦੀ ਸਿੱਧੀ ਬਿਜਾਈ ਨੂੰ ਅਪਨਾਇਆ ਜਾਵੇ ਜਿਸ ਨਾਲ ਪਾਣੀ ਦੇ ਪੱਧਰ ਨੂੰ ਡੂੰਘਾ ਜਾਣ ਤੋਂ ਰੋਕਿਆ ਜਾ ਸਕੇ। ਇਸ ਮੌਕੇ ਡਾ. ਸੰਦੀਪ ਸਿੰਘ ਏ ਡੀਓ ਨੇ ਕਿਹਾ ਕਿ ਝੋਨੇ, ਬਾਸਮਤੀ ਦੀ ਸਿੱਧੀ ਬਿਜਾਈ ਲਈ ਜੂਨ ਦਾ ਪਹਿਲਾ ਪੰਦਰਵਾੜਾ ਢੁਕਵਾਂ ਸਮਾਂ ਹੈ। ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਪੀ ਆਰ 126 ਅਤੇ ਬਾਸਮਤੀ 1509 ਦੀ ਬਿਜਾਈ ਜੂਨ ਦੇ ਦੂਜੇ ਪੰਦਰਵਾੜੇ ਤੱਕ ਵੀ ਕੀਤੀ ਜਾ ਸਕਦੀ ਹੈ। ਉਨ੍ਹਾ ਜਾਣਕਾਰੀ ਦਿੱਤੀ ਕਿ ਬੀਜ ਨੂੰ 200 ਗ੍ਰਾਮ ਪੋਟਾਸ਼ੀਅਮ ਨਾਈਟ੍ਰੇਟ (13.0.45) ਨਾਲ 10 ਲਿਟਰ ਪਾਣੀ ਵਿਚ ਘੋਲ ਕੇ 12 ਘੰਟੇ ਭਿਓਂਣ ਉਪਰੰਤ ਛਾਵੇਂ ਸੁਕਾਉਣ ਤੋਂ ਬਾਅਦ ਸਪਰਿੰਟ ਦਵਾਈ ਨਾਲ ਸੋਧ ਲੈਣ ਨਾਲ ਜਿੱਥੇ ਫਸਲ ਦੇ ਝਾੜ ਵਿੱਚ ਵਾਧਾ ਹੁੰਦਾ ਹੈ ਉੱਥੇ ਬੀਜ ਅਤੇ ਮਿੱਟੀ ਤੋਂ ਲੱਗਣ ਵਾਲੀਆਂ ਬਿਮਾਰੀਆਂ ਤੋਂ ਬਚਾਅ ਕੀਤਾ ਜਾ ਸਕਦਾ ਹੈ। ਉਨ੍ਹਾ ਜਾਣਕਾਰੀ ਦਿੱਤੀ ਕਿ ਝੋਨੇ, ਬਾਸਮਤੀ ਦੀ ਸਿੱਧੀ ਬਿਜਾਈ ਕਰਨ ਵਾਲੇ ਕਿਸਾਨ ਪੋਰਟਲ 'ਤੇ ਆਪਣੇ ਆਪ ਨੂੰ ਰਜਿਸਟਰ ਕਰਵਾਉਣ ਤਾਂ ਕਿ ਪੰਜਾਬ ਸਰਕਾਰ ਵੱਲੋਂ ਝੋਨੇ ਦੀ ਸਿੱਧੀ ਬਿਜਾਈ ਲਈ ਦਿੱਤੀ ਜਾ ਰਹੀ ਪ੍ਰੋਤਸਾਹਨ ਰਾਸ਼ੀ ਉਨ੍ਹਾਂ ਦੇ ਖਾਤਿਆਂ ਵਿਚ ਪਾਈ ਜਾ ਸਕੇ। ਇਸ ਮੌਕੇ ਕਿਸਾਨਾਂ ਨੂੰ ਜਾਣਕਾਰੀ ਦਿੱਤੀ ਗਈ ਕਿ ਪਨੀਰੀ ਰਾਹੀਂ ਝੋਨੇ ਦੀ ਲਵਾਈ 16 ਜੂਨ ਤੋਂ ਪੰਜਾਬ ਸਰਕਾਰ ਵੱਲੋਂ ਲਗਾਉਣ ਲਈ ਨਿਰਧਾਰਤ ਕੀਤੀ ਗਈ ਹੈ। ਇਸ ਮੌਕੇ ਕਿਸਾਨਾਂ ਨੂੰ ਸੁਝਾਅ ਦਿੱਤਾ ਗਿਆ ਕਿ ਝੋਨੇ, ਬਾਸਮਤੀ ਦੀ ਕਾਸ਼ਤ ਦੌਰਾਨ ਡੀ ਏ ਪੀ ਖਾਦ ਦੀ ਬੇਲੋੜੀ ਵਰਤੋਂ ਨਾ ਕੀਤੀ ਜਾਵੇ। ਇਸ ਮੌਕੇ ਗੁਰਦੇਵ ਸਿੰਘ ਮਾਨਕਪੁਰਾ ਖੇਤੀ ਸਹਾਇਕ ਪ੍ਰਬੰਧਕ, ਮੋਹਨਜੀਤ ਸਿੰਘ ਮੈਂਬਰ ਪੰਚਾਇਤ,ਹਰਦੇਵ ਸਿੰਘ ਸਾਬਕਾ ਸਰਪੰਚ, ਕੁਲਦੀਪ ਸਿੰਘ, ਕੰਵਰਜੀਤ ਸਿੰਘ ਸਾਬਕਾ ਸਰਪੰਚ, ਮਾਸਟਰ ਊਧਮ ਸਿੰਘ, ਪ੍ਰਗਟ ਸਿੰਘ, ਕੁਲਵਿੰਦਰ ਸਿੰਘ ਬਲਕਾਰ ਸਿੰਘ, ਬਲਜੀਤ ਸਿੰਘ, ਗੁਰਪਾਲ ਸਿੰਘ, ਦਿਲਬਾਗ ਸਿੰਘ ਫੀਲਡ ਵਰਕਰ ਅਤੇ ਇਲਾਕੇ ਦੇ ਕਿਸਾਨਾਂ ਨੇ ਸਹਿਯੋਗ ਅਤੇ ਜਾਣਕਾਰੀ ਸਾਂਝੀ ਕੀਤੀ।

# ਰਾਜਪਾਲ ਵੱਲੋਂ ਪੰਜਾਬ ਸਰਕਾਰ ਅਤੇ ਸੁਰੱਖਿਆ ਏਜੰਸੀਆਂ ਦੇ ਕੰਮ ਦੀ ਸ਼ਲਾਘਾ



**ਅੰਮ੍ਰਿਤਸਰ ( ਨਰਿੰਦਰਜੀਤ,ਜਸਬੀਰ ਪੱਟੀ)**- ਰਾਜਪਾਲ ਪੰਜਾਬ ਬਨਵਾਰੀ ਲਾਲ ਪਰੋਹਿਤ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਖੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਨਸ਼ੇ ਅਤੇ ਤਸਕਰਾਂ ਦੇ ਖਾਤਮੇ ਲਈ ਪੰਜਾਬ ਸਰਕਾਰ, ਪੰਜਾਬ ਪੁਲਸ ਅਤੇ ਕੇਂਦਰੀ ਏਜੰਸੀਆਂ ਵੱਲੋਂ ਕੀਤੇ ਜਾ ਰਹੇ ਕੰਮ ਦੀ ਸ਼ਲਾਘਾ ਕਰਦੇ ਕਿਹਾ ਕਿ ਇਨ੍ਹਾਂ ਦੀ ਬਦੌਲਤ ਸਰਹੱਦ ਪਾਰੋਂ ਹੁੰਦੀ ਨਸ਼ਾ ਤਸਕਰੀ ਦਾ ਲੱਕ ਟੁੱਟ ਗਿਆ ਹੈ ਅਤੇ ਆਸ ਹੈ ਕਿ ਨਿਕਟ ਭਵਿੱਖ ਵਿਚ ਅਸੀਂ ਇਸ ਉਤੇ ਪੂਰੀ ਤਰਾਂ ਰੋਕ ਲਗਾ ਦਿਆਂਗੇ। ਉਨ੍ਹਾਂ ਕਿਹਾ ਕਿ ਉਕਤ ਸਾਰੇ ਵਿਭਾਗਾਂ ਤੇ ਏਜੰਸੀਆਂ ਦੀ ਬਦੌਲਤ ਗੁਆਂਢੀ ਦੇਸ਼ ਵੱਲੋਂ ਨਸ਼ੇ ਤੇ ਹਥਿਆਰਾਂ ਦੇ ਭੇਜੇ ਜਾ ਰਹੇ ਡਰੋਨਾਂ ਨੂੰ ਸੁੱਟਿਆ ਜਾ ਰਿਹਾ ਹੈ, ਜੋ ਕਿ ਸਾਡੀ ਵੱਡੀ ਕਾਮਯਾਬੀ ਹੈ। ਉਨ੍ਹਾ ਇਸ ਮੌਕੇ ਸਿਵਲ ਅਤੇ ਪੁਲਸ ਪ੍ਰਸ਼ਾਸਨ ਦੀ ਮਦਦ ਨਾਲ 6 ਸਰਹੱਦੀ ਜ਼ਿਲ੍ਹਿਆਂ ਵਿਚ ਭਾਰਤ-ਪਾਕਿ ਸਰਹੱਦ ਦੇ 10 ਕਿਲੋਮੀਟਰ ਘੇਰੇ ਵਿਚ ਪੈਂਦੇ ਪਿੰਡਾਂ ਵਿਚ 'ਵਿਲੇਜ ਡਿਫੈਂਸ ਕਮੇਟੀਆਂ' ਬਣਾਉਣ ਦਾ ਐਲਾਨ ਕੀਤਾ ਅਤੇ ਕਿਹਾ ਕਿ ਉਕਤ ਕਮੇਟੀਆਂ ਵਿਚੋਂ ਜਿਹੜੀ ਕਮੇਟੀ ਆਪਣੇ ਪਿੰਡ ਜਾਂ ਇਲਾਕੇ ਵਿਚੋਂ ਨਸ਼ੇ ਨੂੰ ਖਤਮ ਕਰਨ ਲਈ ਸਭ ਤੋਂ ਵੱਧ ਸਰਗਰਮੀ ਨਾਲ ਕੰਮ ਕਰੇਗੀ, ਨੂੰ 26 ਜਨਵਰੀ ਦੇ ਰਾਜ ਪੱਧਰੀ ਸਮਾਗਮ ਵਿਚ ਵਿਸ਼ੇਸ਼ ਤੌਰ ਉਤੇ ਸਨਮਾਨਤ ਕੀਤਾ ਜਾਵੇਗਾ। ਇਸ ਤਰਾਂ ਹਰੇਕ ਜ਼ਿਲ੍ਹੇ ਵਿਚੋਂ ਪਹਿਲੇ ਨੰਬਰ 'ਤੇ ਆਉਣ ਵਾਲੇ ਨੂੰ ਤਿੰਨ ਲੱਖ, ਦੂਜੇ ਨੰਬਰ 'ਤੇ 2 ਲੱਖ ਅਤੇ ਤੀਜੇ ਨੰਬਰ 'ਤੇ ਆਉਣ ਵਾਲੇ 1 ਲੱਖ ਰੁਪਏ ਦੇ ਨਕਦ ਇਨਾਮ ਦਿੱਤੇ ਜਾਣਗੇ। ਇਸ ਦੌਰਾਨ ਉਨਾਂ ਨੇ ਡੀ ਆਈ ਜੀ ਬਾਰਡਰ ਰੇਂਜ ਨਰਿੰਦਰ ਭਾਰਗਵ ਵੱਲੋਂ ਬੀਤੇ ਦਿਨ ਪਠਾਨਕੋਟ ਦੀ ਸਰਹੱਦੀ ਪੱਟੀ ਵਿਚ ਡਰੋਨ ਰਾਹੀਂ ਹੁੰਦੀ ਤਸਕਰੀ ਰੋਕਣ ਲਈ ਸ਼ੁਰੂ ਕੀਤੇ ਗਏ 'ਡਰੋਨ ਐਮਰਜੈਂਸੀ ਰਿਸਪਾਂਸ ਸਿਸਟਮ' ਦੀ ਸਰਾਹਨਾ ਕਰਦੇ ਇਸ ਸਿਸਟਮ ਨੂੰ ਸਮੁੱਚੀ ਸਰਹੱਦੀ ਪੱਟੀ ਵਿਚ ਲਾਗੂ ਕਰਨ ਦੀ ਹਦਾਇਤ ਕੀਤੀ। ਉਨ੍ਹਾ ਦੱਸਿਆ ਕਿ ਇਸ ਫਾਰਮੂਲੇ ਤਹਿਤ ਪੁਲਸ ਵੱਲੋਂ ਸਰਹੱਦੀ ਪੱਟੀ ਦੇ ਪਿੰਡ ਵਿਚ ਤਾਇਨਾਤ ਕੀਤਾ 'ਵਿਲੇਜ ਪੁਲਸ ਅਫਸਰ' ਅਤੇ ਵਿਲੇਜ ਡਿਫੈਂਸ ਕਮੇਟੀ ਦੇ 2 ਮੈਂਬਰ ਸਾਰੀ ਰਾਤ ਪਹਿਰੇ ਉਤੇ ਰਹਿਣਗੇ ਅਤੇ ਜਦੋਂ ਵੀ ਡਰੋਨ ਦੀ ਹਰਕਤ ਨਜ਼ਰ ਆਈ ਤਾਂ ਉਹ ਸਾਰੇ ਕਮੇਟੀ ਮੈਂਬਰਾਂ ਨੂੰ ਉਠਾ ਕੇ ਡਰੋਨ ਹੇਠਲੇ ਖੇਤਰ ਦੀ ਨਿਗਰਾਨੀ ਕਰਦੇ ਹੋਏ ਨੇੜਲੇ ਪੁਲਸ ਥਾਣੇ ਅਤੇ ਕੰਟਰੋਲ ਰੂਮ ਨੂੰ ਸੂਚਿਤ ਕਰਨਗੇ। ਇਸ ਤਰਾਂ ਡਰੋਨ ਤੋਂ ਸੁੱਟੀ ਗਈ ਖੇਪ ਵੀ ਬਰਾਮਦ ਕੀਤੀ ਜਾ ਸਕੇਗੀ ਅਤੇ ਉਸ ਨੂੰ ਲੈਣ ਆਇਆ ਤਸਕਰ ਵੀ ਪੁਲਸ ਦੇ ਅੜਿੱਕੇ ਆ ਜਾਵੇਗਾ। ਉਨ੍ਹਾ ਕਿਹਾ ਕਿ ਸਰਹੱਦੀ ਖੇਤਰਾਂ ਵਿੱਚ ਸੀ ਸੀ ਟੀ ਵੀ ਕੈਮਰੇ ਵੀ ਲਗਾਏ ਜਾਣਗੇ। ਉਨ੍ਹਾ ਪੰਜਾਬ ਦੇ ਬਹਾਦਰ ਜਵਾਨਾਂ ਤੇ ਮਿਹਨਤੀ ਕਿਸਾਨਾਂ ਦੀ ਸਿਫਤ ਕਰਦੇ ਕਿਹਾ ਕਿ ਤੁਹਾਡੀ ਬਦੌਲਤ ਦੇਸ਼ ਦੇ ਅੰਨ ਭੰਡਾਰ ਭਰੇ ਹਨ ਅਤੇ ਹੁਣ ਤੁਹਾਡੀ ਮਦਦ ਰਾਜ ਨੂੰ ਨਸ਼ਾ ਮੁਕਤ ਕਰਨ ਲਈ ਚਾਹੀਦੀ ਹੈ। ਰਾਜਪਾਲ ਨੇ ਦੱਸਿਆ ਕਿ ਸਰਕਾਰ ਵੱਲੋਂ ਬਾਰਡਰ ਤੇ ਨਵੀਂ ਤਕਨੀਕ ਸਥਾਪਤ ਕੀਤੀ ਜਾਵੇਗੀ, ਜਿਸ ਨਾਲ ਪਾਕਿਸਤਾਨ ਵਾਲੇ ਪਾਸੇ ਤੋਂ ਡਰੋਨਾਂ ਰਾਹੀਂ ਹੋ ਗਤੀਵਿਧੀਆਂ ਉਤੇ ਰੋਕ ਲੱਗੇਗੀ। ਉਨ੍ਹਾਂ ਕਿਹਾ ਕਿ ਸਾਡਾ ਗੁਆਂਢੀ ਮੁਲਕ ਸਿੱਧੇ ਤੌਰ ਤੇ ਸਾਡੇ ਨਾਲ ਯੁੱਧ ਤਾਂ ਨਹੀਂ ਕਰ ਸਕਦਾ ਪਰ ਉਹ ਸਾਡੇ ਨੌਜਵਾਨਾਂ ਨੂੰ ਹਥਿਆਰ ਤੇ ਨਸ਼ਾ ਦੇ ਕੇ ਵਰਗਲਾ ਰਿਹਾ ਹੈ ਅਤੇ ਛੁਪ ਕੇ ਯੁੱਧ ਲੜਨ ਦੀ ਕੋਸ਼ਿਸ਼ ਕਰ ਰਿਹਾ ਹੈ ਜਿਸ ਨੂੰ ਠੱਲ੍ਹ ਪਾਉਣ ਲਈ ਸਾਨੂੰ ਇਕਜੁਟ ਹੋ ਕੇ ਹੰਭਲਾ ਮਾਰਨਾ ਪੈਣਾ ਹੈ।

ਬੀਤੇ ਕੱਲ੍ਹ ਸਰਹੱਦੀ ਖੇਤਰ ਦੇ ਮੋਹਤਬਰਾਂ ਦੀ ਮੀਟਿੰਗ ਦੌਰਾਨ ਰਾਜਪਾਲ ਪੰਜਾਬ ਨੇ ਸਰਹੱਦੀ ਪੱਟੀ ਦੇ ਨੌਜਵਾਨਾਂ ਨੂੰ ਵਿਗਿਆਨਕ ਢੰਗ ਨਾਲ ਸਿੱਖਿਆ ਨੂੰ ਵਧਾਉਣ ਲਈ ਸਰਹੱਦੀ ਖੇਤਰਾਂ ਵਿੱਚ ਇਕ ਮੋਬਾਇਲ ਸਾਇੰਸ ਲੈਬ ਮੁਹੱਈਆ ਕਰਵਾਉਣ ਦਾ ਐਲਾਨ ਕੀਤਾ ਤਾਂ ਜੋ ਸਰਹੱਦੀ ਖੇਤਰ ਦੇ ਨੌਜਵਾਨਾਂ ਨੂੰ ਸਾਇੰਸ ਦੇ ਖੇਤਰ ਵਿੱਚ ਮਜ਼ਬੂਤ ਬਣਾਇਆ ਜਾ ਸਕੇ।

ਇਸ ਨਾਲ ਨੌਜਵਾਨਾਂ ਦੇ ਵਿਗਿਆਨਕ ਗਿਆਨ ਵਿੱਚ ਵਾਧਾ ਹੋਵੇਗਾ। ਇਸ ਮੌਕੇ ਮੁੱਖ ਸਕੱਤਰ ਪੰਜਾਬ ਸ੍ਰੀ ਵਿਜੈ ਕੁਮਾਰ ਜੰਜੂਆਂ, ਡੀ ਜੀ ਪੀ ਪੰਜਾਬ ਗੌਰਵ ਯਾਦਵ, ਪ੍ਰਭਾਰੀ ਸਕੱਤਰ ਰਮੇਸ਼ ਕੁਮਾਰ ਗੈਂਟਾ, ਪੁਲਸ ਕਮਿਸ਼ਨਰ ਨੌਨਿਹਾਲ ਸਿੰਘ, ਡੀ ਆਈ ਜੀ ਬਾਰਡਰ ਰੇਂਜ ਨਰਿੰਦਰ ਭਾਰਗਵ, ਡਿਪਟੀ ਕਮਿਸ਼ਨਰ ਅਮਿਤ ਤਲਵਾੜ, ਡਿਪਟੀ ਕਮਿਸ਼ਨਰ ਤਰਨ ਤਾਰਨ ਸੰਦੀਪ ਰਿਸ਼ੀ, ਵਾਇਸ ਚਾਂਸਲਰ ਜਸਪਾਲ ਸਿੰਘ ਸੰਧੂ, ਐਸ ਐਸ ਪੀ ਅੰਮ੍ਰਿਤਸਰ ਦਿਹਾਤੀ ਸਤਿੰਦਰ ਸਿੰਘ ਤੋਂ ਇਲਾਵਾ ਹੋਰ ਉਚ ਅਧਿਕਾਰੀ ਹਾਜ਼ਰ ਸਨ।

# ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ 100 ਤੋਂ ਵੱਧ ਪਾਵਰਕਾਮ ਸਬ ਡਵੀਜ਼ਨਾਂ ਅੱਗੇ ਧਰਨੇ, ਕੇਂਦਰ ਸਰਕਾਰ ਦੇ ਪੁਤਲੇ ਫੂਕੇ : ਸਿੱਧਵਾਂ, ਮਾਣੋਚਾਹਲ , ਸਕਰੀ



ਤਰਨ ਤਾਰਨ ( ਪ੍ਰਿਤਪਾਲ ਸਿੰਘ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ਿਲ੍ਹਾ ਤਰਨ ਤਾਰਨ ਵੱਲੋਂ ਅੱਜ ਅਨੇਕਾਂ ਥਾਵਾਂ 'ਤੇ ਪਾਵਰਕਾਮ ਸਬ ਡਵੀਜ਼ਨਾਂ ਅੱਗੇ ਇੱਕ ਰੋਜ਼ਾ ਧਰਨੇ ਸੂਬਾ ਆਗੂ ਅਤੇ ਜ਼ਿਲ੍ਹਾ ਇੰਚਾਰਜ ਹਰਪ੍ਰੀਤ ਸਿੰਘ ਸਿੱਧਵਾਂ, ਜ਼ਿਲ੍ਹਾ ਪ੍ਰਧਾਨ ਸਤਨਾਮ ਸਿੰਘ ਮਾਣੋਚਾਹਲ, ਜ਼ਿਲ੍ਹਾ ਸਕੱਤਰ ਅਤੇ ਸੂਬਾ ਆਗੂ ਹਰਜਿੰਦਰ ਸਿੰਘ ਸਕਰੀ ਦੀ ਰਹਿਨੁਮਾਈ ਹੇਠ ਲੱਗੇ। ਇਸ ਮੌਕੇ ਜ਼ਿਲ੍ਹਾ ਆਗੂ ਫਤਿਹ ਸਿੰਘ ਪਿੱਦੀ, ਜਰਨੈਲ ਸਿੰਘ ਨੂਰਦੀ, ਦਿਆਲ ਸਿੰਘ ਮੀਆਂਵਿੰਡ, ਬਲਵਿੰਦਰ ਸਿੰਘ ਚੋਹਲਾ ਸਾਹਿਬ, ਹਰਬਿੰਦਰਜੀਤ ਸਿੰਘ ਕੰਗ, ਰੇਸ਼ਮ ਸਿੰਘ ਘੁਰਕਵਿੰਡ ਨੇ ਕਿਹਾ ਕਿ ਪੰਜਾਬ ਸਰਕਾਰ, ਕੇਂਦਰ ਦੀ ਮੋਦੀ ਸਰਕਾਰ ਦੇ ਦਬਾਅ ਹੇਠ ਆ ਕੇ ਕਾਰਪੋਰੇਟ ਘਰਾਣਿਆਂ ਨੂੰ ਲਾਭ ਪਹੁਚਾਉਣ ਦੇ ਮਨਸੂਬਿਆਂ ਨੂੰ ਬੂਰ ਪਾ ਰਹੀ ਹੈ। ਜਿਸ ਤਹਿਤ ਚਿੱਪ ਵਾਲੇ ਮੀਟਰ ਲਗਾ ਰਹੀ ਹੈ ਜਿਸ ਦਾ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਵੱਡੇ ਪੱਧਰ 'ਤੇ ਵਿਰੋਧ ਪਿਛਲੇ ਕਾਫੀ ਸਮੇਂ ਤੋਂ ਕੀਤਾ ਜਾ ਰਿਹਾ ਹੈ ਅਤੇ ਜਿੱਥੇ ਵੀ ਸਰਕਾਰ ਨੇ ਚਿੱਪ ਵਾਲੇ ਮੀਟਰ ਲਗਾਏ ਸਨ ਉਨ੍ਹਾਂ ਨੂੰ ਪੁੱਟ ਕੇ ਬਿਜਲੀ ਘਰਾਂ ਵਿੱਚ ਜਮ੍ਹਾ ਕਰਵਾਇਆ ਸੀ। ਇਸੇ ਦੇ ਵਿਰੋਧ ਵਿੱਚ ਅੱਜ ਪੂਰੇ ਪੰਜਾਬ ਦੇ ਸਬ ਡਵੀਜ਼ਨਾਂ ਅੱਗੇ ਧਰਨੇ ਲਗਾ ਕੇ ਰੋਸ ਪ੍ਰਗਟ ਕੀਤਾ ਗਿਆ ਅਤੇ ਪੰਜਾਬ ਅਤੇ ਕੇਂਦਰ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਇਹ ਚਿੱਪ ਵਾਲੇ ਮੀਟਰ ਕਿਸੇ ਵੀ ਹਾਲਤ ਵਿੱਚ ਨਹੀਂ ਲੱਗਣ ਦਿੱਤੇ ਜਾਣਗੇ।

ਇਸ ਮੌਕੇ ਪ੍ਰੈਸ ਨੋਟ ਜਾਰੀ ਕਰਦਿਆਂ ਪ੍ਰਿੰਸੀਪਲ ਨਵਤੇਜ ਸਿੰਘ ਏਕਲ ਗੱਡਾ ਅਤੇ ਰਣਜੋਧ ਸਿੰਘ ਗੱਗੋਬੂਆ ਨੇ ਦੱਸਿਆ ਕਿ ਜਥੇਬੰਦੀ ਦੀ ਆਉਣ ਵਾਲੇ ਸਮੇਂ ਵਿੱਚ ਰਣਨੀਤੀ ਅਨੁਸਾਰ ਸਰਕਾਰ ਨੂੰ ਆਮ ਲੋਕਾਂ ਦੇ ਵਿਰੁੱਧ ਲਏ ਫੈਸਲਿਆਂ ਦੇ ਖਿਲਾਫ ਪੰਜਾਬ ਵਿੱਚ ਵੱਡੇ ਪੱਧਰ 'ਤੇ ਮੋਰਚੇ ਲਗਾਏ ਜਾਣਗੇ। ਇਸ ਮੌਕੇ ਆਗੂਆਂ ਨੇ ਕਿਹਾ ਕਿ ਹਰਿਆਣਾ ਸਰਕਾਰ ਕੋਲੋਂ ਕਿਸਾਨਾਂ ਵੱਲੋਂ ਸੂਰਜਮੁਖੀ ਦੀ ਫਸਲ ਸਮੇਤ ਬਾਕੀ ਫਸਲਾਂ 'ਤੇ ਸਮਰਥਨ ਮੁੱਲ ਦੀ ਮੰਗ ਕਰਨ 'ਤੇ ਕਿਸਾਨਾਂ ਉੱਪਰ ਕੀਤਾ ਗਿਆ ਲਾਠੀਚਾਰਜ ਨਿੰਦਣਯੋਗ ਹੈ। ਹਰਿਆਣਾ ਸਰਕਾਰ ਕੇਂਦਰ ਦੀ ਬੀ ਜੇ ਪੀ ਸਰਕਾਰ ਦੀ ਸ਼ਹਿ 'ਤੇ ਕਿਸਾਨਾਂ ਨੂੰ ਫਸਲਾਂ ਦੇ ਸਹੀ ਸਮਰਥਨ ਮੁੱਲ ਦੇਣ ਦੀ ਥਾਂ ਉਨ੍ਹਾਂ 'ਤੇ ਲਾਠੀਚਾਰਜ ਕਰਕੇ ਪਰਚੇ ਕੱਟ ਰਹੀ ਹੈ ਜੋ ਕਿਸੇ ਵੀ ਹਾਲਤ ਵਿੱਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਕਿਸਾਨ ਆਗੂਆਂ ਨੇ ਚੇਤਾਵਨੀ ਦਿੰਦਿਆਂ ਕਿਹਾ ਕਿਸਾਨਾਂ 'ਤੇ ਹੋਏ ਪਰਚੇ ਜਲਦੀ ਰੱਦ ਕੀਤੇ ਜਾਣ ਅਤੇ ਸਾਰੀਆਂ ਫਸਲਾਂ ਦੇ ਰੇਟ ਸੁਆਮੀਨਾਥਨ ਦੀ ਰਿਪੋਰਟ ਅਨੁਸਾਰ ਦਿੱਤੇ ਜਾਣ ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਦਿੱਤਾ ਗਿਆ ਝੋਨੇ ਦਾ ਸਮਰਥਨ ਮੁੱਲ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਮੁੱਢ ਤੋਂ ਰੱਦ ਕਰਦੀ ਹੈ। ਉਨ੍ਹਾਂ ਕਿਹਾ ਕੇ ਕਿਸਾਨਾਂ ਦੀ ਹਮਾਇਤੀ ਕਹਾਉਣ ਵਾਲੀ ਭਗਵੰਤ ਮਾਨ ਸਰਕਾਰ ਕਿਸਾਨਾਂ ਨਾਲ ਮਜ਼ਾਕ ਕਰ ਰਹੀ ਹੈ। ਕਿਸਾਨ ਆਗੂਆਂ ਨੇ ਧਰਨੇ ਦੀਆਂ ਮੁੱਖ ਮੰਗਾਂ ਬਾਰੇ ਦੱਸਦਿਆਂ ਕਿਹਾ ਕਿ ਨਿੱਜੀਕਰਨ ਨੂੰ ਵੜ੍ਹਾਵਾ ਦੇਣ ਲਈ ਪ੍ਰੀਪੇਡ ਮੀਟਰ ਲਗਾਉਣ ਦੀ ਨੀਤੀ ਵਾਪਸ ਲਈ ਜਾਵੇ, ਬਿਜਲੀ ਐਕਟ 2003 ਰੱਦ ਕਰਕੇ ਵਿਭਾਗ ਪਹਿਲੇ ਰੂਪ ਵਿਚ ਬਹਾਲ ਕੀਤਾ ਜਾਵੇ, ਝੋਨੇ ਦੇ ਸੀਜ਼ਨ ਤੋਂ ਪਹਿਲਾਂ ਸਾਰੀਆਂ ਸਬ ਡਵੀਜ਼ਨਾਂ ਵਿੱਚ ਸਮਾਨ ਦੀ ਘਾਟ ਨੂੰ ਦੂਰ ਕਰਕੇ ਸਾਰੀਆਂ ਸਮੱਸਿਆਵਾਂ ਦਾ ਹੱਲ ਕੀਤਾ ਜਾਵੇ, ਖੇਤੀ ਲਈ ਨਿਰਵਿਘਨ 16 ਘੰਟੇ ਬਿਜਲੀ ਸਪਲਾਈ ਯਕੀਨੀ ਬਣਾਈ ਜਾਵੇ, ਠੇਕੇਦਾਰੀ ਸਿਸਟਮ ਬੰਦ ਕਰਕੇ ਪੱਕੇ ਮੁਲਾਜ਼ਮ ਭਰਤੀ ਕੀਤੇ ਜਾਣ, ਮੁਫ਼ਤ ਦੀ ਬਜਾਏ ਸਸਤੀ ਬਿਜਲੀ ਦਿੱਤੀ ਜਾਵੇ, ਬਿਜਲੀ ਘਰਾਂ ਵਿੱਚ ਚੈਨ ਕੁੱਪੀ, ਰੱਸਾ, ਸੜੇ ਟਰਾਂਸਫਾਰਮਰ ਬਦਲਣ ਲਈ ਸਰਕਾਰੀ ਗੱਡੀ ਸੰਬੰਧੀ ਮੰਗਾਂ ਸ਼ਾਮਲ ਹਨ। ਕਿਸਾਨ ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚ ਪੰਜਾਬੀ ਭਾਸ਼ਾ ਨੂੰ ਖਤਮ ਕਰਨ ਲਈ ਜੋ ਕੋਸ਼ਿਸ਼ਾਂ ਕਰ ਰਹੀ ਹੈ ਉਹ ਸਰਾਸਰ ਗਲਤ ਹੈ। ਕਿਸਾਨ ਆਗੂਆਂ ਨੇ ਫਜ਼ਿਲਕਾ ਵਿਖੇ 100 ਏਕੜ ਤੋਂ ਵੱਧ ਜ਼ਮੀਨ, ਜੋ ਸਰਕਾਰ ਆਪਣੇ ਕਬਜ਼ੇ ਹੇਠ ਕਰਨਾ ਚਾਹੁੰਦੀ ਹੈ, ਦੇ ਵਿਰੁੱਧ ਲਗਾਏ ਧਰਨੇ ਵਿੱਚ ਸਰਕਾਰ ਕਿਸੇ ਵੀ ਕਿਸਮ ਦੀਆਂ ਜ਼ਿਆਦਤੀਆਂ ਕਰਦੀ ਹੈ ਤਾਂ ਉਸ ਵਿਰੁੱਧ ਵੀ ਪੰਜਾਬ ਵਿੱਚ ਵੱਡੇ ਪੱਧਰ 'ਤੇ ਪੰਜਾਬ ਸਰਕਾਰ ਦੇ ਪੁਤਲੇ ਫੂਕ ਕੇ ਵੱਡੀ ਰਣਨੀਤੀ ਅਨੁਸਾਰ ਸਰਕਾਰ ਨੂੰ ਘੇਰਿਆ ਜਾਵੇਗਾ।

ਸਭ ਡਵੀਜ਼ਨਾਂ 'ਤੇ ਜ਼ੁੰਮੇਵਾਰੀ ਭਗਤਾਉਂਦੇ ਹੋਏ ਆਗੂ ਸਲਵਿੰਦਰ ਸਿੰਘ ਜੀਉਬਾਲਾ, ਸਲਵਿੰਦਰ ਸਿੰਘ ਡਾਲੇਕੇ, ਪਰਮਜੀਤ ਸਿੰਘ ਛੀਨਾ, ਗੁਰਜੀਤ ਸਿੰਘ ਗੰਡੀਵਿੰਡ, ਕੁਲਵਿੰਦਰ ਸਿੰਘ ਕੈਰੋਵਾਲ, ਧੰਨਾ ਸਿੰਘ ਲਾਲੂਘੁੰਮਣ, ਮਨਜਿੰਦਰ ਸਿੰਘ ਗੋਹਲਵੜ, ਹਰਦੀਪ ਸਿੰਘ ਜੌਹਲ, ਸੁਖਵਿੰਦਰ ਸਿੰਘ ਦੁੱਗਲਵਾਲਾ, ਬਲਜਿੰਦਰ ਸਿੰਘ ਸੈਰੋਂ, ਹਰਪ੍ਰੀਤ ਸਿੰਘ ਭੁੱਚਰ, ਸਰਵਣ ਸਿੰਘ ਵਲੀਪੁਰ, ਇਕਬਾਲ ਸਿੰਘ ਵੜਿੰਗ, ਪਾਖਰ ਸਿੰਘ ਲਾਲਪੁਰ, ਭਗਵਾਨ ਸਿੰਘ ਸੰਘਰ, ਮੁਖਤਾਰ ਸਿੰਘ ਬਿਹਾਰੀਪੁਰ, ਸਤਨਾਮ ਸਿੰਘ ਖੋਜਕੀਪੁਰ, ਕੁਲਵੰਤ ਸਿੰਘ ਭੈਲ, ਜਵਾਹਰ ਸਿੰਘ ਟਾਂਡਾ, ਅਜੀਤ ਸਿੰਘ ਚੰਬਾ, ਨਿਰਵੈਲ ਸਿੰਘ ਧੁੰਨ, ਕੁਲਵੰਤ ਸਿੰਘ ਢੋਟੀਆਂ, ਗੁਰਭੇਜ ਸਿੰਘ ਧਾਰੀਵਾਲ,ਸਵਰਨ ਸਿੰਘ ਹਰੀਕੇ,ਮੇਹਰ ਸਿੰਘ ਤਲਵੰਡੀ, ਸੁਖਦੇਵ ਸਿੰਘ ਦੁਬਲੀ, ਦਿਲਬਾਗ ਸਿੰਘ ਪਹੁਵਿੰਡ, ਸੁੱਚਾ ਸਿੰਘ ਵੀਰਮ, ਨਰੰਜਣ ਸਿੰਘ ਬਰਗਾੜੀ, ਬਿਕਰਮਜੀਤ ਸਿੰਘ ਜੋੜਾਂ ਆਦਿ ਆਗੂ ਹਾਜ਼ਰ ਸਨ।

# ਆਸ਼ਾ ਵਰਕਰਜ਼ ਤੇ ਫੈਸਿਲੀਟੇਟਰ ਯੂਨੀਅਨ ਪੰਜਾਬ ਦੀ ਸਿਹਤ ਮੰਤਰੀ ਨਾਲ ਹੋਈ ਮੀਟਿੰਗ

**ਮੁਹਾਲੀ, (ਗੁਰਜੀਤ ਬਿੱਲਾ)** ਸਿਹਤ ਵਿਭਾਗ ਅੰਦਰ ਕੰਮ ਕਰਦੀਆਂ ਆਸ਼ਾ ਵਰਕਰਾਂ ਦੀ ਸੰਘਰਸ਼ਸ਼ੀਲ ਜੱਥੇਬੰਦੀ "ਆਸ਼ਾ ਵਰਕਰਜ਼ ਅਤੇ ਫੈਸਿਲੀਟੇਟਰ ਯੂਨੀਅਨ ਪੰਜਾਬ" ਵਲੋਂ 27 ਮਈ ਨੂੰ ਸਿਹਤ ਮੰਤਰੀ ਦੇ ਸ਼ਹਿਰ ਪਟਿਆਲਾ ਵਿਖੇ ਵਿਸ਼ਾਲ ਸੂਬਾ ਪੱਧਰੀ ਰੋਸ ਰੈਲੀ ਕੀਤੀ ਗਈ ਸੀ। ਰੈਲੀ ਮੌਕੇ ਪ੍ਰਸ਼ਾਸਨ ਵਲੋਂ ਮੰਗ ਪੱਤਰ ਪ੍ਰਾਪਤ ਕਰਕੇ ਸਿਹਤ ਮੰਤਰੀ ਨਾਲ ਮਿਤੀ 8 ਜੂਨ ਨੂੰ ਮੀਟਿੰਗ ਦਾ ਲਿਖਤੀ ਸਮਾਂ ਦਿੱਤਾ ਗਿਆ ਸੀ। ਸਿਹਤ ਮੰਤਰੀ ਵਲੋਂ ਦਿੱਤੇ ਸਮੇਂ ਅਨੁਸਾਰ ਮੈਡੀਕਲ ਸਿੱਖਿਆ ਅਤੇ ਖੋਜ ਭਵਨ (ਡੀ.ਆਰ.ਐਮ.ਈ.) ਸੈਕਟਰ 69 ਮੁਹਾਲੀ ਵਿਖੇ ਜੱਥੇਬੰਦੀ ਦੀ ਪੈਨਲ ਮੀਟਿੰਗ ਹੋਈ। ਮੀਟਿੰਗ ਵਿੱਚ ਪ੍ਰਿੰਸੀਪਲ ਸਕੱਤਰ ਸਿਹਤ ਵਿਵੇਕ ਪ੍ਰਤਾਪ ਸਿੰਘ, ਡਾਇਰੈਕਟਰ ਸਿਹਤ ਆਦਰਸ਼ ਪਾਲ ਕੌਰ, ਡਾਇਰੈਕਟਰ ਐਨ.ਐਚ.ਐਮ, ਆਸ਼ਾ ਵਰਕਰ ਸਕੀਮ ਦੀ ਇੰਨਚਾਰਜ ਮੋਨਿਕਾ ਬੱਬਰ ਮੀਟਿੰਗ ਵਿੱਚ ਹਾਜਰ ਸਨ। ਆਸ਼ਾ ਵਰਕਰਜ਼ ਅਤੇ ਫੈਸਿਲੀਟੇਟਰ ਯੂਨੀਅਨ ਪੰਜਾਬ ਵਲੋਂ ਸੂਬਾ ਪ੍ਰਧਾਨ ਰਾਣੋ ਖੇੜੀ ਗਿੱਲਾਂ, ਚੇਅਰਪਰਸਨ ਸੁਖਵਿੰਦਰ ਕੌਰ, ਜਨਰਲ ਸਕੱਤਰ ਲਖਵਿੰਦਰ ਕੌਰ ਦੀ ਅਗਵਾਈ ਹੇਠ ਮੀਟਿੰਗ ਵਿੱਚ ਗਏ ਵਫਦ ਵਲੋਂ ਬਹੁਤ ਹੀ ਦਲੀਲ ਨਾਲ ਆਪਣੀਆਂ ਮੰਗਾਂ ਸਿਹਤ ਮੰਤਰੀ ਡਾ. ਬਲਵੀਰ ਸਿੰਘ ਅੱਗੇ ਰੱਖੀਆਂ। ਲਗਭਗ ਪੌਣਾ ਘੰਟਾ ਚੱਲੀ ਇਸ ਮੀਟਿੰਗ ਵਿੱਚ ਆਸ਼ਾ ਵਰਕਰਾਂ ਦੇ ਇੰਸੈਨਟਿਵ ਵਿੱਚ ਵਾਧਾ ਕਰਨ, ਆਸ਼ਾ ਵਰਕਰਾਂ ਅਤੇ ਫੈਸਿਲੀਟਰਾਂ ਦੇ ਮਾਣ ਭੱਤੇ ਨੂੰ ਦੁੱਗਣਾ ਕਰਨ ਕਰਨ ਸਬੰਧੀ ਸਿਹਤ ਮੰਤਰੀ ਨੇ ਕਿਹਾ ਇਸ ਸਬੰਧੀ ਪ੍ਰਕਿਰਿਆ ਚੱਲ ਰਹੀ ਹੈ



ਅਤੇ ਇੰਸੈਨਟਿਵਾਂ ਵਿੱਚ ਵਾਧਾ ਅਤੇ ਮਾਣ ਭੱਤੇ ਨੂੰ ਬਹੁਤ ਜਲਦ ਦੁੱਗਣਾ ਕੀਤਾ ਜਾਵੇਗਾ। ਸਿਹਤ ਸੰਸਥਾਵਾਂ ਵਿੱਚ ਪ੍ਰਸੂਤਾ ਕੇਸ ਲਿਆਉਣ ਮੌਕੇ ਆਸ਼ਾ ਵਰਕਰਾਂ ਲਈ ਰੈਸਟ-ਰੂਮ ਦਾ ਪ੍ਰਬੰਧ ਕਰਨ ਦੇ ਪੱਤਰ ਨੂੰ ਸਖਤੀ ਨਾਲ ਲਾਗੂ ਕਰਵਾਉਣ ਅਥੇ ਵਰਦੀ ਭੱਤੇ ਵਿੱਚ ਵਾਧਾ ਕਰਨ ਸਬੰਧੀ ਵੀ ਸਿਹਤ ਮੰਤਰੀ ਵਲੋਂ ਹਾਮੀ ਭਰੀ ਗਈ। ਜਿਹੜੀਆਂ ਆਸ਼ਾ ਵਰਕਰਾਂ ਏ.ਐਨ.ਐਮ. ਦਾ ਪੇਪਰ ਪਾਸ ਕਰ ਚੁੱਕੀਆਂ ਹਨ, ਉਹਨਾਂ ਨੂੰ ਤੀਸਰੀ ਲਿਸਟ ਜਾਰੀ ਕਰਕੇ ਨਿਯੁਕਤੀ ਪੱਤਰ ਦੇਣ ਅਤੇ ਭਵਿੱਖ ਵਿੱਚ ਸਿਹਤ ਵਿਭਾਗ ਅੰਦਰ ਕੋਈ ਵੀ ਅਸਾਮੀ ਲਈ ਭਰਤੀ ਕਰਨ ਮੌਕੇ ਆਸ਼ਾ ਵਰਕਰਾਂ ਵਿੱਚੋਂ ਯੋਗਤਾ ਅਨੁਸਾਰ 10 % ਕੋਟਾ ਨਿਰਧਾਰਤ ਕਰਨ ਦੀ ਮੰਗ ਨੂੰ ਵੀ ਸਿਹਤ ਮੰਤਰੀ ਵਲੋਂ ਜਲਦ ਪੂਰਾ ਕਰਨ ਦਾ ਭਰੋਸਾ ਦਿੱਤਾ ਗਿਆ। ਆਸ਼ਾ ਵਰਕਰਾਂ ਅਤੇ ਫੈਸਿਲੀਟੇਟਰਾਂ ਦੇ ਸਫਰੀ ਭੱਤੇ ਨੂੰ ਦੁੱਗਣਾ ਕਰਨ, ਮਾਣ ਭੱਤੇ ਸਹਿਤ ਪ੍ਰਸੂਤਾ ਛੁੱਟੀ ਦੇਣ, ਆਸ਼ਾ ਵਰਕਰਾਂ/ਫੈਸਿਲੀਟੇਟਰਾਂ ਦਾ ਮੁਫਤ ਬੀਮਾ ਕਰਨ, 7 ਆਸ਼ਾ ਵਰਕਰਾਂ ਮਗਰ ਇੱਕ ਫੈਸਿਲੀਟੇਟਰ ਰੱਖਣ ਦੀਆਂ ਮੰਗਾਂ ਨੂੰ ਵੀ ਜਲਦ ਹੱਲ ਦਾ ਯਕੀਨ ਦਵਾਇਆ ਗਿਆ। ਸਿਹਤ ਮੰਤਰੀ ਵਲੋਂ ਦੱਸਿਆ ਗਿਆ ਕਿ ਪੰਜਾਬ ਸਰਕਾਰ ਵਲੋਂ ਯੋਗਾ ਦੀ ਸਕੀਮ ਚਲਾਈ ਜਾ ਰਹੀ ਹੈ ਅਤੇ ਆਸ਼ਾ ਵਰਕਰਾਂ ਨੂੰ ਇਸ ਸਬੰਧੀ ਟ੍ਰੇਨਿੰਗ ਦੇ ਕੇ ਪਿੰਡਾਂ ਅੰਦਰ ਯੋਗਾ ਕਲਾਸਾਂ ਲਗਵਾਈਆਂ ਜਾਣਗੀਆਂ ਜਿਸਦਾ ਇੰਨਸੈਨਟਿਵ ਪੰਜਾਬ ਸਰਕਾਰ ਵਲੋਂ ਦਿੱਤਾ ਜਾਵੇਗਾ। ਮੀਟਿੰਗ ਵਿੱਚ ਉਪਰੋਕਤ ਆਗੂਆਂ ਤੋਂ ਇਲਾਵਾ ਸੂਬਾ ਵਿੱਤ ਸਕੱਤਰ ਹਰਨਿੰਦਰ ਕੌਰ ਬੀਰਪਾਲ ਕੌਰ, ਜਸਪ੍ਰੀਤ ਕੌਰ, ਚਰਨਜੀਤ ਕੌਰ, ਰਾਜਵੰਤ ਕੌਰ ਪੱਟੀ, ਮਨਜੀਤ ਕੌਰ ਰਾਮਪੁਰ, ਜਸਵੀਰ ਕੌਰ ਪੱਟੀ, ਅਮਰਜੀਤ ਕੌਰ ਲੱਖੇਵਾਲ, ਦਰਸ਼ਨਾਂ, ਨਸੀਬ ਕੌਰ, ਮਨਜਿੰਦਰ ਕੌਰ ਗਹਿਲਾਂ, ਪ.ਸ.ਸ.ਫ. ਆਗੂ ਇੰਦਰਜੀਤ ਵਿਰਦੀ, ਮਨਜੀਤ ਸਿੰਘ ਬਾਜਵਾ, ਗੁਰਵਿੰਦਰ ਸਿੰਘ ਖਮਾਣੋਂ ਵੀ ਹਾਜਰ ਸਨ।

# ਐੱਲ ਪੀ ਯੂ 'ਚ ਇੰਟਰਨੈਸ਼ਨਲ ਸਟੂਡੈਂਟਸ ਗ੍ਰੈਜੂਏਸ਼ਨ ਡੇ ਸਮਾਰੋਹ



**ਜਲੰਧਰ (ਸ਼ੈਲੀ ਐਲਬਰਟ)-:** ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਨੇ ਆਪਣੇ ਕੈਂਪਸ ਵਿਖੇ ਇੰਟਰਨੈਸ਼ਨਲ ਸਟੂਡੈਂਟਸ ਗ੍ਰੈਜੂਏਸ਼ਨ ਡੇ-2023 ਸਮਾਰੋਹ ਦਾ ਆਯੋਜਨ ਕੀਤਾ । ਇਸ ਵਿੱਚ ਯੂਨੀਵਰਸਿਟੀ ਵਿੱਚ ਪੜ੍ਹ ਰਹੇ ਵੱਖ-ਵੱਖ ਦੇਸ਼ਾਂ ਦੇ ਅੰਤਰਰਾਸ਼ਟਰੀ ਵਿਦਿਆਰਥੀਆਂ, ਜੋ ਦੁਨੀਆ ਦੇ ਦੂਰ-ਦੁਰਾਡੇ ਤੋਂ ਆਏ ਹੋਏ ਹਨ, ਦੀ ਸਫਲਤਾ ਦਾ ਜਸ਼ਨ ਮਨਾਇਆ ਗਿਆ।। ਐਲ.ਪੀ.ਯੂ ਦੇ ਚਾਂਸਲਰ ਡਾ: ਅਸ਼ੋਕ ਕੁਮਾਰ ਮਿੱਤਲ ਸਮਾਰੋਹ ਦੇ ਮੁਖ ਮਹਿਮਾਨ ਸਨ, ਜਿਸ ਦੀ ਪ੍ਰਧਾਨਗੀ ਮਹਾਮਹਿਮ ਸੁਡਾਨ ਗਣਰਾਜ ਦੇ ਰਾਜਦੂਤ ਅਬਦੱਲਾ ਓਮਰ ਬਸ਼ੀਰ ਅਲਹੁਸੈਨ ਨੇ ਕੀਤੀ । ਭਾਰਤ ਵਿੱਚ ਘਾਨਾ ਦੇ ਹਾਈ ਕਮਿਸ਼ਨ ਦੇ ਡਿਪਟੀ ਹੈੱਡ ਆਫ ਮਿਸ਼ਨ, ਲੁਈਸ ਕਵਾਮੇ ਓਬੇਂਗ, ਐਲ.ਪੀ.ਯੂ ਦੀ ਪ੍ਰੋ ਚਾਂਸਲਰ ਸ਼੍ਰੀਮਤੀ ਰਸ਼ਮੀ ਮਿੱਤਲ ਅਤੇ ਵਾਈਸ ਚਾਂਸਲਰ ਡਾ. ਪ੍ਰੀਤੀ ਬਜਾਜ ਗੈਸਟ ਆਫ ਆਨਰ ਸਨ । ਅੰਤਰਰਾਸ਼ਟਰੀ ਗ੍ਰੈਜੂਏਟਾਂ ਨੂੰ ਸੰਬੋਧਿਤ ਕਰਦੇ ਹੋਏ, ਚਾਂਸਲਰ ਡਾ: ਮਿੱਤਲ ਨੇ ਕਿਹਾ, ਤੁਹਾਡੇ ਵੱਲੋਂ ਇੱਥੇ ਜੋ ਬੰਧਨ ਬਣਾਏ ਗਏ ਹਨ, ਉਹ ਵਿਸ਼ਵਵਿਆਪੀ ਸਬੰਧਾਂ ਨੂੰ ਮਜ਼ਬੂਤ ਕਰਦੇ ਰਹਿਣਗੇ ਜੋ ਸਾਨੂੰ ਸਾਰਿਆਂ ਨੂੰ ਜੋੜਦੇ ਹਨ,। ਮੇਰਾ ਪੱਕਾ ਵਿਸ਼ਵਾਸ ਹੈ ਕਿ ਗਲੋਬਲ ਕਨੈਕਸ਼ਨਾਂ ਨੂੰ ਗਲੇ ਲਗਾਉਣਾ ਬਹੁਤ ਮਹੱਤਵਪੂਰਨ ਹੈ।। ਐਲ.ਪੀ.ਯੂ ਵਿਖੇ, ਅਸੀਂ ਤੁਹਾਨੂੰ ਸਭ ਤੋਂ ਵਧੀਆ ਸੁਵਿਧਾਵਾਂ ਅਤੇ ਅੱਗੇ ਕਰੀਅਰ ਪ੍ਰਦਾਨ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਹੈ।ਅਬਦੁੱਲਾ ਓਮੇਰ ਬਸ਼ੀਰ ਅਲਹੁਸੈਨ ਨੇ ਉਨ੍ਹਾਂ ਨੂੰ ਇੱਕ ਪਰਵਾਰ ਦੀ ਤਰ੍ਹਾਂ ਸਦਭਾਵਨਾ ਨਾਲ ਰਹਿ ਕੇ ਵਿਸ਼ਵ ਦੇ ਸੱਚੇ ਮਨੁੱਖ ਹੋਣ ਦਾ ਸਬੂਤ ਦੇਣ ਦੀ ਸਲਾਹ ਦਿੱਤੀ। ਆਪਣੇ ਦੇਸ਼ ਅਤੇ ਭਾਰਤ ਦਰਮਿਆਨ ਲੰਬੇ ਸੁਹਿਰਦ ਸਬੰਧਾਂ ਨੂੰ ਹਮੇਸ਼ਾ ਯਾਦ ਰੱਖਣ ਲਈ ਵੀ ਕਿਹਾ।

ਐਲ.ਪੀ.ਯੂ ਕੈਂਪਸ ਵਿੱਚ ਵਿਸ਼ਾਲ ਸੱਭਿਆਚਾਰਕ ਵਿਭਿੰਨਤਾ ਨੂੰ ਗ੍ਰਹਿਣ ਕਰਦੇ ਹੋਏ, ਖੁਸ਼ਹਾਲ ਗ੍ਰੈਜੂਏਟਾਂ ਨੇ ਆਸਕਰ ਅਵਾਰਡ ਜੇਤੂ ਭਾਰਤੀ ਗੀਤ ਨਟੂ ਨਟੂ 'ਤੇ ਡਾਂਸ ਕੀਤਾ ਅਤੇ ਹਿੰਦੀ ਅਤੇ ਹੋਰ ਭਾਸ਼ਾਵਾਂ ਦੇ ਕਈ ਸੁਰੀਲੇ ਗੀਤ ਵੀ ਗਾਏ।

## ਜਨਮ ਦਿਨ ਮੁਬਾਰਕ



ਰਹਿਮਤ ਕੌਰ, ਫਿਲੌਰ



ਵਿਨਾਸ਼ ਧੀਰ, ਨਕੋਦਰ

# ਲਾਇਲਪੁਰ ਖ਼ਾਲਸਾ ਕਾਲਜ ਦਾ ਨਤੀਜਾ ਸ਼ਾਨਦਾਰ ਰਿਹਾ

**ਜਲੰਧਰ (ਸ਼ੈਲੀ ਐਲਬਰਟ)-:** ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ ਦਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਐਲਾਨੇ ਬੀ.ਏ. ਜਰਨਲਿਜ਼ਮ ਐਂਡ ਮਾਸ ਕਮਿਊਨੀਕੇਸ਼ਨ ਪੰਜਵਾਂ ਸਮੈਸਟਰ ਦਾ ਨਤੀਜਾ ਸ਼ਾਨਦਾਰ ਰਿਹਾ। ਵਿਦਿਆਰਥਣ ਏਕਤਾ ਪਾਂਡੇ ਨੇ 450 ਵਿਚੋਂ 341 ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ ਮੈਰਿਟ ਵਿਚੋਂ ਸਤਵਾਂ, ਜਯੋਤਿਕਾ ਅਤੇ ਸਮ੍ਰਿਤੀ ਤਿਵਾੜੀ ਨੇ 337 ਅੰਕ ਪ੍ਰਾਪਤ ਕਰਕੇ ਸਾਂਝੇ ਰੂਪ ਵਿਚ ਅੱਠਵਾਂ, ਰਾਜਵੀਰ ਕੌਰ ਅਤੇ ਅਭੀਸ਼ੇਕ ਸਾਗਰ ਨੇ 333 ਅੰਕ ਪ੍ਰਾਪਤ ਕਰਕੇ ਸਾਂਝੇ ਰੂਪ ਵਿਚ ਦੱਸਵਾਂ ਸਥਾਨ ਹਾਸਲ ਕੀਤਾ।। ਇਸ ਮੌਕੇ ਸਰਦਾਰਨੀ ਬਲਬੀਰ ਕੌਰ ਪ੍ਰਧਾਨ ਗਵਰਨਿੰਗ ਕੌਂਸਲ ਨੇ ਵਿਸ਼ੇਸ਼ ਤੌਰ 'ਤੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ। ਪ੍ਰਿੰਸੀਪਲ ਪ੍ਰੋ. ਜਸਰੀਨ ਕੌਰ ਨੇ ਵਿਦਿਆਰਥੀਆਂ ਨੂੰ ਭਵਿੱਖ ਵਿਚ ਹੋਰ ਮਿਹਨਤ ਅਤੇ ਲਗਨ ਨਾਲ ਪੜ੍ਹਾਈ ਕਰਨ ਲਈ ਪ੍ਰੇਰਿਆ।। ਇਸ ਮੌਕੇ ਪ੍ਰੋ. ਸੰਜੀਵ ਕੁਮਾਰ ਆਨੰਦ, ਮੁਖੀ ਕੰਪਿਊਟਰ ਸਾਇੰਸ ਵਿਭਾਗ, ਪ੍ਰੋ. ਸੰਦੀਪ ਬੱਸੀ, ਪ੍ਰੋ. ਨਵਨੀਤ ਕੌਰ, ਪ੍ਰੋ. ਹਿਮਾਂਸ਼ੂ ਅਤੇ ਪ੍ਰੋ. ਹਰਮਨ ਵੀ ਹਾਜ਼ਰ ਸਨ।



# ਪ੍ਰਿੰਸੀਪਲ ਸਰਗਮ ਥਿੰਦ 'ਐਵਾਰਡ ਆਫ ਆਨਰ' ਨਾਲ ਸਨਮਾਨਤ



**ਲੋਹੀਆਂ ਖਾਸ, (ਯੋਗੇਸ਼ਵਰ, ਰੀਨਾ ਸ਼ਰਮਾ) :** ਆਪਣਾ ਪੰਜਾਬ ਫਾਊਂਡੇਸ਼ਨ ਅਤੇ ਫੈਡਰੇਸ਼ਨ ਐਂਡ ਐਸੋਸੀਏਸ਼ਨਜ ਆਫ ਪ੍ਰਾਈਵੇਟ ਸਕੂਲਜ ਵੱਲੋਂ ਦੁਬਈ ਵਿਖੇ ਇੰਟਰਨੈਸ਼ਨਲ ਐਜੂਪ੍ਰੀਨਿਓਰਜ ਸੰਮੇਲਨ ਐਂਡ ਐਵਾਰਡਸ-2023, ਕਰਵਾਇਆ ਗਿਆ। ਜਿਸ ਵਿੱਚ ਭਾਰਤ ਤੋਂ ਇਲਾਵਾ ਕੈਨੇਡਾ, ਆਸਟ੍ਰੇਲੀਆ, ਅਮਰੀਕਾ, ਦੁਬਈ ਅਤੇ ਹੋਰ ਦੇਸ਼ਾਂ ਦੇ 150 ਡੈਲੀਗੇਟਸ ਨੇ ਭਾਗ ਲਿਆ। ਇਸ ਮੈਗਾ ਈਵੇਂਟ ਵਿੱਚ ਜਲੰਧਰ ਇੰਟਰਨੈਸ਼ਨਲ ਸਕੂਲ ਦੇ ਪ੍ਰਿੰਸੀਪਲ ਸਰਗਮ ਥਿੰਦ ਨੂੰ 'ਐਵਾਰਡ ਆਫ ਆਨਰ' ਨਾਲ ਸਨਮਾਨਿਤ ਕੀਤਾ ਗਿਆ। ਸਕੂਲ ਪਹੁੰਚਣ 'ਤੇ ਮੈਡਮ ਸਰਗਮ ਥਿੰਦ ਦੀ ਇਸ ਉਪਲਬਧੀ ਲਈ ਸਕੂਲ ਮੈਨੇਜਮੈਂਟ ਅਤੇ ਸਟਾਫ ਵੱਲੋਂ ਵਧਾਈ ਦਿੱਤੀ ਗਈ। ਇਸ ਮੈਗਾ ਈਵੇਂਟ ਵਿੱਚ ਸੁਰਿੰਦਰ ਸਿੰਘ ਕੰਧਾਰੀ, ਚੇਅਰਮੈਨ, ਗੁਰੂ ਨਾਨਕ ਮਿਸ਼ਨ ਗੁਰੂਦੁਆਰਾ ਦੁਬਈ , ਜਤਿੰਦਰ ਵੈਦਿਆ, ਪ੍ਰਧਾਨ ਇੰਡੀਅਨ ਪੀਪਲਜ ਫੋਰਮ, ਯੂ.ਏ.ਈ, ਜਗਜੀਤ ਸਿੰਘ ਧੂਰੀ ਪ੍ਰਧਾਨ ਐਫ.ਏ.ਪੀ, ਸਤਨਾਮ ਸਿੰਘ ਸੰਧੂ ਚਾਂਸਲਰ ਚੰਡੀਗੜ੍ਹ ਸ਼ਾਮਲ ਹੋਏ। ਸ਼ੇਖ ਸੁਲਤਾਨ ਬਿਨ ਨਾਸਿਰ ਬਿਨ ਹੁਮੈਦ ਰਾਸ਼ਿਦ ਅਲਨੁਆਮੀ, ਨਿਵੇਸ਼ਕ ਐਲ.ਐਲ.ਸੀ ਦੁਬਈ, ਇਸ ਸਮਾਰੋਹ ਦੇ ਮੁੱਖ ਮਹਿਮਾਨ ਸਨ।

# ਪ੍ਰਤਾਪ ਬਾਜਵਾ ਨੇ ਪੰਜਾਬ ਦੇ ਦਲਿਤ ਭਾਈਚਾਰੇ ਦਾ ਕੀਤਾ ਅਪਮਾਨ : ਗੌਰਵ ਪੁਰੀ



**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)-** ਆਮ ਆਦਮੀ ਪਾਰਟੀ ਦੇ ਵਿਧਾਇਕ ਲਾਭ ਸਿੰਘ ਉਗੋਕੇ 'ਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਦੇ ਵਿਵਾਦਿਤ ਬਿਆਨ ਦੀ ਨਿੰਦਾ ਕਰਦਿਆਂ ਜਿਲ੍ਹਾ ਵਪਾਰ ਮੰਡਲ ਦੇ ਪ੍ਰਧਾਨ ਗੌਰਵ ਪੁਰੀ ਨੇ ਕਿਹਾ ਕਿ ਬਾਜਵਾ ਦੇ ਬਿਆਨ ਨਾਲ ਦਲਿਤ ਸਮਾਜ ਦਾ ਅਪਮਾਨ ਹੋਇਆ ਹੈ। ਗੌਰਵ ਪੁਰੀ ਨੇ ਕਿਹਾ ਕਿ ਪ੍ਰਤਾਪ ਬਾਜਵਾ ਨੇ ਲਾਭ ਸਿੰਘ ਉਗੋਕੇ ਰਾਹੀਂ ਸਮੁੱਚੇ ਦਲਿਤ ਭਾਈਚਾਰੇ ਦਾ ਅਪਮਾਨ ਕੀਤਾ ਹੈ। ਉਸ ਨੇ ਗਰੀਬ ਅਤੇ ਪਛੜੇ ਲੋਕਾਂ ਪ੍ਰਤੀ ਆਪਣੀ ਸੌੜੀ ਸੋਚ ਦਾ ਪ੍ਰਗਟਾਵਾ ਕੀਤਾ ਹੈ। ਅਸਲ ਵਿੱਚ ਇਹ ਲੋਕ ਇਹ ਸਮਝਣ ਤੋਂ ਅਸਮਰੱਥ ਹਨ ਕਿ ਉਹ ਵਿਧਾਇਕ ਕਿਵੇਂ ਬਣੇ ਅਤੇ ਵਿਧਾਨ ਸਭਾ 'ਚ ਉਨ੍ਹਾਂ ਦੇ ਸਾਹਮਣੇ ਕਿਵੇਂ ਬੈਠੇ ਹਨ। ਪ੍ਰਤਾਪ ਬਾਜਵਾ ਦੇ ਬਿਆਨ ਨੇ ਇਹ ਵੀ ਸਾਬਤ ਕਰ ਦਿੱਤਾ ਕਿ ਉਨ੍ਹਾਂ ਦਾ ਦਿਲ ਗਰੀਬਾਂ ਅਤੇ ਦੱਬੇ-ਕੁਚਲੇ ਲੋਕਾਂ ਲਈ ਜਹਿਰ ਨਾਲ ਭਰਿਆ ਹੋਇਆ ਹੈ। ਗੌਰਵ ਪੁਰੀ ਨੇ ਕਿਹਾ ਕਿ ਉਗੋਕੇ ਇੱਕ ਮਿਹਨਤੀ ਅਤੇ ਨੌਜਵਾਨ ਆਗੂ ਹਨ ਜੋ ਪੰਜਾਬ ਦੀ ਤਰੱਕੀ ਲਈ ਕੰਮ ਕਰ ਰਹੇ ਹਨ। ਲਾਭ ਸਿੰਘ ਉਗੋਕੇ ਨੇ 2022 ਦੀਆਂ ਵਿਧਾਨ ਸਭਾ ਚੋਣਾਂ 'ਚ ਕਾਂਗਰਸ ਦੇ ਤਤਕਾਲੀ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ 38 ਹਜ਼ਾਰ ਤੋਂ ਵੱਧ ਵੋਟਾਂ ਦੇ ਫਰਕ ਨਾਲ ਹਰਾਇਆ ਸੀ। 'ਆਪ' ਸਰਕਾਰ ਵਿੱਚ ਵਿਧਾਇਕ ਤੇ ਮੰਤਰੀ ਬਣੇ ਬਹੁਤੇ ਆਗੂ ਦਲਿਤ, ਪਛੜੇ ਤੇ ਗਰੀਬ ਪਰਿਵਾਰਾਂ ਵਿੱਚੋਂ ਆਏ ਹਨ।

## ਵਿਧਾਇਕ ਰਾਜਾ ਨੇ ਪਵਿੱਤਰ ਕਾਲੀ ਵੇਈਂ ਦੀ ਸਫਾਈ ਦੇ ਕਾਰਜ ਦੀ ਅਰੰਭਤਾ ਕਰਵਾਈ

**ਟਾਂਡਾ ਉੜਮੁੜ, ( ਉਂਕਾਰ ਸਿੰਘ, ਜਸਵਿੰਦਰ ਸੰਧੂ )** ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀਆਂ ਹਦਾਇਤਾਂ ਪੰਜਾਬ ਦੇ ਸਿੰਚਾਈ ਤੇ ਨਹਿਰੀ ਵਿਭਾਗ ਵੱਲੋਂ ਕਿਸਾਨਾਂ ਨੂੰ ਸੇਮ ਅਤੇ ਬਰਸਾਤੀ ਪਾਣੀ ਤੋਂ ਛੁਟਕਾਰਾ ਦਿਵਾਉਣ ਦੇ ਮੰਤਵ ਨਾਲ ਪਿੰਡ ਤਲਾ -ਮਦਾ ਤੋਂ ਪਵਿੱਤਰ ਕਾਲੀ ਵੇਈਂ ਦੀ ਸਫਾਈ ਦੇ ਕਾਰਜ ਦੀ ਅਰੰਭਤਾ ਕੀਤੀ ਹੈ। ਕਰੀਬ 33 ਲੱਖ ਰੁਪਏ ਦੀ ਲਾਗਤ ਨਾਲ ਕਰਵਾਈ ਜਾ ਰਹੀ ਸਫਾਈ ਦੇ ਕਾਰਜ ਦੀ ਅਰੰਭਤਾ ਹਲਕਾ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਨੇ ਨਹਿਰੀ ਵਿਭਾਗ ਦੇ ਅਧਿਕਾਰੀਆਂ ਦੀ ਹਾਜਰੀ ਵਿੱਚ ਕਰਵਾਈ। ਰਾਜਾ ਨੇ ਦੱਸਿਆ ਕਿ ਕਾਲੀ ਵੇਈਂ ਦੀ ਸਫਾਈ ਨਾ ਹੋਣ ਕਾਰਨ ਇਲਾਕੇ ਅੰਦਰ ਹੜ੍ਹਾਂ ਦਾ ਖਤਰਾ ਬਣਿਆ ਰਹਿੰਦਾ ਸੀ ਅਤੇ ਇਸ ਲਈ ਦੇ ਨੇੜਲੇ ਖੇਤਾਂ ਤੇ ਛੰਭ ਇਲਾਕੇ ਦੀ ਝੋਨੇ ਦੀ ਫਸਲ ਬਰਸਾਤ ਦੀ ਭੇਟ ਚੜ੍ਹ ਜਾਂਦੀ ਸੀ ਪ੍ਰੰਤੂ ਇਸ ਵੇਈਂ ਦੀ ਸਫਾਈ ਹੋਣ ਨਾਲ ਜਿੱਥੇ ਬੇਟ ਖੇਤਰ ਦੇ ਲੋਕਾਂ ਦੀ ਚਿਰੋਕਣੀ ਮੰਗ ਪੂਰੀ ਹੋਵੇਗੀ ਉਥੇ ਹੀ ਇਸ ਸਮੱਸਿਆ ਤੋਂ ਵੀ ਉਨ੍ਹਾਂ ਨੂੰ ਛੁਟਕਾਰਾ ਮਿਲੇਗਾ। ਇਸ ਮੌਕੇ ਬਲਾਕ ਪ੍ਰਧਾਨ ਕੇਸ਼ਵ ਸਿੰਘ ਸੈਣੀ, ਚੇਅਰਮੈਨ ਰਜਿੰਦਰ ਸਿੰਘ ਮਾਰਸ਼ਲ ਚੇਅਰਮੈਨ ਸੁਖਵਿੰਦਰ ਸਿੰਘ ਅਰੋੜਾ, ਸਰਬਜੀਤ ਸਿੰਘ ਵਿੱਕੀ, ਜੁਗਿੰਦਰ ਸਿੰਘ ਮਿਆਣੀ, ਬਲਜੀਤ ਸਿੰਘ ਸੈਣੀ, ਗੋਪੀ ਤਲਾ, ਗੁਰਦੀਪ ਸਿੰਘ ਹੈਪੀ, ਸੁਖਵਿੰਦਰਜੀਤ ਸਿੰਘ ਬਿੱਲੂ,ਵਿਕੀ ਮਹਿੰਦਰੂ, ਪ੍ਰੇਮ ਜੈਨ, ਮਨਪ੍ਰੀਤ ਸਿੰਘ ਗੋਲਡੀ ਨਰਵਾਲ, ਲੇਖ ਰਾਜ ਅਹੀਆਪੁਰ ਆਦਿ ਵੀ ਮੌਜੂਦ ਸਨ।

## ਪੀਰ ਬਾਬਾ ਕੱਲੂ ਸ਼ਾਹ ਯਾਦਗਾਰੀ ਸਭਿਆਚਾਰਕ ਮੇਲੇ ਦਾ ਪੋਸਟਰ ਜਾਰੀ



**ਅੱਡਾ ਸਰਾਂ (ਕਾਜਲ )** -ਪਿੰਡ ਨੈਨੋਵਾਲ ਵੈਦ ਵਿਖੇ ਪੀਰ ਬਾਬਾ ਕੱਲੂ ਸ਼ਾਹ ਜੀ ਦੀ ਦਰਗਾਹ 'ਤੇ ਸਾਲਾਨਾ 30 ਵਾਂ ਸਭਿਆਚਾਰਕ ਮੇਲਾ 15 ਜੂਨ ਨੂੰ ਕਰਵਾਇਆ ਜਾਵੇਗਾ। ਮੇਲੇ ਦੀਆਂ ਤਿਆਰੀਆਂ ਕਰ ਰਹੇ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਅਤੇ ਪ੍ਰਧਾਨ ਸਤਨਾਮ ਸਿੰਘ ਢਿੱਲੋਂ ਨੇ ਮੇਲੇ ਦਾ ਪੋਸਟਰ ਜਾਰੀ ਕੀਤਾ। ਢਿੱਲੋਂ ਨੇ ਦੱਸਿਆ ਕਿ ਮੇਲੇ ਦਾ ਉਦਘਾਟਨ ਸਾਬਕਾ ਮੰਤਰੀ ਚੌਧਰੀ ਬਲਬੀਰ ਸਿੰਘ ਮਿਆਣੀ ਅਤੇ ਸਾਬਕਾ ਕਮਿਸ਼ਨਰ ਲਖਵਿੰਦਰ ਸਿੰਘ ਲੱਖੀ ਕਰਨਗੇ, ਜਦਕਿ ਵਿਧਾਇਕ ਜਸਵੀਰ ਸਿੰਘ ਰਾਜਾ ਅਤੇ ਹਲਕਾ ਇੰਚਾਰਜ ਸ਼੍ਰੋਮਣੀ ਅਕਾਲੀ ਦਲ ਬਾਦਲ ਅਰਵਿੰਦਰ ਸਿੰਘ ਰਸੂਲਪੁਰ ਮੁੱਖ ਮਹਿਮਾਨ ਹੋਣਗੇ। ਮੇਲੇ ਦੌਰਾਨ ਅਮਨ ਰੋਜ਼ੀ,ਜੈਲੀ,ਲੱਖੀ ਸਿੱਧੂ,ਮਹਿੰਦੀ ਬਰਾੜ, ਐਸ਼ ਕੌਰ,ਸੁੱਖੀ ਖ਼ਾਨ, ਵਿਨੂੰ ਈਦੂ,ਸਲੀਮ ਸਾਬਰੀ ਮਲੇਰਕੋਟਲਾ ਵਾਲੇ ਕਵਾਲ, ਅਵਤਾਰ ਚੜਿੱਕ ਅਤੇ ਇਕਬਾਲ ਚੜਿੱਕ ਅਤੇ ਰਾਣਾ ਕੰਮੇਆਣਿਆ ਆਦਿ ਕਲਾਕਾਰ ਭਾਗ ਲੈਣਗੇ ਤੇ ਸਮਾਜ ਸੇਵਕ ਮਨਜੋਤ ਸਿੰਘ ਤਲਵੰਡੀ,ਦਵਿੰਦਰ ਸਿੰਘ ਮੂਨਕ,ਡਾ.ਕੇਵਲ ਸਿੰਘ ਕਾਜਲ ਅਤੇ ਰੇਸ਼ਮ ਸਿੰਘ ਢਿੱਲੋਂ ਇੰਗਲੈਂਡ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ। ਇਸ ਮੌਕੇ ਸੁਖਵਿੰਦਰ ਸਿੰਘ ਢਿੱਲੋਂ, ਸੋਮ ਨਾਥ ਮਹਿਮੀ, ਸੁਖਵੀਰ ਸਿੰਘ ਢਿੱਲੋਂ,ਸਾਬਕਾ ਸਰਪੰਚ ਨਰਿੰਦਰ ਸਿੰਘ,ਬਲਜਿੰਦਰ ਸਿੰਘ ਢਿੱਲੋਂ,ਗੁਰਜੀਤ ਸਿੰਘ, ਜਸਵੰਤ ਸਿੰਘ ਬਿੱਟਾ,ਸੁਖਦੇਵ ਸਿੰਘ, ਸੰਦੀਪ ਸਿੰਘ ਮਹਿਮੀ,ਵਿੱਕੀ ਭਾਰਦਵਾਜ, ਕੁਲਵਿੰਦਰ ਕਿੰਦਾ,ਜੀਤੀ,ਜੋਬਨ ਢਿੱਲੋਂ,ਸਰਬਜੀਤ ਸਿੰਘ,ਸੁਭਾਸ਼ ਰਾਮ,ਸਾਹਿਲ, ਸੁਰਿੰਦਰ ਸਿੰਘ ਲੱਭੀ ਆਦਿ ਮੌਜੂਦ ਸਨ ।

## ਸ੍ਰੀ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਵਿਖੇ ਵਿਸ਼ਵ ਵਾਤਾਵਰਣ ਦਿਵਸ ਮਨਾਇਆ

**ਭੋਗਪੁਰ (ਕੁਲਵੀਰ ਸਿੰਘ ਕਾਹਲੋਂ)**-ਸ੍ਰੀ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਸਨੌਰਾ ਵਿਖੇ ਵਿਸ਼ਵ ਵਾਤਾਵਰਣ ਦਿਵਸ ਮਨਾਇਆ ਗਿਆ। ਇਸ਼ ਦੌਰਾਨ ਬੱਚਿਆਂ ਦੇ ਡੈਕਲਾਮੇਸ਼ਨ, ਪੇਂਟ ਤੇ ਸਲੋਗਨ ਅਤੇ ਚਾਰਟ ਮੇਕਿੰਗ ਮੁਕਾਬਲੇ ਕਰਵਾਏ ਗਏ। ਪ੍ਰਿੰਸੀਪਲ ਮੈਡਮ ਨਵਦੀਪ ਕੌਰ ਅਤੇ ਅਧਿਆਪਕਾਂ ਨੇ ਬੱਚਿਆਂ ਨੂੰ ਇਸ ਦਿਨ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ ਅਤੇ ਧਰਤੀ ਅਤੇ ਕੁਦਰਤੀ ਸਾਧਨਾਂ ਦੀ ਸੰਭਾਲ ਅਤੇ ਇਹਨਾਂ ਦੇ ਰੱਖ ਰਖਾਵ ਬਾਰੇ ਚੇਤੰਨ ਰਹਿਣ ਦੀ ਸਲਾਹ ਦਿੱਤੀ। ਬੱਚਿਆਂ ਵੱਲੋਂ ਪੌਦੇ ਵੀ ਲਗਾਏ ਗਏ ਅਤੇ ਵਾਤਾਵਰਨ ਸੁਰੱਖਿਆ ਸੰਬੰਧੀ ਵਚਨਬੱਧ ਹੋਣ ਦਾ ਪ੍ਰਣ ਕੀਤਾ ਗਿਆ।



ਸੰਤ ਰਾਮਾ ਨੰਦ ਵੈੱਲਫੇਅਰ ਸੁਸਾਇਟੀ, ਨਗਰ ਪੰਚਾਇਤ, ਐਨ ਆਰ ਆਈ ਵੀਰਾਂ ਅਤੇ ਸਮੂਹ ਨਗਰ ਨਿਵਾਸੀਆਂ ਵਲੋਂ ਸੰਤਾਂ ਦੀ ਯਾਦ 'ਚ ਪਿੰਡ ਸਰਹਾਲ ਕਾਜ਼ੀਆਂ ਵਿਖੇ ਠੰਢੇ ਮਿੱਠੇ ਜਲ ਦੀ ਛਬੀਲ ਲਗਾਈ ਗਈ। (ਫੋਟੋ ਤੇ ਵੇਰਵਾ : ਬਹਿਰਾਮ ਅਵਤਾਰ ਕਲੇਰ)



ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨਕੋਦਰ ਵਿਖੇ ਵਾਤਾਵਰਣ ਦਿਵਸ ਮੌਕੇ ਸਕੂਲ ਸਟਾਫ ਨੇ ਪੌਦੇ ਲਾਏ। ਇਸ ਮੌਕੇ ਜਸਪ੍ਰੀਤ, ਸਰਸਾ ਮੈਡਮ, ਸੁਖਵਿੰਦਰ ਸੁੱਖੀ, ਮਨਪ੍ਰੀਤ ਕੌਰ ਮਨੀ, ਅਤੇ ਸਟਾਫ ਹਾਜ਼ਰ। (ਫੋਟੋ ਤੇ ਵੇਰਵਾ : ਬਾਲ ਕ੍ਰਿਸ਼ਨ ਬਾਲੀ, ਨੂਰਮਹਿਲ)



ਬਲਕਾਰ ਸਿੰਘ ਚੱਠਾ ਦੇ ਮਹਿਤਪੁਰ ਤੋਂ ਮਾਰਕੀਟ ਕਮੇਟੀ ਦੇ ਚੇਅਰਮੈਨ ਨਿਯੁਕਤ ਹੋਣ 'ਤੇ ਉਹਨਾਂ ਨੂੰ ਫੁੱਲਾਂ ਦਾ ਗੁਲਦਸਤਾ ਦੇ ਕੇ ਖੁਸ਼ੀ ਜ਼ਾਹਰ ਕਰਦੇ ਸੀਨੀਅਰ ਆਪ ਆਗੂ ਅਜਾਦਵੀਰ ਸਿੰਘ ਜੰਮੂ, ਸੋਸ਼ਲ ਮੀਡੀਆ ਇੰਚਾਰਜ ਸੁਖਵੀਰ ਸਿੰਘ ਤਲਵਾੜ ਅਤੇ ਲਵਲੀਨ ਕਾਲੀਆ। (ਫੋਟੋ ਅਤੇ ਵੇਰਵਾ : ਯੋਗੇਸ਼ਵਰ, ਰੀਨਾ ਸ਼ਰਮਾ)



ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਬਣਨ 'ਤੇ ਲਾਲਜੀਤ ਸਿੰਘ ਭੁੱਲਰ ਨੂੰ ਆਮ ਆਦਮੀ ਪਾਰਟੀ ਜੁਆਇੰਟ ਸਕੱਤਰ ਪੰਜਾਬ ਅਤੇ ਹਲਕਾ ਇੰਚਾਰਜ ਫਿਲੌਰ ਪ੍ਰਿੰਸੀਪਲ ਪ੍ਰੇਮ ਕੁਮਾਰ ਵਧਾਈ ਦਿੰਦੇ ਹੋਏ। ਫੋਟੋ-ਨਿਰਮਲ ਫਿਲੌਰ

# ਖੇਤੀਬਾੜੀ ਵਿਭਾਗ ਵੱਲੋਂ ਜੱਸੋ ਮਜਾਰਾ ਵਿਖੇ ਝੋਨੇ ਦੀ ਸਿੱਧੀ ਬਿਜਾਈ ਕਰਵਾਈ

**ਬਹਿਰਾਮ (ਅਵਤਾਰ ਕਲੇਰ)** ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਬਲਾਕ ਬੰਗਾ ਵੱਲੋਂ ਖੇਤੀ 'ਚ ਪਾਣੀ ਅਤੇ ਹੋਰ ਕੁਦਰਤੀ ਸੋਮਿਆ ਦੀ ਬੱਚਤ ਲਈ ਚਲਾਈ ਜਾ ਰਹੀ ਮੁਹਿਮ ਤਹਿਤ ਬਲਾਕ ਬੰਗਾ ਵਿਖੇ ਦੇ ਵੱਖ-ਵੱਖ ਪਿੰਡਾ 'ਚ ਝੋਨੇ ਦੀ ਸਿੱਧੀ ਬਿਜਾਈ ਕਰਵਾਈ ਜਾ ਰਹੀ ਹੈ। ਇਸ ਲੜੀ ਤਹਿਤ ਬਲਾਕ ਬੰਗਾ ਦੇ ਪਿੰਡ ਜੱਸੋ ਮਜਾਰਾ ਅਤੇ ਚੱਕ ਮਾਈਦਾਸ ਵਿਖੇ ਕਿਸਾਨ ਮੁੱਖਤਿਆਰ ਸਿੰਘ, ਅਮਨਦੀਪ ਸਿੰਘ ਦੇ ਖੇਤਾਂ 'ਚ ਝੋਨੇ ਦੀ ਸਿੱਧੀ ਬਿਜਾਈ (ਤਰ-ਵੱਤਰ) ਦੇ ਮੌਕੇ ਡਾ. ਲਛਮਣ ਦਾਸ ਖੇਤੀਬਾੜੀ ਅਫਸਰ ਬੰਗਾ ਵੱਲੋਂ ਕਿਹਾ ਗਿਆ ਕਿ ਹੰਢਣਸਾਰ ਅਤੇ ਕਿਫਾਇਤੀ ਖੇਤੀ ਲਈ ਜ਼ਰੂਰੀ ਹੈ ਕਿ ਕੁਦਰਤੀ ਸਾਧਨਾਂ ਜਿਵੇਂ ਕਿ ਹਵਾ, ਪਾਣੀ, ਮਿੱਟੀ ਦੀ ਸੰਯਮ ਨਾਲ ਵਰਤੋਂ ਤੇ ਸੰਭਾਲ ਕਰਨਾ ।ਝੋਨੇ 'ਚ ਪਾਣੀ ਲੇਬਰ ਅਤੇ ਪੈਸੇ ਦੀ ਬੱਚਤ ਲਈ ਇਸ ਦੀ ਸਿੱਧੀ ਬਿਜਾਈ ਤਕਨੀਕਾਂ ਤੇ ਵਿਸਥਾਰ ਨਾਲ ਦੱਸਿਆ ਕਿ ਇਸ ਤਕਨੀਕ ਨੂੰ ਅਪਣਾ ਕੇ ਚੰਗਾ ਵਧੀਆ ਝਾੜ ਲਿਆ ਜਾ ਸਕਦਾ ਹੈ, ਨਦੀਨਾਂ ਦੀ ਰੋਕਥਾਮ ਅਤੇ ਪਾਣੀ ਦੀ ਬੱਚਤ ਲਈ ਤਰ ਵੱਤਰ 'ਚ ਬਿਜਾਈ ਕਰਨੀ ਚਾਹੀਦੀ ਹੈ। ਉਨ੍ਹਾਂ ਨੇ ਵੱਧ ਪਾਣੀ ਅਤੇ ਲੰਬਾ ਸਮਾਂ ਲੈਣ ਵਾਲੀਆਂ ਝੋਨੇ ਦੀਆਂ ਕਿਸਮਾਂ ਦੀ ਬਿਜਾਈ ਨਾ ਕਰਨ ਦੀ ਸਲਾਹ ਦਿੱਤੀ। ਪਿਛਲੇ ਸਾਲ ਇਸ ਬਲਾਕ 'ਚ ਝੋਨੇ ਦੀ ਸਿੱਧੀ ਬਿਜਾਈ ਕਰਨ ਵਾਲੇ ਕਿਸਾਨਾਂ ਦੇ ਖਾਤਿਆਂ 'ਚ ਡੀ ਬੀ ਟੀ ਰਾਹੀ ਲਗਭਗ 5.50 ਲੱਖ ਰੁਪਏ ਦੀ ਮਾਲੀ ਸਹਾਇਤਾ ਦਿਤੀ ਗਈ ਸੀ। ਇਸ ਸਾਲ ਵੀ ਪੰਜਾਬ ਸਰਕਾਰ ਵੱਲੋਂ 1500 ਰੁਪਏ ਪ੍ਰਤੀ ਏਕੜ ਦੀ ਮਾਲੀ ਮੱਦਦ ਦਿੱਤੀ ਜਾ ਰਹੀ ਹੈ। ਕਿਸਾਨ ਇਸ ਸਕੀਮ ਦਾ ਵੱਧ ਤੋ ਵੱਧ ਲਾਹਾ ਲੈਣ। ਇਸ ਮੌਕੇ ਸੁਰਿੰਦਰਪਾਲ ਸਿੰਘ ਖੇਤੀਬਾੜੀ ਵਿਸਥਾਰ ਅਫਸਰ , ਵਿਕਰਮ ਸਿੰਘ ਖੇਤੀਬਾੜੀ ਵਿਸਥਾਰ ਅਫਸਰ ਹਾਜ਼ਰ ਸਨ।



# ਬਾਲ ਮਜ਼ਦੂਰੀ ਕਰਵਾਉਣ ਵਾਲਿਆਂ ਖਿਲਾਫ ਸਖ਼ਤ ਕਾਰਵਾਈ ਕੀਤੀ ਜਾਵੇ : ਕੋਮਲ ਮਿੱਤਲ

**ਹੁਸ਼ਿਆਰਪੁਰ, (ਓ ਪੀ ਰਾਣਾ )**-ਜ਼ਿਲ੍ਹਾ ਟਾਸਕ ਫੋਰਸ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਨੈਸ਼ਨਲ ਕਮਿਸ਼ਨ ਫਾਰ ਪ੍ਰੋਟੈਕਸ਼ਨ ਆਫ਼ ਚਾਈਲਡ ਰਾਈਟਸ, ਨਵੀਂ ਦਿੱਲੀ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਅਨੁਸਾਰ ਟਾਸਕ ਫੋਰਸ ਵੱਲੋਂ ਬਾਲ ਮਜ਼ਦੂਰੀ ਵਿਰੋਧੀ ਛਾਪੇਮਾਰੀ ਲਈ ਸ਼ਹਿਰ ਵਿੱਚ ਵੱਖ-ਵੱਖ ਥਾਵਾਂ 'ਤੇ ਛਾਪੇਮਾਰੀ ਕਰਕੇ ਬਾਲ ਮਜ਼ਦੂਰੀ ਕਰਨ ਵਾਲੇ ਬੱਚਿਆਂ ਨੂੰ ਬਚਾਇਆ ਜਾਵੇ। ਉਨ੍ਹਾਂ ਕਿਹਾ ਕਿ ਕਮਿਸ਼ਨ ਵਲੋਂ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਤੋਂ ਮਜ਼ਦੂਰੀ ਕਰਵਾਉਣਾ ਅਪਰਾਧ ਹੈ, ਜਿਸ ਲਈ ਸਜ਼ਾ ਦੀ ਵਿਵਸਥਾ ਹੈ ਅਤੇ ਜੋ ਵੀ ਵਿਅਕਤੀ ਬੱਚਿਆਂ ਨੂੰ ਮਜ਼ਦੂਰੀ ਕਰਵਾਉਂਦਾ ਹੈ, ਉਸ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ। ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਡਾ: ਹਰਪ੍ਰੀਤ ਕੌਰ ਨੇ ਦੱਸਿਆ ਕਿ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਦੇ ਹੁਕਮਾਂ ਅਨੁਸਾਰ ਜ਼ਿਲ੍ਹੇ ਅੰਦਰ ਬਾਲ ਮਜ਼ਦੂਰੀ ਨੂੰ ਰੋਕਣ ਲਈ ਹੌਟ ਸਪਾਟਾਂ ਦੀ ਸ਼ਨਾਖਤ ਕੀਤੀ ਗਈ ਹੈ ਅਤੇ ਇਸ ਦੌਰਾਨ ਬੱਚਿਆਂ ਨੂੰ ਛੁਡਵਾਇਆ ਜਾਵੇਗਾ ਅਤੇ ਦੋਸ਼ੀਆਂ ਵਿਰੁੱਧ ਪੁਲਿਸ ਵਿਭਾਗ ਅਤੇ ਲੇਬਰ ਵਿਭਾਗ ਵੱਲੋਂ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਇਸ ਮੌਕੇ ਚੇਅਰਪਰਸਨ ਬਾਲ ਭਲਾਈ ਕਮੇਟੀ ਹਰਜੀਤ ਕੌਰ, ਪ੍ਰੋਟੈਕਸ਼ਨ ਅਫ਼ਸਰ ਯੋਗੇਸ਼ ਕੁਮਾਰ, ਲੀਗਲ-ਕਮ- ਪ੍ਰੋਬੇਸ਼ਨ ਅਫ਼ਸਰ ਸੁਖਜਿੰਦਰ ਸਿੰਘ, ਸਿਹਤ ਵਿਭਾਗ ਤੋਂ ਡਾ: ਵਿਵੇਕ ਕੁਮਾਰ ਤੋਂ ਇਲਾਵਾ ਡਿਪਟੀ ਡਾਇਰੈਕਟਰ ਫੈਕਟਰੀਜ਼, ਜ਼ਿਲ੍ਹਾ ਸਿੱਖਿਆ ਅਫ਼ਸਰ (ਅ) ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਅ) ਅਤੇ ਲੇਬਰ ਵਿਭਾਗ ਦੇ ਨੁਮਾਇੰਦੇ ਵੀ ਹਾਜ਼ਰ ਸਨ।

## ਪਾਣੀ ਵਾਲੀਆਂ ਟੈਂਕੀਆਂ ਨੂੰ ਪੰਚਾਇਤਾਂ ਹਵਾਲੇ ਕਰਨ ਦਾ ਜਥੇਬੰਦੀ ਕਰੇਗੀ ਵਿਰੋਧ : ਸੰਜੀਵ ਕੌਂਡਲ

**ਕਾਲਾ ਸੰਘਿਆਂ (ਮਨਜੀਤ ਮਾਨ)**-ਜਲ ਸਪਲਾਈ ਸੈਨੀਟੇਸ਼ਨ ਮਸਟਰੋਲ ਇੰਪਲਾਈਜ ਯੂਨੀਅਨ ਜੋਨ ਜਲੰਧਰ ਦੇ ਪ੍ਰਧਾਨ ਸੰਜੀਵ ਕੌਂਡਲ ਨੇ ਦੱਸਿਆ ਕਿ 9 ਜੂਨ ਨੂੰ ਜਥੇਬੰਦੀ ਵਲੋਂ ਇਕ ਹੰਗਾਮੀ ਮੀਟਿੰਗ ਸੁਲਤਾਨਪੁਰ ਲੋਧੀ ਵਿਖੇ ਮਹਿਕਮੇ ਦੇ ਮੁਖੀ ਮੁਹੰਮਦ ਇਸਫਾਕ ਵਲੋਂ ਇਕ ਮੀਟਿੰਗ ਵਿੱਚ ਮਹਿਕਮੇ ਦੀਆਂ ਵਾਟਰ ਸਪਲਾਈਆਂ ਨੂੰ ਪੰਚਾਇਤਾਂ ਹਵਾਲੇ ਕਰਨ ਦੇ ਬਿਆਨ ਦੇ ਵਿਰੋਧ ਵਿੱਚ ਰੱਖੀ ਹੈ। ਮੀਟਿੰਗ ਵਿੱਚ ਵਿਚਾਰ ਵਟਾਂਦਰਾ ਕਰਕੇ ਪੰਜਾਬ ਸਰਕਾਰ ਵਿਰੁੱਧ ਸੰਘਰਸ਼ ਦੀ ਰੂਪ ਰੇਖਾ ਤਿਆਰ ਕੀਤੀ ਜਾਵੇਗੀ ਅਤੇ ਇਸ ਸਬੰਧੀ ਮੰਗ ਪੱਤਰ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਸੱਜਣ ਸਿੰਘ ਚੀਮਾ ਨੂੰ ਦਿੱਤਾ ਜਾਵੇਗਾ ਤੇ ਮੰਗ ਕੀਤੀ ਜਾਵੇਗੀ ਕਿ ਜਥੇਬੰਦੀ ਦੀ ਮੀਟਿੰਗ ਮਹਿਕਮੇ ਦੇ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਨਾਲ ਕਾਰਵਾਈ ਜਾਵੇ ਤਾਂ ਕਿ ਪੰਚਾਇਤੀ ਕਰਨ ਨਾਲ ਹੋਣ ਵਾਲੇ ਨੁਕਸਾਨ ਬਾਰੇ ਸਰਕਾਰ ਨੂੰ ਜਾਣੂ ਕਰਵਾਇਆ ਜਾਵੇ। ਕੌਂਡਲ ਨੇ ਕਿਹਾ ਕਿ ਅਗਰ ਸਰਕਾਰ ਵੱਲੋਂ ਵਾਟਰ ਵਰਕਸ ਨੂੰ ਪੰਚਾਇਤਾਂ ਹਵਾਲੇ ਕਰਨ ਦੇ ਫੈਸਲੇ ਨੂੰ ਵਾਪਿਸ ਨਾ ਲਿਆ ਗਿਆ ਤਾਂ ਜਥੇਬੰਦੀ ਵਲੋਂ ਪ ਸੰਘਰਸ਼ ਦਾ ਐਲਾਨ ਕਰ ਦਿੱਤਾ ਜਾਵੇਗਾ ।

# ਗੁਰਦੁਆਰਾ ਸ੍ਰੀ ਗੁਰੂ ਹਰਿ ਰਾਏ ਸਾਹਿਬ ਭੁੰਗਰਨੀ ਨੂੰ ਮਰੀਜ਼ਾਂ ਦੀ ਸੇਵਾ ਲਈ ਐਂਬੂਲੈਂਸ ਭੇਟ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਗੁਰੁਦਵਾਰਾ ਸ੍ਰੀ ਗੁਰੂ ਹਰਿ ਰਾਏ ਸਾਹਿਬ ਪਿੰਡ ਭੁੰਗਰਨੀ ਨੂੰ ਮੈਨੇਜਿੰਗ ਡਾਇਰੈਕਟਰ ਅਮਰਜੀਤ ਸਿੰਘ ਮੈਸ: ਕਲੇਮ ਹੈਲਪ ਲਾਈਨ ਇਟਾਲੀਆ ਵੱਲੋਂ ਮਰੀਜਾਂ ਦੀ ਸੇਵਾ ਲਈ ਐਂਬੂਲੈਂਸ ਭੇਟ ਕੀਤੀ ਗਈ। ਇਸ ਮੌਕੇ ਗੁਰੁਦਵਾਰਾ ਸਾਹਿਬ ਵਿਖੇ ਪਹਿਲਾਂ ਸੁਖਮਨੀ ਸਾਹਿਬ ਪਾਠ ਦੇ ਭੋਗ ਪਾਏ ਗਏ, ਉਪਰੰਤ ਗੁਰੁਦਵਾਰਾ ਸਾਹਿਬ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇ. ਸੁਰਜੀਤ ਸਿੰਘ ਮਸੂਤਾ, ਕਮੇਟੀ ਮੈਂਬਰ ਬਲਵੀਰ ਸਿੰਘ ਤੰਬੜ, ਰਾਜਵੀਰ ਸਿੰਘ,ਅਧਿਕਾਰਤ ਸਰਪੰਚ ਮਨਜੀਤ ਕੌਰ ਅਤੇ ਹੈੱਡ ਗ੍ਰੰਥੀ ਭਾਈ ਸਾਹਿਬ ਭਾਈ ਸੁਖਚੈਨ ਸਿੰਘ ਵੱਲੋਂ ਅਮਰਜੀਤ ਸਿੰਘ ਅਤੇ ਉਨ੍ਹਾਂ ਦੇ ਨਾਲ ਆਏ ਸਾਥੀਆਂ ਨੂੰ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰਧਾਨ ਸਾਹਿਬ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਅਮਰਜੀਤ ਸਿੰਘ ਵੱਲੋਂ ਪਹਿਲਾਂ ਵੀ ਐਨ ਆਰ ਆਈ ਦੇ ਸਹਿਯੋਗ ਨਾਲ ਇਕ ਐਂਬੂਲੈਂਸ ਸੇਵਾ, ਗੁਰੁਦਵਾਰਾ ਵਿੱਚ 5-6 ਏ ਸੀ ਦੀ ਸੇਵਾ ਅਤੇ ਹੋਰ ਕਈ ਤਰਾਂ ਸੇਵਾਵਾਂ ਕਰਦੇ ਰਹਿੰਦੇ ਹਨ ਅਸੀ ਗੁਰੁਦਵਾਰਾ ਸਾਹਿਬ ਪ੍ਰਬੰਧਕ ਕਮੇਟੀ,ਗ੍ਰਾਮ ਪੰਚਾਇਤ ,ਨਗਰ ਨਿਵਾਸੀ ਅਤੇ ਇਲਾਕਾ ਨਿਵਾਸੀਆਂ ਵੱਲੋਂ ਉੱਨਾਂ ਦਾ ਤਹਿਦਿਲੋਂ ਧੰਨਵਾਦ ਕਰਦੇ ਹਾਂ। ਇਸ ਮੌਕੇ ਹੋਰਨਾ ਤੋਂ ਇਲਾਵਾ ਪਰਮਿੰਦਰ ਸਿੰਘ ਪੰਚ, ਤਰੁਣ ਗੁਪਤਾ, ਅਵਤਾਰ ਸਿੰਘ, ਸਵਰਨ ਸਿੰਘ, ਭੁਪਿੰਦਰ ਸਿੰਘ, ਜਗਤਾਰ ਸਿੰਘ, ਸਤਨਾਮ ਸਿੰਘ, ਸੋਹਣ ਸਿੰਘ, ਰਣਜੀਤ ਸਿੰਘ, ਗੁਰਪ੍ਰੀਤ ਸਿੰਘ ਆਦਿ ਹੋਰ ਬਹੁਤ ਸਾਰੀਆਂ ਸੰਗਤਾਂ ਵੀ ਹਾਰਰ ਸਨ।



# ਰਾਣਾ ਭੋਗਪੁਰੀਆ ਦੀ ਕਿਤਾਬ ਲੋਕ ਅਰਪਣ



**ਅਲਾਵਲਪੁਰ (ਮਦਨ ਬੰਗੜ)**- ਪੰਜਾਬੀ ਸਾਹਿਤ ਕਲਾ ਕੇਂਦਰ ਯੂ ਕੇ ਵੱਲੋਂ ਸਾਊਥਾਲ ਵਿਖੇ 19ਵਾਂ ਸਾਲਾਨਾ ਸਾਹਿਤਕ ਸਮਾਗਮ ਕਰਵਾਇਆ ਗਿਆ। ਜਿਸ 'ਚ ਪੰਜਾਬ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਲੇਖਕ ਰਾਣਾ ਭੋਗਪੁਰੀਆ ਦੀ ਕਿਤਾਬ ਵਿਦੇਸ਼ਾਂ 'ਚ ਪੰਜਾਬੀਅਤ ਦੇ ਝੰਡਾਬਰਦਾਰ ਲੋਕ ਅਰਪਣ ਕੀਤੀ ਗਈ। ਇਸ 'ਤੇ ਕੁਲਵੰਤ ਕੌਰ ਢਿੱਲੋਂ ਨੇ ਬਹੁਤ ਹੀ ਸੰਖੇਪ ਸਬਦਾਂ 'ਚ ਸਾਰਥਕ ਅਤੇ ਉਚੇਰੀ ਜਾਣਕਾਰੀ ਭਰਪੂਰ ਆਪਣੇ ਵਿਚਾਰ ਪ੍ਰਗਟ ਕੀਤੇ। ਇਸ ਮੌਕੇ ਐਮ ਪੀ ਵਰਿੰਦਰ ਸ਼ਰਮਾ, ਮੇਅਰ ਮਹਿੰਦਰ ਕੌਰ ਮਿੱਡਾ, ਮੇਅਰ ਰਘਵਿੰਦਰ ਸਿੰਘ ਸਿੱਧੂ, ਸਭਾ ਦੀ ਪ੍ਰਧਾਨ ਕੁਲਵੰਤ ਕੌਰ ਢਿੱਲੋਂ, ਜਨਰਲ ਸੈਕਟਰੀ ਅਜੀਮ ਸੇਖਰ, ਖਜਾਨਚੀ ਮਨਪ੍ਰੀਤ ਸਿੰਘ ਬੱਧਨੀ ਕਲਾਂ, ਗੁਰਨਾਮ ਸਿੰਘ ਗਰੇਵਾਲ, ਮਨਜੀਤ ਕੌਰ ਪੱਡਾ ਨੇ ਇੰਗਲੈਂਡ ਵਸਦੇ ਸਾਹਿਤਕ ਭਾਈਚਾਰੇ ਵੱਲੋਂ ਲੇਖਕ ਰਾਣਾ ਭੋਗਪੁਰੀਆ ਦਾ ਵਿਦੇਸ਼ ਵਸਦੇ ਪੰਜਾਬੀ ਭਾਈਚਾਰੇ ਸੰਬੰਧੀ ਲਿਖੀਆਂ ਬੌਧਿਕ ਵਾਰਤਕ ਕਲਾ ਕਿਰਤਾ ਲਈ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ। ਸਮਾਗਮ ਦੇ ਪਹਿਲੇ ਭਾਗ ਦੀ ਪ੍ਰਧਾਨਗੀ ਅਵਤਾਰ ਉੱਪਲ, ਡਾ: ਕਰਨੈਲ ਸਿੰਘ ਸੇਰਗਿੱਲ, ਸੀਨ, ਮਹਿੰਦਰਪਾਲ ਸਿੰਘ ਪਾਲ, ਗੁਰਨਾਮ ਸਿੰਘ ਗਰੇਵਾਲ ਨੇ ਅਤੇ ਦੂਜੇ ਹਿੱਸੇ ਦੀ ਪ੍ਰਧਾਨਗੀ ਬਲਬੀਰ ਸਿੰਘ ਕੰਵਲ, ਨਿਰਮਲ ਸਿੰਘ ਕੰਧਾਲਵੀ, ਮਹਿੰਦਰ ਸਿੰਘ, ਡਾ: ਰਾਜਿੰਦਰਜੀਤ, ਸੰਤੋਖ ਸਿੰਘ ਹੇਅਰ, ਰੂਪਦਵਿੰਦਰ ਕੌਰ ਨੇ ਕੀਤੀ। ਅਖੀਰ 'ਚ ਕਵੀ ਦਰਬਾਰ 'ਚ ਯੂ.ਕੇ. ਭਰ ਤੋਂ ਆਏ ਕਵੀਆਂ ਨੇ ਹਿੱਸਾ ਲਿਆ। ਰਾਣਾ ਭੋਗਪੁਰੀਆ ਨੇ ਕਿਹਾ ਕਿ ਵਿਦੇਸ਼ਾਂ 'ਚ ਵਸਦੇ ਪੰਜਾਬੀ ਭਾਈਚਾਰੇ ਦੀਆਂ ਉੱਘੀਆਂ ਸਖਸ਼ੀਅਤਾਂ ਨੇ ਪੰਜਾਬੀ ਮਾਂ ਬੋਲੀ ਸੱਭਿਆਚਾਰ ਅਤੇ ਸਾਹਿਤਕ ਖੇਤਰ ਵਿੱਚ ਸ਼ਲਾਘਾਯੋਗ ਮੱਲਾਂ ਮਾਰੀਆਂ ਹਨ। ਇਸ ਤੋਂ ਪਹਿਲਾਂ ਵੀ ਉਹ ਵਿਦੇਸ਼ਾਂ 'ਚ ਵਸਦੇ ਪੰਜਾਬੀ ਭਾਈਚਾਰੇ ਦੀਆਂ ਅੈਹਮ ਅਤੇ ਸਨਮਾਨਯੋਗ ਸਖਸ਼ੀਅਤਾਂ ਬਾਰੇ ਇੱਕ ਪੁਸਤਕ ਲਿਖ ਚੁੱਕੇ ਹਨ। ਉਹਨਾਂ ਉਮੀਦ ਕੀਤੀ ਕਿ ਉਨ੍ਹਾਂ ਦੀ ਇਸ ਪੁਸਤਕ ਨੂੰ ਪੰਜਾਬੀ ਪਿਆਰੇ ਭਰਪੂਰ ਹੁੰਗਾਰਾ ਦੇਣਗੇ।

# ਪੰਜਾਬ ਗ੍ਰਾਮੀਣ ਬੈਂਕ ਬਖਲੌਰ ਵਿਖੇ ਵਾਤਾਵਰਣ ਦਿਵਸ ਮਨਾਇਆ



**ਬਹਿਰਾਮ (ਅਵਤਾਰ ਕਲੇਰ)** ਪੰਜਾਬ ਗ੍ਰਾਮੀਣ ਬੈਂਕ ਬਖਲੌਰ ਵਿਖੇ ਵਾਤਾਵਰਣ ਦਿਵਸ ਮਨਾਇਆ ਗਿਆ। ਵਾਤਾਵਰਣ ਦਿਵਸ ਮਨਾਉਣ ਲਈ ਇਸ ਸਾਲ ਦਾ ਵਿਸ਼ਾ 'ਪਲਾਸਟਿਕ ਪ੍ਰਦੂਸ਼ਣ ਨੂੰ ਹਰਾਈਏ' ਹੈ ਜੋ ਪਿੰਡਾਂ, ਸ਼ਹਿਰਾਂ, ਪਹਾੜਾਂ ਅਤੇ ਸਮੁੰਦਰਾਂ 'ਚ ਮਨੁੱਖੀ ਗਤੀਵਿਧੀਆਂ ਨਾਲ ਹੋਣ ਵਾਲੇ ਨੁਕਸਾਨ ਨੂੰ ਰੋਕਣ ਅਤੇ ਵਾਤਾਵਰਣ ਨੂੰ ਪੁਨਰਜੀਵਤ ਕਰਨ 'ਤੇ ਕੇਂਦ੍ਰਤ ਹੈ। ਇਸ ਮੌਕੇ ਬੈਂਕ ਮੈਨੇਜਰ ਅਸ਼ੋਕ ਕੁਮਾਰ ਨੇ ਬੈਂਕ 'ਚ ਹਰ ਆਉਣ ਵਾਲੇ ਖਾਤਾਧਾਰ ਨੂੰ ਪੌਦੇ ਦਿੰਦੇ ਹੋਏ ਕਿਹਾ ਜਨਤਾ ਦੀ ਭਾਗੀਦਾਰੀ ਅਤੇ ਪ੍ਰਦੂਸ਼ਣ ਨੂੰ ਘਟਾਉਣ ਲਈ ਨਵੀਨ ਉਪਾਵਾਂ ਦੀ ਚੋਣ ਕਰਕੇ ਅਸੀਂ ਵਾਤਾਵਰਣ ਪ੍ਰਣਾਲੀ ਦੀ ਬਹਾਲੀ 'ਚ ਵੱਡਾ ਯੋਗਦਾਨ ਪਾ ਸਕਦੇ ਹਾਂ। ਸਾਨੂੰ ਆਪਣੀ ਜ਼ਿੰਦਗੀ 'ਚ ਪਲਾਸਟਿਕ ਤੋਂ ਬਣੀਆਂ ਵਸਤੂਆਂ ਨੂੰ ਤਿਆਗ ਕਰ ਦੇਣਾ ਚਾਹੀਦਾ ਹੈ ਜਿਵੇਂ ਕਿ ਪਲਾਸਟਿਕ ਬੋਤਲ, ਪਲਾਸਟਿਕ ਦੇ ਲਿਫਾਫੇ, ਚਾਹ-ਕਾਫੀ ਦੇ ਕੱਪ ਆਦਿ ਹਨ ਜਿਨ੍ਹਾਂ ਨੂੰ ਧਰਤੀ 'ਚ ਗਲਣ ਲਈ ਸੈਂਕੜੇ ਸਾਲ ਲੱਗ ਜਾਂਦੇ ਹਨ ਅਤੇ ਇਹ ਸਾਡੀ ਮਿੱਟੀ ਲਈ ਬਹੁਤ ਵਿਨਾਸ਼ਕਾਰੀ ਹਨ। ਆਲੇ-ਦੁਆਲੇ ਵੱਧ ਤੋਂ ਵੱਧ ਰੁੱਖ ਲਗਾਉਣ, ਆਸਪਾਸ ਦੇ ਇਲਾਕਿਆਂ ਵਿਚ ਸਫਾਈ ਦੀਆਂ ਗਤੀਵਿਧੀਆਂ, ਘੱਟ ਪਾਣੀ ਦੀ ਵਰਤੋਂ, ਊਰਜਾ-ਕੁਸ਼ਲ ਉਪਕਰਣਾਂ ਦੀ ਵਰਤੋਂ ਕਰਕੇ ਸਾਡੇ ਵਾਤਾਵਰਣ ਨੂੰ ਫਿਰ ਤੋਂ ਤਾਜਾ ਕੀਤਾ ਜਾ ਸਕਦਾ ਹੈ। ਰੁੱਖ ਆਕਸੀਜਨ ਦਾ ਕੁਦਰਤੀ ਤੋਹਫਾ ਹਨ, ਜਿਸ ਨੂੰ ਕਿ ਅਸੀਂ ਭੁੱਲ ਜਾਂਦੇ ਹਾਂ। ਵਾਤਾਵਰਣ ਪ੍ਰਦੂਸ਼ਣ ਇਸ ਹੱਦ ਤੱਕ ਵੱਧ ਗਿਆ ਹੈ ਕਿ ਆਉਣ ਵਾਲੇ ਕੁਝ ਸਾਲਾਂ 'ਚ ਧਰਤੀ ਰਹਿਣਯੋਗ ਨਹੀਂ ਰਹੇਗੀ। ਸਨਅਤੀਕਰਨ, ਸ਼ਹਿਰੀਕਰਨ ਤੇ ਅਖੌਤੀ ਵਿਕਾਸ ਦੇ ਨਾਂਅ 'ਤੇ ਲੱਖਾਂ ਦਰੱਖਤਾਂ ਦੀ ਕਟਾਈ ਕੀਤੀ ਗਈ ਹੈ। ਦਰੱਖਤਾਂ ਦੀ ਘਾਟ ਕਾਰਨ ਆਲਮੀ ਤਪਸ਼ ਦਿਨ-ਬ-ਦਿਨ ਵਧਦੀ ਜਾ ਰਹੀ ਹੈ। ਜਿਸ ਕਾਰਨ ਓਜ਼ੋਨ ਪਰਤ ਨੂੰ ਨੁਕਸਾਨ ਪਹੁੰਚ ਰਿਹਾ ਹੈ। ਮਨੁੱਖਾਂ ਦੇ ਨਾਲ-ਨਾਲ ਇਹ ਬਿਮਾਰੀਆਂ ਹੁਣ ਪਸ਼ੂਆਂ ਨੂੰ ਵੀ ਆਪਣੀ ਲਪੇਟ 'ਚ ਲੈ ਰਹੀਆਂ ਹਨ । ਇਸ ਮੌਕੇ ਰਵੀ ਗੋਇਲ, ਸੁਖਵੀਰ ਸਿੰਘ, ਪੂਜਾ ਰਾਣੀ ਹਾਜ਼ਰ ਸਨ।

# ਕਮਿਊਨਿਸਟ ਇਨਕਲਾਬੀ ਆਗੂ ਕਾ. ਮਦਨ ਗੋਪਾਲ ਦੀ ਯਾਦ 'ਚ 'ਜ਼ਮੀਨ ਦਾ ਸਵਾਲ ਅਤੇ ਬੇਜ਼ਮੀਨੇ' ਵਿਸ਼ੇ ਉੱਪਰ ਚਰਚਾ 11 ਨੂੰ



**ਜਲੰਧਰ (ਰਾਜੇਸ਼ ਥਾਪਾ, ਕੇਸਰ )** ਸਮਾਜ ਨੂੰ ਹਰ ਮਨੁੱਖ ਦੇ ਚੰਗਾ ਜਿਉਣਯੋਗ ਬਣਾਉਣ ਲਈ ਸਾਰੀ ਉਮਰ ਦ੍ਰਿੜਤਾ ਨਾਲ ਕੰਮ ਕਰਨ ਵਾਲੇ ਉੱਘੇ ਇਨਕਲਾਬੀ ਕਮਿਊਨਿਸਟ ਆਗੂ ਕਾਮਰੇਡ ਮਦਨ ਗੋਪਾਲ ਦੀ ਛੇਵੀਂ ਬਰਸੀ ਸੰਗੀ-ਸਾਥੀਆਂ, ਸਨੇਹੀਆਂ ਅਤੇ ਪਰਵਾਰ ਵੱਲੋਂ 11 ਜੂਨ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਸਵੇਰੇ 11 ਵਜੇ ਮਨਾਈ ਜਾਵੇਗੀ। ਇਸ ਮੌਕੇ 'ਜ਼ਮੀਨ ਦਾ ਸਵਾਲ ਅਤੇ ਬੇਜ਼ਮੀਨੇ' ਵਿਸ਼ੇ 'ਤੇ ਚਰਚਾ ਕੀਤੀ ਜਾਵੇਗੀ। ਜਿਸ ਦੇ ਮੁੱਖ ਬੁਲਾਰੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਸੂਬਾ ਆਗੂ ਮੁਕੇਸ਼ ਮਲੌਦ ਹੋਣਗੇ। ਇਸ ਮੌਕੇ ਪ੍ਰੈਸ ਨੂੰ ਜਾਰੀ ਬਿਆਨ ਰਾਹੀਂ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਨਿਊ ਡੈਮੋਕਰੇਸੀ ਦੇ ਸੀਨੀਅਰ ਸੂਬਾਈ ਆਗੂ ਕਾਮਰੇਡ ਅਜਮੇਰ ਸਿੰਘ ਨੇ ਕਿਹਾ ਕਿ ਕਾ. ਮਦਨ ਗੋਪਾਲ ਇਕ ਆਦਰਸ਼ ਕਮਿਊਨਿਸਟ ਸਨ ਜਿਹਨਾਂ ਨੇ ਇਨਕਲਾਬੀ ਲਹਿਰ ਵਿਚ ਕੁੱਦਕੇ ਸਮਾਜ ਨੂੰ ਮਨੁੱਖ ਦੇ ਜਿਊਣਯੋਗ ਬਣਾਉਣ ਲਈ ਤਾਉਮਰ ਦ੍ਰਿੜਤਾ ਨਾਲ ਕੰਮ ਕੀਤਾ। ਆਪਣੀ ਸਾਦਾ ਅਤੇ ਬੇਦਾਗ਼ ਜ਼ਿੰਦਗੀ ਕਾਰਨ ਉਹ ਹਰ ਕਿਸੇ ਦਾ ਮਨ ਮੋਹ ਲੈਣ ਵਾਲੇ ਸੱਚੇ ਕਮਿਊਨਿਸਟ ਸਨ। ਉਹਨਾਂ ਨੇ ਸਾਰੀ ਉਮਰ ਮਾਰਕਸਵਾਦੀ ਨਜ਼ਰੀਏ ਉੱਪਰ ਪਹਿਰਾ ਦਿੱਤਾ ਅਤੇ ਕਦੇ ਵੀ ਆਪਣੀ ਵਿਚਾਰਧਾਰਾ ਅਤੇ ਅਸੂਲਾਂ ਨਾਲ ਸਮਝੌਤਾ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਅੱਜ ਮੋਦੀ ਹਕੂਮਤ ਫਾਸ਼ੀਵਾਦੀ ਏਜੰਡੇ ਤਹਿਤ ਹਰ ਉਸ ਆਵਾਜ਼ ਨੂੰ ਡੰਡੇ ਦੇ ਜ਼ੋਰ ਅਤੇ ਝੂਠੇ ਦੇਸ਼ ਧ੍ਰੋਹ ਵਰਗੇ ਮੁਕੱਦਮਿਆਂ ਨਾਲ ਕੁਚਲ ਰਹੀ ਹੈ।

ਦੇਸ਼ ਦਾ ਨਾਂਅ ਦੁਨੀਆਂ ਭਰ 'ਚ ਰੌਸ਼ਨ ਕਰਨ ਵਾਲੀਆਂ ਮਹਿਲਾ ਪਹਿਲਵਾਨਾਂ ਨਾਲ ਹੋਏ ਜਿਨਸੀ ਸ਼ੋਸ਼ਣ 'ਚ ਇਨਸਾਫ਼ ਦੇਣ ਦੀ ਬਜਾਏ ਆਪਣੇ ਸਿਆਸੀ ਹਿੱਤਾਂ ਨੂੰ ਪਹਿਲ ਦੇ ਕੇ ਇਸ ਲਈ ਜ਼ਿੰਮੇਵਾਰ ਮੰਤਰੀ ਬ੍ਰਿਜ ਭੂਸ਼ਨ ਸ਼ਰਨ ਸਿੰਘ ਦੇ ਹੱਕ 'ਚ ਖੜੀ ਹੈ। ਉਸਨੂੰ ਗ੍ਰਿਫ਼ਤਾਰ ਕਰਕੇ ਅਹੁਦੇ ਤੋਂ ਬਰਖ਼ਾਸਤ ਕਰਨਾ ਚਾਹੀਦਾ ਹੈ।